# ਲੈਨਿਨ

# "ਖੱਬੇ-ਪੱਖੀ" ਕਮਿਊਨਿਜ਼ਮ ਇੱਕ ਬਚਗਾਨਾ ਰੋਗ



ਸਭਨਾਂ ਦੇਸ਼ਾਂ ਦੇ ਮਜ਼ਦੂਰੋ, ਇੱਕ ਹੋ ਜਾਓ!

# ਵ. ਇ. ਲੈਨਿਨ

# ''ਖੱਬੇ-ਪੱਖੀ'' ਕਮਿਊਨਿਜ਼ਮ ਇੱਕ ਬਚਗਾਨਾ ਰੋਗ



ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ

(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ, ਲਖਨਊ)

## ਸੋਵੀਅਤ ਪ੍ਰਕਾਸ਼ਕ ਵਲੋਂ

ਇਹ ਪੁਸਤਕ "ਖੱਬੇ-ਪੱਖੀ ਕਮਿਊਨਿਜ਼ਮ ਇਕ ਬਚਗਾਨਾ ਰੋਗ" ਲੈਨਿਨ ਨੇ 1920 'ਚ ਕਮਿਊਨਿਸਟ ਇੰਟਰਨੈਸ਼ਨਲ ਦੀ ਦੂਜੀ ਕਾਂਗਰਸ ਤੋਂ ਪਹਿਲਾਂ ਲਿਖੀ। ਇਸ ਪੁਸਤਕ ਨੇ ਨਵੀਂਆਂ ਬਣੀਆਂ ਕਮਿਊਨਿਸਟ ਪਾਰਟੀਆਂ ਨੂੰ ਠੀਕ ਰਾਹ ਚੁਣਨ 'ਚ ਸਹਾਇਤਾ ਦਿੱਤੀ ਅਤੇ ਇਹਨੇ ਉਹਨਾਂ ਨੂੰ ਸੰਕੀਰਣ, ਮਸਲੇਬਾਜ ਅਤੇ ਹੋਰ ਗ਼ਲਤੀਆਂ ਵਿਰੁੱਧ ਸਾਵਧਾਨ ਕੀਤਾ। ਇਹਨੇ ਉਹਨਾਂ ਨੂੰ ਰਾਜਸੀ ਨੇਤਾਵਾਂ ਨੂੰ ਸੋਧਣ ਅਤੇ ਸਭ ਤੋਂ ਪਹਿਲਾਂ ਜਨਤਾ ਲਈ ਘੋਲ਼ ਦੀ ਸੰਭਾਵਨਾ ਲੱਭਣ, ਉਹਨਾਂ ਨੂੰ ਪ੍ਰੋਲੇਤਾਰੀ ਮੁਹਰੈਲ ਵੱਲ ਜਿੱਤਣ ਦਾ ਢੰਗ ਸਿਖਾਇਆ। ਪੁਸਤਕ ਨੇ ਇਸ ਦ੍ਰਿਸ਼ਟੀਕੋਣ ਤੋਂ ਰੂਸੀ ਅਤੇ ਕੌਮਾਂਤਰੀ ਕਿਰਤੀ ਲਹਿਰ ਦੇ ਕੁਝ ਮਸਲਿਆਂ ਦਾ ਵਿਸ਼ਲੇਸ਼ਣ ਕੀਤਾ।

ਇਹ ਅਨੁਵਾਦ ਸੋਵੀਅਤ ਯੂਨੀਅਨ ਦੀ ਮਾਰਕਸਵਾਦ-ਲੈਨਿਨਵਾਦ ਦੀ ਸੰਸਥਾ ਵੱਲੋਂ ਤਿਆਰ ਕੀਤੀ ਵ.ਇ. ਲੈਨਿਨ ਦੀਆਂ ਸੰਗ੍ਰਹਿਤ ਕਿਰਤਾਂ ਦੀ ਪੰਜਵੀਂ ਛਾਪ ਰੂਸੀ ਦੀ 41ਵੀਂ ਸੈਂਚੀ ਅਨੁਸਾਰ ਤਿਆਰ ਕੀਤਾ ਗਿਆ ਹੈ।

ਪਹਿਲੀ ਵਾਰ — ਪ੍ਰਗਤੀ ਪ੍ਰਕਾਸ਼ਨ, ਮਾਸਕੋ, 1976
ਇਹ ਐਡੀਸ਼ਨ — ਸਤੰਬਰ 2011

ਟਾਈਟਲ ਕਵਰ — ਰਾਮਬਾਬੂ

ਪ੍ਰਕਾਸ਼ਕ : ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ, ਲਖਨਊ)

ਪਤਾ — 69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ,
ਨਿਸ਼ਾਤਗੰਜ, ਲਖਨਊ-226006

**ਕੀਮਤ : 65 ਰੁਪਏ**

# ਤਤਕਰਾ


1. ਰੂਸੀ ਇਨਕਲਾਬ ਦੀ ਕੌਮਾਂਤਰੀ ਮਹੱਤਤਾ ਦੀ ਗੱਲ ਅਸੀਂ ਕਿਸ ਅਰਥ ’ਚ ਕਰ ਸਕਦੇ ਹਾਂ ? . . . . . . . . . . 5

2. ਬਾਲਸ਼ਵਿਕਾਂ ਦੀ ਜਿੱਤ ਲਈ ਇੱਕ ਲਾਜ਼ਮੀ ਸ਼ਰਤ . . . . . . . . . . 7

3. ਬਾਲਸ਼ਵਿਕਵਾਦ ਦੇ ਇਤਿਹਾਸ ਦੇ ਮੁੱਖ ਪੜਾਅ . . . . . . . . . . 10

4. ਮਜ਼ਦੂਰ ਲਹਿਰ ਵਿੱਚ ਕਿਨ੍ਹਾਂ ਦੁਸ਼ਮਣਾਂ ਵਿਰੁੱਧ ਲੜ ਕੇ ਬਾਲਸ਼ਵਿਕਵਾਦ ਵਧਿਆ, ਬਲਵਾਨ ਹੋਇਆ ਅਤੇ ਅਸਪਾਤੀ ਬਣਿਆ . . . . . . . . . . 15

5. ਜਰਮਨੀ ਵਿੱਚ “ਖੱਬੇ-ਪੱਖੀ” ਕਮਿਊਨਿਜ਼ਮ, ਨੇਤਾ—ਪਾਰਟੀ—ਸ਼੍ਰੇਣੀ—ਜਨਤਾ . . . . . . . . . . 23

6. ਕੀ ਇਨਕਲਾਬੀਆਂ ਨੂੰ ਪਿੱਛੇ-ਖਿੱਚੂ ਟਰੇਡ ਯੂਨੀਅਨਾਂ ਵਿੱਚ ਕੰਮ ਕਰਨਾ ਚਾਹੀਦਾ ਹੈ ? . . . . . . . . . . 31

7. ਕੀ ਸਾਨੂੰ ਬੁਰਜੂਆ ਪਾਰਲੀਮੈਂਟਾਂ ਵਿੱਚ ਹਿਸਾ ਲੈਣਾ ਚਾਹੀਦਾ ਹੈ ? . . . . . . 40

8. ਸਮਝੌਤੇ ਨਹੀਂ ? . . . . . . . . . . 51

9. ਬਰਤਾਨੀਆ ਵਿੱਚ “ਖੱਬੇ-ਪੱਖੀ” ਕਮਿਊਨਿਜ਼ਮ . . . . . . . . . . 62

10. ਕੁਝ ਨਤੀਜੇ . . . . . . . . . . 75

**ਜ਼ਮੀਮੇ** . . . . . . . . . . 90

**ਨੋਟ** . . . . . . . . . . 103

**ਨਾਮਾਵਲੀ** . . . . . . . . . . 126

## 1. ਰੂਸੀ ਇਨਕਲਾਬ ਦੀ ਕੌਮਾਂਤਰੀ ਮਹੱਤਤਾ ਦੀ ਗੱਲ ਅਸੀਂ ਕਿਸ ਅਰਥ ਵਿੱਚ ਕਰ ਸਕਦੇ ਹਾਂ ?

ਰੂਸ ਵਿੱਚ ਪ੍ਰੋਲੇਤਾਰੀ ਵੱਲੋਂ ਸੱਤ੍ਹਾ ਜਿੱਤ ਲੈਣ (25 ਅਕਤੂਬਰ [7 ਨਵੰਬਰ] 1917) ਤੋਂ ਪਿੱਛੋਂ ਦੇ ਪਹਿਲੇ ਕੁਝ ਮਹੀਨਿਆਂ ਵਿੱਚ ਸ਼ੈਦ ਇਹ ਜਾਪਦਾ ਹੋਵੇ ਕਿ ਪੱਛੜੇ ਹੋਏ ਰੂਸ ਅਤੇ ਪੱਛਮੀ ਯੂਰਪ ਦੇ ਉੱਨਤ ਦੇਸ਼ਾਂ ਵਿੱਚ ਏਨਾ ਫ਼ਰਕ ਹੈ ਕਿ ਇਹਨਾਂ ਦੇਸ਼ਾਂ ਵਿੱਚ ਜਿਹੜਾ ਪ੍ਰੋਲੇਤਾਰੀ ਇਨਕਲਾਬ ਹੋਵੇਗਾ ਉਹ ਬਹੁਤ ਘੱਟ ਸਾਡੇ ਇਨਕਲਾਬ ਜਿਹਾ ਹੋਵੇਗਾ। ਪਰ ਹੁਣ ਸਾਡੇ ਕੋਲ਼ ਚੋਖਾ ਕੌਮਾਂਤਰੀ ਅਨੁਭਵ ਹੈ ਜਿਹੜਾ ਬੜੀ ਸਪੱਸ਼ਟਤਾ ਨਾਲ਼ ਦਰਸਾਉਂਦਾ ਹੈ ਕਿ ਸਾਡੇ ਇਨਕਲਾਬ ਦੇ ਕੁਝ ਬੁਨਿਆਦੀ ਲੱਛਣਾਂ ਦੀ ਮਹੱਤਤਾ ਅਜਿਹੀ ਹੈ ਜਿਹੜੀ ਕੇਵਲ ਸਥਾਨਕ ਜਾਂ ਵਿਸ਼ੇਸ਼ ਤੌਰ 'ਤੇ ਕੌਮੀ ਜਾਂ ਨਿਰੋਲ ਰੂਸੀ ਨਹੀਂ ਸਗੋਂ ਕੌਮਾਂਤਰੀ ਹੈ। ਮੈਂ ਇੱਥੇ ਆਮ ਤੌਰ 'ਤੇ ਵਿਸ਼ਾਲ ਅਰਥ ਵਿਚ ਕੌਮਾਂਤਰੀ ਮਹੱਤਤਾ ਦੀ ਗੱਲ ਨਹੀਂ ਕਰ ਰਿਹਾ, ਸਾਡੇ ਇਨਕਲਾਬ ਦੇ ਕੁਝ ਨਹੀਂ ਸਗੋਂ ਸਾਰੇ ਮੂਲ ਲੱਛਣ ਅਤੇ ਇਹਦੇ ਅਨੇਕਾਂ ਦੂਜੈਲੇ ਲੱਛਣ ਇਸ ਅਰਥ ਵਿੱਚ ਕੌਮਾਂਤਰੀ ਮਹੱਤਤਾ ਦੇ ਹਨ ਕਿ ਉਹਨਾਂ ਦਾ ਸਭਨਾਂ ਦੇਸ਼ਾਂ ਉਤੇ ਪ੍ਰਭਾਵ ਪੈਂਦਾ ਹੈ। ਮੈਂ ਅਤਿ ਸੰਕੋਚ ਵਾਲ਼ੇ ਅਰਥਾਂ ਵਿੱਚ ਇਹਦੀ ਕੌਮਾਂਤਰੀ ਮਹੱਤਤਾ ਦੀ ਗੱਲ ਕਰ ਰਿਹਾ ਹਾਂ। ਇੱਥੇ ਮੈਂ ਕੌਮਾਂਤਰੀ ਮਹੱਤਤਾ ਦੇ ਅਰਥ ਇਹ ਲੈਂਦਾ ਹਾਂ ਕਿ ਜੋ ਕੁੱਝ ਸਾਡੇ ਦੇਸ਼ ਵਿੱਚ ਵਾਪਰਿਆ ਹੈ ਕੌਮਾਂਤਰੀ ਪੱਧਰ 'ਤੇ ਉਹਦੀ ਪ੍ਰਮਾਣਤਾ ਹੈ ਜਾਂ ਉਹਦਾ ਕੌਮਾਂਤਰੀ ਪੱਧਰ ਉੱਤੇ ਦੁਹਰਾਇਆ ਜਾਣਾ ਇਤਿਹਾਸਕ ਤੌਰ 'ਤੇ ਅਟਲ ਹੈ। ਇਹ ਮੰਨਣਾ ਪਵੇਗਾ ਕਿ ਸਾਡੇ ਇਨਕਲਾਬ ਦੇ ਕੁਝ ਬੁਨਿਆਦੀ ਲੱਛਣ ਅਜਿਹੀ ਮਹੱਤਤਾ ਰੱਖਦੇ ਹਨ।

ਨਿਸ਼ਚੇ ਹੀ ਇਸ ਸੱਚਾਈ ਨੂੰ ਵਧਾ ਚੜ੍ਹਾ ਕੇ ਵੇਖਣਾ ਅਤੇ ਇਹਨੂੰ ਸਾਡੇ ਇਨਕਲਾਬ ਦੇ ਕੁਝ ਬੁਨਿਆਦੀ ਲੱਛਣਾਂ ਦੀਆਂ ਹੱਦਾਂ ਤੋਂ ਬਾਹਰ ਵਧਾਉਣਾ ਉੱਕਾ ਹੀ ਗ਼ਲਤ ਹੋਵੇਗਾ। ਇਹ ਤੱਥ ਅੱਖੋਂ ਉਹਲੇ ਕਰਨਾ ਵੀ ਗ਼ਲਤ ਹੋਵੇਗਾ ਕਿ ਉੱਨਤ ਦੇਸ਼ਾਂ ਵਿੱਚੋਂ ਘੱਟੋ ਘੱਟ ਇੱਕ ਵਿੱਚ ਪ੍ਰੋਲੇਤਾਰੀ ਇਨਕਲਾਬ ਦੀ ਜਿੱਤ ਤੋਂ ਛੇਤੀ ਹੀ ਪਿੱਛੋਂ ਸ਼ੈਦ ਇੱਕ ਤਿੱਖੀ ਤਬਦੀਲੀ ਆਵੇਗੀ, ਰੂਸ ("ਸੋਵੀਅਤ" ਅਤੇ ਸ਼ੋਸਲਿਸਟ ਅਰਥਾਂ 'ਚ) ਇੱਕ ਮਿਸਾਲੀ ਦੇਸ਼ ਨਾ ਰਹਿ ਕੇ ਇੱਕ ਵਾਰ ਫੇਰ ਇੱਕ ਪੱਛੜਿਆ ਦੇਸ਼ ਬਣ ਜਾਵੇਗਾ।

ਪਰ ਇਤਿਹਾਸ ਦਾ ਇਸ ਘੜੀ ਰੂਸੀ ਮਿਸਾਲ ਹੀ **ਸਭਨਾਂ** ਦੇਸ਼ਾਂ ਨੂੰ ਉਹਨਾਂ ਦੇ ਨੇੜੇ ਦੇ ਅਤੇ ਅਟੱਲ ਭਵਿੱਖ ਦੀ ਇੱਕ ਝਲਕ — ਅਤੇ ਅਤਿ ਲਖਾਇਕ ਝਲਕ ਦਿਖਾਈ ਦੇਂਦੀ ਹੈ। ਸਭਨਾਂ ਦੇਸ਼ਾਂ ਦੇ ਉੱਨਤ ਕਿਰਤੀਆਂ ਨੇ ਚਿਰਾਂ ਤੋਂ ਇਸ ਗੱਲ ਨੂੰ ਸਮਝ ਲਿਆ ਹੋਇਆ ਹੈ, ਵਧੇਰੇ ਅਜਿਹਾ ਹੋਇਆ ਕਿ ਉਹਨਾਂ ਇੰਨਾ ਸਮਝਿਆ ਨਹੀਂ ਜਿੰਨਾਂ ਆਪਣੀ ਇਨਕਲਾਬੀ ਸ਼੍ਰੇਣੀ ਸੂਝ ਕਾਰਨ ਇਹਨੂੰ ਅਨੁਭਵ ਕਰ ਲਿਆ ਗਿਆ। (ਸੰਕੋਚੇ ਅਰਥਾਂ

ਵਿੱਚ) ਇਹ ਹੈ ਕਿ ਸੋਵੀਅਤ ਸੱਤ੍ਹਾ ਦੀ ਅਤੇ ਬਾਲਸ਼ਵਿਕ ਸਿਧਾਂਤ ਅਤੇ ਦਾਅ-ਪੇਚਾਂ ਦੀ ਮਹੱਤਤਾ। ਜਰਮਨੀ ਵਿੱਚ ਕਾਊਟਸਕੀ ਅਤੇ ਆਸਟਰੀਆ ਵਿੱਚ ਓਟੋ ਬਾਉਰ ਅਤੇ ਫਰੀਡਰਿਕ਼ ਐਡਲਰ ਜਿਹੇ ਦੂਜੀ ਇੰਟਰਨੈਸ਼ਨਲ[1] ਦੇ "ਇਨਕਲਾਬੀ" ਨੇਤਾ ਇਹ ਸਮਝਣੋਂ ਅਸਮਰੱਥ ਰਹੇ ਹਨ ਅਤੇ ਇਸੇ ਲਈ ਪਿੱਛੇ-ਖਿੱਚੂ ਅਤੇ ਅਤਿ ਭੈੜੀ ਮੌਕਾਪ੍ਰਸਤੀ ਅਤੇ ਸਮਾਜੀ ਵਿਸਾਹ-ਘਾਤ ਦੇ ਹਾਮੀ ਸਾਬਤ ਹੋਏ ਹਨ। "ਸੰਸਾਰ ਇਨਕਲਾਬ" (′ Weltrevolution[a], ਜਿਹੜਾ 1919 ਵਿਚ ਵੀਆਨਾ ਵਿੱਚ ਪ੍ਰਕਾਸ਼ਤ ਹੋਇਆ Sozialistische B¸cherei, Heft11; lgnaz Brand*) ਬੜੇ ਸਪੱਸ਼ਟ ਢੰਗ ਨਾਲ਼ ਉਹਨਾਂ ਦੀ ਸਮੁੱਚੀ ਸੋਚ ਅਤੇ ਉਹਨਾਂ ਦੇ ਵਿਚਾਰਾਂ ਦੇ ਪੂਰੇ ਘੇਰੇ ਨੂੰ ਜਾਂ ਇਉਂ ਕਹਿਣਾ ਚਾਹੀਦਾ ਹੈ ਕਿ ਉਹਨਾਂ ਦੀ ਮੂਰਖਤਾ, ਪੰਡਤਾਊਪੁਣੇ, ਨੀਚਤਾ ਅਤੇ ਕਿਰਤੀ ਸ਼੍ਰੇਣੀ ਦੇ ਹਿੱਤਾਂ ਨਾਲ਼ ਗ਼ੱਦਾਰੀ ਨੂੰ ਬਹੁਤ ਸਪੱਸ਼ਟਤਾ ਨਾਲ਼ ਪ੍ਰਗਟ ਕਰਦਾ ਹੈ — ਅਤੇ ਇਹੋ ਨਹੀਂ, ਇਹ ਸਭ ਕੁਝ ਉਹ "ਸੰਸਾਰ ਇਨਕਲਾਬ" ਦੇ ਵਿਚਾਰਾਂ ਦੀ "ਹਮਾਇਤ" ਕਰਨ ਦੇ ਨਾਂ 'ਤੇ ਕਰਦੇ ਹਨ।

ਅਸੀਂ ਇਸ ਪੈਂਫਲਟ ਉੱਤੇ ਵਧੇਰੇ ਵਿਸਥਾਰ ਨਾਲ਼ ਵਿਚਾਰ ਕਿਸੇ ਹੋਰ ਸਮੇਂ ਕਰਾਂਗੇ। ਇੱਥੇ ਅਸੀਂ ਕੇਵਲ ਇੱਕ ਹੋਰ ਗੱਲ ਕਰਾਂਗੇ, ਬੀਤੇ ਸਮੇਂ ਵਿੱਚ ਜਦੋਂ ਕਾਊਟਸਕੀ ਅਜੇ ਮਾਰਕਸਵਾਦੀ ਸੀ ਅਤੇ ਗੱਦਾਰ ਨਹੀਂ ਸੀ ਬਣਿਆ ਤਾਂ ਇਸ ਸਵਾਲ 'ਤੇ ਇੱਕ ਇਤਿਹਾਸਕਾਰ ਦੀ ਹੈਸੀਅਤ ਵਿੱਚ ਵਿਚਾਰ ਕਰਦੇ ਹੋਏ ਉਹਨੇ ਅਜਿਹੀ ਪ੍ਰਸਥਿਤੀ ਪੈਦਾ ਹੋਣ ਦੀ ਸੰਭਾਵਨਾ ਵੇਖੀ ਸੀ ਜਿਸ ਵਿਚ ਰੂਸੀ ਪ੍ਰੋਲੇਤਾਰੀ ਦੀ ਇਨਕਲਾਬੀ ਭਾਵਨਾ ਪੱਛਮੀ ਯੂਰਪ ਲਈ ਇੱਕ ਨਮੂਨਾ ਬਣ ਸਕੇਗੀ। ਇਹ 1902 ਦੀ ਗੱਲ ਹੈ ਕਿ ਜਦੋਂ ਕਾਊਟਸਕੀ ਨੇ ਇਨਕਲਾਬੀ "ਇਸਕਰਾ"[2] ਲਈ ਇੱਕ ਲੇਖ "ਸਲਾਵ ਲੋਕ ਅਤੇ ਇਨਕਲਾਬ" ਲਿਖਿਆ ਸੀ। ਉਸ ਲੇਖ 'ਚ ਉਹਨੇ ਲਿਖਿਆ-

> "ਇਸ ਸਮੇਂ (1848 ਦੇ ਉਲਟ)** ਇਉਂ ਜਾਪਦਾ ਹੈ ਕਿ ਸਲਾਵ ਲੋਕ ਨਾ ਕੇਵਲ ਇਨਕਲਾਬੀ ਕੌਮਾਂ ਦੀਆਂ ਸਫ਼ਾਂ 'ਚ ਸ਼ਾਮਲ ਹੋ ਗਏ ਹਨ ਸਗੋਂ ਇਨਕਲਾਬੀ ਸੋਚ ਅਤੇ ਇਨਕਲਾਬੀ ਅਮਲ ਦਾ ਕੇਂਦਰ ਸਦਾ ਵਧੇਰੇ ਸਲਾਵਾਂ ਵੱਲ ਹੁੰਦਾ ਜਾ ਰਿਹਾ ਹੈ। ਇਨਕਲਾਬੀ ਕੇਂਦਰ ਪੱਛਮ ਤੋਂ ਪੂਰਬ ਵੱਲ ਤਬਦੀਲ ਹੋ ਰਿਹਾ ਹੈ। ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਵਿੱਚ ਇਹ ਫਰਾਂਸ ਵਿੱਚ, ਕਦੇ ਕਦੇ ਇੰਗਲੈਂਡ ਵਿੱਚ ਸਥਿਤ ਸੀ। 1848 ਵਿਚ ਜਰਮਨੀ ਵੀ ਇਨਕਲਾਬੀ ਕੌਮਾਂ ਦੀ ਸਫ਼ਾ ਵਿੱਚ ਸ਼ਾਮਲ ਹੋ ਗਿਆ... ਨਵੀਂ ਸਦੀ ਅਜਿਹੀਆਂ ਘਟਨਾਵਾਂ ਨਾਲ਼ ਸ਼ੁਰੂ ਹੋਈ ਹੈ ਜਿਨ੍ਹਾਂ ਤੋਂ ਇਹ ਵਿਚਾਰ ਪੈਦਾ ਹੁੰਦਾ ਹੈ ਕਿ ਅਸੀਂ ਇਨਕਲਾਬੀ ਕੇਂਦਰ ਵਿੱਚ ਇੱਕ ਹੋਰ ਤਬਦੀਲੀ, ਅਰਥਾਤ ਰੂਸ ਵੱਲ ਤਬਦੀਲੀ ਦੇ ਨੇੜੇ ਅੱਪੜ ਰਹੇ ਹਾਂ... ਰੂਸ ਜਿਸਨੇ, ਪੱਛਮ ਤੋਂ ਏਨੀ ਇਨਕਲਾਬੀ ਪਹਿਲਕਦਮੀ ਲਈ ਹੈ, ਹੁਣ

* ਇਗਨਾਜ ਬਰੈਂਡ, ਸੋਸ਼ਲਿਸਟ ਲਾਇਬ੍ਰੇਰੀ, ਸੰਚੀ 11-**ਸੰਪਾਦਕ**

** ਜੇ ਇਹਦੇ ਉਲਟ ਸੰਕੇਤ ਨਾ ਦਿਤਾ ਹੋਵੇ ਤਾਂ ਟੂਕ ਦੇ ਅੰਦਰ ਬ੍ਰੈਕਟਾਂ ਵਿੱਚ ਦਿੱਤੇ ਸ਼ਬਦ ਲੈਨਿਨ ਦੇ ਹਨ। -**ਸੰਪਾਦਕ**

ਸ਼ੈਦ ਪੱਛਮ ਲਈ ਇਨਕਲਾਬੀ ਸ਼ਕਤੀ ਦਾ ਸੋਮਾ ਬਣ ਰਿਹਾ ਹੈ। ਅੱਜ ਜਿਹੜੀ ਰੂਸੀ ਇਨਕਲਾਬੀ ਲਹਿਰ ਉੱਭਰ ਰਹੀ ਹੈ, ਸ਼ੈਦ ਉਹ ਸਾਡੇ ਵਿੱਚ ਫੈਲ ਗਏ ਪਿਲਪਿਲੇ ਅਸੱਭਿਅਵਾਦ ਅਤੇ ਪੂਰੀ ਤਰ੍ਹਾਂ ਨਾਪ ਤੋਲ ਕੇ ਕਦਮ ਚੁੱਕਣ ਦੀ ਰਾਜਨੀਤੀ ਨੂੰ ਹਟਾਉਣ ਦਾ ਸਭ ਤੋਂ ਸ਼ਕਤੀਸ਼ਾਲੀ ਸਾਧਨ ਸਾਬਤ ਹੋਵੇਗੀ ਅਤੇ ਸੰਭਵ ਹੈ ਕਿ ਇਹਦੇ ਕਾਰਨ ਲੜਾਕੂ ਭਾਵਨਾ ਅਤੇ ਸਾਡੇ ਮਹਾਨ ਆਸ਼ਿਆਂ ਲਈ ਲਗਨ ਮੁੜ ਕੇ ਭੜਕ ਉੱਠੇ। ਰੂਸ ਬਹੁਤ ਸਮੇਂ ਤੋਂ ਪੱਛਮੀ ਯੂਰਪ ਲਈ ਪਿਛਾਖੜ ਅਤੇ ਇੱਕ-ਪੁਰਖੀ ਰਾਜ ਦਾ ਕੋਟ ਹੀ ਨਹੀਂ ਰਿਹਾ। ਮੇਰਾ ਖਿਆਲ ਹੈ ਕਿ ਅੱਜ ਹਾਲਤ ਇਸਦੇ ਉਲਟ ਹੈ। ਪੱਛਮੀ ਯੂਰਪ ਰੂਸ ਲਈ ਪਿਛਾਖੜ ਅਤੇ ਇੱਕ-ਪੁਰਖੀ ਰਾਜ  ਦਾ ਕੋਟ ਬਣਦਾ ਜਾ ਰਿਹਾ ਹੈ...ਐਨ ਸੰਭਵ ਹੈ ਕਿ ਰੂਸੀ ਇਨਕਲਾਬੀ ਬਹੁਤ ਪਹਿਲਾਂ ਜ਼ਾਰ ਨਾਲ਼ ਨਜਿੱਠ ਲੈਂਦੇ ਜੇ ਉਹਨਾਂ ਨੂੰ ਉਹਦੇ ਸਾਥੀ-ਪੱਛਮੀ ਸਰਮਾਏ ਵਿਰੁੱਧ ਵੀ ਨਾ ਲੜਨਾ ਪੈਂਦਾ। ਸਾਨੂੰ ਆਸ ਰੱਖਣੀ ਚਾਹੀਦੀ ਹੈ ਕਿ ਇਸ ਵਾਰ ਉਹ ਦੁਹਾਂ ਦੁਸ਼ਮਣਾਂ ਨਾਲ ਨਜਿੱਠ ਲੈਣਗੇ ਅਤੇ ਨਵਾਂ "ਪਵਿੱਤਰ ਏਕਾ" ਆਪਣੇ ਤੋਂ ਪਹਿਲਾਂ ਦੇ ਏਕਿਆਂ ਨਾਲ਼ੋਂ ਵਧੇਰੇ ਤੇਜ਼ੀ ਨਾਲ਼ ਢਹਿ-ਢੇਰੀ ਹੋ ਜਾਵੇਗਾ। ਪਰ ਰੂਸ ਵਿੱਚ ਅਜੋਕੇ ਘੋਲ਼ ਦਾ ਜੋ ਵੀ ਅੰਤ ਹੋਵੇ, ਇਹਦੇ ਸ਼ਹੀਦਾਂ ਦਾ- ਮੰਦੇ-ਭਾਗੀਂ ਜਿਨ੍ਹਾਂ ਦੀ ਗਿਣਤੀ ਬਹੁਤ ਜ਼ਿਆਦਾ ਹੋਵੇਗੀ-ਖ਼ੂਨ ਅਤੇ ਕੁਰਬਾਨੀਆਂ ਵਿਅਰਥ ਨਹੀਂ ਜਾਣਗੀਆਂ। ਉਹ ਸਾਰੇ ਸਭਿਅ ਸੰਸਾਰ 'ਚ ਸਮਾਜ ਇਨਕਲਾਬ ਦੀ ਲਗਰਾਂ ਨੂੰ ਸ਼ਕਤੀ ਦੇਣਗੀਆਂ ਅਤੇ ਉਹਨਾਂ ਨੂੰ ਵਧੇਰੇ ਬਹੁਲਤਾ ਦੇਣਗੀਆਂ ਅਤੇ ਉਹ ਤੇਜ਼ੀ ਨਾਲ਼ ਵੱਧਣਗੀਆਂ। 1848 ਵਿੱਚ ਸਲਾਵ ਲੋਕ ਉਸ ਸਖਤ ਕੱਕਰ ਵਾਂਗ ਸਨ ਜਿਸਨੇ ਜਨਤਾ ਦੀ ਬਸੰਤ ਦੇ ਫੁੱਲਾਂ ਨੂੰ ਮੁਰਝਾ ਦਿੱਤਾ। ਸ਼ੈਦ ਹੁਣ ਉਹ ਅਜਿਹੇ ਝੱਖੜ ਦਾ ਕੰਮ ਕਰਨਗੇ ਜਿਹੜਾ ਪਿਛਾਖੜ ਦੀ ਬਰਫ਼ ਤੋੜ ਦੇਵੇਗਾ ਅਤੇ ਆਪਣੇ ਨਾਲ਼ ਕੌਮਾਂ ਲਈ ਲਾਜ਼ਮੀ ਤੌਰ 'ਤੇ ਨਵੀਂ ਅਤੇ ਹੁਲਾਮੀ ਬਸੰਤ ਲਿਆਵੇਗਾ।" (ਰੂਸੀ ਸੋਸ਼ਲ-ਡੇਮੋਕਰੈਟਕ ਅਖਬਾਰ "ਇਸਕਰਾ" ਨੰਬਰः 18, 10 ਮਾਰਚ 1902 ਵਿਚ **ਕਾਰਲ ਕਾਊਟਸਕੀ** ਦਾ ਲੇਖ "ਸਲਾਵ ਅਤੇ ਇਨਕਲਾਬ")

ਅੱਠਾਰਾਂ ਵਰ੍ਹੇ ਪਹਿਲਾਂ ਕਾਊਟਸਕੀ ਕਿੰਨਾਂ ਸੁਹਣਾ ਲਿਖਦਾ ਸੀ।

## 2. ਬਾਲਸ਼ਵਿਕਾਂ ਦੀ ਜਿੱਤ ਲਈ ਇੱਕ ਲਾਜ਼ਮੀ ਸ਼ਰਤ

ਮੇਰਾ ਵਿਚਾਰ ਹੈ ਕਿ ਹੁਣ ਲਗਭਗ ਹਰ ਇੱਕ ਇਹ ਗੱਲ ਸਮਝਦਾ ਹੈ ਕਿ ਜੇ ਸਾਡੀ ਪਾਰਟੀ ਵਿਚ ਬਹੁਤ ਸਖ਼ਤ, ਸੱਚ-ਮੁੱਚ ਅਸਪਾਤੀ ਡਿਸਿਪਲਿਨ ਨਾ ਹੁੰਦਾ ਜਾਂ ਪੂਰੀ ਕਿਰਤੀ ਸ਼੍ਰੇਣੀ, ਅਰਥਾਤ ਇਹਦੇ ਅਜਿਹੇ ਵਿਚਾਰਵਾਨ, ਈਮਾਨਦਾਰ, ਲਗਨ ਵਾਲ਼ੇ ਅਤੇ ਬਾਰਸੂਖ਼ ਹਿੱਸਿਆਂ ਦੀ ਜਿਹੜੇ ਪੱਛੜੇ ਹਿੱਸੇ ਦੀ ਅਗਵਾਈ ਕਰਨ ਦੇ ਯੋਗ ਹਨ ਜਾਂ ਉਹਨਾਂ

ਨੂੰ ਆਪਣੇ ਨਾਲ਼ ਲਿਜਾਣ ਦੇ ਯੋਗ ਹਨ, ਪੂਰੀ ਅਤੇ ਬਿਨਾਂ ਸ਼ਰਤ ਹਮਾਇਤ ਪ੍ਰਾਪਤ ਨਾ ਹੁੰਦੀ ਤਾਂ ਢਾਈ ਵਰ੍ਹੇ ਤਾਂ ਇੱਕ ਪਾਸੇ ਰਹੇ ਬਾਲਸ਼ਵਿਕ ਢਾਈ ਮਹੀਨੇ ਵੀ ਸੱਤ੍ਹਾ ਆਪਣੇ ਹੱਥ ਵਿੱਚ ਨਾ ਰੱਖ ਸਕਦੇ।

ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਅਰਥ ਹਨ ਨਵੀਂ ਸ਼੍ਰੇਣੀ ਵੱਲੋਂ **ਵਧੇਰੇ ਬਲਵਾਨ** ਦੁਸ਼ਮਣ, ਬੁਰਜੂਆਜ਼ੀ ਵਿਰੁੱਧ ਅਤਿਅੰਤ ਸਿਰੜੀ ਅਤੇ ਬੇਕਿਰਕ ਘੋਲ਼, ਦੁਸ਼ਮਣ ਜਿਸਦੀ ਮੁਕਾਬਲਾ ਕਰਨ ਦੀ ਸ਼ਕਤੀ ਉਹਨਾਂ ਦਾ ਤਖ਼ਤਾ ਉਲਟਾਏ ਜਾਣ ਕਾਰਨ (ਭਾਵੇਂ ਉਹ ਇੱਕੋ ਦੇਸ਼ ਵਿੱਚ ਹੀ ਉਲਟਾਇਆ ਗਿਆ ਹੈ) **ਦਸ ਗੁਣਾ** ਵੱਧ ਜਾਂਦੀ ਹੈ ਅਤੇ ਜਿਸਦੀ ਸ਼ਕਤੀ ਦਾ ਸੋਮਾ ਕੇਵਲ ਕੌਮਾਂਤਰੀ ਪੂੰਜੀ ਦੀ ਸ਼ਕਤੀ ਹੀ ਨਹੀਂ, ਕੇਵਲ ਕੌਮਾਂਤਰੀ ਸਬੰਧਾਂ ਦੀ ਸ਼ਕਤੀ ਅਤੇ ਪਕਿਆਈ ਵਿੱਚ ਨਹੀਂ ਸਗੋਂ **ਆਦਤ ਦੀ ਸ਼ਕਤੀ** ਵਿੱਚ ਹੈ, **ਨਿੱਕੀ ਪੱਧਰ ਦੀ ਉਪਜ** ਦੀ ਸ਼ਕਤੀ ਵਿੱਚ ਹੈ। ਮੰਦੇ–ਭਾਗੀਂ ਨਿੱਕੀ ਪੱਧਰ ਦੀ ਉਪਜ ਅਜੇ ਤੱਕ ਸੰਸਾਰ ਵਿੱਚ ਬਹੁਤ ਫੈਲੀ ਹੋਈ ਹੈ ਅਤੇ ਇਹ ਨਿੱਕੀ ਪੱਧਰ ਦੀ ਉਪਜ ਲਗਾਤਾਰ, ਹਰ ਦਿਨ, ਹਰ ਘੰਟੇ, ਆਪਮੁਹਾਰੇ ਤੌਰ ’ਤੇ ਅਤੇ ਵੱਡੀ ਪੱਧਰ ’ਤੇ ਬੁਰਜੂਆਜ਼ੀ ਨੂੰ **ਪੈਦਾ ਕਰਦੀ ਹੈ।** ਇਹ ਸਭ ਕੁਝ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਲਾਜ਼ਮੀ ਬਣਾਉਂਦਾ ਹੈ ਅਤੇ ਇੱਕ ਲੰਮੀ, ਸਿਰੜੀ ਅਤੇ ਸਿਰਲੱਥ ਜ਼ਿੰਦਗੀ ਜਾਂ ਮੌਤ ਦੀ ਲੜਾਈ ਲੜੇ ਬਿਨਾਂ, ਜੋ ਹੱਠ, ਡਸਿਪਲਿਨ ਅਤੇ ਇਕ ਇੱਕਹਿਰੀ ਅਤੇ ਬੇਲਚਕ ਭਾਵਨਾ ਦੀ ਮੰਗ ਕਰਦੀ ਹੈ, ਬੁਰਜ਼ੂਆਜੀ ਉੱਤੇ ਜਿੱਤ ਸੰਭਵ ਨਹੀਂ।

ਮੈਂ ਆਪਣੀ ਗੱਲ ਦੁਹਰਾਉਂਦਾ ਹਾਂ ਰੂਸ ਵਿੱਚ ਜੇਤੂ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਨੇ ਉਹਨਾਂ ਨੂੰ ਸਾਫ਼ ਦਰਸਾ ਦਿੱਤਾ ਹੈ ਜਿਹੜੇ ਵੇਖਣ ਦੇ ਨਿਰਯੋਗ ਹਨ ਜਾਂ ਜਿਨ੍ਹਾਂ ਨੂੰ ਇਸ ਸੰਬਧੀ ਸੋਚਣ ਦਾ ਅਵਸਰ ਨਹੀਂ ਮਿਲਿਆ ਕਿ ਮੁਕੰਮਲ ਕੇਂਦਰੀਕਰਣ ਅਤੇ ਪ੍ਰੋਲਤਾਰੀ ਵਿੱਚ ਕਰੜਾ ਡਸਿਪਲਿਨ ਬੁਰਜ਼ੂਆਜੀ ਉੱਤੇ ਜਿੱਤ ਲਈ ਇੱਕ ਲਾਜ਼ਮੀ ਸ਼ਰਤ ਹਨ।

ਇਸ ਸਬੰਧੀ ਅਕਸਰ ਲੰਮੀ ਗੱਲ ਬਾਤ ਹੁੰਦੀ ਹੈ ਪਰ ਇਸ ਗੱਲ ਉੱਤੇ ਲਗਭਗ ਚੋਖਾ ਵਿਚਾਰ ਨਹੀਂ ਕੀਤਾ ਜਾਂਦਾ ਕਿ ਇਹਦੇ ਅਰਥ ਕੀ ਹਨ ਅਤੇ ਇਹ ਕਿਹੜੀਆਂ ਪ੍ਰਸਥਿਤੀਆਂ ਅਧੀਨ ਸੰਭਵ ਹੈ। ਕੀ ਇਹ ਵਧੇਰੇ ਯੋਗ ਨਹੀਂ ਹੋਵੇਗਾ ਕਿ ਸੋਵੀਅਤਾਂ ਅਤੇ ਬਾਲਸ਼ਵਿਕਾਂ ਦੇ ਅਭਿਵਾਦਨਾਂ ਵਿੱਚ **ਵਧੇਰੇ ਵਾਰੀ** ਉਹਨਾਂ ਕਾਰਨਾਂ ਦਾ ਵਧੇਰੇ **ਡੂੰਘਾ ਵਿਸ਼ਲੇਸ਼ਣ** ਹੁੰਦਾ ਜਿਨ੍ਹਾਂ **ਕਰਕੇ** ਬਾਲਸ਼ਵਿਕ ਉਹ ਡਸਿਪਲਿਨ ਸਥਾਪਤ ਕਰ ਸਕੇ ਜਿਸਦੀ ਇਨਕਲਾਬੀ ਪ੍ਰੋਲਤਾਰੀ ਨੂੰ ਲੋੜ ਹੈ।

ਰਾਜਸੀ ਵਿਚਾਰਾਂ ਦੀ ਇੱਕ ਧਾਰਾ ਅਤੇ ਇੱਕ ਪਾਰਟੀ ਵਜੋਂ 1903 ਤੋਂ ਬਾਲਸ਼ਵਿਕਵਾਦ ਦੀ ਹੋਂਦ ਹੈ। ਕੇਵਲ ਇਹਦੀ ਹੋਂਦ ਦੇ **ਸਮੁੱਚੇ** ਸਮੇਂ ਦਾ ਇਤਿਹਾਸ ਹੀ ਇਸ ਗੱਲ ਦਾ ਤਸੱਲੀਬਖਸ਼ ਉੱਤਰ ਦੇ ਸਕਦਾ ਹੈ ਕਿ ਇਹ ਅਤਿਅੰਤ ਔਖੀਆਂ ਪ੍ਰਸਥਿਤੀਆਂ ਵਿੱਚ ਪ੍ਰੋਲਤਾਰੀ ਦੀ ਜਿੱਤ ਲਈ ਲੋੜੀਂਦਾ ਅਸਪਾਤੀ ਡਸਿਪਲਿਨ ਕਿਵੇਂ ਸਥਾਪਤ ਕਰ ਸਕਿਆ ਅਤੇ ਕਾਇਮ ਰੱਖ ਸਕਿਆ।

ਸਭ ਤੋਂ ਪਹਿਲਾਂ ਇਹ ਸਵਾਲ ਉੱਠਦੇ ਹਨ: ਪ੍ਰੋਲਤਾਰੀ ਦੀ ਇਨਕਲਾਬੀ ਪਾਰਟੀ ਵਿੱਚ ਡਸਿਪਲਿਨ ਕਿਵੇਂ ਕਾਇਮ ਰੱਖਿਆ ਜਾਂਦਾ ਹੈ ? ਕਿਵੇਂ ਇਹਦੀ ਪਰਖ਼ ਕੀਤੀ ਜਾਂਦੀ

ਹੈ ? ਇਹਨੂੰ ਵਧੇਰੇ ਮਜ਼ਬੂਤ ਕਿਵੇਂ ਬਣਾਇਆ ਜਾਂਦਾ ਹੈ ? ਪਹਿਲੇ ਪ੍ਰੋਲਤਾਰੀ ਹਰਾਵਲ ਦਸਤੇ ਦੀ ਸ਼੍ਰੇਣੀ ਚੇਤੰਨਤਾ ਰਾਹੀਂ ਅਤੇ ਇਨਕਲਾਬ ਲਈ ਇਹਦੀ ਲਗਨ ਰਾਹੀਂ, ਉਹਦੇ ਹਨ, ਉਹਦੇ ਆਪਾ-ਵਾਰਨ ਅਤੇ ਸੂਰਮਤਾਈ ਰਾਹੀਂ। ਦੂਜੇ, ਕਿਰਤੀ ਜਨਤਾ ਦੇ ਵਿਸ਼ਾਲ ਸਮੂਹਾਂ, ਮੁੱਖ ਤੌਰ 'ਤੇ ਪ੍ਰੋਲਤਾਰੀ ਪਰ ਕਿਰਤੀ ਜਨਤਾ ਦੇ **ਗੈਰ-ਪ੍ਰੋਲਤਾਰੀ** ਵਿਸ਼ਾਲ ਹਿੱਸਿਆਂ **ਨਾਲ਼ ਵੀ** ਸਬੰਧ ਸਥਾਪਤ ਕਰਨ ਅਤੇ — ਤੁਸੀਂ ਇਉਂ ਵੀ ਕਹਿ ਸਕਦੇ ਹੋ— ਇਹਨਾਂ ਨਾਲ਼ ਇੱਕ ਮਿੱਕ ਹੋ ਜਾਣ ਦੀ ਸਮਰੱਥਾ ਕਾਰਨ। ਤੀਜੇ, ਇਸ ਹਰਾਵਲ ਦਸਤੇ ਵੱਲੋਂ ਦਿੱਤੀ ਰਾਜਸੀ ਅਗਵਾਈ ਦੇ ਠੀਕ ਹੋਣ ਰਾਹੀਂ, ਇਹਦੀ ਰਾਜਸੀ ਯੁੱਧ-ਨੀਤੀ ਅਤੇ ਦਾਅ-ਪੇਚਾਂ ਦੇ ਠੀਕ ਹੋਣ ਰਾਹੀਂ ਪਰ ਸ਼ਰਤ ਇਹ ਹੈ ਕਿ ਜਨਤਾ ਦੇ ਵਿਸ਼ਾਲ ਹਿੱਸਿਆਂ ਨੇ **ਆਪਣੇ ਨਿੱਜੀ ਤਜ਼ਰਬੇ** ਤੋਂ ਇਹ ਸਿੱਖ ਲਿਆ ਹੋਵੇ ਕਿ ਇਹ ਠੀਕ ਹਨ। ਇਹਨਾਂ ਸ਼ਰਤਾਂ ਤੋਂ ਬਿਨਾਂ ਉਸ ਇਨਕਲਾਬੀ ਪਾਰਟੀ ਵਿੱਚ ਡਸਿਪਲਿਨ ਸਥਾਪਤ ਨਹੀਂ ਕੀਤਾ ਜਾ ਸਕਦਾ ਜਿਹੜੀ ਸੱਚਮੁੱਚ ਅੱਗੇ-ਵੱਧੂ ਸ਼੍ਰੇਣੀ ਦੀ ਪਾਰਟੀ ਬਣਨ ਦੇ ਯੋਗ ਹੈ ਅਤੇ ਜਿਸਦਾ ਆਸ਼ਾ ਬੁਰਜੂਆਜ਼ੀ ਦਾ ਤਖ਼ਤਾ ਉਲਟਣਾ ਅਤੇ ਪੂਰੇ ਸਮਾਜ ਦੀ ਕਾਇਆ-ਪਲਟ ਕਰਨਾ ਹੈ। ਇਹਨਾਂ ਪ੍ਰਸਥਿਤੀਆਂ ਤੋਂ ਬਿਨਾਂ ਡਸਿਪਲਿਨ ਸਥਾਪਤ ਕਰਨ ਦੇ ਸਾਰੇ ਜਤਨ ਮੂੰਹ ਭਾਰ ਡਿੱਗਦੇ ਹਨ ਅਤੇ ਫਿਕਰੇਬਾਜ਼ੀ ਅਤੇ ਮਸਖ਼ਰੇਬਾਜੀ ਬਣ ਕੇ ਰਹਿ ਜਾਂਦੇ ਹਨ। ਦੂਜੇ ਹੱਥ ਇਹ ਪ੍ਰਸਥਿਤੀਆਂ ਇੱਕ ਦਮ ਪੈਦਾ ਨਹੀਂ ਹੋ ਜਾਂਦੀਆਂ। ਇਹ ਕੇਵਲ ਲੰਮੇ ਯਤਨ ਅਤੇ ਬੜੇ ਔਖ ਨਾਲ ਪ੍ਰਾਪਤ ਕੀਤੇ ਅਨੁਭਵ ਰਾਹੀਂ ਹੀ ਸਥਾਪਤ ਹੁੰਦੀਆਂ ਹਨ। ਠੀਕ ਇਨਕਲਾਬੀ ਸਿਧਾਂਤ ਉਹਨਾਂ ਦੇ ਪੈਦਾ ਹੋਣ ਵਿੱਚ ਸਹਾਇਤਾ ਦੇਂਦਾ ਹੈ, ਸਿਧਾਂਤ, ਜਿਹੜਾ ਆਪਣੀ ਵਾਰੀ ਕੇਵਲ ਅਣਬਦਲਵਾਂ ਮੱਤ ਨਹੀਂ ਹੁੰਦਾ, ਸਗੋਂ ਇੱਕ ਸੱਚੀ ਜਨਤਕ ਅਤੇ ਸੱਚੀ ਇਨਕਲਾਬੀ ਲਹਿਰ ਦੀ ਆਪਣੀ ਸਰਗਰਮੀ ਨਾਲ਼ ਨੇੜਲੇ ਸਬੰਧ ਰਾਹੀਂ ਹੀ ਅੰਤਮ ਰੂਪ ਧਾਰਦਾ ਹੈ।

1917-20 ਵਿੱਚ ਬੇਮਿਸਾਲ ਕਠਨ ਪ੍ਰਸਥਿਤੀਆਂ ਵਿੱਚ ਬਾਲਸ਼ਵਿਕਵਾਦ ਇਸ ਯੋਗ ਹੋਇਆ ਕਿ ਉਹ ਅਤਿਅੰਤ ਕਰੜਾ ਕੇਂਦਰੀਕਰਣ ਅਤੇ ਅਸਪਾਤੀ ਡਸਿਪਲਿਨ ਸਥਾਪਤ ਕਰ ਸਕਿਆ ਅਤੇ ਕਾਇਮ ਰੱਖ ਸਕਿਆ, ਇਸ ਤੱਥ ਦਾ ਸਿੱਧਾ ਕਾਰਨ ਰੂਸ ਦੀਆਂ ਕੁਝ ਇਤਿਹਾਸਕ ਵਿਸ਼ੇਸ਼ਤਾਈਆਂ ਸਨ।

ਇੱਕ ਹੱਥ, ਬਾਲਸ਼ਵਿਕਵਾਦ 1903 ਵਿੱਚ ਮਾਰਕਸਵਾਦੀ ਸਿਧਾਂਤ ਦੀ ਬੜੀ ਪੱਕੀ ਬੁਨਿਆਦ ਉੱਤੇ ਉੱਭਰਿਆ। ਇਸ ਇਨਕਲਾਬੀ ਸਿਧਾਂਤ ਦਾ ਠੀਕ ਹੋਣਾ ਅਤੇ ਕੇਵਲ ਇਹਦਾ ਹੀ ਠੀਕ ਹੋਣਾ, ਕੇਵਲ ਉਨ੍ਹੀਵੀਂ ਸਦੀ ਵਿੱਚ ਸੰਸਾਰ ਅਨੁਭਵ ਨੇ ਹੀ ਨਹੀਂ ਸਗੋਂ ਰੂਸ ਵਿੱਚ ਇਨਕਲਾਬੀ ਵਿਚਾਰਾਂ ਦੀਆਂ ਭਾਲਾਂ ਅਤੇ ਡੋਲਾਂ ਨੇ, ਗ਼ਲਤੀਆਂ ਅਤੇ ਨਿਰਾਸ਼ਤਾਵਾਂ ਨੇ ਸਿੱਧ ਕਰ ਦਿੱਤਾ ਹੈ। ਲਗਭਗ ਅੱਧੀ ਸਦੀ ਤੋਂ - ਲਗਭਗ ਪਿਛਲੀ ਸਦੀ ਦੇ ਪੰਜਵੇਂ ਤੋਂ ਲੈ ਕੇ ਦਸਵੇਂ ਦਹਾਕੇ ਤੱਕ— ਅਤਿਅੰਤ ਜ਼ਾਲਮ ਅਤੇ ਪਿੱਛੇ-ਖਿੱਚੂ ਜ਼ਾਰਸ਼ਾਹੀ ਦੇ ਜ਼ਬਰ ਦੇ ਸ਼ਿਕਾਰ ਰੂਸੀ ਅੱਗੇ-ਵਧੂ ਵਿਚਾਰਾਂ ਨੇ ਉਤਸੁਕਤਾ ਨਾਲ਼ ਸਹੀ ਇਨਕਲਾਬੀ ਸਿਧਾਂਤ ਦੀ ਖੋਜ ਕੀਤੀ ਅਤੇ ਉਹ ਯੂਰਪ ਅਤੇ ਅਮਰੀਕਾ ਵਿੱਚ ਇਸ ਖੇਤਰ ਵਿੱਚ ਸਾਹਮਣੇ ਆਈ ਹਰ "ਨਵੀਨ ਤੋਂ ਨਵੀਨ ਗੱਲ" ਦਾ ਅਤਿਅੰਤ ਉੱਦਮ ਅਤੇ ਸਾਧਨਾਂ ਨਾਲ਼ ਅਧਿਅਨ

ਕਰਦੇ ਰਹੇ। ਬੇਮਿਸਾਲ ਜ਼ਬਰ ਅਤੇ ਕੁਰਬਾਨੀ, ਬੇਮਿਸਾਲ ਇਨਕਲਾਬੀ ਸੂਰਮਤਾਈ, ਮੰਨੇ ਨਾ ਜਾ ਸਕਣ ਵਾਲ਼ੇ ਦਮ, ਲਗਨ ਭਰਪੂਰ ਭਾਲ, ਅਧਿਅਨ, ਅਮਲੀ ਪਰਖ, ਨਾਉਮੀਦੀ, ਪੜਤਾਲ਼ ਅਤੇ ਯੂਰਪੀ ਤਜ਼ਰਬੇ ਨਾਲ਼ ਮੁਕਾਬਲੇ ਦੀ ਅੱਧੀ ਸਦੀ ਵਿੱਚ ਰੂਸ ਨੇ ਜੋ **ਤਸੀਹੇ ਝੱਲੇ**, ਉਹਨਾਂ ਰਾਹੀਂ ਹੀ ਉਹਨੇ ਇੱਕੋ ਇੱਕ ਠੀਕ ਸਿਧਾਂਤ, ਮਾਰਕਸਵਾਦ ਪ੍ਰਾਪਤ ਕੀਤਾ। ਜ਼ਾਰਸ਼ਾਹੀ ਨੇ ਇਨਕਲਾਬੀਆਂ ਨੂੰ ਜਿਸ ਰਾਜਸੀ ਪ੍ਰਵਾਸ ਉੱਤੇ ਮਜ਼ਬੂਰ ਕੀਤਾ, ਉਸ ਸਦਕਾ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿੱਚ ਇਨਕਲਾਬੀ ਰੂਸ ਨੂੰ ਅਜਿਹੇ ਭਰਪੂਰ ਕੌਮਾਂਤਰੀ ਸਬੰਧ ਅਤੇ ਸੰਸਾਰ ਇਨਕਲਾਬੀ ਲਹਿਰ ਦੇ ਰੂਪਾਂ ਅਤੇ ਸਿਧਾਂਤਾਂ ਸਬੰਧੀ ਅਜਿਹੀ ਸ਼ਾਨਦਾਰ ਵਾਕਫ਼ੀ ਪ੍ਰਾਪਤ ਹੋ ਗਈ ਜਿਹੋ ਜਿਹੀ ਕਿਸੇ ਹੋਰ ਦੇਸ਼ ਕੋਲ਼ ਨਹੀਂ ਸੀ।

ਦੂਜੇ ਹੱਥ, ਬਾਲਸ਼ਵਿਕਵਾਦ ਜਿਹੜਾ ਸਿਧਾਂਤ ਦੀ ਇਸ ਕੰਜੂਰੀ ਨੀਂਹ ਉੱਤੇ ਉੱਭਰਿਆ ਸੀ, ਅਮਲੀ ਇਤਿਹਾਸ ਦੇ ਉਹਨਾਂ ਪੰਦਰਾਂ ਵਰ੍ਹਿਆਂ (1903-1917) ਵਿੱਚੋਂ ਲੰਘਿਆ ਜਿਨ੍ਹਾਂ ਦੀ ਭਰਪੂਰ ਤਜ਼ਰਬੇ ਦੇ ਪੱਖੋਂ ਸੰਸਾਰ ਵਿੱਚ ਕਿਧਰੇ ਮਿਸਾਲ ਨਹੀਂ ਮਿਲ਼ਦੀ। ਇਹਨਾਂ ਪੰਦਰਾਂ ਵਰ੍ਹਿਆਂ ਵਿੱਚ ਕਿਸੇ ਹੋਰ ਦੇਸ਼ ਨੂੰ ਅਜਿਹਾ ਅਨੁਭਵ ਪ੍ਰਾਪਤ ਨਹੀਂ ਹੋਇਆ ਜਿਹੜਾ ਇਸ ਇਨਕਲਾਬੀ ਅਨੁਭਵ ਦੇ ਨੇੜੇ ਤੇੜੇ ਵੀ ਅੱਪੜਦਾ ਹੋਵੇ। ਲਹਿਰ ਦੇ ਵੱਖ ਵੱਖ ਰੂਪਾਂ — ਕਾਨੂੰਨੀ ਅਤੇ ਗ਼ੈਰ-ਕਾਨੂੰਨੀ , ਅਮਨ-ਭਰਿਆ ਅਤੇ ਤੂਫ਼ਾਨੀ, ਗੁਪਤ ਅਤੇ ਖੁੱਲ੍ਹਾ ਕੰਮ, ਸਥਾਨਕ ਟੋਲੀਆਂ ਅਤੇ ਵੱਡੀ ਪੱਧਰ ਤੇ ਕੰਮ, ਪਾਰਲੀਮਾਨੀ ਅਤੇ ਯਰਕਾਊ ਰੂਪ ਦਾ ਏਨੀ ਤੇਜ਼ੀ ਨਾਲ਼ ਅਤੇ ਏਨੀ ਭਿੰਨਤਾ ਨਾਲ਼ ਆਉਣਾ ਹੋਰ ਕਿਸੇ ਦੇਸ਼ ਵਿੱਚ ਨਹੀਂ ਦੇਖਿਆ ਗਿਆ। ਨਾ ਹੀ ਕਿਸੇ ਹੋਰ ਦੇਸ਼ ਵਿੱਚ ਏਨੇ ਥੋੜ੍ਹੇ ਸਮੇਂ ਵਿੱਚ ਵਰਤਮਾਨ ਸਮਾਜ ਦੀਆਂ **ਸਭਨਾਂ** ਸ਼੍ਰੇਣੀਆਂ ਦੇ ਘੋਲ਼ ਦੇ ਰੂਪਾਂ, ਰੰਗਾਂ ਅਤੇ ਢੰਗਾਂ ਦੀ ਸੰਘਣਤਾ ਵੇਖਣ ਵਿੱਚ ਆਈ ਅਤੇ ਇਹ ਘੋਲ਼ ਅਜਿਹਾ ਸੀ ਜਿਹੜਾ ਦੇਸ਼ ਦੇ ਪਛੜੇਵੇਂ ਅਤੇ ਜ਼ਾਰਸ਼ਾਹੀ ਜੂਲੇ ਦੀ ਕਰੜਾਈ ਕਾਰਨ ਅਸਾਧਾਰਨ ਤੇਜ਼ੀ ਨਾਲ਼ ਪੁਖ਼ਤਾ ਹੋਇਆ ਅਤੇ ਜਿਸਨੇ ਬੜੀ ਸਫ਼ਲਤਾ ਨਾਲ਼ ਅਮਰੀਕਾ ਅਤੇ ਯੂਰਪ ਦੇ ਰਾਜਸੀ ਅਨੁਭਵ ਦੀਆਂ "ਨਵੀਨ ਤੋਂ ਨਵੀਨ ਗੱਲਾਂ" ਨੂੰ ਆਪਣੇ ਵਿੱਚ ਸਮੋ ਲਿਆ।

## 3. ਬਾਲਸ਼ਵਿਕਵਾਦ ਦੇ ਵਿਕਾਸ ਦੇ ਮੁੱਖ ਪੜਾਅ

ਇਨਕਲਾਬ ਲਈ ਤਿਆਰੀ ਦੇ ਵਰ੍ਹੇ (1903 -1905)। ਭਰਪੂਰ ਤੂਫ਼ਾਨ ਦੀ ਆਉਂਦ ਹਰ ਥਾਂ ਅਨੁਭਵ ਕੀਤੀ ਜਾ ਰਹੀ ਸੀ। ਸਭ ਸ਼੍ਰੇਣੀਆਂ ਹਲ-ਚਲ ਅਤੇ ਤਿਆਰੀ ਦੀ ਹਾਲਤ ਵਿੱਚ ਸਨ। ਵਿਦੇਸ਼ਾਂ ਵਿੱਚ ਰਾਜਸੀ ਪਰਵਾਸੀਆਂ ਦੇ ਅਖ਼ਬਾਰ ਇਨਕਲਾਬ ਦੇ **ਸਭਨਾਂ** ਬੁਨਿਆਦੀ ਮਸਲਿਆਂ ਦੇ ਸਿਧਾਂਤਕ ਪੱਖਾਂ ਉੱਤੇ ਵਿਚਾਰ ਕਰਦੇ। ਤਿੰਨ ਮੁੱਖ ਸ਼੍ਰੇਣੀਆਂ, ਤਿੰਨ ਮੁੱਖ ਰਾਜਸੀ ਮੁਹਾਣਾਂ ਦੇ ਪ੍ਰਤਿਨਿਧ — ਉਦਾਰਪੰਥੀ-ਬੁਰਜੂਆਜੀ, ਨਿੱਕ-ਬੁਰਜੂਆ-ਜਮਹੂਰੀਅਤ-ਪਸੰਦ ("ਸਮਾਜੀ-ਜਮਹੂਰੀਅਤ-ਪਸੰਦ" ਜਾਂ "ਸਮਾਜੀ-ਇਨਕਲਾਬੀ"[3] ਦੇ ਲੇਬਲਾਂ ਪਿੱਛੇ ਲੁਕੇ) ਅਤੇ ਪ੍ਰੋਲਤਾਰੀ-ਇਨਕਲਾਬੀ ਨੇ ਪ੍ਰੋਗਰਾਮ ਅਤੇ ਦਾਅ-ਪੇਚਾਂ ਦੇ ਮਸਲਿਆਂ ਉੱਤੇ ਅਤਿ ਕਰੜਾ ਘੋਲ਼ ਲੜ ਕੇ ਆਉਂਦੇ ਖੁੱਲ੍ਹੇ ਸ਼੍ਰੇਣੀ ਘੋਲ਼ ਦੀ ਉਡੀਕ ਕੀਤੀ

ਅਤੇ ਇਹਦੇ ਲਈ ਤਿਆਰੀ ਕੀਤੀ। ਉਹ **ਸਭ** ਮਸਲੇ ਜਿਨ੍ਹਾਂ ਸਬੰਧੀ ਜਨਤਾ ਨੇ 1905-1917 ਅਤੇ 1917-1920 ਵਿੱਚ ਹਥਿਆਰਬੰਦ ਘੋਲ਼ ਕੀਤਾ ਉਹਨਾਂ ਸਭਨਾਂ ਦਾ ਅਸੀਂ ਭਰੂਣ ਰੂਪ ਵਿੱਚ ਇਸ ਸਮੇਂ ਦੇ ਅਖ਼ਬਾਰਾਂ ਵਿੱਚੋਂ ਅਧਿਅਨ ਕਰ ਸਕਦੇ ਹਾਂ (ਅਤੇ ਸਾਨੂੰ ਕਰਨਾ ਚਾਹੀਦਾ ਹੈ)। ਨਿਸ਼ਚੇ ਹੀ, ਇਹਨਾਂ ਤਿੰਨ ਮੁੱਖ ਮੁਹਾਣਾਂ ਦੇ ਵਿਚਕਾਰ ਅਨੇਕ ਵਿਚਕਾਰਲੇ, ਅੰਤਰ-ਕਾਲੀਨ ਜਾਂ ਬੇਦਿਲੇ ਝੁਕਾਅ ਸਨ। ਇਹ ਕਹਿਣਾ ਵਧੇਰੇ ਠੀਕ ਹੋਵੇਗਾ ਕਿ ਜਿਹੜੇ ਰਾਜਸੀ ਅਤੇ ਵਿਚਾਰਧਾਰਕ ਮੁਹਾਣ ਸੱਚ-ਮੁੱਚ ਸ਼੍ਰੇਣੀ ਖਾਸੇ ਵਾਲ਼ੇ ਸਨ, ਉਹ ਅਖ਼ਬਾਰਾਂ, ਪਾਰਟੀਆਂ ਗੁੱਟਾਂ ਅਤੇ ਟੋਲੀਆਂ ਦੇ ਘੋਲ਼ ਦੌਰਾਨ ਨਿੱਖਰ ਕੇ ਸਾਹਮਣੇ ਆਏ। ਵੱਖ ਵੱਖ ਸ਼੍ਰੇਣੀਆਂ ਆਉਣ ਵਾਲ਼ੇ ਯੁੱਧਾਂ ਲਈ ਰਾਜਸੀ ਅਤੇ ਵਿਚਾਰਧਾਰਕ ਸ਼ਸਤਰ ਘੜ੍ਹ ਰਹੀਆਂ ਸਨ।

ਇਨਕਲਾਬ ਦੇ ਵਰ੍ਹੇ (1905-1907)। ਸਭ ਸ਼੍ਰੇਣੀਆਂ ਖੁੱਲ੍ਹ ਕੇ ਮੈਦਾਨ ਵਿੱਚ ਆ ਗਈਆਂ। ਜਨਤਾ ਦੇ ਅਮਲਾਂ ਨੇ ਕਾਰਜ-ਕ੍ਰਮ ਸਬੰਧੀ ਅਤੇ ਦਾਅ-ਪੇਚਾਂ ਸਬੰਧੀ ਸਭਨਾਂ ਵਿਚਾਰਾਂ ਦੀ ਪਰਖ ਕਰ ਦਿੱਤੀ। ਹੜਤਾਲੀ ਘੋਲ਼ ਆਕਾਰ ਅਤੇ ਤੀਖਣਤਾ ਵਿੱਚ ਅਜਿਹਾ ਰੂਪ ਧਾਰਨ ਕਰ ਲੈਂਦਾ ਹੈ ਜਿਸਦੀ ਸੰਸਾਰ ਵਿੱਚ ਕਿਧਰੇ ਕੋਈ ਮਿਸਾਲ ਨਹੀਂ ਮਿਲ਼ਦੀ। ਆਰਥਕ ਹੜਤਾਲ ਰਾਜਸੀ ਹੜਤਾਲ ਵਿੱਚ ਤਬਦੀਲ ਹੋ ਗਈ ਅਤੇ ਰਾਜਸੀ ਹੜਤਾਲ ਬਗ਼ਾਵਤ ਵਿੱਚ। ਇੱਕ ਲੀਡਰ ਵਜੋਂ ਪ੍ਰੋਲਤਾਰੀ ਅਤੇ ਪੈਰੋ ਦੇ ਰੂਪ ਵਿੱਚ ਡਾਵਾਂ-ਡੋਲ ਅਤੇ ਅਸਥਿਰ ਕਿਸਾਨੀ ਵਿਚਕਾਰ ਸਬੰਧ ਅਮਲ ਵਿੱਚ ਪਰਖੇ ਗਏ। ਘੋਲ਼ ਦੇ ਆਪਮੁਹਾਰੇ ਵਿਕਾਸ ਦੌਰਾਨ ਜਥੇਬੰਦੀ[4] ਦਾ ਸੋਵੀਅਤ ਰੂਪ ਸਾਹਮਣੇ ਆਇਆ। ਉਸ ਸਮੇਂ ਸੋਵੀਅਤਾਂ ਦੀ ਮਹੱਤਤਾ ਸਬੰਧੀ ਜਿਹੜੀ ਬਹਿਸ ਹੋਈ ਉਸ ਵਿੱਚ 1917-1920 ਵਿੱਚ ਹੋਣ ਵਾਲ਼ੇ ਘੋਲ਼ ਦੀ ਇੱਕ ਝਲਕ ਮਿਲ਼ਦੀ ਹੈ। ਘੋਲ਼ ਦੇ ਪਾਰਲੀਮਾਨੀ ਰੂਪ ਅਤੇ ਗ਼ੈਰ-ਪਾਰਲੀਮਾਨੀ ਰੂਪ, ਪਾਰਲੀਮੈਂਟ ਦੇ ਬਾਈਕਾਟ ਅਤੇ ਪਾਰਲੀਮੈਂਟ ਵਿਚ ਸ਼ਾਮਲ ਹੋਣ ਦੇ ਦਾਅ-ਪੇਚਾਂ, ਘੋਲ਼ ਦੇ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਰੂਪਾਂ ਦਾ ਇੱਕ ਦੂਜੇ ਦੀ ਥਾਂ ਲੈਣਾ ਅਤੇ ਇਸੇ ਹੀ ਤਰ੍ਹਾਂ ਉਹਨਾਂ ਦੇ ਪਰਸਪਰ ਸਬੰਧ ਅਤੇ ਜੋੜ- ਇਹਨਾਂ ਸਭਨਾਂ ਦਾ ਲੱਛਣ ਤੱਤ ਦੀ ਅਸਾਧਾਰਨ ਭਰਪੂਰਤਾ ਸੀ। ਜਿੱਥੋਂ ਤੱਕ ਜਨਤਾ ਅਤੇ ਲੀਡਰਾਂ ਨੂੰ ਰਾਜਨੀਤਕ ਵਿਗਿਆਨ ਦਾ ਅਧਾਰ ਸਿਖਾਉਣ ਦਾ ਸਬੰਧ ਹੈ ਇਸ ਸਮੇਂ ਦਾ ਹਰ ਮਹੀਨਾ "ਅਮਨ ਭਰੇ" ਅਤੇ "ਵਿਧਾਨਕ" ਵਿਕਾਸ ਦੇ ਪੂਰੇ ਵਰ੍ਹੇ ਦੇ ਬਰਾਬਰ ਸੀ। 1905 ਦੀ "ਪੂਰੀ ਰੀਹਰਸਲ" ਤੋਂ ਬਿਨਾਂ 1917 ਦੇ ਇਨਕਲਾਬ ਦੀ ਜਿੱਤ ਅਸੰਭਵ ਸੀ।

ਪ੍ਰਤੀਕਰਮ ਦੇ ਵਰ੍ਹੇ (1907-1910) । ਜ਼ਾਰਸ਼ਾਹੀ ਜੇਤੂ ਹੋ ਗਈ। ਸਭ ਇਨਕਲਾਬੀ ਅਤੇ ਵਿਰੋਧੀ ਪਾਰਟੀਆਂ ਕੁਚਲ ਦਿੱਤੀਆਂ ਗਈਆਂ। ਰਾਜਨੀਤੀ ਦੀ ਥਾਂ ਨਿਰਾਸ਼ਾਂ, ਢਹਿੰਦੀ ਕਲਾ, ਫੁੱਟਾਂ, ਝਗੜਿਆਂ, ਗ਼ੱਦਾਰੀ ਅਤੇ ਗਾਲ੍ਹ-ਮੰਦੇ ਨੇ ਲੈ ਲਈ। ਦਾਰਸ਼ਨਿਕ ਆਦਰਸ਼ਵਾਦ ਵੱਲ ਝੁਕਾਅ ਵੱਧਣ ਲੱਗ ਪਿਆ, ਰਹੱਸਵਾਦ ਉਲਟ ਇਨਕਲਾਬੀ ਭਾਵਨਾਵਾਂ ਦਾ ਬੁਰਕਾ ਬਣ ਗਿਆ। ਪਰ ਇਹਦੇ ਨਾਲ਼ ਹੀ ਨਾਲ਼ ਇਸੇ ਮਹਾਨ ਹਾਰ ਨੇ ਹੀ ਇਨਕਲਾਬੀ ਪਾਰਟੀਆਂ ਅਤੇ ਇਨਕਲਾਬੀ ਦਵੰਦਵਾਦ ਦਾ ਇੱਕ ਸਬਕ, ਰਾਜਸੀ ਘੋਲ਼ ਨੂੰ

ਸਮਝਣ ਅਤੇ ਇਹ ਘੋਲ਼ ਲੜਨ ਦੇ ਵਿਗਿਆਨ ਅਤੇ ਕਲਾ ਦਾ ਇੱਕ ਸਬਕ। ਮੁਸੀਬਤ ਦੇ ਸਮੇਂ ਹੀ ਅਸਲੀ ਮਿੱਤਰਾਂ ਦਾ ਪਤਾ ਲੱਗਦਾ ਹੈ। ਹਾਰੀਆਂ ਫੌਜਾਂ ਚੰਗੀ ਤਰ੍ਹਾਂ ਸਬਕ ਸਿੱਖ ਲੈਂਦੀਆਂ ਹਨ।

ਜੇਤੂ ਜ਼ਾਰਸ਼ਾਹੀ ਇਸ ਗੱਲ ਉੱਤੇ ਮਜ਼ਬੂਰ ਹੋ ਗਈ ਕਿ ਉਹ ਰੂਸ ਵਿੱਚ ਬੁਰਜੂਆ ਸਮੇਂ ਤੋਂ ਪਹਿਲਾਂ ਦੀ, ਜੀਵਨ ਦੇ ਪਿਤਰੀਵਾਦੀ ਢੰਗ ਦੀ ਰਹਿੰਦ-ਖੂੰਹਦ ਨੂੰ ਤੇਜ਼ੀ ਨਾਲ਼ ਖ਼ਤਮ ਕਰੇ। ਬੁਰਜੂਆ ਲੀਹਾਂ ਉੱਤੇ ਦੇਸ਼ ਦਾ ਵਿਕਾਸ ਤਿੱਖਾ ਹੋ ਗਿਆ। ਸ਼੍ਰੇਣੀ ਵਖਰੇਵਿਆਂ ਤੋਂ ਬਾਹਰ ਅਤੇ ਉਹਨਾਂ ਤੋਂ ਉੱਪਰ ਖੜ੍ਹੇ ਸਭ ਭਰਮ, ਸਰਮਾਏਦਾਰੀ ਤੋਂ ਬਚਣ ਸਬੰਧੀ ਸਭੇ ਭਰਮ ਖਿੰਡ ਪੁੰਡ ਗਏ। ਸ਼੍ਰੇਣੀ ਸੰਗਰਾਮ ਉੱਕਾ ਹੀ ਨਵੇਂ ਅਤੇ ਵਧੇਰੇ ਸਪੱਸ਼ਟ ਢੰਗ ਨਾਲ਼ ਪ੍ਰਗਟ ਹੋਇਆ।

ਇਨਕਲਾਬੀ ਪਾਰਟੀਆਂ ਨੂੰ ਆਪਣੀ ਵਿਦਿਆ ਮੁਕੰਮਲ ਕਰਨੀ ਪਈ। ਉਹ ਹਮਲਾ ਕਰਨਾ ਸਿੱਖ ਰਹੀਆਂ ਸਨ। ਹੁਣ ਉਹਨਾਂ ਨੂੰ ਅਨੁਭਵ ਕਰਨਾ ਪਿਆ ਕਿ ਅਜਿਹੇ ਗਿਆਨ ਵਿੱਚ ਠੀਕ ਢੰਗ ਨਾਲ਼ ਪਿੱਛੇ ਹੱਟ ਸਕਣ ਦੇ ਗਿਆਨ ਦਾ ਵਾਧਾ ਕਰਨਾ ਜ਼ਰੂਰੀ ਹੈ। ਉਹਨਾਂ ਦਾ ਅਨੁਭਵ ਰਾਹੀਂ ਇਹ ਗੱਲ ਸਮਝੀ — ਕਿ ਜਦੋਂ ਤੱਕ ਇਹ ਹਮਲਾ ਕਰਨ ਅਤੇ ਠੀਕ ਢੰਗ ਨਾਲ਼ ਪਿੱਛੇ ਹੱਟਣ ਦੀ ਸੋਝੀ ਨਹੀਂ ਆਉਂਦੀ ਜਿੱਤ ਅਸੰਭਵ ਹੈ। ਸਭਨਾਂ ਹਾਰੀਆਂ ਹੋਈਆਂ ਵਿਰੋਧੀ ਅਤੇ ਇਨਕਲਾਬੀ ਪਾਰਟੀਆਂ ਵਿੱਚੋਂ ਬਾਲਸ਼ਵਿਕ ਸਭ ਤੋਂ ਵੱਧ ਢੰਗ ਨਾਲ਼ ਪਿੱਛੇ ਹਟੇ, ਉਹਨਾਂ ਦੀ "ਫ਼ੌਜ" ਨੂੰ ਸਭ ਤੋਂ ਘੱਟ ਨੁਕਸਾਨ ਹੋਇਆ, ਇਹਦਾ ਮੁੱਖ ਹਿੱਸਾ ਸਭ ਤੋਂ ਵੱਧ ਸੁਰੱਖਿਅਤ ਰਿਹਾ, ਇਹਦੇ ਵਿੱਚ ਫੁੱਟ (ਡੂੰਘਾਈ ਅਤੇ ਅਸਾਧਤਾ ਦੇ ਪੱਖੋਂ) ਸਭ ਤੋਂ ਨਿਗੂਣੀ ਸੀ, ਉਹਨਾਂ ਵਿੱਚ ਸਭ ਤੋਂ ਘੱਟ ਨਿਰਾਸ਼ਾ ਆਈ ਉਹ ਵਿਸ਼ਾਲ ਤੋਂ ਵਿਸ਼ਾਲ ਪੱਧਰ 'ਤੇ ਅਤੇ ਅਤਿਅੰਤ ਠੀਕ ਅਤੇ ਉਤਸ਼ਾਹੀ ਢੰਗ ਨਾਲ਼ ਕੰਮ ਸ਼ੁਰੂ ਕਰਨ ਲਈ ਸਰਵਉੱਤਮ ਪ੍ਰਸਥਿਤੀ ਵਿੱਚ ਸਨ। ਉਹ ਕੇਵਲ ਇਸ ਲਈ ਇਹ ਕੁੱਝ ਪ੍ਰਾਪਤ ਕਰ ਸਕੇ ਕਿ ਉਹਨਾਂ ਨੇ ਬੇਕਿਰਕੀ ਨਾਲ਼ ਇਨਕਲਾਬੀ ਫ਼ਿਕਰੇਬਾਜ਼ਾਂ ਦਾ ਪਾਜ ਉਘਾੜਿਆ ਅਤੇ ਉਹਨਾਂ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ, ਉਹਨਾਂ ਨੂੰ ਜਿਹੜੇ ਇਹ ਨਹੀਂ ਸਨ ਸਮਝਣਾ ਚਾਹੁੰਦੇ ਕਿ ਕਦੇ ਪਿੱਛੇ ਵੀ ਹੱਟਣਾ ਪੈਂਦਾ ਹੈ, ਕਿ ਬੰਦੇ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਪਿੱਛੇ ਕਿਵੇਂ ਹਟੀਦਾ ਹੈ, ਕਿ ਇਹ ਸਿੱਖਣਾ ਉੱਕਾ ਹੀ ਜ਼ਰੂਰੀ ਹੈ ਕਿ ਅਤਿਅੰਤ ਪਿੱਛੇ-ਖਿੱਚੂ ਪਾਰਲੀਮੈਂਟਾਂ ਵਿੱਚ, ਅਤਿਅੰਤ ਪਿੱਛੇ-ਖਿੱਚੂ ਟਰੇਡ ਯੂਨੀਅਨਾਂ, ਸਹਿਕਾਰ ਸਭਾਵਾਂ, ਬੀਮਾ ਸਭਾਵਾਂ ਅਤੇ ਅਜਿਹੀਆਂ ਹੋਰ ਜਥੇਬੰਦੀਆਂ ਵਿੱਚ ਕਿਵੇਂ ਕੰਮ ਕਰੀਦਾ ਹੈ।

ਉਭਾਰ ਦੇ ਵਰ੍ਹੇ (1910-1914)। ਸ਼ੁਰੂ ਸ਼ੁਰੂ ਵਿੱਚ ਉੱਭਾਰ ਬਹੁਤ ਹੀ ਮੱਧਮ ਸੀ, ਫੇਰ 1912[5] ਦੀਆਂ ਲੇਨਾਂ ਦੀਆਂ ਘਟਨਾਵਾਂ ਤੋਂ ਪਿੱਛੋਂ ਇੱਕ ਕੁਝ ਤਿਖੇਰਾ ਹੋ ਗਿਆ। ਬੇਮਿਸਾਲ ਔਕੜਾਂ ਉੱਤੇ ਕਾਬੂ ਪਾਉਂਦੇ ਹੋਏ ਮੈਨਸ਼ਵਿਕਾਂ ਨੂੰ ਪਿੱਛੇ ਧੱਕ ਦਿੱਤਾ ਗਿਆ। 1905 ਤੋਂ ਪਿੱਛੋਂ ਸਮੁੱਚੀ ਬੁਰਜੂਆਜੀ ਨੇ ਕਿਰਤੀ ਸ਼ਣੀ ਲਹਿਰ ਵਿੱਚ ਬੁਰਜੁਆਜ਼ੀ ਦੇ ਦਲਾਲਾਂ ਵਜੋਂ ਮੈਨਸ਼ਵਿਕਾਂ ਦੇ ਰੋਲ ਨੂੰ ਪੂਰੀ ਤਰ੍ਹਾਂ ਸਮਝ ਲਿਆ ਸੀ ਅਤੇ ਇਸੇ ਲਈ ਬੁਰਜੂਆਜੀ ਨੇ ਹਜ਼ਾਰਾਂ ਢੰਗਾਂ ਨਾਲ਼ ਬਾਲਸ਼ਵਿਕਾਂ ਦੇ ਮੁਕਾਬਲੇ ਉੱਤੇ ਮੈਨਸ਼ਵਿਕਾਂ ਦੀ

ਸਹਾਇਤਾ ਕੀਤੀ। ਪਰ ਜੇ ਅਜਿਹਾ ਕਰਦੇ ਹੋਏ ਬਾਲਸ਼ਵਿਕ ਗ਼ੈਰ-ਕਾਨੂੰਨੀ ਕੰਮ ਨੂੰ "ਕਾਨੂੰਨੀ ਸੰਭਾਵਨਾਵਾਂ" ਨਾਲ਼ ਮੇਲਣ ਦੇ ਠੀਕ ਦਾਅਪੇਚਾਂ ਉੱਤੇ ਨਾ ਚੱਲਦੇ ਤਾਂ ਉਹ ਕਦੇ ਸਫ਼ਲ ਨਾ ਹੁੰਦੇ ਅਤੇ ਉਹਨਾਂ ਅਜਿਹਾ ਕਰਨ ਵੱਲ ਖ਼ਾਸ ਧਿਆਨ ਦਿੱਤਾ। ਅਤਿ-ਪਿੱਛੇ-ਖਿੱਚੂ ਦੂਮਾ[6] ਦੀਆਂ ਚੋਣਾਂ ਵਿੱਚ ਬਾਲਸ਼ਵਿਕਾਂ ਨੇ ਕਿਰਤੀ ਚੋਣਕਾਰ ਸਮੂਹ ਦੀ ਪੂਰੀ ਹਮਾਇਤ ਪ੍ਰਾਪਤ ਕਰ ਲਈ।

ਪਹਿਲਾ ਸਾਮਰਾਜੀ ਸੰਸਾਰ ਯੁੱਧ (1914-1917)। ਇੱਕ ਅਤਿ ਦੀ ਪਿੱਛੇ-ਖਿੱਚੂ ਪਾਰਲੀਮੈਂਟ ਸਮੇਤ ਕਾਨੂੰਨੀ ਪਾਰਲੀਮਾਨੀਵਾਦ ਨੇ ਇਨਕਲਾਬੀ ਪ੍ਰੋਲਤਾਰੀ ਦੀ ਪਾਰਟੀ ਬਾਲਸ਼ਵਿਕਾਂ ਦੀ ਬਹੁਤ ਸਹਾਇਤਾ ਕੀਤੀ। ਦੂਮਾ ਦੇ ਬਾਲਸ਼ਵਿਕ ਮੈਂਬਰਾਂ ਨੂੰ ਸਾਇਬੇਰੀਆ[7] ਵਿਖੇ ਜਲਾਵਤਨ ਕਰ ਦਿੱਤਾ ਗਿਆ। ਪਰਵਾਸੀ ਰੂਸੀਆਂ ਦੇ ਅਖਬਾਰਾਂ ਵਿੱਚ ਹਰ ਭਾਹ ਦੇ ਸਮਾਜੀ-ਸਾਮਰਾਜਵਾਦ, ਸਮਾਜ-ਅੰਧਰਾਸ਼ਟਰਵਾਦੀ, ਸਮਾਜੀ-ਦੇਸ਼ ਭਗਤੀ, ਆਪਾ-ਵਿਰੋਧੀ ਅਤੇ ਸਥਿਰ ਕੌਮਾਂਤਰੀਵਾਦ, ਸ਼ਾਂਤੀਵਾਦ ਅਤੇ ਸ਼ਾਂਤੀਵਾਦ ਭਰਮਾਂ ਦੇ ਇਨਕਲਾਬੀ ਤੌਰ 'ਤੇ ਰੱਦ ਕਰਨ ਦਾ ਪ੍ਰਗਟਾਅ ਹੋਇਆ। ਦੂਜੀ ਇੰਟਰਨੈਸ਼ਨਲ ਦੇ ਪੜ੍ਹੇ-ਲਿਖੇ ਮੂਰਖ਼ ਅਤੇ ਬੁੱਢੀਆਂ, ਜਿਹਨਾਂ ਰੂਸੀ ਸੋਸ਼ਲਿਸਟ ਲਹਿਰ ਵਿੱਚ "ਗੁੱਟਾਂ" ਦੀ ਬਹੁਲਤਾ ਉੱਤੇ ਅਤੇ ਉਹ ਆਪੋ ਵਿੱਚ ਜਿਹੜਾ ਕੌੜਾ ਘੋਲ਼ ਘੁਲ਼ ਰਹੇ ਸਨ, ਉਸ ਉੱਤੇ ਬੜੀ ਹੈਂਕੜ ਅਤੇ ਘ੍ਰਿਣਾ ਨਾਲ਼ ਨੱਕ ਚਾੜ੍ਹਿਆ — ਯੁੱਧ ਕਾਰਨ **ਸਭਨਾਂ** ਉੱਨਤ ਦੇਸ਼ਾਂ ਵਿੱਚ ਆਪਣੀ ਸ਼ੇਖ਼ੀ-ਖੋਰੀ ਅਜ਼ਾਦੀ ਖੁਸ ਜਾਣ ਪਿੱਛੋਂ — ਉਸ ਦੇ ਨੇੜੇ-ਤੇੜੇ ਦੀ ਵੀ ਕੋਈ ਕਾਰਵਾਈ ਜਥੇਬੰਦ ਨਾ ਕਰ ਸਕੇ ਜਿਹੋ ਜਿਹਾ ਵਿਚਾਰਾਂ ਦਾ ਅਜ਼ਾਦ (ਗੈਰ-ਕਾਨੂੰਨੀ) ਵਟਾਂਦਰਾ ਅਤੇ ਠੀਕ ਵਿਚਾਰਾਂ ਦਾ ਅਜ਼ਾਦ (ਗ਼ੈਰ-ਕਾਨੂੰਨੀ) ਵਿਕਾਸ ਰੂਸੀ ਇਨਕਲਾਬੀਆਂ ਨੇ ਸਵਿਟਜ਼ਰਲੈਂਡ ਅਤੇ ਹੋਰ ਕਈ ਦੇਸ਼ਾਂ ਵਿੱਚ ਕੀਤਾ। ਇਸੇ ਲਈ ਸਭਨਾਂ ਦੇਸ਼ਾਂ ਦੇ ਆਪਣੇ ਆਪ ਨੂੰ ਸਮਾਜੀ ਦੇਸ਼-ਭਗਤ ਕਹਿਣ ਵਾਲ਼ੇ ਅਤੇ "ਕਾਊਟਸਕੀਵਾਦੀ" ਪ੍ਰੋਲਤਾਰੀ ਦੇ ਸਭ ਤੋਂ ਵੱਡੇ ਗ਼ੱਦਾਰ ਸਾਬਤ ਹੋਏ। ਬਾਲਸ਼ਵਿਕਵਾਦ ਦੇ 1917-1920 ਵਿੱਚ ਜਿੱਤ ਪ੍ਰਾਪਤ ਕਰ ਸਕਣ ਦਾ ਮੁੱਖ ਕਾਰਨ ਇਹ ਹੈ ਕਿ 1914 ਦੇ ਅੰਤ ਤੋਂ ਉਹ ਸਮਾਜੀ-ਅੰਧਰਾਸ਼ਟਰਵਾਦੀ ਅਤੇ "ਕਾਊਟਸਕੀਵਾਦ" ਦੀ (ਫ਼ਰਾਂਸ ਦੀ ਲੋਂਗੇਇਤਵਾਦ[8], ਬਰਤਾਨੀਆ ਵਿੱਚ ਫ਼ੇਬੀਅਨਾਂ[9] ਅਤੇ ਇੰਡੀਪੈਂਡੇਟ ਲੇਬਰ ਪਾਰਟੀ[10] ਦੇ, ਇਟਲੀ ਵਿੱਚ ਤੁਰਾਤੀ, ਆਦਿ ਦੇ ਵਿਚਾਰ ਜਿਸਦੇ ਅਨੁਸਾਰੀ ਹਨ) ਕਮੀਨਗੀ ਅਤੇ ਨੀਚਤਾ ਨੂੰ ਬੜੀ ਬੇਕਿਰਕੀ ਨਾਲ਼ ਨੰਗਾ ਕਰਦਾ ਆਇਆ ਸੀ ਅਤੇ ਪਿੱਛੋਂ ਜਾ ਕੇ ਜਨਤਾ ਨੂੰ ਖ਼ੁਦ ਆਪਣੇ ਅਨੁਭਵ ਤੋਂ ਬਾਲਸ਼ਵਿਕਾਂ ਦੇ ਵਿਚਾਰ ਠੀਕ ਹੋਣ ਸਬੰਧੀ ਸਦਾ ਵਧੇਰੇ ਨਿਸ਼ਚਾ ਹੁੰਦਾ ਗਿਆ।

ਰੂਸ ਵਿੱਚ ਦੂਜਾ ਇਨਕਲਾਬ (ਫਰਵਰੀ-ਅਕਤੂਬਰ 1917)। ਜ਼ਾਰਸ਼ਾਹੀ ਦੇ ਖੌਂਢਪੁਣੇ ਅਤੇ ਸਮਾਂ ਵਿਹਾ ਚੁੱਕਾ ਹੋਣ ਨੇ (ਅਤਿਅੰਤ ਦੁਖਦਾਈ ਯੁੱਧ ਦੀਆਂ ਸੱਟਾਂ ਅਤੇ ਔਕੜਾਂ ਨਾਲ਼ ਰਲ਼ ਕੇ) ਜ਼ਾਰਸ਼ਾਹੀ ਵਿਰੁੱਧ ਇੱਕ ਅਜਿਹੀ ਤਬਾਹਕੁਰ ਸ਼ਕਤੀ ਖੜ੍ਹੀ ਕਰ ਦਿੱਤੀ ਸੀ ਜਿਸ ਸਬੰਧੀ ਵਿਸ਼ਵਾਸ ਕਰਨਾ ਔਖਾ ਸੀ। ਕੁਝ ਹੀ ਦਿਨਾਂ ਵਿੱਚ ਰੂਸ ਇੱਕ ਗਣਰਾਜੀ ਬੁਰਜੂਆ ਜਮਹੂਰੀਅਤ ਬਣ ਗਿਆ ਜਿਹੜੀ — ਯੁੱਧ ਦੀਆਂ ਪ੍ਰਸਥਿਤੀਆਂ

ਵਿੱਚ —ਸੰਸਾਰ ਵਿੱਚ ਕਿਸੇ ਹੋਰ ਦੇਸ਼ ਨਾਲੋਂ ਵਧੇਰੇ ਅਜ਼ਾਦ ਸੀ। ਵਿਰੋਧੀ ਅਤੇ ਇਨਕਲਾਬੀ ਪਾਰਟੀਆਂ ਦੇ ਨੇਤਾਵਾਂ ਨੇ ਸਰਕਾਰ ਬਣਾਉਣੀ ਸ਼ੁਰੂ ਕਰ ਦਿੱਤੀ — ਐਨ ਉਸੇ ਤਰ੍ਹਾਂ ਜਿਵੇਂ "ਸ਼ੁੱਧ ਪਾਰਲੀਮਾਨੀ ਜਮਹੂਰੀਅਤਾਂ" ਵਿੱਚ ਹੁੰਦਾ ਹੈ ਅਤੇ ਇਸ ਗੱਲ ਨੇ ਕਿ ਕੋਈ ਮਨੁੱਖ ਪਾਰਲੀਮੈਂਟ ਵਿੱਚ — ਅਤਿ-ਪਿੱਛਾ-ਖਿੱਚੂ ਪਾਰਲੀਮੈਂਟ ਵਿੱਚ ਵੀ— ਵਿਰੋਧੀ ਪਾਰਟੀ ਦਾ ਲੀਡਰ ਰਿਹਾ ਹੈ, ਇਨਕਲਾਬ ਵਿੱਚ ਉਹਦਾ ਅੱਗੋਂ ਦਾ ਰੋਲ **ਸੌਖੇਰਾ ਬਣਾ ਦਿਤਾ**।

ਕੁਝ ਹੀ ਹਫਤਿਆਂ ਵਿੱਚ ਮੈਨਸ਼ਵਿਕਾਂ ਅਤੇ "ਸੋਸ਼ਲਿਸਟ-ਇਨਕਲਾਬੀਆਂ" ਨੇ ਦੂਜੀ ਇੰਟਰਨੈਸ਼ਨਲ ਦੇ ਯੂਰਪੀ ਸੂਰਮਿਆਂ, ਵਜ਼ਾਰਤੀਆਂ[11] ਅਤੇ ਹੋਰ ਮੌਕਾ-ਪ੍ਰਸਤ ਲੰਡੀ-ਬੁਚੀ ਦੇ ਸਭ ਢੰਗ ਅਤੇ ਤਰੀਕੇ, ਦਲੀਲਾਂ ਅਤੇ ਭੁਲਾਂਦਰਿਆਂ ਨੂੰ ਪੂਰੀ ਤਰ੍ਹਾਂ ਅਪਨਾ ਲਿਆ। ਅੱਜ ਅਸੀਂ ਸ਼ੀਦਮਾਨ ਅਤੇ ਨੋਸਕੇ, ਕਾਊਟਸਕੀ ਅਤੇ ਹਿਲਫ਼ਰਡਿੰਗ, ਰੇਨਰ ਅਤੇ ਆਸਟਰਲਿਟਜ਼, ਓਟੋ ਬਾਉਰ ਤੇ ਫ਼ਰਾਸ ਐਡਲਰ, ਤੁਰਾਂਤੀ ਅਤੇ ਲੋਗੇ ਜਿਹੇ ਲੋਕਾਂ ਅਤੇ ਇੰਗਲੈਂਡ ਦੇ ਫੇਬੀਆਨਾਂ ਅਤੇ ਇੰਡੀਪੈਂਡਟ ਲੇਬਰ ਪਾਰਟੀ ਸਬੰਧੀ ਜੋ ਕੁੱਝ ਪੜ੍ਹਦੇ ਹਾਂ ਉਹ ਇਉਂ ਜਾਪਦਾ ਹੈ ਕਿ ਕੋਈ ਪੁਰਾਣੀ ਜਾਣੀ ਪਛਾਣੀ ਕਹਾਣੀ ਬੜੇ ਅਕਾਊ ਢੰਗ ਨਾਲ਼ ਦੁਹਰਾਈ ਜਾ ਰਹੀ ਹੈ (ਅਤੇ ਸੱਚਮੁੱਚ ਅਜਿਹਾ ਹੀ ਹੈ)। ਅਸੀਂ ਪਹਿਲਾਂ ਹੀ ਇਹ ਸਭ ਕੁੱਝ ਮੈਨਸ਼ਵਿਕਾਂ ਦੀ ਹਾਲਤ ਵਿੱਚ ਵੇਖ ਚੁੱਕੇ ਹਾਂ। ਇਹ ਇਤਿਹਾਸ ਦਾ ਕੌਤਕ ਹੈ ਕਿ ਇੱਕ ਪੱਛੜੇ ਹੈ ਕਿ ਪੱਛੜੇ ਦੇਸ਼ ਦੇ ਮੌਕਾਪ੍ਰਸਤ ਅਨੇਕ ਉੱਨਤ ਦੇਸ਼ਾਂ ਦੇ ਮੌਕਾਪ੍ਰਸਤਾਂ ਦੇ ਅਗਵਾਣੂ ਬਣ ਗਏ।

ਜੇ ਦੂਜੀ ਇੰਟਰਨੈਸ਼ਨਲ ਦੇ ਸਭਨਾਂ ਸੂਰਮਿਆਂ ਨੇ ਸੋਵੀਅਤਾਂ ਅਤੇ ਸੋਵੀਅਤ ਸੱਤ੍ਹਾ ਦੇ ਸਵਾਲ 'ਤੇ ਆਪਣਾ ਦੀਵਾਲੀਆਪੁਣਾ ਸਾਬਤ ਕਰ ਦਿੱਤਾ ਹੈ। ਅਤੇ ਆਪਣਾ ਮੂੰਹ ਕਾਲ਼ਾ ਕਰ ਲਿਆ ਹੈ; ਜੇ ਉਹਨਾਂ ਤਿੰਨਾਂ ਮਹੱਤਵਪੂਰਨ ਪਾਰਟੀਆਂ ਦੇ, ਜਿਹੜੀਆਂ ਦੂਜੀ ਇੰਟਰਨੈਸ਼ਨਲ ਨੂੰ ਛੱਡ ਗਈਆਂ ਹਨ (ਅਰਥਾਤ ਜਰਮਨੀ ਦੀ ਇੰਡੀਪੈਂਡਟ ਸੋਸ਼ਲ-ਡੈਮੋਕਰੈਟਿਕ ਪਾਰਟੀ[12], ਫ਼ਰਾਂਸ ਦੇ ਲੋਗੇਵਾਦੀ ਅਤੇ ਬਰਤਾਨੀਆ ਦੀ ਇੰਡੀਪੈਂਡੰਟ ਲੇਬਰ ਪਾਰਟੀ) ਨੇਤਾਵਾਂ ਨੇ ਆਪਣਾ ਮੂੰਹ ਕਾਲ਼ਾ ਕਰ ਲਿਆ ਹੈ ਅਤੇ ਬੜੇ "ਪ੍ਰਭਾਵਕ" ਢੰਗ ਨਾਲ ਆਪਣੇ ਆਪ ਨੂੰ ਇਸ ਸਵਾਲ ਵਿੱਚ ਉਲਝਾ ਲਿਆ ਹੈ; ਜੇ ਉਹ ਸਾਰੇ ਨਿੱਕ-ਬੁਰਜੂਆ ਜਮਹੂਰੀ ਤੁਅੱਸਬਾਂ ਦੇ ਗੁਲਾਮ ਸਾਬਤ ਹੋਏ ਹਨ (ਐਨ 1848 ਦੇ ਨਿੱਕ-ਬੁਰਜੂਆ ਦੀ ਭਾਵਨਾ ਅਨੁਸਾਰ, ਜੋ ਆਪਣੇ ਆਪ ਨੂੰ ਸ਼ੋਸ਼ਲ-ਡੈਮੋਕਰੈਟ ਕਹਿੰਦੇ ਸਨ) — ਤਾਂ ਅਸੀਂ ਕੇਵਲ ਇਹ ਕਹਿ ਸਕਦੇ ਹਾਂ ਕਿ ਅਸੀਂ ਮੈਨਸ਼ਵਿਕਾਂ ਦੀ ਹਾਲਤ ਵਿੱਚ ਇਹ **ਸਭ ਕੁਝ ਪਹਿਲਾਂ ਹੀ** ਵੇਖ ਚੁੱਕੇ ਹਾਂ। ਇਹ ਇਤਿਹਾਸ ਦਾ ਕੌਤਕ ਹੈ ਕਿ ਸੋਵੀਅਤਾਂ ਰੂਸ ਵਿੱਚ 1905 ਵਿੱਚ ਹੋਂਦ ਵਿੱਚ ਆਈਆਂ; ਫ਼ਰਵਰੀ 1917 ਤੋਂ ਅਕਤੂਬਰ 1917 ਤੱਕ ਮੈਨਸ਼ਵਿਕਾਂ ਨੇ ਉਹਨਾਂ ਨੂੰ ਗ਼ਲਤ ਢੰਗ ਨਾਲ਼ ਵਰਤਿਆ ਅਤੇ ਉਹ ਦੀਵਾਲੀਆ ਹੋ ਗਏ ਕਿਉਂਕਿ ਉਹ ਸੋਵੀਅਤਾਂ ਦੇ ਰੋਲ ਅਤੇ ਮਹੱਤਤਾ ਨੂੰ ਸਮਝਣ ਵਿੱਚ ਅਸਫਲ ਰਹੇ; ਅੱਜ ਸੋਵੀਅਤ ਸੱਤ੍ਹਾ ਦਾ ਵਿਚਾਰ **ਸਾਰੀ ਦੁਨੀਆ ਵਿੱਚ** ਪੈਦਾ ਹੋ ਗਿਆ ਹੈ ਅਤੇ ਅਸਾਧਾਰਨ ਰਫ਼ਤਾਰ ਨਾਲ਼ ਸਭਨਾਂ ਦੇਸ਼ਾਂ ਦੇ ਪ੍ਰੋਲਤਾਰੀ ਵਿੱਚ ਫੈਲਦਾ ਜਾ ਰਿਹਾ ਹੈ। ਸਾਡੇ ਮੈਨਸ਼ਵਿਕਾਂ ਵਾਂਗ ਦੂਜੀ ਇੰਟਰਨੈਸ਼ਨਲ

ਦੇ ਸੂਰਮੇ **ਹਰ ਥਾਂ** ਦੀਵਾਲੀਆ ਹੋ ਰਹੇ ਹਨ ਕਿਉਂਕਿ ਉਹ ਸੋਵੀਅਤਾਂ ਦਾ ਰੋਲ ਅਤੇ ਮਹੱਤਤਾ ਸਮਝਣੋਂ ਅਸਮੱਰਥ ਹਨ। ਤਜ਼ਰਬੇ ਨੇ ਸਾਬਤ ਕਰ ਦਿੱਤਾ ਹੈ ਕਿ ਪ੍ਰੋਲਤਾਰੀ ਇਨਕਲਾਬ ਦੇ ਕੁਝ ਮਹੱਤਵਪੂਰਨ ਸਵਾਲਾਂ ਸਬੰਧੀ **ਸਭਨਾਂ** ਦੇਸ਼ਾਂ ਨੂੰ ਲਾਜ਼ਮੀ ਤੌਰ 'ਤੇ ਉਹੋ ਕੁਝ ਕਰਨਾ ਪਵੇਗਾ ਜੋ ਰੂਸ ਨੇ ਕੀਤਾ ਹੈ।

ਯੂਰਪ ਅਤੇ ਅਮਰੀਕਾ ਵਿੱਚ ਅਕਸਰ ਲੋਕਾਂ ਵਿੱਚ ਅੱਜ ਜਿਹੜੀ ਰਾਏ ਪਾਈ ਜਾਂਦੀ ਹੈ, ਉਹਦੇ ਉਲਟ ਬਾਲਸ਼ਵਿਕਾਂ ਨੇ ਪਾਰਲੀਮਾਨੀ ਅਤੇ (ਅਸਲ ਵਿੱਚ) ਬੁਰਜੂਆ ਜਮਹੂਰੀਅਤ ਵਿਰੁੱਧ ਆਪਣਾ ਜੇਤੂ ਘੋਲ਼ ਬੜੇ ਸਾਵਧਾਨ ਢੰਗ ਨਾਲ਼ ਸ਼ੁਰੂ ਕੀਤਾ ਅਤੇ ਉਹਨਾਂ ਇਹਦੇ ਲਈ ਜਿਹੜੀਆਂ ਤਿਆਰੀਆਂ ਕੀਤੀਆਂ ਉਹ ਸਧਾਰਨ ਤਾਂ ਉੱਕਾ ਹੀ ਨਹੀਂ ਹਨ। ਜਿਸ ਸਮੇਂ ਦਾ ਜ਼ਿਕਰ ਹੋ ਰਿਹਾ ਹੈ ਉਹਦੇ ਮੁੱਢ ਵਿੱਚ ਅਸੀਂ ਹਕੂਮਤ ਦਾ ਤਖ਼ਤਾ ਉਲਟਣ ਦਾ ਨਾਹਰਾ ਸਦਾ **ਨਾਂਹ** ਦਿੱਤਾ ਸਗੋਂ ਇਹ ਸਮਝਾਇਆ ਕਿ ਪਹਿਲਾਂ ਸੋਵੀਅਤਾਂ ਦੀ ਬਣਤਰ ਅਤੇ ਸੁਭਾ ਬਦਲੇ, **ਬਿਨਾਂ** ਇਹਦਾ ਤਖ਼ਤਾ ਉਲਟਣਾ ਅਸੰਭਵ ਹੈ। ਅਸੀਂ ਬੁਰਜੂਆ ਪਾਰਲੀਮੈਂਟ ਅਤੇ ਵਿਧਾਨ-ਘਾੜ੍ਹਨੀ ਸਭਾ ਦਾ ਬਾਈਕਾਟ ਨਾ ਕੀਤਾ ਸਗੋਂ ਕਿਹਾ — ਅਤੇ ਸਾਡੀ ਪਾਰਟੀ ਦੀ ਅਪ੍ਰੈਲ (1917) ਦੀ ਕਾਨਫਰੰਸ ਪਿੱਛੋਂ ਬਾਕਾਇਦਾ ਪਾਰਟੀ ਦੇ ਨਾਂ 'ਤੇ ਕਹਿਣਾ ਸ਼ੁਰੂ ਕਰ ਦਿੱਤਾ — ਕਿ ਇੱਕ ਬੁਰਜੂਆ ਜਮਹੂਰੀਅਤ, ਜਿਸ ਵਿੱਚ ਵਿਧਾਨ-ਘੜ੍ਹਨੀ ਸਭਾ ਹੋਵੇ ਅਜਿਹੀ ਬੁਰਜੂਆ ਜਮਹੂਰੀਅਤ ਨਾਲ਼ੋਂ ਚੰਗੇਰੀ ਹੈ ਜਿਸ ਵਿੱਚ ਵਿਧਾਨ-ਘੜ੍ਹਨੀ ਸਭਾ ਨਾ ਹੋਵੇ ਪਰ "ਕਿਰਤੀਆਂ ਅਤੇ ਕਿਸਾਨਾਂ" ਦੀ ਜਮਹੂਰੀਅਤ ਇੱਕ ਸੋਵੀਅਤ ਜਮਹੂਰੀਅਤ ਕਿਸੇ ਵੀ ਬੁਰਜੂਆ-ਗਣ-ਰਾਜੀ ਪਾਰਲੀਮਾਨੀ ਜਮਹੂਰੀਅਤ ਤੋਂ ਚੰਗੇਰੀ ਹੈ। ਏਨੀ ਪੂਰੀ, ਹੁਸ਼ਿਆਰੀ ਨਾਲ਼ ਕੀਤੀ ਅਤੇ ਲੰਮੀ ਤਿਆਰੀ ਤੋਂ ਬਿਨਾ ਅਸੀਂ ਅਕਤੂਬਰ 1917 ਵਿੱਚ ਜਿੱਤ ਪ੍ਰਾਪਤ ਨਾ ਕਰ ਸਕਦੇ ਜਾਂ ਆਪਣੀ ਜਿੱਤ ਨੂੰ ਮਜ਼ਬੂਤ ਨਾ ਬਣਾ ਸਕਦੇ।

## 4. ਮਜ਼ਦੂਰ ਲਹਿਰ ਵਿੱਚ ਕਿਨ੍ਹਾਂ ਦੁਸ਼ਮਣਾਂ ਵਿਰੁੱਧ ਲੜ ਕੇ ਬਾਲਸ਼ਵਿਕਵਾਦ ਵਧਿਆ, ਬਲਵਾਨ ਹੋਇਆ ਅਤੇ ਅਸਪਾਤੀ ਬਣਿਆ

ਸਭ ਤੋਂ ਪਹਿਲਾਂ ਅਤੇ ਮੁੱਖ ਤੌਰ 'ਤੇ ਮੌਕਾ-ਪ੍ਰਸਤੀ ਵਿਰੁੱਧ ਘੋਲ਼, ਜਿਹੜਾ 1914 ਵਿਚ ਸਪੱਸ਼ਟ ਤੌਰ 'ਤੇ ਸਮਾਜ-ਅੰਧਰਾਸ਼ਟਰਵਾਦੀ ਬਣ ਗਈ ਸੀ ਅਤੇ ਜਿਹੜੀ ਸਪਸ਼ਟ ਤੌਰ 'ਤੇ ਪ੍ਰੋਲਤਾਰੀ ਦੇ ਵਿਰੁੱਧ ਬੁਰਜੂਆਜ਼ੀ ਦਾ ਸਾਥ ਦੇ ਰਹੀ ਸੀ। ਨਿਸ਼ਚੇ ਹੀ ਕਿਰਤੀ-ਸ਼੍ਰੇਣੀ ਲਹਿਰ ਅੰਦਰ ਇਹ ਬਾਲਸ਼ਵਿਕਵਾਦ ਦਾ ਮੁੱਖ ਦੁਸ਼ਮਣ ਸੀ। ਕੌਮਾਂਤਰੀ ਪੱਧਰ ਉੱਤੇ ਇਹ ਅਜੇ ਵੀ ਮੁੱਖ ਦੁਸ਼ਮਣ ਹੈ। ਬਾਲਸ਼ਵਿਕਾਂ ਨੇ ਇਸ ਦੁਸ਼ਮਣ ਵੱਲ ਸਦਾ ਹੀ ਸਭ ਤੋਂ ਵੱਧ ਧਿਆਨ ਦਿੱਤਾ ਹੈ। ਵਿਦੇਸ਼ਾਂ ਵਿੱਚ ਵੀ ਲੋਕ ਹੁਣ ਬਾਲਸ਼ਵਿਕਾਂ ਦੀਆਂ ਸਰਗਰਮੀਆਂ ਦੇ ਇਸ ਪੱਖ ਤੋਂ ਚੰਗੀ ਤਰ੍ਹਾਂ ਜਾਣੂ ਹੋ ਗਏ ਹਨ।

ਪਰ ਕਿਰਤੀ-ਸ਼੍ਰੇਣੀ ਲਹਿਰ ਅੰਦਰ ਬਾਲਸ਼ਵਿਕਵਾਦ ਦੇ ਦੂਜੇ ਦੁਸ਼ਮਣ ਸਬੰਧੀ ਹਾਲਤ ਉੱਕਾ ਹੀ ਵੱਖਰੀ ਹੈ। ਹੋਰਨਾਂ ਦੇਸ਼ਾਂ ਵਿੱਚ ਅਜੇ ਇਸ ਸੰਬੰਧੀ ਬਹੁਤ ਘੱਟ ਵਾਕਫ਼ੀ ਹੈ ਕਿ ਬਾਲਸ਼ਵਿਕਵਾਦ ਨੇ, **ਨਿੱਕ-ਬੁਰਜ਼ੂਆ ਇਨਕਲਾਬੀਪੁਣੇ** ਵਿਰੁੱਧ ਲੰਮੇ ਵਰ੍ਹਿਆਂ ਦੇ ਘੋਲ਼

ਵਿੱਚ ਰੂਪ ਧਾਰਿਆ, ਵਧਿਆ ਅਤੇ ਅਸਪਾਤੀ ਬਣਿਆ। ਇਸ ਨਿੱਕ-ਬੁਰਜੂਆ ਇਨਕਲਾਬੀਪੁਣੇ ਵਿੱਚੋਂ ਅਰਾਜਕਤਾਵਾਦ ਦੀ ਬੋ ਆਉਂਦੀ ਹੈ ਜਾਂ ਇਉਂ ਕਹਿ ਲਓ ਕਿ ਇਹ ਅਰਾਜਕਤਾਵਾਦ ਤੋਂ ਕੁਝ ਗੱਲਾਂ ਮਾਂਗਵੀਆਂ ਲੈਂਦਾ ਹੈ ਅਤੇ ਸਭਨਾਂ ਲਾਜ਼ਮੀ ਮਾਮਲਿਆਂ ਵਿੱਚ ਨਿਰੰਤਰ ਪ੍ਰੋਲਤਾਰੀ ਸ਼੍ਰੇਣੀ ਸੰਗਰਾਮ ਦੀਆਂ ਸ਼ਰਤਾਂ ਅਤੇ ਲੋੜਾਂ ਉੱਤੇ ਪੂਰਾ ਨਹੀਂ ਉੱਤਰਦਾ। ਮਾਰਕਸਵਾਦੀਆਂ ਲਈ ਸਿਧਾਂਤਕ ਤੌਰ 'ਤੇ ਇਹ ਬਿਲਕੁਲ ਮੰਨੀ ਹੋਈ ਗੱਲ ਹੈ ਅਤੇ ਸਭਨਾਂ ਯੂਰਪੀ ਇਨਕਲਾਬਾਂ ਅਤੇ ਇਨਕਲਾਬੀ ਲਹਿਰਾਂ ਦਾ ਅਨੁਭਵ ਇਸ ਗੱਲ ਦੀ ਪੂਰੀ ਤਰ੍ਹਾਂ ਪ੍ਰੋੜ੍ਹਤਾ ਕਰਦਾ ਹੈ ਕਿ ਟੁੱਟ-ਪੂੰਜੀਆ ਮਾਲਕ, (ਇੱਕ ਅਜਿਹਾ ਸਮਾਜੀ ਨਮੂਨਾ ਜਿਹੜਾ ਬਹੁਤ ਸਾਰੇ ਯੂਰਪੀ ਦੇਸ਼ਾਂ ਵਿੱਚ ਵੱਡੀ ਅਤੇ ਇੱਥੋਂ ਤੱਕ ਕਿ ਜਨਤਕ ਪੱਧਰ 'ਤੇ ਮਿਲ਼ਦਾ ਹੈ), ਜਿਸਨੂੰ ਸਰਮਾਏਦਾਰੀ ਦੇ ਅਧੀਨ ਜ਼ਬਰ ਸਹਿਣਾ ਪੈਂਦਾ ਹੈ ਅਤੇ ਜਿਸਦੀ ਹਾਲਤ ਤੇਜ਼ੀ ਨਾਲ਼ ਵਿਗੜ ਜਾਂਦੀ ਹੈ ਅਤੇ ਤਬਾਹੀ ਦੀ ਹੱਦ ਤੱਕ ਚਲੀ ਜਾਂਦੀ ਹੈ, ਸੌਖੇ ਹੀ ਇਨਕਲਾਬੀਪੁਣੇ ਦੀ ਅਤਿ ਤੱਕ ਅੱਪੜ ਜਾਂਦਾ ਹੈ ਪਰ ਦ੍ਰਿੜਤਾ, ਜਥੇਬੰਦੀ, ਡਸਿਪਲਿਨ ਅਤੇ ਲਗਨ ਤੋਂ ਕੰਮ ਨਹੀਂ ਲੈ ਸਕਦਾ। ਸਰਮਾਏਦਾਰੀ ਭਿਆਨਕਤਾ ਕਾਰਨ ਝਲਿਆਇਆ ਨਿੱਕ-ਬੁਰਜੂਆ ਇੱਕ ਅਜਿਹਾ ਸਮਾਜੀ ਵਰਤਾਰਾ ਹੈ ਜਿਹੜਾ ਅਰਾਜਕਤਾਵਾਦ ਵਾਂਗ ਸਭਨਾਂ ਸਰਮਾਏਦਾਰ ਦੇਸ਼ਾਂ ਦਾ ਲਖਣਾਇਕ ਹੈ। ਇਸ ਗੱਲ ਦਾ ਤਾਂ ਆਮ ਪਤਾ ਹੈ ਕਿ ਅਜਿਹਾ ਇਨਕਲਾਬੀਪੁਣਾ ਡਾਵਾਂਡੋਲ ਹੁੰਦਾ ਹੈ, ਅਣਉਪਜਾਊ ਹੁੰਦਾ ਹੈ ਅਤੇ ਕਿੰਨੀ ਛੇਤੀ ਇਹ ਆਗਿਆਕਾਰਤਾ, ਬੇਦਿਲੀ, ਛਾਇਆ-ਪ੍ਰਸਤੀ ਅਤੇ ਇੱਥੋਂ ਤੱਕ ਕਿ ਕਿਸੇ ਇੱਕ ਜਾਂ ਦੂਜੇ ਬੁਰਜੂਆ ਖ਼ਬਤ ਲਈ ਝਲਿਆਈ ਮਤਵਾਲਗੀ ਦੀ ਹੱਦ ਤੱਕ ਚਲਾ ਜਾਂਦਾ ਹੈ। ਪਰ ਇਹਨਾਂ ਤੱਥਾਂ ਨੂੰ ਸਿਧਾਂਤਕ ਜਾਂ ਖ਼ਿਆਲੀ ਢੰਗ ਨਾਲ਼ ਸਮਝ ਲੈਣ ਨਾਲ਼ ਹੀ ਇਨਕਲਾਬੀ ਪਾਰਟੀਆਂ ਪੁਰਾਣੀ ਗ਼ਲਤੀਆਂ ਤੋਂ ਛੁਟਕਾਰਾ ਨਹੀਂ ਪ੍ਰਾਪਤ ਕਰ ਲੈਂਦੀਆਂ। ਇਹ ਗ਼ਲਤੀਆਂ ਸਦਾ ਹੀ ਅਣ-ਕਿਆਸੇ ਅਵਸਰਾਂ ਉੱਤੇ, ਕੁਝ ਕੁਝ ਨਵੇਂ ਰੂਪਾਂ ਵਿੱਚ, ਅਜੇ ਤੱਕ ਅਣਜਾਣੇ ਚੋਲ਼ੇ ਜਾਂ ਆਲ਼ੇ-ਦੁਆਲ਼ੇ ਵਿੱਚ, ਅਸਾਧਾਰਨ — ਜਾਂ ਘੱਟ ਵੱਧ ਅਸਾਧਾਰਨ — ਪ੍ਰਸਥਿਤੀ ਵਿੱਚ ਉੱਭਰਦੀਆਂ ਹਨ।

ਅਰਾਜਕਤਾਵਾਦ ਅਕਸਰ ਕਿਰਤੀ-ਸ਼੍ਰੇਣੀ ਲਹਿਰ ਦੇ ਮੌਕਾਪ੍ਰਸਤ ਪਾਪਾਂ ਲਈ ਇੱਕ ਤਰ੍ਹਾਂ ਦੀ ਸਜ਼ਾ ਸੀ। ਇਹ ਦੋਵੇਂ ਅਣਖ ਇੱਕ ਦੂਜੇ ਦੇ ਪੂਰਕ ਰਹੇ ਹਨ ਅਤੇ ਜੇ ਰੂਸ ਵਿੱਚ — ਹੋਰਨਾਂ ਯੂਰਪੀ ਦੇਸ਼ਾਂ ਦੀ ਤੁਲਨਾ ਵਿੱਚ ਇਹਦੀ ਵਸੋਂ ਦੀ ਬਣਤਰ ਵਧੇਰੇ ਨਿੱਕ-ਬੁਰਜੂਆ ਹੋਣ ਦੇ ਬਾਵਜੂਦ — ਜੇ ਦੋ ਇਨਕਲਾਬਾਂ (1905 ਅਤੇ 1917) ਅਤੇ ਉਹਨਾਂ ਦੀ ਤਿਆਰੀ ਵਿੱਚ ਅਰਾਜਕਤਾਵਾਦ ਦਾ ਅਸਰ ਨਿਗੂਣਾ ਸੀ ਤਾਂ ਇਹਦਾ ਸਿਹਰਾ ਬਿਨਾਂ ਸ਼ੱਕ ਕਿਸੇ ਹੱਦ ਤੱਕ ਬਾਲਸ਼ਵਿਕ ਪਾਰਟੀ ਦੇ ਸਿਰ ਬੱਝਦਾ ਹੈ ਜਿਸਨੇ ਮੌਕਾ-ਪ੍ਰਸਤੀ ਵਿਰੁੱਧ ਬੇਕਿਰਕ ਅਤੇ ਸਮਝੌਤਾ-ਰਹਿਤ ਘੋਲ਼ ਘੁਲ਼ਿਆ। ਮੈਂ ਕਹਿੰਦਾ ਹਾਂ "ਕਿਸੇ ਹੱਦ ਤੱਕ" ਕਿਉਂਕਿ ਬੀਤੇ ਸਮੇਂ ਵਿੱਚ (ਉਨ੍ਹੀਵੀਂ ਸਦੀ ਦੇ ਅੱਠਵੇਂ ਦਹਾਕੇ ਵਿੱਚ) ਇਸ ਪ੍ਰਸਥਿਤੀ ਨੇ ਵੀ ਰੂਸ ਵਿੱਚ ਅਰਾਜਕਤਾਵਾਦ ਦਾ ਅਸਰ ਘੱਟ ਕਰਨ ਵਿੱਚ ਬਹੁਤ ਹਿੱਸਾ ਪਾਇਆ ਸੀ ਕਿ ਅਰਾਜਕਤਾਵਾਦ ਰੂਸ ਵਿੱਚ ਹੱਦੋਂ ਵੱਧ ਪੁੰਗਰਿਆ ਸੀ ਅਤੇ ਇਹਦੀ ਗ਼ਲਤੀ ਅਤੇ

ਇਨਕਲਾਬੀ ਸ਼੍ਰੇਣੀ ਲਈ ਆਗੂ ਸਿਧਾਂਤ ਬਣਨੋਂ ਇਹਦੀ ਨਿਰਯੋਗਤਾ ਪ੍ਰਗਟ ਹੋ ਚੁੱਕੀ ਸੀ।

ਜਦੋਂ ਇਹ 1903 ਵਿੱਚ ਹੋਂਦ ਵਿੱਚ ਆਇਆ ਤਾਂ ਬਾਲਸ਼ਵਿਕਵਾਦ ਨੇ ਨਿੱਕ-ਬੁਰਜੂਆ, ਅਰਧ-ਅਰਾਜਕਤਾਵਾਦ (ਜਾਂ ਅਰਾਜਕਤਾਵਾਦ ਨਾਲ਼ ਅੱਖ-ਮਟੱਕਾ ਕਰਨ ਵਾਲ਼ਿਆਂ) ਵਿਰੁੱਧ ਬੇਕਿਰਕ ਘੋਲ਼ ਦੀ ਰਵਾਇਤ ਨੂੰ ਅਪਣਾ ਲਿਆ। ਇਹ ਰਵਾਇਤ ਇਨਕਲਾਬੀ ਸੋਸ਼ਲ-ਡੈਮੋਕਰੇਸੀ ਵਿੱਚ ਸਦਾ ਹੀ ਮੌਜੂਦ ਰਹੀ ਹੈ ਅਤੇ 1900-1903 ਵਿੱਚ ਜਦੋਂ ਰੂਸ ਵਿੱਚ ਇਨਕਲਾਬੀ ਪ੍ਰੋਲਤਾਰੀ ਦੀ ਇੱਕ ਜਨਤਕ ਪਾਰਟੀ ਦੀਆਂ ਨੀਹਾਂ ਰੱਖੀਆਂ ਜਾ ਰਹੀਆਂ ਸਨ ਤਾਂ ਇਹ ਵਿਸ਼ੇਸ਼ ਤੌਰ 'ਤੇ ਮਜ਼ਬੂਤ ਹੋ ਗਈ ਸੀ। ਬਾਲਸ਼ਵਿਕਵਾਦ ਨੇ ਇੱਕ ਅਜਿਹੀ ਪਾਰਟੀ ਵਿਰੁੱਧ ਜਿਹੜੀ ਕਿਸੇ ਹੋਰ ਤੋਂ ਵੱਧ ਨਿੱਕ-ਬੁਰਜੂਆ ਇਨਕਲਾਬੀਪੁਣੇ ਦੇ ਮੁਹਾਣ ਪ੍ਰਗਟ ਕਰਦੀ ਸੀ, ਅਰਥਾਤ "ਸ਼ੋਸਲਿਸਟ-ਇਨਕਲਾਬੀ" ਪਾਰਟੀ ਵਿਰੁੱਧ ਘੋਲ਼ ਨੂੰ ਅਪਣਾਇਆ ਅਤੇ ਜਾਰੀ ਰੱਖਿਆ ਅਤੇ ਇਹ ਘੋਲ਼ ਤਿੰਨ ਮੁੱਖ ਮਸਲਿਆਂ ਉੱਤੇ ਲੜਿਆ। ਪਹਿਲੇ ਇਸ ਪਾਰਟੀ ਨੇ, ਜਿਹੜੀ ਮਾਰਕਸਵਾਦ ਨੂੰ ਰੱਦ ਕਰਦੀ ਸੀ। ਅੜੀ ਨਾਲ਼ ਰਾਜਸੀ ਕਾਰਵਾਈ ਕਰਨ ਤੋਂ ਪਹਿਲਾਂ ਸ਼੍ਰੇਣੀ ਸ਼ਕਤੀਆਂ ਅਤੇ ਉਹਨਾਂ ਦੀ ਪਰ੍ਹੇ-ਬੰਦੀ ਦੇ ਕਰੜੇ ਬਾਹਰਮੁਖੀ ਮੁਲੰਗਣ ਦੀ ਲੋੜ ਸਮਝਣੋਂ ਇਨਕਾਰ ਕੀਤਾ (ਜਾਂ ਇਹ ਕਹਿਣਾ ਵਧੇਰੇ ਠੀਕ ਹੋਵੇਗਾ; ਸਮਝਣ ਦੇ ਨਿਰਯੋਗ ਸੀ) ਦੂਜੇ, ਇਹ ਪਾਰਟੀ ਆਪਣੇ ਆਪ ਨੂੰ ਇਸ ਲਈ ਵਿਸ਼ੇਸ਼ ਤੌਰ 'ਤੇ "ਇਨਕਲਾਬੀ" ਅਤੇ "ਖੱਬੂ" ਸਮਝਦੀ ਸੀ ਕਿ ਇਹ ਵਿਕੋਲਤ੍ਰੇ ਯਰਕਾਊਪੁਣੇ, ਕਤਲ ਨੂੰ ਯੋਗ ਸਮਝਦੀ ਸੀ — ਜਿਸਨੂੰ ਅਸੀਂ ਮਾਰਕਸਵਾਦੀ ਬੜੀ ਦ੍ਰਿੜਤਾ ਨਾਲ ਰੱਦ ਕਰਦੇ ਹਾਂ। ਨਿਸ਼ਚੇ ਹੀ ਅਸੀਂ ਕੇਵਲ ਉੱਚਤਾ ਦੇ ਪੱਖੋਂ ਹੀ ਵਿਕੋਲਤ੍ਰੇ ਯਰਕਾਉਪੁਣੇ ਦੀ ਵਿਰੋਧਤਾ ਕਰਦੇ ਸਾਂ ਪਰ ਜਿਹੜੇ ਲੋਕ "ਅਸੂਲੀ ਤੌਰ 'ਤੇ" ਮਹਾਨ ਫ਼ਰਾਂਸੀਸੀ ਇਨਕਲਾਬ ਦੇ ਜ਼ਬਰ ਜਾਂ ਉਸ ਜ਼ਬਰ ਦਾ, ਜੋ ਇੱਕ ਜੇਤੂ ਇਨਕਲਾਬੀ ਪਾਰਟੀ ਸਮੁੱਚੇ ਸੰਸਾਰ ਦੀ ਬੁਰਜੂਆਜ਼ੀ ਵੱਲੋਂ ਘੇਰੇ ਜਾਣ 'ਤੇ ਵਰਤਦੀ ਹੈ, ਵਿਰੋਧ ਕਰਦੇ ਹਨ, ਉਹਨਾਂ ਲੋਕਾਂ ਦਾ ਪਲੈਖਾਨੋਵ ਨੇ 1900-1903 ਵਿੱਚ ਹੀ, ਜਦੋਂ ਉਹ ਅਜੇ ਮਾਰਕਸਵਾਦੀ ਅਤੇ ਇਨਕਲਾਬੀ ਸੀ, ਠੱਠਾ ਉਡਾਇਆ ਅਤੇ ਮੌਜੂ ਬਣਾ ਦਿੱਤਾ ਸੀ। ਤੀਜੇ, "ਸੋਸਲਿਸ਼ਟ-ਇਨਕਲਾਬੀ" ਜਰਮਨ ਸੋਸ਼ਲ-ਡੈਮੋਕਰੈਟਕ ਪਾਰਟੀ ਦੇ ਮੁਕਾਬਲੇ ਉੱਤੇ ਨਿਗੂਣੇ ਮੌਕਾ-ਪ੍ਰਸਤ ਗੁਨਾਹਾਂ ਉੱਤੇ ਨੱਕ ਚਾੜ੍ਹਨ ਨੂੰ ਬਹੁਤ "ਖੱਬੂ" ਗਿਣਦੇ ਸਨ ਜਦੋਂ ਕਿ ਉਹ ਆਪ ਉਸ ਪਾਰਟੀ ਦੇ ਅਤਿ ਦੇ ਮੌਕਾ ਪ੍ਰਸਤਾਂ ਦੀ ਨਕਲ ਕਰਦੇ, ਮਿਸਾਲ ਵਜੋਂ ਜ਼ਰੱਈ ਮਸਲੇ 'ਤੇ ਜਾਂ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਮਸਲੇ ਉੱਤੇ।

ਇਸ ਪ੍ਰਸੰਗ ਵਿੱਚ ਇਹ ਵੀ ਕਹਿ ਦਿੱਤਾ ਜਾਵੇ ਕਿ ਇਤਿਹਾਸ ਨੇ ਵਿਸ਼ਾਲ ਅਤੇ ਸੰਸਾਰ-ਵਿਆਪੀ ਪੱਧਰ ਉੱਤੇ ਉਸ ਵਿਚਾਰ ਦੀ ਪ੍ਰੋੜ੍ਹਤਾ ਕਰ ਦਿੱਤੀ ਹੈ ਜਿਹੜਾ ਅਸੀਂ ਸਦਾ ਪੇਸ਼ ਕਰਦੇ ਰਹੇ ਹਾਂ, ਕਿ ਜਰਮਨ **ਇਨਕਲਾਬੀ** ਸੋਸ਼ਲ-ਡੈਮੋਕਰੈਸੀ ਅਜਿਹੀ ਪਾਰਟੀ ਬਣਨ ਦੇ **ਸਭ ਤੋਂ ਵੱਧ ਨੇੜੇ** ਅਪੜ ਗਈ ਸੀ ਜਿਸਦੀ ਇਨਕਲਾਬੀ ਪ੍ਰੋਲਤਾਰੀ ਨੂੰ ਜਿੱਤ ਪ੍ਰਾਪਤ ਕਰਨ ਲਈ ਲੋੜ ਹੈ (ਇਹ ਗੱਲ ਯਾਦ ਰਹੇ ਕਿ ਪਲੈਖਾਨੋਵ ਨੇ 1900 -1903 ਵਿੱਚ ਮੰਗ ਕੀਤੀ ਕਿ ਬਰਨਸ਼ਟਾਈਨ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਜਾਵੇ ਅਤੇ ਸਦਾ ਲਈ ਰਵਾਇਤ

ਉਤੇ ਚੱਲਦੇ ਹੋਏ 1913 ਵਿੱਚ ਬਾਲਸ਼ਵਿਕਾਂ ਨੇ ਲੇਗਿਨ[13] ਦੀ ਨੀਚਤਾ, ਵਿਸਾਹ-ਘਾਤ ਅਤੇ ਗ਼ੱਦਾਰੀ ਦਾ ਪਰਦਾ ਉਘੇੜਿਆ। ਅੱਜ 1920 ਵਿੱਚ, ਯੁੱਧ ਦੇ ਸਮੇਂ ਅਤੇ ਯੁੱਧ ਤੋਂ ਪਿੱਛੋਂ ਦੇ ਵਰ੍ਹਿਆਂ ਦੀਆਂ ਸਭਨਾਂ ਨਿਰਾਦਰੀ-ਭਰਪੂਰ ਅਸਫ਼ਲਤਾਵਾਂ ਅਤੇ ਸੰਕਟਾਂ ਦੇ ਬਾਵਜੂਦ ਇਹ ਸਾਫ਼ ਤੌਰ 'ਤੇ ਵੇਖਿਆ ਜਾ ਸਕਦਾ ਹੈ ਕਿ ਜਰਮਨ ਇਨਕਲਾਬੀ ਸੋਸ਼ਲ-ਡੈਮੋਕਰੇਸੀ ਨੇ ਸਭਨਾਂ ਪੱਛਮੀ ਪਾਰਟੀਆਂ ਨਾਲ਼ੋਂ ਚੰਗੇਰੇ ਲੀਡਰ ਪੈਦਾ ਕੀਤੇ ਅਤੇ ਹੋਰਨਾਂ ਨਾਲ਼ੋਂ ਵਧੇਰੇ ਤੇਜ਼ੀ ਨਾਲ਼ ਸੁਰਜੀਤ ਹੋਈ ਅਤੇ ਨਵੀਂ ਸ਼ਕਤੀ ਪ੍ਰਾਪਤ ਕੀਤੀ। ਇਹ ਗੱਲ ਸਪਾਰਤਾਕਵਾਦੀਆਂ[14] ਵਿੱਚ ਵੀ ਅਤੇ ਜਰਮਨੀ ਦੀ ਇੰਡੀਪੈਂਡਟ ਸੋਸ਼ਲ-ਡੈਮੋਕਰੇਟ ਪਾਰਟੀ ਦੇ ਖੱਬੇ, ਪ੍ਰੋਲਤਾਰੀ ਹਿੱਸੇ, ਵਿੱਚ ਵੀ, ਜਿਹੜਾ ਕਾਊਟਸਕੀਆਂ, ਹਿਲਫ਼ਰਡਿੰਗਾਂ, ਲੇਡੇਬੋਰਾਂ ਅਤੇ ਕ੍ਰਿਸਪਿਨਾਂ ਵਿਰੁੱਧ ਨਿਰੰਤਰ ਘੋਲ਼ ਚਲਾ ਰਿਹਾ ਹੈ, ਵੇਖੀ ਜਾ ਸਕਦੀ ਹੈ। ਜੇ ਅਸੀਂ ਹੁਣ ਪੂਰੇ ਇਤਿਹਾਸਿਕ ਯੁੱਗ, ਅਰਥਾਤ ਪੈਰਿਸ ਕਮਿਊਨ[15] ਤੋਂ ਪਹਿਲੀ ਸੋਵੀਅਤ ਸੋਸ਼ਲਿਸਟ ਰੀਪਬਲਿਕ ਤੱਕ ਦੇ ਸਮੇਂ 'ਤੇ ਨਿਗਾਹ ਮਾਰੀਏ ਤਾਂ ਅਸੀਂ ਵੇਖਦੇ ਹਾਂ ਕਿ ਆਮ ਤੌਰ 'ਤੇ ਅਰਾਜਕਤਾਵਾਦ ਵਿਰੁੱਧ ਮਾਰਕਸਵਾਦ ਦਾ ਵਤੀਰਾ ਪੂਰੀ ਤਰ੍ਹਾਂ ਨਿਸ਼ਚਿਤ ਅਤੇ ਸਪੱਸ਼ਟ ਨਜ਼ਰ ਆਉਂਦਾ ਹੈ। ਅੰਤਮ ਵਿਸ਼ਲੇਸ਼ਣ ਵਿੱਚ ਮਾਰਕਸਵਾਦ ਠੀਕ ਸਾਬਤ ਹੋਇਆ ਅਤੇ ਭਾਵੇਂ ਅਰਾਜਕਤਾਵਾਦੀਆਂ ਨੇ ਵਧੇਰੇ ਸੋਸ਼ਲਿਸਟ ਪਾਰਟੀਆਂ ਵਿੱਚ ਰਿਆਸਤ ਸਬੰਧੀ ਪ੍ਰਚਲਤ ਮੌਕਾ-ਪ੍ਰਸਤ ਵਿਚਾਰਾਂ ਵੱਲ ਠੀਕ ਹੀ ਧਿਆਨ ਦਿਵਾਇਆ ਇਹ ਕਹਿਣਾ ਲਾਜ਼ਮੀ ਹੈ ਪਹਿਲੇ, ਇਸ ਮੌਕਾ-ਪ੍ਰਸਤੀ ਦਾ ਸਬੰਧ ਰਿਆਸਤ ਸਬੰਧੀ ਮਾਰਕਸ ਦੇ ਵਿਚਾਰਾਂ ਨੂੰ ਤੋੜਨ ਮਰੋੜਨ ਅਤੇ ਇੱਥੋਂ ਤੱਕ ਕਿ ਜਾਣ ਬੁਝ ਕੇ ਦਬਾਉਣ ਦਾ ਸਿੱਟਾ ਸੀ (ਆਪਣੀ ਕਿਤਾਬ "ਰਿਆਸਤ ਅਤੇ ਇਨਕਲਾਬ" ਵਿੱਚ ਮੈਂ ਦੱਸਿਆ ਕਿ ਕਿਵੇਂ ਬੇਬੇਲ ਨੇ 1875 ਤੋਂ 1911 ਤੱਕ, ਛੱਤੀ ਵਰ੍ਹੇ, ਏਂਗਲਜ਼[16] ਦਾ ਇੱਕ ਖ਼ਤ ਦਬਾਈ ਰੱਖਿਆ ਜਿਹੜਾ ਰਿਆਸਤ ਸਬੰਧੀ ਪ੍ਰਚਲਤ ਸੋਸ਼ਲ-ਡੈਮੋਕਰੈਟਕ ਵਿਚਾਰਾਂ ਦੀ ਮੌਕਾ-ਪ੍ਰਸਤੀ ਦਾ ਸਪੱਸ਼ਟ, ਤਿੱਖੇ ਢੰਗ ਨਾਲ਼, ਦੋ-ਟੁਕ ਅਤੇ ਬੇਲਾਗ ਸ਼ਬਦਾਂ ਵਿੱਚ ਪਰਦਾ ਉਘੇੜਦਾ ਸੀ); ਦੂਜੇ, ਇਹਨਾਂ ਮੌਕਾ-ਪ੍ਰਸਤ ਵਿਚਾਰਾਂ ਨੂੰ ਠੀਕ ਕਰਨ ਅਤੇ ਸੋਵੀਅਤ ਸੱਤ੍ਹਾ ਨੂੰ ਮਨਵਾਉਣ ਅਤੇ ਬੁਰਜੂਆ ਪਾਰਲੀਮਾਨੀ ਜਮਹੂਰੀਅਤ ਉੱਤੇ ਇਹਦੀ ਉੱਤਮਤਾ ਦੀ ਪ੍ਰਵਾਨਗੀ ਯੂਰਪ ਅਤੇ ਅਮਰੀਕਾ ਦੀਆਂ ਸੋਸ਼ਲਿਸਟ ਪਾਰਟੀਆਂ ਅੰਦਰ ਵੱਧ ਤੋਂ ਵੱਧ ਤੇਜ਼ੀ ਅਤੇ ਵਿਆਪਕਤਾ ਨਾਲ਼ ਉਹਨਾਂ ਮੁਹਾਣਾਂ ਵਿੱਚ ਹੀ ਵਧੀ ਜਿਹੜੇ ਸਭ ਤੋਂ ਵੱਧ ਮਾਰਕਸਵਾਦੀ ਸਨ।

ਬਾਲਸ਼ਵਿਕਵਾਦ ਨੇ ਆਪਣੀ ਪਾਰਟੀ ਅੰਦਰਲੇ "ਖੱਬੂ" ਕੁਰਾਹਿਆਂ ਵਿਰੁੱਧ ਜਿਹੜਾ ਘੋਲ਼ ਲੜਿਆ, ਉਹਨੇ ਦੋ ਅਫ਼ਸਰਾਂ ਉੱਤੇ ਵਿਸ਼ੇਸ਼ ਤੌਰ 'ਤੇ ਵੱਡਾ ਆਕਾਰ ਧਾਰਨ ਕਰ ਲਿਆ, 1908 ਵਿੱਚ ਇਸ ਸਵਾਲ 'ਤੇ ਕਿ ਅਤਿ ਦੀ ਪਿੱਛੇ-ਖਿੱਚੂ "ਪਾਰਲੀਮੈਂਟ" ਵਿੱਚ ਅਤੇ ਮਜ਼ਦੂਰਾਂ ਦੀਆਂ ਕਾਨੂੰਨੀ ਸਭਾਵਾਂ ਵਿੱਚ, ਜਿਨ੍ਹਾਂ ਉੱਤੇ ਅਤਿ ਦੀ ਪਿੱਛੇ-ਖਿੱਚੂ ਕਾਨੂੰਨ ਰੋਕਾਂ ਲਾਉਂਦੇ ਹਨ, ਸ਼ਾਮਲ ਹੋਇਆ ਜਾਵੇ ਜਾਂ ਨਾਂਹ ਅਤੇ ਫੇਰ 1918 ਵਿੱਚ (ਬਰੈਸਤ-ਲਿਤੋਵਸਕ ਸੰਧੀ[17] ਸਮੇਂ) ਇਸ ਸਵਾਲ ਸਬੰਧੀ ਕਿ ਇੱਕ ਜਾਂ ਦੂਜੇ "ਸਮਝੌਤੇ" ਦੀ ਆਗਿਆ ਦਿੱਤੀ ਜਾ ਸਕਦੀ ਹੈ ਜਾਂ ਨਹੀਂ।

1908 ਵਿਚ ਅਤਿ ਦੀ ਪਿੱਛੇ-ਖਿੱਚੂ "ਪਾਰਲੀਮੈਂਟ"[18] ਵਿੱਚ ਸ਼ਾਮਲ ਹੋਣ ਦੀ ਲੋੜ ਨੂੰ ਸਮਝਣੋਂ ਅੜੀ ਨਾਲ਼ ਇਨਕਾਰ ਕਰਨ ਕਾਰਨ "ਖੱਬੂ" ਬਾਲਸ਼ਵਿਕਾਂ ਨੂੰ ਸਾਡੀ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ। ਉਹਨਾਂ "ਖੱਬੂਆਂ" ਨੇ — ਜਿਨ੍ਹਾਂ ਵਿੱਚ ਕਈ ਸ਼ਾਨਦਾਰ ਇਨਕਲਾਬੀ ਸਨ ਜਿਹੜੇ ਪਿੱਛੋਂ ਜਾ ਕੇ ਕਮਿਊਨਿਸਟ ਪਾਰਟੀ ਦੇ ਪ੍ਰਸ਼ੰਸਾਯੋਗ ਮੈਂਬਰ ਸਨ (ਅਤੇ ਅਜੇ ਵੀ ਹਨ) — ਖ਼ਾਸ ਕਰਕੇ 1905 ਦੇ ਸਫ਼ਲ ਬਾਈਕਾਟ ਨੂੰ ਆਪਣੀਆਂ ਦਲੀਲਾਂ ਦਾ ਅਧਾਰ ਬਣਾਇਆ। ਜਦੋਂ ਅਗਸਤ 1905 ਵਿਚ ਜ਼ਾਰ ਨੇ ਸਲਾਹਕਾਰ "ਪਾਰਲੀਮੈਂਟ"[19] ਸੱਦਣ ਦਾ ਐਲਾਨ ਕੀਤਾ ਤਾਂ ਅਸਾਂ ਸਾਰੀ ਵਿਰੋਧੀ ਪਾਰਟੀਆਂ ਅਤੇ ਮੈਨਸ਼ਵਿਕਾਂ ਦੇ ਜ਼ੋਰਦਾਰ ਵਿਰੋਧ ਦੇ ਬਾਵਜੂਦ, ਇਹਦਾ ਬਾਈਕਾਟ ਕਰਨ ਦਾ ਸੱਦਾ ਦਿੱਤਾ ਅਤੇ ਇਸ "ਪਾਰਲੀਮੈਂਟ" ਦਾ ਅਕਤੂਬਰ 1905[20] ਦੇ ਇਨਕਲਾਬ ਨੂੰ ਹੂੰਝਾ ਫੇਰ ਦਿੱਤਾ। ਉਸ ਸਮੇਂ ਬਾਈਕਾਟ ਠੀਕ ਸਾਬਤ ਹੋਇਆ, ਇਸ ਲਈ ਨਹੀਂ ਕਿ ਆਮ ਤੌਰ 'ਤੇ ਪਿੱਛੇ-ਖਿੱਚੂ ਪਾਰਲੀਮੈਂਟ ਵਿੱਚ ਹਿੱਸਾ ਨਾ ਲੈਣਾ ਠੀਕ ਹੈ ਸਗੋਂ ਇਸ ਲਈ ਕਿ ਅਸਾਂ ਬਾਹਰਮੁਖੀ ਪ੍ਰਸਥਿਤੀ ਨੂੰ ਠੀਕ ਤਰ੍ਹਾਂ ਜੋਖਿਆ ਸੀ, ਜਿਹੜੀ ਆਮ ਹੜਤਾਲਾਂ ਦੇ ਪਹਿਲੇ ਰਾਜਸੀ ਹੜਤਾਲ ਵਿੱਚ, ਫੇਰ ਇਨਕਲਾਬੀ ਹੜਤਾਲ ਵਿੱਚ ਅਤੇ ਅੰਤ ਬਗ਼ਾਵਤ ਵਿੱਚ ਤਬਦੀਲ ਹੋਣ ਵੱਲ ਜਾ ਰਹੀ ਸੀ। ਇਸ ਤੋਂ ਬਿਨਾਂ ਉਸ ਸਮੇਂ ਘੋਲ ਇਸ ਸਵਾਲ ਦਵਾਲੇ ਕੇਂਦਰਿਤ ਸੀ ਕਿ ਕੀ ਪਹਿਲੀ ਪ੍ਰਤਿਨਿਧ ਸਭਾ ਦਾ ਸੱਦਿਆ ਜਾਣਾ ਜ਼ਾਰ ਦੇ ਹੱਥ ਛੱਡ ਦਿੱਤਾ ਜਾਵੇ ਜਾਂ ਇਹਦਾ ਬੁਲਾਇਆ ਜਾਣਾ ਪੁਰਾਣੀ ਹਕੂਮਤ ਹੱਥੋਂ ਖੋਹਣ ਦਾ ਯਤਨ ਕੀਤਾ ਜਾਵੇ। ਜਦੋਂ ਇਸ ਗੱਲ ਦਾ ਨਿਸ਼ਚਾ ਨਹੀਂ ਸੀ ਅਤੇ ਨਾ ਹੀ ਹੋ ਸਕਦਾ ਸੀ, ਕਿ ਬਾਹਰਮੁਖੀ ਪ੍ਰਸਥਿਤੀ ਉਸੇ ਕਿਸਮ ਦੀ ਹੈ ਅਤੇ ਉਹੋ ਜਿਹੇ ਮੁਹਾਣ ਅਤੇ ਵਿਕਾਸ ਦੀ ਉਹੋ ਜਿਹੀ ਤਿੱਖੀ ਗਤੀ ਦਾ ਨਿਸ਼ਚਾ ਨਹੀਂ ਸੀ, ਤਾਂ ਬਾਈਕਾਟ ਠੀਕ ਨਹੀਂ ਸੀ ਰਹਿ ਗਿਆ।

1905 ਵਿੱਚ ਬਾਲਸ਼ਵਿਕਾਂ ਵੱਲੋਂ "ਪਾਰਲੀਮੈਂਟ" ਦੇ ਬਾਈਕਾਟ ਨੇ ਇਨਕਲਾਬੀ ਪ੍ਰੋਲਤਾਰੀ ਨੂੰ ਅਤਿਅੰਤ ਵੱਡਮੁਲੇ ਰਾਜਸੀ ਅਨੁਭਵ ਨਾਲ਼ ਭਰਪੂਰ ਕੀਤਾ ਅਤੇ ਇਹ ਦਰਸਾਇਆ ਕਿ ਜਦੋਂ ਘੋਲ਼ ਦੇ ਕਾਨੂੰਨੀ ਅਤੇ ਗ਼ੈਰ-ਕਾਨੂੰਨੀ, ਪਾਰਲੀਮਾਨੀ ਅਤੇ ਗ਼ੈਰ-ਪਾਰਲੀਮਾਨੀ ਰੂਪਾਂ ਨੂੰ ਆਪੋ ਵਿੱਚ ਜੋੜਿਆ ਜਾਂਦਾ ਹੈ ਤਾਂ ਪਾਰਲੀਮਾਨੀ ਰੂਪਾਂ ਨੂੰ ਰੱਦ ਕਰਨਾ ਕਈ ਵਾਰੀ ਲਾਹੇਵੰਦਾ ਅਤੇ ਇੱਥੋਂ ਤੱਕ ਕਿ ਲਾਜ਼ਮੀ ਹੁੰਦਾ ਹੈ। ਪਰ ਇਸ ਅਨੁਭਵ ਨੂੰ ਅੰਨ੍ਹੇਵਾਹ, ਨਕਲਚੀ ਅਤੇ ਅਪੜਚੋਲਵੇਂ ਢੰਗ ਨਾਲ਼ **ਹੋਰਨਾਂ** ਹਾਲਤਾਂ ਅਤੇ **ਹੋਰਨਾਂ** ਪ੍ਰਸਥਿਤੀਆਂ ਉੱਤੇ ਲਾਗੂ ਕਰਨਾ ਬਹੁਤ ਵੱਡੀ ਗ਼ਲਤੀ ਹੋਵੇਗੀ। 1906 ਵਿੱਚ ਬਾਲਸ਼ਵਿਕਾਂ ਵੱਲੋਂ ਦੂਮਾਂ ਦਾ ਬਾਈਕਾਟ ਇੱਕ ਗ਼ਲਤੀ ਸੀ, ਭਾਵੇਂ ਇਹ ਇੱਕ ਨਿੱਕੀ ਜਿਹੀ ਅਤੇ ਸੌਖੇ ਹੀ ਠੀਕ ਹੋ ਸਕਣ ਵਾਲ਼ੀ ਗ਼ਲਤੀ ਸੀ।* 1907, 1908 ਅਤੇ ਉਸ ਤੋਂ ਪਿੱਛੋਂ ਦੇ ਵਰ੍ਹਿਆਂ

---

* ਜੋ ਕੁਝ ਵਿਅਕਤੀਆਂ ਉੱਪਰ ਢੁੱਕਦਾ ਹੈ ਉਹ — ਲੋੜੀਦੀਆਂ ਸੋਧਾਂ ਸਹਿਤ — ਰਾਜਨੀਤੀ ਅਤੇ ਪਾਰਟੀਆਂ ਉੱਤੇ ਵੀ ਢੁੱਕਦਾ ਹੈ। ਸਿਆਣਾ ਉਹ ਨਹੀਂ ਜਿਹੜਾ ਕੋਈ ਗ਼ਲਤੀ ਨਹੀਂ ਕਰਦਾ, ਅਜਿਹੇ ਕੋਈ ਮਨੁੱਖ ਨਹੀਂ ਅਤੇ ਹੋ ਵੀ ਨਹੀਂ ਸਕਦੇ। ਸਿਆਣਾ ਉਹ ਹੈ ਜਿਸਦੀਆਂ ਗ਼ਲਤੀਆਂ ਬਹੁਤ ਗੰਭੀਰ ਨਾ ਹੋਣ ਅਤੇ ਜਿਹੜਾ ਉਹਨਾਂ ਨੂੰ ਸੌਖੇ ਹੀ ਅਤੇ ਛੇਤੀ ਠੀਕ ਕਰਨਾ ਜਾਣਦਾ ਹੈ।

ਵਿੱਚ ਦੂਮਾ ਦਾ ਬਾਈਕਾਟ ਇੱਕ ਗੰਭੀਰ ਗ਼ਲਤੀ ਸੀ ਜਿਸਨੂੰ ਠੀਕ ਕਰਨਾ ਔਖਾ ਸੀ ਕਿਉਂਕਿ ਇੱਕ ਹੱਥ ਇਨਕਲਾਬੀ ਲਹਿਰ ਦੇ ਬਹੁਤ ਤੇਜ਼ੀ ਨਾਲ਼ ਉਭਰਨ ਅਤੇ ਇਹਦੇ ਇੱਕ ਬਗ਼ਾਵਤ ਵਿੱਚ ਤਬਦੀਲ ਹੋ ਜਾਣ ਦੀ ਆਸ ਨਹੀਂ ਸੀ ਅਤੇ ਦੂਜੇ ਬੁਰਜੂਆਜ਼ੀ ਬਾਦਸ਼ਾਹੀ ਦੇ ਨਵਿਆਉਣ ਨਾਲ਼ ਪੈਦਾ ਹੋਈ ਪੂਰੀ ਇਤਿਹਾਸਕ ਪ੍ਰਸਥਿਤੀ ਇਹ ਮੰਗ ਕਰਦੀ ਸੀ ਕਿ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਸਰਗਰਮੀਆਂ ਨੂੰ ਆਪੋ ਵਿੱਚ ਮਿਲਾਇਆ ਜਾਵੇ। ਅੱਜ ਜਦੋਂ ਅਸੀਂ ਪੂਰੀ ਤਰ੍ਹਾਂ ਮੁਕੰਮਲ ਹੋ ਚੁੱਕੇ ਇਤਿਹਾਸਕ ਸਮੇਂ ਉੱਤੇ, ਜਿਸਦਾ ਪਿੱਛੋਂ ਆਏ ਸਮਿਆਂ ਨਾਲ਼ ਸਬੰਧ ਹੁਣ ਬਿਲਕੁਲ ਸਪੱਸ਼ਟ ਹੋ ਗਿਆ ਹੈ, ਇੱਕ ਪਰਤਵੀਂ ਝਾਤ ਮਾਰਦੇ ਹਾਂ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਜੇ 1908-1914 ਵਿਚ ਬਾਲਸ਼ਵਿਕ ਅਤਿ ਕਰੜੇ ਘੋਲ਼ ਵਿੱਚ ਇਹ ਦ੍ਰਿਸ਼ਟੀਕੋਣ ਲਈ ਦ੍ਰਿੜਤਾ ਨਾਲ਼ ਨਾ ਲੜਦੇ ਕਿ ਘੋਲ਼ ਦੇ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਰੂਪਾਂ ਨੂੰ ਮਿਲਾਉਣਾ **ਲਾਜ਼ਮੀ** ਹੈ, ਕਿ ਅਤਿ ਦੀ ਪਿੱਛੇ-ਖਿੱਚੂ ਪਾਰਲੀਮੈਂਟ ਅਤੇ ਪਿੱਛੇ-ਖਿੱਚੂ ਕਾਨੂੰਨਾਂ ਨਾਲ਼ ਜਕੜੀਆਂ ਹੋਰ ਸੰਸਥਾਵਾਂ (ਬਿਮਾਰੀ ਸਮੇਂ ਸਹਾਇਤਾ ਦੀਆਂ ਸਭਾਵਾਂ, ਆਦਿ) ਵਿਚ ਸ਼ਾਮਲ ਹੋਣਾ **ਲਾਜ਼ਮੀ** ਹੈ ਤਾਂ ਉਹ ਪ੍ਰੋਲਤਾਰੀ ਦੀ ਇਨਕਲਾਬੀ ਪਾਰਟੀ ਦੇ ਠੋਸ ਧੁਰੇ ਨੂੰ ਬਚਾ **ਨਹੀਂ ਸਨ ਸਕਦੇ** (ਇਹਨੂੰ ਮਜ਼ਬੂਤ ਕਰਨ, ਵਧਾਉਣ ਅਤੇ ਵਿਕਸਤ ਕਰਨ ਦੀ ਤਾਂ ਗੱਲ ਹੀ ਨਾ ਕਰੋ)।

1918 ਵਿੱਚ ਹਾਲਤ ਇੱਥੋਂ ਤੱਕ ਨਹੀਂ ਸੀ ਅਪੜੀ ਕਿ ਪਾਰਟੀ ਵਿੱਚ ਫੁੱਟ ਪੈ ਜਾਵੇ। ਉਸ ਸਮੇਂ "ਖੱਬੂ" ਕਮਿਊਨਿਸਟਾਂ[21] ਨੇ ਸਾਡੀ ਪਾਰਟੀ ਅੰਦਰ ਇਕ ਵੱਖਰਾ ਗੁੱਟ ਜਾਂ "ਟੋਲੀ" ਹੀ ਬਣਾਈ ਸੀ ਅਤੇ ਉਹ ਵੀ ਬਹੁਤੇ ਦਿਨ ਕਾਇਮ ਨਾ ਰਹੀ। ਉਸੇ ਵਰ੍ਹੇ, 1918 ਵਿੱਚ ਹੀ, "ਖੱਬੂ ਕਮਿਊਨਿਜ਼ਮ" ਦੇ ਸਭ ਤੋਂ ਵੱਧ ਉੱਘੇ ਪ੍ਰਤਿਨਿਧਾਂ, ਮਿਸਾਲ ਵਜੋਂ ਸਾਥੀ ਰਾਦੇਕ ਅਤੇ ਬੁਖਾਰਿਨ ਨੇ, ਖੁੱਲ੍ਹਮ-ਖੁੱਲ੍ਹਾ ਆਪਣੀ ਗ਼ਲਤੀ ਪ੍ਰਵਾਨ ਕੀਤੀ। ਉਹਨਾਂ ਨੂੰ ਜਾਪਿਆ ਸੀ ਕਿ ਬ੍ਰੈਸਤ ਲਿਤੋਵਸਕ ਦੀ ਸੰਧੀ ਸਾਮਰਾਜੀਆਂ ਨਾਲ਼ ਸਮਝੌਤਾ ਹੈ, ਜਿਹੜਾ ਅਸੂਲੀ ਤੌਰ 'ਤੇ ਆਗਿਆ-ਯੋਗ ਨਹੀਂ ਅਤੇ ਇਨਕਲਾਬੀ ਪ੍ਰੋਲਤਾਰੀ ਦੀ ਪਾਰਟੀ ਲਈ ਹਾਨੀਕਾਰਕ ਹੈ। ਇਹ ਸੱਚ ਮੁੱਚ ਸਾਮਰਾਜੀਆਂ ਨਾਲ਼ ਸਮਝੌਤਾ ਸੀ ਪਰ ਇਹ ਇੱਕ ਅਜਿਹਾ ਸਮਝੌਤਾ ਸੀ ਜਿਹੜਾ ਉਹਨਾਂ ਪ੍ਰਸਥਿਤੀਆਂ ਵਿੱਚ ਕਰਨਾ ਹੀ ਪੈਣਾ ਸੀ।

ਅੱਜ ਜਦੋਂ ਮੈਂ, ਮਿਸਾਲ ਵਜੋਂ ਸੋਸ਼ਲਿਸਟ-ਇਨਕਲਾਬੀਆਂ ਨੂੰ ਬ੍ਰੈਸਤ-ਲਿਤੋਵਸਕ ਸੰਧੀ ਉੱਤੇ ਦਸਤਖ਼ਤ ਵਿੱਚ ਸਾਡੇ ਦਾਅ-ਪੇਚਾਂ ਉੱਤੇ ਅਲੋਚਨਾ ਕਰਦੇ ਸੁਣਦਾ ਹਾਂ ਜਾਂ ਜਦੋਂ ਆਪਣੇ ਨਾਲ਼ ਗੱਲਬਾਤ ਦੇ ਦੌਰਾਨ ਮੈਂ ਸਾਥੀ ਲਾਂਸਬਰੀ ਨੂੰ ਇਹ ਕਹਿੰਦੇ ਸੁਣਦਾ ਹਾਂ, "ਸਾਡੇ ਬਰਤਾਨਵੀ ਟਰੇਡ ਯੂਨੀਅਨ ਨੇਤਾ ਕਹਿੰਦੇ ਹਨ ਕਿ ਜੇ ਬਾਲਸ਼ਵਿਕਾਂ ਲਈ ਸਮਝੌਤਾ ਕਰਨਾ ਯੋਗ ਸੀ ਤਾਂ ਸਾਡੇ ਲਈ ਵੀ ਸਮਝੌਤਾ ਕਰਨਾ ਯੋਗ ਹੈ," ਮੈਂ ਸਭ ਤੋਂ ਪਹਿਲਾਂ ਇੱਕ ਸਾਦਾ ਅਤੇ ਆਮ ਉਦਾਹਰਣ ਦੇ ਕੇ ਉੱਤਰ ਦਿੰਦਾ ਹਾਂ:

ਫ਼ਰਜ਼ ਕਰੋ ਹਥਿਆਰਬੰਦ ਡਕੈਤਾਂ ਨੇ ਤੁਹਾਡੀ ਕਾਰ ਰੋਕ ਲਈ ਹੈ। ਤੁਸੀਂ ਉਹਨਾਂ ਨੂੰ ਆਪਣੀ ਨਕਦੀ, ਪਾਸਪੋਰਟ, ਰੀਵਾਲਵਰ ਅਤੇ ਕਾਰ ਦੇ ਦੇਂਦੇ ਹੋ। ਇਹਦੇ ਬਦਲੇ ਤੁਹਾਨੂੰ ਡਾਕੂਆਂ ਦੇ ਸੁਹਾਵਣੇ ਸਾਥ ਤੋਂ ਛੁਟਕਾਰਾ ਮਿਲ਼ ਜਾਂਦਾ ਹੈ। ਨਿਰਸੰਦੇਹ ਇਹ ਇੱਕ ਸਮਝੌਤਾ

ਹੈ। ´ Do ut des[a] ("ਮੈਂ " ਤੁਹਾਨੂੰ ਨਕਦੀ, ਰੀਵਾਲਵਰ ਅਤੇ ਕਾਰ "ਦੇਂਦਾ ਹਾਂ" ਤਾਂ ਜੁ "ਤੁਸੀਂ" ਮੈਨੂੰ ਅਮਨ ਨਾਲ਼ ਜਾਨ ਬਚਾ ਕੇ ਅੱਗੇ ਜਾਣ "ਦਿਓ"।) ਪਰ ਕੋਈ ਅਜਿਹਾ ਸਿਆਣਾ ਮਨੁੱਖ ਲੱਭਣਾ ਔਖਾ ਹੈ ਜਿਹੜਾ ਇਹ ਕਹੇ ਕਿ ਇਹ ਇੱਕ ਅਜਿਹਾ ਸਮਝੌਤਾ ਸੀ ਜਿਹੜਾ "ਅਸੂਲੀ ਤੌਰ 'ਤੇ ਆਗਿਆ-ਯੋਗ ਨਹੀਂ ਸੀ" ਜਾਂ ਜਿਹੜਾ ਸਮਝੌਤਾ ਕਰਨ ਵਾਲੇ ਨੂੰ ਡਾਕੂਆਂ ਦਾ ਸਾਥੀ ਕਹੇ (ਭਾਵੇਂ ਡਾਕੂ ਕਾਰ ਅਤੇ ਹਥਿਆਰਾਂ ਨੂੰ ਹੋਰ ਡਕੈਤੀਆਂ ਲਈ ਕਿਉਂ ਨਾ ਵਰਤਣ)। ਜਰਮਨ ਸਾਮਰਾਜ ਦੇ ਡਾਕੂਆਂ ਨਾਲ ਸਾਡਾ ਸਮਝੌਤਾ ਇਸੇ ਕਿਸਮ ਦਾ ਇੱਕ ਸਮਝੌਤਾ ਸੀ।

ਪਰ ਜਦੋਂ 1914-1918 ਵਿੱਚ ਅਤੇ ਫੇਰ 1918-1920 ਵਿੱਚ ਰੂਸ ਵਿੱਚ ਮੈਨਸ਼ਵਿਕਾਂ ਅਤੇ ਸ਼ੋਸ਼ਲਿਸਟਾਂ-ਇਨਕਲਾਬੀਆਂ ਨੇ, ਜਰਮਨੀ ਵਿਚ ਸ਼ੀਦਮਾਨਵਾਦੀਆਂ ਨੇ (ਅਤੇ ਕਿਸੇ ਹੱਦ ਤੱਕ ਕਾਊਟਸਕੀਵਾਦੀਆਂ ਨੇ ਵੀ), ਆਸਟਰੀਆ ਵਿੱਚ ਓਟੋ ਬਾਉਰ ਅਤੇ ਫ਼ਰੀਡਰਿਖ ਐਲਡਰ ਨੇ (ਰੇਨਰਜ਼ ਅਤੇ ਉਹਦੇ ਸਾਥੀਆਂ ਦੀ ਤਾਂ ਗੱਲ ਹੀ ਨਾ ਕਰੋ), ਫ਼ਰਾਂਸ ਵਿਚ ਰੇਨਾਦੇਲ, ਲੌਗੇ ਅਤੇ ਉਹਨਾਂ ਦੇ ਸਾਥੀਆਂ ਨੇ, ਬਰਤਾਨੀਆ ਵਿਚ ਫੇਬੀਅਨਾਂ, ਇੰਡੀਪੈਂਡੈਂਟਾਂ ਅਤੇ ਲੇਬਰ[22] ਪਾਰਟੀ ਵਾਲ਼ਿਆਂ ਨੇ ਆਪਣੀ ਬੁਰਜੂਆਜ਼ੀ ਦੇ ਡਾਕੂਆਂ ਨਾਲ਼ ਅਤੇ ਕਈ ਵਾਰ "ਇਤਿਹਾਦੀ" ਬੁਰਜੂਆਜ਼ੀ ਨਾਲ਼, ਆਪਣੇ ਆਪਣੇ ਦੇਸ਼ਾਂ ਦੇ ਇਨਕਲਾਬੀ ਪ੍ਰੋਲਤਾਰੀ ਦੇ ਹਿੱਤਾਂ **ਵਿਰੁੱਧ ਸਮਝੌਤੇ ਕੀਤੇ** ਤਾਂ ਇਹ ਸਾਰੇ ਭੱਦਰ-ਪੁਰਸ਼ **ਡਕੈਤੀ ਦੇ ਸਾਥੀ** ਬਣ ਗਏ।

ਸਿੱਟਾ ਸਪੱਸ਼ਟ ਹੈ: "ਅਸੂਲੀ ਤੌਰ 'ਤੇ" ਸਮਝੌਤੇ ਰੱਦ ਕਰਨਾ, ਸਮਝੌਤਿਆਂ ਦੇ ਯੋਗ ਹੋਣ ਨੂੰ ਆਮ ਤੌਰ 'ਤੇ ਰੱਦ ਕਰਨਾ, ਭਾਵੇਂ ਇਹ ਸਮਝੌਤੇ ਕਿਹੋ ਜਿਹੇ ਕਿਉਂ ਨਾ ਹੋਣ, ਬਚਗਾਨਾ ਹਰਕਤ ਹੈ, ਜਿਸ ਉੱਤੇ ਗੰਭੀਰਤਾ ਨਾਲ਼ ਵਿਚਾਰ ਕਰਨਾ ਵੀ ਔਖਾ ਹੈ। ਜਿਹੜਾ ਰਾਜਸੀ ਨੇਤਾ ਇਨਕਲਾਬੀ ਪ੍ਰੋਲਤਾਰੀ ਦੇ ਕੰਮ ਆਉਣਾ ਚਾਹੁੰਦਾ ਹੈ, ਉਹਦੇ ਲਈ ਇਹ ਲਾਜ਼ਮੀ ਹੈ ਕਿ ਉਹ ਸਮਝੌਤਿਆਂ ਦੀਆਂ ਉਹਨਾਂ ਠੋਸ ਸੂਰਤਾਂ ਨੂੰ ਪਛਾਨਣ ਯੋਗ ਹੋਵੇ ਜਿੱਥੇ ਸਮਝੌਤਿਆਂ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ ਅਤੇ ਜਿੱਥੇ ਇੱਕ ਮੌਕਾ-ਪ੍ਰਸਤੀ ਅਤੇ **ਧੋਖੇ** ਦਾ ਪ੍ਰਗਟਾਅ ਹੁੰਦੇ ਹਨ; ਇਹ ਲਾਜ਼ਮੀ ਹੈ ਕਿ ਆਲੋਚਨਾ ਦੀਆਂ ਸਭਨਾਂ ਸ਼ਕਤੀਆਂ ਨੂੰ, ਬੇਤਰਸ ਪਾਜ-ਉਘਾੜਨ ਅਤੇ ਬੇਕਿਰਕ ਜੰਗ ਦੀ ਪੂਰੀ ਤੀਖਣਤਾ ਨੂੰ **ਇਹਨਾਂ ਠੋਸ** ਸਮਝੌਤਿਆਂ ਵਿਰੁੱਧ ਮੋੜਿਆ ਜਾਵੇ ਅਤੇ "ਅਮਲੀ" ਸੋਸ਼ਲਿਜ਼ਮ ਦੇ ਗੁਰੂ ਘੰਟਾਲਾਂ ਅਤੇ ਪਾਰਲੀਮਾਨੀ ਉਲਟ-ਬਾਜ਼ੀਆਂ ਦੇ ਉਸਤਾਦਾਂ ਨੂੰ "ਆਮ ਤੌਰ 'ਤੇ ਸਮਝੌਤਿਆਂ" ਸਬੰਧੀ ਲੰਮੇ ਵਖਿਆਣਾਂ ਰਾਹੀਂ ਧੋਖਾ ਦੇ ਜਾਣ ਅਤੇ ਜ਼ਿੰਮੇਵਾਰੀ ਤੋਂ ਬਚ ਜਾਣ ਦੀ ਆਗਿਆ ਨਾ ਦਿੱਤੀ ਜਾਵੇ। ਬਰਤਾਨਵੀ ਟਰੇਡ ਯੂਨੀਅਨਾਂ ਦੇ ਅਤੇ ਫੇਬੀਅਨ ਸੋਸਾਇਟੀ ਅਤੇ "ਇੰਡੀਪੈਂਡੈਂਟ" ਲੇਬਰ ਪਾਰਟੀ ਦੇ "ਨੇਤਾ" ਉਸ **ਗ਼ੱਦਾਰੀ ਲਈ, ਜਿਹੜੀ ਉਹਨਾਂ ਕੀਤੀ ਹੈ, ਅਜਿਹਾ** ਸਮਝੌਤਾ ਕਰਨ ਲਈ ਜਿਹੜਾ ਅਸਲ ਵਿੱਚ ਅਤਿ ਭੈੜੀ ਕਿਸਮ ਦੀ ਮੌਕਾ-ਪ੍ਰਸਤੀ, ਧੋਖੇਬਾਜ਼ੀ ਅਤੇ ਵਿਸਾਹ-ਘਾਤ ਹੈ, ਜ਼ਿੰਮੇਵਾਰੀ ਤੋਂ ਬਚਣ ਦਾ ਯਤਨ ਕਰ ਰਹੇ ਹਨ।

ਸਮਝੌਤਿਆਂ ਦੀਆਂ ਵੀ ਕਿਸਮਾਂ ਹੁੰਦੀਆਂ ਹਨ। ਮਨੁੱਖ ਨੂੰ ਇਸ ਯੋਗ ਹੋਣਾ

ਚਾਹੀਦਾ ਹੈ ਕਿ ਉਹ ਹਰ ਸਮਝੌਤੇ ਦੀਆਂ, ਸਮਝੌਤੇ ਦੀ ਹਰ ਕਿਸਮ ਦੀ ਪ੍ਰਸਥਿਤੀ ਅਤੇ ਠੋਸ ਹਾਲਤਾਂ ਦਾ ਵਿਸ਼ਲੇਸ਼ਣ ਕਰ ਸਕੇ। ਇੱਕ ਮਨੁੱਖ ਡਾਕੂਆਂ ਨੂੰ ਨਕਦੀ ਅਤੇ ਹਥਿਆਰ ਇਸ ਲਈ ਦੇਂਦਾ ਹੈ ਕਿ ਉਹ ਬਹੁਤਾ ਨੁਕਸਾਨ ਨਾ ਕਰ ਸਕਣ ਅਤੇ ਪਿੱਛੋਂ ਜਾ ਕੇ ਉਹਨਾਂ ਨੂੰ ਫੜਨ ਅਤੇ ਫ਼ਾਂਸੀ ਦੇਣ ਵਿੱਚ ਸਹਾਇਤਾ ਮਿਲ਼ੇ, ਦੂਜਾ ਮਨੁੱਖ ਲੁੱਟ ਵਿੱਚ ਹਿੱਸਾ ਲੈਣ ਲਈ ਡਾਕੂਆਂ ਨੂੰ ਨਕਦੀ ਅਤੇ ਹਥਿਆਰ ਦੇਂਦਾ ਹੈ; ਸਾਨੂੰ ਦੁਹਾਂ ਵਿਚਕਾਰ ਨਖੇੜਾ ਕਰਨਾ ਸਿੱਖਣਾ ਚਾਹੀਦਾ ਹੈ। ਰਾਜਨੀਤੀ ਵਿੱਚ ਇਹ ਸਦਾ ਏਨਾ ਸਾਦਾ ਨਹੀਂ ਹੁੰਦਾ ਜਿੰਨਾਂ ਇਸ ਬੱਚਿਆਂ ਵਾਲ਼ੇ ਉਦਾਹਰਣ ਵਿੱਚ ਹੈ। ਪਰ ਜੋ ਕੋਈ ਕਿਰਤੀਆਂ ਲਈ ਅਜਿਹਾ ਨੁਸਖ਼ਾ ਤਿਆਰ ਕਰਨ ਲੱਗ ਪੈਂਦਾ ਹੈ ਜਿਹੜਾ ਜ਼ਿੰਦਗੀ ਦੀਆਂ ਸਭਨਾਂ ਪ੍ਰਸਿਥੀਆਂ ਦਾ ਹੱਲ ਅਗਾਉਂ ਹੀ ਦੱਸ ਦੇਂਦਾ ਹੈ ਜਾਂ ਜਿਹੜਾ ਇਹ ਯਕੀਨ ਦਿਵਾਉਂਦਾ ਹੈ ਕਿ ਇਨਕਲਾਬੀ ਪ੍ਰੋਲਤਾਰੀ ਦੀ ਨੀਤੀ ਨੂੰ ਕਦੇ ਵੀ ਔਖੀ ਜਾਂ ਪੇਚਦਾਰ ਹਾਲਤਾਂ ਦਾ ਸਾਹਮਣਾ ਨਹੀਂ ਕਰਨਾ ਪਵੇਗਾ, ਉਹ ਕੇਵਲ ਪਖੰਡੀ ਹੈ।

ਗ਼ਲਤ ਅਰਥ ਕੱਢੇ ਜਾਣ ਦੀ ਸੰਭਾਵਨਾ ਉੱਕਾ ਹੀ ਖ਼ਤਮ ਕਰਨ ਲਈ ਮੈਂ ਠੋਸ ਸਮਝੌਤਿਆਂ ਦਾ ਵਿਸ਼ਲੇਸ਼ਣ ਕਰਨ ਲਈ ਕੁਝ ਬੁਨਿਆਦੀ ਅਸੂਲ ਉਲੀਕਣ ਦਾ ਯਤਨ ਕਰਾਂਗਾਂ, ਭਾਵੇਂ ਬਹੁਤ ਸੰਖੇਪ ਤੌਰ ’ਤੇ ਹੀ।

ਜਿਸ ਪਾਰਟੀ ਨੇ ਬ੍ਰੈਸਤ-ਲਿਤਵੋਸਕ ਸੰਧੀ ਉੱਤੇ ਦਸਤਖ਼ਤ ਕਰਕੇ ਜਰਮਨ ਸਾਮਰਾਜੀਆਂ ਨਾਲ਼ ਸਮਝੌਤਾ ਕੀਤਾ, ਉਹ ਅਮਲ ਵਿੱਚ 1914 ਦੇ ਅੰਤ ਤੋਂ ਹੀ ਆਪਣੇ ਕੌਮਾਂਤਰੀਵਾਦ ਦਾ ਵਿਕਾਸ ਕਰਦੀ ਆਈ ਸੀ। ਉਹਨੇ ਜ਼ਾਰਸ਼ਾਹੀ ਬਾਦਸ਼ਾਹੀ ਦਾ ਤਖ਼ਤਾ ਉਲਟਣ ਦਾ ਨਾਹਰਾ ਦਿੱਤਾ ਅਤੇ ਦੋ ਸਾਮਰਾਜਵਾਦੀ ਲੁਟੇਰਿਆਂ ਵਿਚਕਾਰ ਯੁੱਧ ਵਿੱਚ “ਪਿਤੱਰੀ-ਭੂਮੀ ਦੀ ਰੱਖਿਆ” ਦੇ ਨਾਹਰੇ ਦੀ ਨਿਖੇਧੀ ਕੀਤੀ। ਇਸ ਪਾਰਟੀ ਦੇ ਪਾਰਲੀਮਾਨੀ ਪ੍ਰਤਿਨਿਧਾਂ ਨੇ ਬੁਰਜੂਆ ਹਕੂਮਤ ਵਿੱਚ ਵਜ਼ਾਰਤੀ ਪਦਵੀਆਂ ਨਾਲ਼ੋਂ ਸਾਇਬੇਰੀਆ ਵਿੱਚ ਜਲਾਵਤਨੀ ਨੂੰ ਚੰਗੇਰਾ ਸਮਝਿਆ। ਜਿਸ ਇਨਕਲਾਬ ਨੇ ਜ਼ਾਰਸ਼ਾਹੀ ਦਾ ਤਖ਼ਤਾ ਉਲਟਿਆ ਅਤੇ ਇੱਕ ਜਮਹੂਰੀ ਗਣ-ਰਾਜ ਸਥਾਪਤ ਕੀਤਾ ਉਹਨੇ ਇਸ ਪਾਰਟੀ ਨੂੰ ਇੱਕ ਨਵੀਂ ਅਤੇ ਬਹੁਤ ਵੱਡੀ ਪਰਖ ਵਿੱਚ ਪਾ ਦਿੱਤਾ — ਇਸ ਪਾਰਟੀ ਨੇ “ਆਪਣੇ” ਸਾਮਰਾਜੀਆਂ ਨਾਲ਼ ਕੋਈ ਸਮਝੌਤੇ ਨਾ ਕੀਤੇ ਸਗੋਂ ਉਹਨਾਂ ਦਾ ਤਖ਼ਤਾ ਉਲਟਣ ਦੀ ਤਿਆਰੀ ਕੀਤੀ ਅਤੇ ਉਹਨਾਂ ਦਾ ਤਖ਼ਤਾ ਉਲਟ ਦਿਤਾ। ਜਦੋਂ ਰਾਜਸੀ ਸੱਤ੍ਹਾ ਇਸ ਪਾਰਟੀ ਦੇ ਹੱਥ ਆ ਗਈ ਤਾਂ ਇਹਨੇ ਜਗੀਰੂ ਜਾਂ ਸਰਮਾਏਦਾਰ ਮਾਲਕੀ ਦਾ ਅੰਸ਼ ਤੱਕ ਨਾ ਰਹਿਣ ਦਿੱਤਾ। ਸਾਮਰਾਜੀਆਂ ਦੀਆਂ ਗੁਪਤ ਸੰਧੀਆਂ ਪ੍ਰਕਾਸ਼ਤ ਕਰਕੇ ਅਤੇ ਉਹਨਾਂ ਨੂੰ ਮਨਸੂਖ਼ ਕਰਕੇ ਇਸ ਪਾਰਟੀ ਨੇ **ਸਭਨਾਂ** ਕੌਮਾਂ[23] ਸਾਹਮਣੇ ਅਮਨ ਦੀ ਤਜਵੀਜ਼ ਰੱਖੀ ਅਤੇ ਬ੍ਰੈਸਤ-ਲਿਤੋਵਸਕ ਦੇ ਡਾਕੂਆਂ ਦੀ ਹਿੰਸਾ ਸਾਹਮਣੇ ਉਦੋਂ ਹੀ ਝੁਕੀ ਜਦੋਂ ਅੰਗ੍ਰੇਜ਼-ਫਰਾਂਸੀਸੀ ਸਾਮਰਾਜੀਆਂ ਨੇ ਅਮਨ ਕਾਇਮ ਹੋਣਾ ਉੱਕਾ ਹੀ ਅਸੰਭਵ ਬਣਾ ਦਿੱਤਾ ਸੀ ਅਤੇ ਜਦੋਂ ਬਾਲਸ਼ਵਿਕ ਜਰਮਨੀ ਅਤੇ ਹੋਰਨਾਂ ਦੇਸ਼ਾਂ ਵਿੱਚ ਅਮਨ ਸਥਾਪਤ ਕਰਨ ਲਈ ਉਹ ਸਭ ਕੁਝ ਕਰ ਚੁੱਕੇ ਸਨ ਜੋ ਮਨੁੱਖੀ ਤੌਰ ’ਤੇ ਸੰਭਵ ਹੈ। ਅਜਿਹੀ ਪਾਰਟੀ ਵੱਲੋਂ ਅਜਿਹੀ ਹਾਲਤ ਵਿੱਚ ਕੀਤਾ ਸਮਝੌਤਾ ਉੱਕਾ ਹੀ ਠੀਕ

ਸੀ, ਇਹ ਗੱਲ ਹਰ ਲੰਘਦੇ ਦਿਨ ਸਦਾ ਵਧੇਰੇ ਸਪੱਸ਼ਟ ਹੁੰਦੀ ਜਾ ਰਹੀ ਹੈ।

ਰੂਸ ਵਿੱਚ ਮੈਨਸ਼ਵਿਕਾਂ ਅਤੇ ਸੋਸ਼ਲਿਸਟ-ਇਨਕਲਾਬੀਆਂ ਨੇ (1914-1920 ਵਿੱਚ ਸੰਸਾਰ ਭਰ ਵਿੱਚ ਦੂਜੀ ਇੰਟਰਨੈਸ਼ਨਲ ਦੇ ਸਭਨਾਂ ਆਗੂਆਂ ਵਾਂਗ) ਗ਼ੱਦਾਰੀ ਨਾਲ — ਸਿੱਧੇ ਜਾਂ ਅਣਸਿੱਧੇ ਢੰਗ ਨਾਲ਼ "ਪਿੱਤਰੀ-ਭੂਮੀ ਦੀ ਰੱਖਿਆ" ਅਰਥਾਤ **ਆਪਣੇ ਦੇਸ਼** ਦੀ ਲੋਟੂ ਬੁਰਜੂਆਜ਼ੀ ਦੀ ਰੱਖਿਆ ਨੂੰ ਠੀਕ ਸਿੱਧ ਕਰਨ ਨਾਲ਼, ਮੁੱਢ ਬੰਨ੍ਹਿਆ। ਉਹਨਾਂ **ਆਪਣੇ** ਦੇਸ਼ ਦੀ ਬੁਰਜੂਆਜ਼ੀ ਨਾਲ਼ ਕੁਲੀਸ਼ਨ ਬਣਾ ਕੇ ਅਤੇ **ਆਪਣੇ** ਦੇਸ਼ ਦੀ ਬੁਰਜੂਆਜ਼ੀ ਨਾਲ਼ ਰੱਲ ਕੇ ਆਪਣੇ ਦੇਸ਼ ਦੇ ਪ੍ਰੋਲਤਾਰੀ ਵਿਰੁੱਧ ਲੜ ਕੇ ਇਹ ਗ਼ੱਦਾਰੀ ਜਾਰੀ ਰੱਖੀ। ਰੂਸ ਵਿੱਚ ਪਹਿਲਾਂ ਕੇਰੇਨਸਕੀ ਅਤੇ ਕੈਡਿਟਾਂ[24] ਨਾਲ਼ ਅਤੇ ਫੇਰ ਕੋਲਚਾਕ ਅਤੇ ਦੇਨੀਕਿਨ ਨਾਲ਼ ਉਹਨਾਂ ਦਾ ਗੱਠ-ਜੋੜ ਉਹਨਾਂ ਦੇ **ਆਪਣੇ** ਦੇਸ਼ ਦੀ ਬੁਰਜੂਆਜ਼ੀ ਨਾਲ਼ ਉਹਨਾਂ ਦੇ ਹਮ-ਖ਼ਿਆਲਾਂ ਦੇ ਗੱਠ-ਜੋੜਾਂ ਵਾਂਗ ਹੀ ਪ੍ਰੋਲਤਾਰੀ ਦੇ ਵਿਰੁੱਧ ਬੁਰਜੂਆਜ਼ੀ ਨਾਲ਼ ਜਾ ਮਿਲ਼ਣਾ ਸੀ। ਸ਼ੁਰੂ ਤੋਂ ਅਖੀਰ ਤੱਕ ਸਾਮਰਾਜਵਾਦ ਦੇ ਡਾਕੂਆਂ ਨਾਲ਼ **ਉਹਨਾਂ** ਦਾ ਸਮਝੌਤਾ ਉਹਨਾਂ ਨੂੰ ਸਾਮਰਾਜੀ ਡਕੈਤੀ ਵਿੱਚ **ਸਾਥੀ** ਬਣਾਉਂਦਾ ਸੀ।

## 5. ਜਰਮਨੀ ਵਿੱਚ 'ਖੱਬੇ-ਪੱਖੀ' ਕਮਿਊਨਿਜ਼ਮ

## ਨੇਤਾ—ਪਾਰਟੀ—ਸ਼੍ਰੇਣੀ—ਜਨਤਾ

ਜਿਨ੍ਹਾਂ ਜਰਮਨ ਕਮਿਊਨਿਸਟਾਂ ਦਾ ਅਸੀਂ ਹੁਣ ਜ਼ਿਕਰ ਕਰਨ ਲੱਗੇ ਹਾਂ, ਉਹ ਆਪਣੇ ਆਪ ਨੂੰ "ਖੱਬੇ-ਪੱਖੀ" ਨਹੀਂ ਸਗੋਂ, ਜੇ ਮੈਂ ਗ਼ਲਤੀ ਨਹੀਂ ਕਰਦਾ ਤਾਂ "ਅਸੂਲੀ ਤੌਰ 'ਤੇ ਵਿਰੋਧੀ-ਦਲ"[25] ਕਹਿੰਦੇ ਹਨ। ਪਰ ਜਿਹਾ ਕਿ ਅੱਗੇ ਚੱਲ ਕੇ ਸਪੱਸ਼ਟ ਹੋ ਜਾਵੇਗਾ, "ਖੱਬੇ-ਪੱਖ ਦੇ ਬਚਗਾਨੇ ਰੋਗ" ਦੀਆਂ ਸਾਰੀਆਂ ਨਿਸ਼ਾਨੀਆਂ ਉਹਨਾਂ ਵਿੱਚ ਮਿਲ਼ਦੀਆਂ ਹਨ।

ਇਸ ਵਿਰੋਧੀ-ਦਲ ਦੇ ਦ੍ਰਿਸ਼ਟੀਕੋਣ ਤੋਂ ਲਿਖੀ ਗਈ, 'ਜਰਮਨੀ ਦੀ ਕਮਿਊਨਿਸਟ ਪਾਰਟੀ (ਸਪਾਰਟਾਕਸ ਲੀਗ) ਵਿੱਚ ਫੁੱਟ', ਜੋ "ਫ਼ਰੈਂਕਫ਼ੋਰਟ ਅਮ ਮਾਇਨ ਦੀ ਸਥਾਨਕ ਟੋਲੀ" ਨੇ ਛਾਪੀ ਹੈ, ਇਸ ਵਿਰੋਧੀ-ਦਲ ਦੇ ਵਿਚਾਰਾਂ ਨੂੰ ਬੜੇ ਨਪੇ-ਤੁਲ਼ੇ ਸ਼ਬਦਾਂ ਵਿੱਚ, ਬੜੀ ਹੀ ਸਪੱਸ਼ਟਤਾ ਅਤੇ ਸੰਖੇਪਤਾ ਨਾਲ਼ ਪੇਸ਼ ਕਰਦੀ ਹੈ। ਕੁਝ ਟੂਕਾਂ ਤੋਂ ਪਾਠਕ ਨੂੰ ਇਹਨਾਂ ਦੇ ਤਾਤ-ਪਰਜ ਦਾ ਪਤਾ ਲੱਗ ਜਾਵੇਗਾ:

> "ਕਮਿਊਨਿਸਟ ਪਾਰਟੀ ਅਤਿਅੰਤ ਦ੍ਰਿੜਤਾ ਨਾਲ਼ ਲੜੇ ਸ਼੍ਰੇਣੀ ਘੋਲ਼ ਦੀ ਪਾਰਟੀ ਹੈ...
>
> "... ਰਾਜਸੀ ਪੱਖ ਤੋਂ ਅੰਤਰ-ਕਾਲੀਨ ਸਮਾਂ (ਸਰਮਾਏਦਾਰੀ ਅਤੇ ਸੋਸ਼ਲਿਜ਼ਮ ਦੇ ਵਿਚਕਾਰ ਦਾ ਸਮਾਂ): ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦਾ ਸਮਾਂ ਹੈ..."
>
> "... ਸਵਾਲ ਉੱਠਦਾ ਹੈ ਇਹ ਡਿਕਟੇਟਰਸ਼ਿਪ ਕੌਣ ਲਾਗੂ ਕਰੇਗਾ; **ਕਮਿਊਨਿਸਟ ਪਾਰਟੀ ਜਾਂ ਪ੍ਰੋਲੇਤਾਰੀ ? ਅਸੂਲੀ** ਸਵਾਲ ਇਹ ਹੈ, ਸਾਨੂੰ ਕਮਿਊਨਿਸਟ ਪਾਰਟੀ ਦੀ ਡਿਕਟੇਟਰਸ਼ਿਪ ਕਾਇਮ ਕਰਨ ਲਈ ਯਤਨ ਕਰਨਾ

ਚਾਹੀਦਾ ਹੈ ਜਾਂ ਪ੍ਰੋਲਤਾਰੀ ਦੀ ?..." (ਸ਼ਬਦਾਂ ਉੱਤੇ ਜ਼ੋਰ ਮੂਲ ਪੈਫ਼ਲਟ ਵਿੱਚ ਦਿੱਤਾ ਗਿਆ ਹੈ)

ਅੱਗੇ ਚੱਲ ਕੇ ਪੈਂਫ਼ਲਟ ਦਾ ਲੇਖਕ ਜਰਮਨੀ ਦਾ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਉੱਤੇ ਦੋਸ਼ ਲਾਉਂਦਾ ਹੈ ਕਿ ਉਹ **ਜਰਮਨੀ ਦੀ ਇੰਡੀਪੈਂਡੈਂਟ ਸੋਸ਼ਲ-ਡੈਮੋਕਰੈਟਕ ਪਾਰਟੀ ਨਾਲ਼ ਸਹਿ-ਮੇਲ ਬਣਾਉਣ** ਦਾ ਯਤਨ ਕਰ ਰਹੀ ਹੈ ਅਤੇ ਪਾਰਲੀਮਾਨੀਵਾਦ ਸਮੇਤ ਘੋਲ਼ ਦੇ "**ਸਭ ਰਾਜਸੀ ਢੰਗਾਂ ਨੂੰ ਅਸੂਲੀ ਤੌਰ 'ਤੇ ਪ੍ਰਵਾਨ ਕਰਨ ਦਾ ਮਸਲਾ**" ਨਿਰਦਲੀਆਂ ਨਾਲ਼ ਸਹਿ-ਮੇਲ ਬਣਾਉਣ ਦੇ ਆਪਣੇ ਅਸੂਲੀ ਅਤੇ ਮੁੱਖ ਯਤਨਾਂ ਉੱਤੇ ਪਾਉਣ ਲਈ ਉਠਾ ਰਹੀ ਹੈ। ਅੱਗੇ ਚੱਲ ਕੇ ਪੈਂਫ਼ਲੈਟ ਕਹਿੰਦਾ ਹੈ:

> "ਵਿਰੋਧੀ-ਦਲ ਨੇ ਇੱਕ ਹੋਰ ਰਾਹ ਚੁਣ ਲਿਆ ਹੈ। ਉਹਨਾਂ ਦਾ ਵਿਚਾਰ ਹੈ ਕਿ ਕਮਿਊਨਿਸਟ ਪਾਰਟੀ ਦੀ ਹਕੂਮਤ ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦਾ ਮਸਲਾ ਕੇਵਲ ਦਾਅ-ਪੇਚਾਂ ਦਾ ਮਸਲਾ ਹੈ। ਕੁਝ ਵੀ ਹੋਵੇ ਕਮਿਊਨਿਸਟ ਪਾਰਟੀ ਦੀ ਸਰਦਾਰੀ ਪਾਰਟੀ ਹਕੂਮਤ ਦਾ ਅਖੀਰਲਾ ਰੂਪ ਹੀ ਹੈ। **ਅਸੂਲੀ ਤੌਰ 'ਤੇ** ਸਾਨੂੰ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਲਈ ਯਤਨ ਕਰਨਾ ਚਾਹੀਦਾ ਹੈ ਅਤੇ ਪਾਰਟੀ ਦੀਆਂ ਸਭੇ ਕਾਰਵਾਈਆਂ ਇਹਦੀਆਂ ਜਥੇਬੰਦੀਆਂ, ਘੋਲ਼ ਦੇ ਢੰਗਾਂ, ਯੁੱਧ-ਨੀਤੀ ਅਤੇ ਦਾਅ-ਪੇਚਾਂ ਦਾ ਨਿਸ਼ਾਨਾ ਇਹੋ ਹੋਣਾ ਚਾਹੀਦਾ ਹੈ। ਤਦਅਨੁਸਾਰ ਹੋਰਨਾਂ ਪਾਰਟੀਆਂ ਨਾਲ਼ ਸਭ ਸਮਝੌਤੇ, ਇਤਿਹਾਸਕ ਅਤੇ ਰਾਜਸੀ ਪੱਖ ਤੋਂ ਸਮਾਂ ਵਿਹਾ ਚੁੱਕੇ ਘੋਲ਼ ਦੇ ਪਾਰਲੀਮਾਨੀ ਰੂਪਾਂ ਵੱਲ ਹਰ ਵਾਪਸੀ ਅਤੇ ਪੈਂਤੜੇਬਾਜੀ ਅਤੇ ਸਮਝੌਤੇ ਦੀ ਹਰ ਨੀਤੀ ਨੂੰ ਜ਼ੋਰਦਾਰ ਢੰਗ ਨਾਲ਼ ਰੱਦ ਕਰਨਾ ਲਾਜ਼ਮੀ ਹੈ।" "ਇਨਕਲਾਬੀ ਘੋਲ਼ ਦੇ ਵਿਸ਼ੇਸ਼ ਤੌਰ 'ਤੇ ਪ੍ਰੋਲਤਾਰੀ ਢੰਗਾਂ ਉੱਤੇ ਬਹੁਤ ਜ਼ੋਰ ਦੇਣਾ ਚਾਹੀਦਾ ਹੈ। ਸਾਨੂੰ ਵਿਸ਼ਾਲ ਤੋਂ ਵਿਸ਼ਾਲ ਅਧਾਰ ਉਤੇ ਅਤੇ ਵਿਸ਼ਾਲ ਤੋਂ ਵਿਸ਼ਾਲ ਪੱਧਰ ਉੱਤੇ ਜਥੇਬੰਦੀ ਦੇ ਨਵੇਂ ਰੂਪ ਘੜ੍ਹਨੇ ਚਾਹੀਦੇ ਹਨ, ਤਾਂ ਜੁ ਪ੍ਰੋਲਤਾਰੀ ਦੇ ਵਿਸ਼ਾਲ ਤੋਂ ਵਿਸ਼ਾਲ ਹਲਕਿਆਂ ਅਤੇ ਪਰਤਾਂ ਨੂੰ ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠ ਇਨਕਲਾਬੀ ਘੋਲ਼ ਵਿੱਚ ਲਿਆਂਦਾ ਜਾਵੇ। ਕਾਰਖਾਨਾ ਜਥੇਬੰਦੀਆਂ ਉੱਤੇ ਅਧਾਰਤ **ਕਿਰਤੀਆਂ ਦੀ ਯੂਨੀਅਨ** ਅਜਿਹਾ ਧੁਰਾ ਹੋਵੇਗੀ ਜਿਸ ਦਵਾਲ਼ੇ ਸਾਰੇ ਇਨਕਲਾਬੀ ਅੰਸ਼ ਇਕੱਠੇ ਹੋ ਜਾਣਗੇ। ਇਸ ਵਿੱਚ ਉਹ ਸਾਰੇ ਕਿਰਤੀ ਇੱਕਮੁੱਠ ਹੋਣਗੇ ਜਿਹੜਾ 'ਟਰੇਡ-ਯੂਨੀਅਨਾਂ ਛੱਡ ਦਿਓ' ਦੇ ਨਾਅਰੇ 'ਤੇ ਚੱਲਦੇ ਹਨ। ਇਸ ਵਿੱਚ ਹੀ ਲੜਾਕੂ ਪ੍ਰੋਲਤਾਰੀ ਯੁੱਧ ਲਈ ਆਪਣੀਆਂ ਸਫ਼ਾਂ ਲਾਮ-ਬੰਦ ਕਰਦਾ ਹੈ। ਸ਼੍ਰੇਣੀ ਘੋਲ਼, ਸੋਵੀਅਤ ਪ੍ਰਣਾਲੀ ਅਤੇ ਡਿਕਟੇਟਰਸ਼ਿਪ ਨੂੰ ਕਬੂਲਣਾ ਇਸ ਯੂਨੀਅਨ ਵਿੱਚ ਦਾਖਲੇ ਲਈ ਕਾਫ਼ੀ ਹੋਵੇਗਾ। ਲੜਾਕੂ ਜਨਤਾ ਦੀ ਭਵਿੱਖ ਦੀ ਸਮੁੱਚੀ ਰਾਜਸੀ ਵਿੱਦਿਆ ਅਤੇ ਉਹਨਾਂ ਨੂੰ ਰਾਜਨੀਤਕ ਸੇਧ ਦੇਣਾ ਕਮਿਊਨਿਸਟ ਪਾਰਟੀ ਦਾ ਕੰਮ ਹੈ, ਜਿਹੜੀ ਕਿਰਤੀਆਂ ਦੀ ਯੂਨੀਅਨ ਤੋਂ ਵੱਖ ਰਹੇਗੀ...."

"...ਇਹਦੀ ਸਿੱਟੇ ਵਜੋਂ ਅੱਜ ਦੋ ਕਮਿਊਨਿਸਟ ਪਾਰਟੀਆਂ ਇੱਕ ਦੂਜੇ ਵਿਰੁੱਧ ਖੜ੍ਹੀਆਂ ਹਨ:

"**ਇੱਕ ਨੇਤਾਵਾਂ ਦੀ ਪਾਰਟੀ ਹੈ**, ਜਿਹੜੀ ਸਮਝੌਤਿਆਂ ਦਾ ਸਹਾਰਾ ਲੈ ਕੇ ਅਤੇ ਪਾਰਲੀਮਾਨੀ ਢੰਗ ਵਰਤ ਕੇ **ਉੱਪਰੋਂ** ਇਨਕਲਾਬੀ ਘੋਲ਼ ਜਥੇਬੰਦ ਕਰਨ ਅਤੇ ਚਲਾਉਣ ਦਾ ਯਤਨ ਕਰਦੀ ਹੈ ਤਾਂ ਜੁ ਅਜਿਹੀਆਂ ਪ੍ਰਸਥਿਤੀਆਂ ਪੈਦਾ ਹੋ ਜਾਣ ਜਿਨ੍ਹਾਂ ਵਿੱਚ ਉਹ ਇੱਕ ਅਜਿਹੀ ਮਿਲ਼ੀ ਜੁਲ਼ੀ ਹਕੂਮਤ ਵਿਚ ਸ਼ਾਮਲ ਹੋ ਜਾਵੇ ਜਿਸ ਦੇ ਹੱਥ ਡਿਕਟੇਟਰਸ਼ਿਪ ਹੋਵੇ।

"**ਦੂਜੀ ਜਨਤਾ ਦੀ ਪਾਰਟੀ ਹੈ**, ਜਿਹੜੀ ਹੇਠੋਂ ਇਨਕਲਾਬੀ ਘੋਲ਼ ਦੇ ਉਭਾਰ ਦੀ ਆਸ ਰੱਖਦੀ ਹੈ, ਜਿਹੜੀ ਘੋਲ਼ ਦਾ ਇੱਕੋ ਇੱਕ ਢੰਗ ਜਾਣਦੀ ਅਤੇ ਉਸੇ ਨੂੰ ਵਰਤਦੀ ਹੈ — ਇਹ ਇੱਕ ਅਜਿਹਾ ਢੰਗ ਹੈ ਜਿਹੜਾ ਸਾਫ਼ ਤੌਰ 'ਤੇ ਨਿਸ਼ਾਨੇ ਵੱਲ ਜਾਂਦਾ ਹੈ — ਅਤੇ ਸਭਨਾਂ ਪਾਰਲੀਮਾਨੀ ਅਤੇ ਮੌਕਾ-ਪ੍ਰਸਤ ਤਰੀਕਿਆਂ ਨੂੰ ਰੱਦ ਕਰਦਾ ਹੈ। ਉਹ ਇੱਕੋ ਇੱਕ ਢੰਗ ਹੈ ਬਿਨਾਂ ਸ਼ਰਤ **ਬੁਰਜੂਆਜ਼ੀ ਦਾ ਤਖ਼ਤਾ ਉਲਟਣਾ** ਤਾਂ ਜੁ ਉਸ ਤੋਂ ਪਿੱਛੋਂ ਸੋਸ਼ਲਿਜ਼ਮ ਦੀ ਪ੍ਰਾਪਤੀ ਲਈ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਸਥਾਪਤ ਕੀਤੀ ਜਾਵੇ...

"... ਉਧਰ ਨੇਤਾਵਾਂ ਦੀ ਡਿਕਟੇਟਰਸ਼ਿਪ; ਇੱਧਰ ਜਨਤਾ ਦੀ ਡਿਕਟੇਟਰਸ਼ਿਪ! ਇਹ ਹੈ ਸਾਡਾ ਨਾਹਰਾ।"

ਇਹ ਹਨ ਜਰਮਨ ਕਮਿਊਨਿਸਟ ਪਾਰਟੀ ਵਿੱਚ ਵਿਰੋਧੀ ਦਲ ਦੇ ਵਿਚਾਰਾਂ ਦੇ ਮੁੱਖ ਲਖਣਾਇਕ ਲੱਛਣ।

ਜਿਸ ਕਿਸੇ ਬਾਲਸ਼ਵਿਕ ਨੇ 1903 ਤੋਂ ਬਾਲਸ਼ਵਿਕਵਾਦ ਦੇ ਵਿਕਾਸ ਵਿੱਚ ਹਿੱਸਾ ਲਿਆ ਹੈ ਜਾਂ ਜਿਸਨੇ ਇਹਦੇ ਵਿਕਾਸ ਵਲ ਨੇੜਵਾਂ ਧਿਆਨ ਦਿੱਤਾ ਹੈ, ਇਹ ਦਲੀਲਾਂ ਪੜ੍ਹ ਕੇ ਇੱਕਦਮ ਕਹੇਗਾ: "ਕਿਹੀ ਪੁਰਾਣੀ ਅਤੇ ਜਾਣੀ ਪਛਾਣੀ ਬਕਵਾਸ ਹੈ! ਕਿਹਾ 'ਖੱਬੇ-ਪੱਖੀ' ਬਚਗਾਨਾਪੁਣਾ ਹੈ!"

ਪਰ ਆਓ ਅਸੀਂ ਇਹਨਾਂ ਦਲੀਲਾਂ ਨੂੰ ਰਤਾ ਵਧੇਰੇ ਧਿਆਨ ਨਾਲ਼ ਵਿਚਾਰੀਏ।

"ਪਾਰਟੀ ਦੀ ਡਿਕਟੇਟਰਸ਼ਿਪ **ਜਾਂ** ਸ਼੍ਰੇਣੀ ਦੀ ਡਿਕਟੇਟਰਸ਼ਿਪ, ਨੇਤਾਵਾਂ ਦੀ ਡਿਕਟੇਟਰਸ਼ਿਪ (ਪਾਰਟੀ) **ਜਾਂ** ਜਨਤਾ ਦੀ ਡਿਕਟੇਟਰਸ਼ਿਪ (ਪਾਰਟੀ)?"— ਸਵਾਲ ਨੂੰ ਪੇਸ਼ ਕਰਨ ਦਾ ਇਹ ਢੰਗ ਸੋਚ ਵਿੱਚ ਅਣ-ਮੰਨਵੀ ਅਤੇ ਨਿਰਾਸ਼ਾਜਨਕ ਗੜਬੜ ਦੀ ਸ਼ਾਹਦੀ ਭਰਦਾ ਹੈ। ਇਹ ਲੋਕ ਕਿਸੇ ਅਸਾਧਾਰਨ ਗੱਲ ਦੀ **ਕਾਢ ਕਰਨਾ** ਚਾਹੁੰਦੇ ਹਨ ਅਤੇ ਅਜਿਹਾ ਕਰਦੇ ਹੋਏ ਆਪਣੇ ਆਪ ਨੂੰ ਹਾਸੋਹੀਣਾ ਬਣਾ ਰਹੇ ਹਨ। ਇਸ ਗੱਲ ਦਾ ਸਭ ਨੂੰ ਪਤਾ ਹੈ ਕਿ ਜਨਤਾ ਸ਼੍ਰੇਣੀਆਂ ਵਿੱਚ ਵੰਡੀ ਹੋਈ ਹੈ; ਕਿ ਸ਼੍ਰੇਣੀਆਂ ਦਾ ਮੁਕਾਬਲਾ ਜਨਤਾ ਨਾਲ਼ ਤਾਂ ਹੀ ਕੀਤਾ ਜਾ ਸਕਦਾ ਹੈ ਜੇ ਉਪਜ ਦੇ ਸਮਾਜੀ ਪ੍ਰਬੰਧ ਨੂੰ ਭੁੱਲਾ ਕੇ ਆਮ ਜਨਤਾ ਦੀ ਭਾਰੀ ਬਹੁ-ਗਿਣਤੀ ਨੂੰ ਉਪਜ ਦੇ ਸਮਾਜੀ ਪ੍ਰਬੰਧ ਵਿੱਚ ਮਿੱਥੀ ਹੈਸੀਅਤ ਰੱਖਣ ਵਾਲ਼ੀਆਂ ਪੱਟੀਆਂ ਨੂੰ ਰੱਖਿਆ ਜਾਵੇ; ਕਿ ਆਮ ਤੌਰ 'ਤੇ ਵਧੇਰੇ ਕਰਕੇ — ਘੱਟੋ-ਘੱਟ ਅੱਜ ਦੇ ਸੱਭਿਅ ਦੇਸ਼ਾਂ

ਵਿੱਚ— ਰਾਜਨੀਤਕ ਪਾਰਟੀਆਂ ਹੀ ਸ਼੍ਰੇਣੀਆਂ ਦੀ ਅਗਵਾਈ ਕਰਦੀਆਂ ਹਨ; ਕਿ ਆਮ ਤੌਰ 'ਤੇ ਸਭ ਤੋਂ ਵੱਧ ਅਧਿਕਾਰ ਵਾਲੇ, ਬਾਰਸੂਖ਼ ਅਤੇ ਤਜ਼ਰਬੇਕਾਰ ਮੈਂਬਰਾਂ ਦੀਆਂ ਰਾਜਸੀ ਟੋਲੀਆਂ ਹੀ, ਜਿਨ੍ਹਾਂ ਨੂੰ ਸਭ ਤੋਂ ਵੱਧ ਮਹੱਤਵਪੂਰਨ ਪਦਵੀਆਂ ਲਈ ਚੁਣਿਆ ਜਾਂਦਾ ਹੈ ਅਤੇ ਜਿਨ੍ਹਾਂ ਨੂੰ ਨੇਤਾ ਕਿਹਾ ਜਾਂਦਾ ਹੈ, ਪਾਰਟੀਆਂ ਨੂੰ ਚਲਾਉਂਦੀਆਂ ਹਨ। ਇਹ ਸਭ ਕੁਝ ਤਾਂ ਊੜਾ ਐੜਾ ਹੈ। ਇਹ ਸਭ ਸਪੱਸ਼ਟ ਅਤੇ ਸਾਦਾ ਹੈ। ਇਸ ਸਭ ਕੁਝ ਦੀ ਥਾਂ ਮਾਮਲੇ ਨੂੰ ਉਲਝਾਉਣ ਅਤੇ ਵੋਲਾਪਿਉਕ[26] ਦੀ ਕੀ ਲੋੜ ਹੈ ? ਇਹਦਾ ਇੱਕ ਕਾਰਨ ਤਾਂ ਇਹ ਹੈ ਕਿ ਜਦੋਂ ਇਹਨਾਂ ਲੋਕਾਂ ਨੂੰ ਔਕੜ ਪੇਸ਼ ਆਈ, ਜਦੋਂ ਪਾਰਟੀ ਨੂੰ ਕਾਨੂੰਨੀ ਤੋਂ ਗੈਰ-ਕਾਨੂੰਨੀ ਰੂਪ ਵਿੱਚ ਕੰਮ ਕਰਨ ਦੀ ਤਬਦੀਲੀ ਇੱਕਦਮ ਕਰਨੀ ਪਈ ਅਤੇ ਨੇਤਾਵਾਂ, ਪਾਰਟੀਆਂ ਅਤੇ ਸ਼੍ਰੇਣੀਆਂ ਵਿਚਕਾਰ ਰਵਾਇਤੀ, ਸਧਾਰਨ ਅਤੇ ਸਾਦੇ ਸਬੰਧ ਵਿਗੜ ਗਏ ਤਾਂ ਇਹਨਾਂ ਦੇ ਮਨਾਂ ਵਿੱਚ ਉਲਝਣ ਪੈਦਾ ਹੋ ਗਈ। ਹੋਰ ਯੂਰਪੀ ਦੇਸਾਂ ਵਾਂਗ ਜਰਮਨੀ ਵਿੱਚ ਵੀ ਲੋਕ ਕਾਨੂੰਨੀ ਢੰਗ ਨਾਲ਼ ਕੰਮ ਕਰਨ ਦੇ, ਨੇਮ ਅਨੁਸਾਰ ਹੋਈਆਂ ਪਾਰਟੀ ਕਾਂਗਰਸਾਂ ਵਿੱਚ "ਨੇਤਾਵਾਂ" ਦੀ ਖੁੱਲ੍ਹੀ ਅਤੇ ਬਕਾਇਦਾ ਚੋਣ ਦੇ, ਪਾਰਲੀਮਾਨੀ ਚੋਣਾਂ, ਜਲਸਿਆਂ, ਅਖ਼ਬਾਰਾਂ, ਟਰੇਡ ਯੂਨੀਅਨਾਂ ਅਤੇ ਹੋਰ ਸਭਾਵਾਂ ਦੇ ਵਿਚਾਰਾਂ, ਆਦਿ ਰਾਹੀਂ ਪਾਰਟੀਆਂ ਦੀ ਸ਼੍ਰੇਣੀ ਬਣਤਰ ਦੀ ਪਰਖ ਕਰਨ ਦੇ ਸੌਖੇ ਢੰਗਾਂ ਦੇ ਬਹੁਤ ਆਦੀ ਹੋ ਗਏ ਸਨ। ਜਦੋਂ ਇਨਕਲਾਬ ਦੇ ਤੂਫ਼ਾਨੀ ਵਿਕਾਸ ਅਤੇ ਖ਼ਾਨਾ-ਜੰਗੀ ਦੇ ਵਿਕਾਸ ਕਾਰਨ ਤੇਜ਼ੀ ਨਾਲ਼ ਕਾਨੂੰਨੀ ਤੋਂ ਗ਼ੈਰ-ਕਾਨੂੰਨੀ ਢੰਗ ਵੱਲ ਜਾਣਾ, ਦੁਹਾਂ ਢੰਗਾਂ ਨੂੰ ਮਿਲ਼ਾਉਣਾ ਅਤੇ "ਨੇਤਾਵਾਂ ਦੀਆਂ ਟੋਲੀਆਂ" ਚੁਣਨ ਜਾਂ ਬਣਾਉਣ ਜਾਂ ਕਾਇਮ ਰੱਖਣ ਲਈ "ਅਸੁਖਾਵੇਂ" ਅਤੇ "ਗ਼ੈਰ-ਜਮਹੂਰੀ" ਢੰਗ ਵਰਤਣਾ ਜ਼ਰੂਰੀ ਹੋ ਗਿਆ — ਤਾਂ ਕੁਝ ਲੋਕ ਭੁਚਲਾ ਗਏ ਅਤੇ ਖ਼ਾਲਸ ਬਕਵਾਸ ਕਰਨ ਲੱਗ ਪਏ। ਸ਼ੈਦ ਹਾਲੈਂਡ ਦੀ ਕਮਿਊਨਿਸਟ ਪਾਰਟੀ ਦੇ ਕੁਝ ਮੈਂਬਰ, ਜਿਹੜੇ ਮੰਦੇ-ਭਾਗੀਂ ਇੱਕ ਅਜਿਹੇ ਨਿੱਕੇ ਜਿਹੇ ਦੇਸ਼ ਵਿੱਚ ਪੈਦਾ ਹੋਏ ਜਿੱਥੇ ਅਤਿ ਪ੍ਰਵਾਣਤ ਅਤੇ ਅਤਿ ਸਥਿਰ ਕਾਨੂੰਨੀ ਜੀਵਨ ਦੀਆਂ ਰਵਾਇਤਾਂ ਅਤੇ ਪ੍ਰਸਥਿਤੀਆਂ ਜੰਮੀਆਂ ਹੋਈਆਂ ਹਨ ਅਤੇ ਜਿਨ੍ਹਾਂ ਕਦੇ ਵੀ ਕਾਨੂੰਨੀ ਜੀਵਨ ਤੋਂ ਗ਼ੈਰ-ਕਾਨੂੰਨੀ ਜੀਵਨ ਵੱਲ ਤਬਦੀਲੀ ਨਹੀਂ ਵੇਖੀ, ਭੁੱਚਲਾ ਗਏ, ਹੋਸ਼ ਗਵਾ ਬੈਠੇ ਅਤੇ ਉਹਨਾਂ ਇਹ ਯੱਭਲ ਘਾੜ੍ਹਤਾਂ ਘੜ੍ਹਨ ਵਿੱਚ ਸਹਾਇਤਾ ਦਿਤੀ।

ਦੂਜੇ ਹੱਥ ਅਸੀਂ ਹੁਣ "ਫ਼ੈਸ਼ਨਏਬਲ" ਬਣ ਚੁੱਕੀਆਂ ਇਸਤਲਾਹਾਂ "ਜਨਤਾ" ਅਤੇ "ਨੇਤਾ" ਦੀ ਬੇਸਮਝ ਅਤੇ ਬੇਮੇਲ ਵਰਤੋਂ ਵੇਖਦੇ ਹਾਂ। ਇਹਨਾਂ ਲੋਕਾਂ ਨੇ "ਨੇਤਾਵਾਂ" ਉਤੇ ਕੀਤੇ ਅਨੇਕ ਹਮਲਿਆਂ ਸਬੰਧੀ ਸੁਣਿਆ ਅਤੇ ਉਹਨਾਂ ਨੂੰ ਯਾਦ ਕਰ ਲਿਆ ਹੈ, ਜਿਨ੍ਹਾਂ ਵਿੱਚ ਨੇਤਾਵਾਂ ਦਾ "ਜਨਤਾ" ਨਾਲ਼ ਮੁਕਾਬਲਾ ਕੀਤਾ ਗਿਆ ਸੀ; ਪਰ ਉਹ ਸਾਰੀ ਗੱਲ ਸੋਚਣ ਵਿਚਾਰਨ ਅਤੇ ਇਸ ਗੱਲ ਦੀ ਠੀਕ ਸੋਝੀ ਪ੍ਰਾਪਤ ਕਰਨੋਂ ਅਸਮੱਰਥ ਰਹੇ ਹਨ।

ਸਾਮਰਾਜੀ ਯੁੱਧ ਦੇ ਅੰਤ ਅਤੇ ਉਸ ਤੋਂ ਪਿੱਛੋਂ ਦੇ ਸਮੇਂ ਵਿੱਚ ਸਭਨਾਂ ਦੇਸ਼ਾਂ ਵਿੱਚ "ਨੇਤਾਵਾਂ" ਅਤੇ "ਜਨਤਾ" ਵਿਚਕਾਰ ਫ਼ਰਕ ਪੂਰੀ ਸਪੱਸ਼ਟਤਾ ਅਤੇ ਤੀਖ਼ਣਤਾ ਨਾਲ਼ ਪ੍ਰਤੱਖ ਹੋਇਆ। ਇਹਦਾ ਮੁੱਖ ਕਾਰਨ ਮਾਰਕਸ ਅਤੇ ਏਂਗਲਜ਼ ਨੇ 1852 ਅਤੇ 1892 ਦੇ ਵਿਚਕਾਰਲੇ ਵਰ੍ਹਿਆਂ ਵਿੱਚ ਬਰਤਾਨੀਆਂ ਦੀ ਮਿਸਾਲ ਦੇ ਕੇ ਕਈ ਵਾਰ ਸਪੱਸ਼ਟ ਕੀਤਾ।

ਦੇਸ਼ ਦੀ ਅਜਾਰੇਦਾਰ ਪ੍ਰਸਥਿਤੀ ਨੇ "ਜਨਤਾ" ਵਿੱਚੋਂ, ਨਿੱਕ ਬੁਰਜੂਆ, ਮੌਕਾਪ੍ਰਸਤ "ਕਿਰਤੀ ਅਮੀਰਸ਼ਾਹੀ" ਪੈਦਾ ਕਰ ਦਿੱਤੀ। ਇਸ ਕਿਰਤੀ ਅਮੀਰ-ਸ਼ਾਹੀ ਦੇ ਨੇਤਾ ਸਦਾ ਬੁਰਜੂਆਜ਼ੀ ਦਾ ਪੱਖ ਲੈਂਦੇ ਅਤੇ ਸਿੱਧੇ ਜਾਂ ਅਣ-ਸਿੱਧੇ ਤੌਰ 'ਤੇ ਇਹਦੇ ਨੌਕਰ ਸਨ। ਮਾਰਕਸ ਨੂੰ ਇਹ ਮਾਣ ਪ੍ਰਾਪਤ ਹੈ ਕਿ ਉਨ੍ਹਾਂ ਨੂੰ ਇਹ ਲੁੱਚ ਮੰਡਲੀ ਘ੍ਰਿਣਾ ਕਰਦੀ ਸੀ ਕਿਉਂਕਿ ਉਨ੍ਹਾਂ ਨੇ ਇਹਨਾਂ ਨੂੰ ਖੁੱਲ੍ਹਮ-ਖੁੱਲ੍ਹਾ ਗ਼ੱਦਾਰ ਕਿਹਾ। ਅਜੋਕੇ (ਵੀਹਵੀ ਸਦੀ ਦੇ) ਸਾਮਰਾਜਵਾਦ ਨੇ ਕੁਝ ਉੱਨਤ ਦੇਸ਼ਾਂ ਨੂੰ ਅਸਾਧਾਰਣ ਤੌਰ 'ਤੇ ਵਿਸ਼ੇਸ਼ ਪ੍ਰਸਥਿਤੀ ਦਿੱਤੀ ਹੈ ਜਿਸਦੇ ਕਾਰਨ ਹਰ ਥਾਂ ਦੂਜੀ ਇੰਟਰਨੈਸ਼ਨਲ ਵਿੱਚ ਇੱਕ ਖ਼ਾਸ ਕਿਸਮ ਦੇ ਗ਼ੱਦਾਰ, ਮੌਕਾ-ਪ੍ਰਸਤ, ਅਤੇ ਸਮਾਜੀ-ਅੰਧਰਾਸ਼ਟਰਵਾਦੀ ਲੀਡਰ ਪੈਦਾ ਹੋ ਗਏ ਹਨ ਜਿਹੜੇ ਕੇਵਲ ਆਪਣੇ ਕਿਤੇ ਦੇ, ਕਿਰਤੀ ਅਮੀਰਸ਼ਾਹੀ ਵਿੱਚ ਆਪਣੇ ਹਿੱਸਿਆਂ ਦੇ ਹਿੱਤਾਂ ਦੀ ਹਮਾਇਤ ਕਰਦੇ ਹਨ। ਮੌਕਾ-ਪ੍ਰਸਤ ਪਾਰਟੀਆਂ "ਜਨਤਾ" ਤੋਂ, ਅਰਥਾਤ, ਕਿਰਤੀ ਸ਼੍ਰੇਣੀ ਦੀਆਂ ਵਿਸ਼ਾਲ ਪਰਤਾਂ ਤੋਂ, ਇਹਦੀ ਬਹੁ-ਗਿਣਤੀ, ਸਭ ਤੋਂ ਘੱਟ ਉਜਰਤ ਵਾਲ਼ੇ ਕਿਰਤੀਆਂ ਤੋਂ ਕੱਟੀਆਂ ਗਈਆਂ ਹਨ। ਜਦੋਂ ਤੱਕ ਇਸ ਬੁਰਾਈ ਵਿਰੁੱਧ ਘੋਲ਼ ਨਹੀਂ ਕੀਤਾ ਜਾਂਦਾ, ਜਦੋਂ ਤਕ ਮੌਕਾ-ਪ੍ਰਸਤ, ਸਮਾਜੀ-ਗ਼ੱਦਾਰ ਨੇਤਾਵਾਂ ਦਾ ਪਾਜ਼ ਉਘੇੜਿਆ ਨਹੀਂ ਜਾਂਦਾ, ਉਹਨਾਂ ਨੂੰ ਬੇਇਜ਼ੱਤ ਕੀਤਾ ਅਤੇ ਕੱਢਿਆ ਨਹੀਂ ਜਾਂਦਾ, ਇਨਕਲਾਬੀ ਪ੍ਰੋਲਤਾਰੀ ਜੇਤੂ ਨਹੀਂ ਹੋ ਸਕਦਾ। ਤੀਜੀ ਇੰਟਰਨੈਸ਼ਨਲ[27] ਇਸੇ ਨੀਤੀ ਉੱਤੇ ਚੱਲ ਰਹੀ ਹੈ।

ਇਸ ਸਬੰਧ ਵਿੱਚ ਇੱਥੋਂ ਤੱਕ ਵੱਧ ਜਾਣਾ ਕਿ **ਆਮ ਤੌਰ** 'ਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਮੁਕਾਬਲੇ ਉੱਤੇ ਨੇਤਾਵਾਂ ਦੀ ਡਿਕਟੇਟਰਸ਼ਿਪ ਪੇਸ਼ ਕਰਨ ਲੱਗ ਪੈਣਾ, ਬੇਹੂਦਾ ਹੱਦ ਤੱਕ ਵਾਹਯਾਤ ਅਤੇ ਮੂਰਖਤਾ-ਭਰਪੂਰ ਹੈ। ਸਭ ਤੋਂ ਵੱਧ ਮਜ਼ੇਦਾਰ ਗੱਲ ਇਹ ਹੈ ਕਿ ਅਸਲ ਵਿੱਚ ਪੁਰਾਣੇ ਨੇਤਾਵਾਂ ਦੀ ਥਾਂ, ਜਿਹੜੇ ਸਾਧਾਰਨ ਮਾਮਲਿਆਂ ਸਬੰਧੀ ਆਮ ਤੌਰ 'ਤੇ ਪ੍ਰਵਾਣਤ ਵਿਚਾਰ ਰੱਖਦੇ ਹਨ ("ਨੇਤਾਵਾਂ ਨੂੰ ਹਟਾਓ" ਦੇ ਨਾਹਰੇ ਹੇਠ) **ਨਵੇਂ ਨੇਤਾ** ਪੇਸ਼ ਕੀਤੇ ਜਾਂਦੇ ਹਨ, ਜਿਹੜੇ ਖਾਲਸ ਬਕਵਾਸ ਕਰਦੇ ਹਨ। ਜਰਮਨੀ ਵਿੱਚ ਅਜਿਹੇ ਨੇਤਾ ਹਨ ਲੌਫ਼ਨੇਬਰਗ, ਵੋਲਫ਼ਹਾਇਮ, ਹਾਰਨਰ, ਕਾਰਲ ਸ਼੍ਰੇਡਰ, ਫ਼ਰੀਡਰਿਖ਼ ਵੇਂਡੇਲ ਅਤੇ ਕਾਰਲ ਏਰਲਰ*। ਮਾਮਲੇ ਨੂੰ ਹੋਰ "ਡੂੰਘਾ ਕਰਨ" ਦੇ ਯਤਨ ਵਿੱਚ ਏਰਲਰ ਨੇ ਕਿਹਾ ਕਿ ਰਾਜਸੀ

---

* ਕਾਰਲ ਏਰਲਰ ਨੇ ਹੈਂਬਰਗ ਤੋਂ ਛਪਦੇ ਅਖਬਾਰ Kommunistiche Arbeiterzeitung (ਕਮਿਊਨਿਸਟ ਕਿਰਤੀ ਅਖ਼ਬਾਰ) ਦੇ 7 ਫ਼ਰਵਰੀ 1920 ਦੇ ਪਰਚੇ ਵਿੱਚ ਲਿਖਿਆ: "ਕਿਰਤੀ ਸ਼੍ਰੇਣੀ ਬੁਰਜੂਆ ਜਮਹੂਰੀਅਤ ਨੂੰ ਤਬਾਹ ਕੀਤੇ ਬਿਨਾਂ ਬੁਰਜੂਆ ਰਿਆਸਤ ਨੂੰ ਤਬਾਹ ਨਹੀਂ ਕਰ ਸਕਦੀ ਅਤੇ ਇਹ ਪਾਰਟੀਆਂ ਨੂੰ ਤਬਾਹ ਕੀਤੇ ਬਿਨਾਂ ਬੁਰਜੂਆ ਜਮਹੂਰੀਅਤ ਨੂੰ ਤਬਾਹ ਨਹੀਂ ਕਰ ਸਕਦੀ।"

ਯੂਰਪ ਦੇ ਲਾਤਿਨੀ ਦੇਸ਼ਾਂ ਵਿੱਚ ਸੰਘਵਾਦੀਆਂ ਅਤੇ ਅਰਾਜਕਤਾਵਾਦੀਆਂ ਵਿੱਚੋਂ ਵਧੇਰੇ ਉਲਝੇ ਲੋਕਾਂ ਨੂੰ ਇਸ ਤੱਥ ਤੋਂ ਕੁਝ "ਤਸੱਲੀ" ਮਿਲ਼ ਸਕਦੀ ਹੈ ਕਿ ਨਿੱਗਰ ਜਰਮਨ, ਜਿਹੜੇ ਬੜੇ ਸਪੱਸ਼ਟ ਢੰਗ ਨਾਲ਼ ਆਪਣੇ ਆਪ ਨੂੰ ਮਾਰਕਸਵਾਦੀ ਕਹਿੰਦੇ ਹਨ, ਉਕਾ ਹੀ ਬੇਤੁਕੀਆਂ ਗੱਲਾਂ ਕਰਨ ਤੱਕ ਚਲੇ ਜਾਂਦੇ ਹਨ (ਕਾਰਲ ਮਾਰਕਸ ਅਤੇ ਕਾਰਲ ਹਾਰਨਰ ਨੇ ਇਹ ਗੱਲ ਬੜੀ ➪

ਪਾਰਟੀਆਂ ਆਮ ਤੌਰ 'ਤੇ ਬੇਲੋੜੀਆਂ ਹੁੰਦੀਆਂ ਅਤੇ "ਬੁਰਜੂਆ" ਹੁੰਦੀਆਂ ਹਨ – ਇਹ ਗੱਲ ਏਨੀ ਵਾਹਯਾਤ, ਅਜਿਹੇ ਹਰਕੁਲੀਸ ਦੇ ਖੰਭੇ[28] ਹਨ ਕਿ ਸੁਣਨ ਵਾਲ਼ਾ ਕੇਵਲ ਮੋਢੇ ਸਕੋੜ ਕੇ ਹੀ ਰਹਿ ਜਾਂਦਾ ਹੈ। ਇਹ ਗੱਲ ਇਸ ਸੱਚਾਈ ਨੂੰ ਸਾਬਤ ਕਰਦੀ ਹੈ ਕਿ ਜਦੋਂ ਕੋਈ ਕਿਸੇ ਨਿੱਕੀ ਗ਼ਲਤੀ 'ਤੇ ਅੜਿਆ ਰਹਿੰਦਾ ਹੈ ਅਤੇ ਉਹਨੂੰ ਯੋਗ ਸਿੱਧ ਕਰਨ ਲਈ ਗੰਭੀਰ ਦਲੀਲਾਂ ਢੂੰਡਣ ਲੱਗ ਪੈਂਦਾ ਹੈ ਅਤੇ ਇਹਨੂੰ ਇਹਦੀ ਅੰਤਮ ਹੱਦ ਤੱਕ ਪਹੁੰਚਾ ਦੇਂਦਾ ਹੈ ਤਾਂ ਇਹ ਗ਼ਲਤੀ ਘੋਰ ਰੂਪ ਧਾਰਨ ਕਰ ਲੈਂਦੀ ਹੈ।

ਪਾਰਟੀ ਨਿਯਮਾਂ ਅਤੇ ਪਾਰਟੀ ਡਸਿਪਲਿਨ ਦਾ ਤਿਆਗ —ਵਿਰੋਧੀ-ਦਲ ਇੱਥੇ **ਅੱਪੜ ਗਿਆ ਹੈ** ਅਤੇ ਇਹ **ਬੁਰਜੂਆਜ਼ੀ ਦੇ ਹਿੱਤਾਂ** ਵਿੱਚ ਪ੍ਰੋਲਤਾਰੀ ਨੂੰ ਨਿਹੱਥਾ ਕਰਨ ਦੇ ਤੁਲ ਹੈ। ਇਸ ਸਭ ਕੁਝ ਦਾ ਜੋੜ ਹੈ ਨਿੱਕ-ਬੁਰਜੂਆ ਖਿਲਾਰ ਅਤੇ ਅਸਥਿਰਤਾ ਅਤੇ ਲਗਨ ਨਾਲ਼ ਯਤਨ, ਏਕਤਾ ਅਤੇ ਜਥੇਬੰਦ ਕਾਰਵਾਈ ਕਰ ਸਕਣ ਦੀ ਨਿਰਯੋਗਤਾ, ਜਿਹੜੀ ਉਤਸ਼ਾਹ ਮਿਲਣ 'ਤੇ ਜ਼ਰੂਰ ਹੀ ਕਿਸੇ ਵੀ ਪ੍ਰੋਲਤਾਰੀ ਇਨਕਲਾਬੀ ਲਹਿਰ ਨੂੰ ਖ਼ਤਮ ਕਰ ਦਿੰਦੀ ਹੈ। ਕਮਿਊਨਿਜ਼ਮ ਦੇ ਦ੍ਰਿਸ਼ਟੀਕੋਣ ਤੋਂ ਪਾਰਟੀ ਨਿਯਮਾਂ ਦੇ ਤਿਆਗ ਦੇ ਅਰਥ ਸਰਮਾਏਦਾਰੀ ਦੇ ਢਹਿ-ਢੇਰੀ ਹੋਣ ਤੋਂ ਐਨ ਪਹਿਲਾਂ ਦੀ ਹਾਲਤ ਤੋਂ (ਜੋ ਇਸ ਸਮੇਂ ਜਰਮਨੀ ਵਿੱਚ ਹੈ) ਛਾਲ਼ ਮਾਰ ਕੇ ਕਮਿਊਨਿਜ਼ਮ ਦੇ ਕਿਸੇ ਮੁੱਢਲੇ ਜਾਂ ਦਰਮਿਆਨੇ ਰੂਪ ਤੱਕ ਅਪੜਨ ਦਾ ਨਹੀਂ ਸਗੋਂ ਉਚੇਰੀ ਪੱਧਰ ਤੱਕ ਅਪੜਨ ਦਾ ਯਤਨ ਹੈ। ਰੂਸ ਵਿੱਚ ਅਸੀਂ (ਬੁਰਜੂਆਜ਼ੀ ਦਾ ਤਖ਼ਤਾ ਉਲਟਣ ਤੋਂ ਤਿੰਨ ਵਰ੍ਹੇ ਪਿੱਛੋਂ) ਸਰਮਾਏਦਾਰੀ ਤੋਂ ਸੋਸ਼ਲਿਜ਼ਮ ਅਰਥਾਤ ਕਮਿਊਨਿਜ਼ਮ ਦੀ ਨੀਂਵੀ ਕਿਸਮ ਵੱਲ ਤਬਦੀਲੀ ਦੇ ਪਹਿਲੇ ਪੜਾਆਂ ਵਿੱਚੋਂ ਲੰਘ ਰਹੇ ਹਾਂ। ਪ੍ਰੋਲਤਾਰੀ ਦੇ ਸੱਤ੍ਹਾ ਜਿੱਤ ਲੈਣ **ਤੋਂ ਪਿੱਛੋਂ ਕਈ ਵਰ੍ਹੇ ਤੱਕ** ਸ਼੍ਰੇਣੀਆਂ ਕਾਇਮ ਹਨ ਅਤੇ ਕਾਇਮ ਰਹਿਣਗੀਆਂ। ਸ਼ੈਦ ਬਰਤਾਨੀਆਂ ਵਿੱਚ ਜਿੱਥੇ ਕਿਸਾਨੀ ਨਹੀਂ (ਪਰ ਜਿੱਥੇ ਛੋਟੇ ਮਾਲਕ ਹਨ), ਇਹ ਸਮਾਂ ਛੋਟਾ ਹੋਵੇਗਾ। ਸ਼੍ਰੇਣੀਆਂ ਦੇ ਅੰਤ ਦਾ ਅਰਥ ਕੇਵਲ ਜਾਗੀਰਦਾਰਾਂ ਅਤੇ ਸਰਮਾਏਦਾਰਾਂ ਨੂੰ ਹਟਾਉਣਾ ਹੀ ਨਹੀਂ – ਇਹ ਕੰਮ ਅਸੀਂ ਮੁਕਾਬਲੇ 'ਤੇ ਸੌਖੀ ਤਰ੍ਹਾਂ ਕਰ ਸਕਦੇ ਹਾਂ; ਇਹਦੇ ਅਰਥ **ਛੋਟੇ ਪੈਮਾਨੇ ਤੇ ਵਸਤਾਂ ਪੈਦਾ ਕਰਨ ਵਾਲ਼ਿਆਂ ਨੂੰ ਵੀ ਖਤਮ ਕਰਨਾ ਹੈ** ਅਤੇ ਉਹਨਾਂ ਨੂੰ **ਜ਼ਬਰਦਸਤੀ ਖ਼ਤਮ ਕਰਨਾ ਜਾਂ ਕੁਚਲਣਾ** ਸੰਭਵ ਨਹੀਂ; ਸਾਨੂੰ ਉਹਨਾਂ ਨੂੰ **ਸਹਾਰਨਾ ਸਿਖਣਾ ਪਵੇਗਾ।** ਬਹੁਤ ਹੀ ਲੰਮੇ ਸਮੇਂ ਦੇ, ਬਹੁਤ ਹੌਲ਼ੀ-ਹੌਲ਼ੀ ਹੋਏ ਅਤੇ ਬੜੀ ਹੁਸ਼ਿਆਰੀ ਨਾਲ਼ ਕੀਤੇ ਵਿਦਿਅਕ ਕੰਮ ਰਾਹੀਂ ਉਹਨਾਂ ਨੂੰ ਨਵੀਂ ਸਿੱਖਿਆ ਦਿੱਤੀ ਜਾ ਸਕਦੀ ਅਤੇ ਨਵੇਂ ਸਚੇ ਵਿੱਚ ਢਾਲ਼ਿਆ ਜਾ ਸਕਦਾ ਹੈ (ਅਤੇ ਅਜਿਹਾ ਕਰਨਾ ਚਾਹੀਦਾ ਹੈ)। ਉਹਨਾਂ ਪ੍ਰੋਲਤਾਰੀ ਨੂੰ ਚਾਰੇ ਪਾਸਿਉਂ ਨਿੱਕ-ਬੁਰਜੂਆ ਵਾਯੂ-ਮੰਡਲ ਨਾਲ਼ ਘੇਰਿਆ

---

➪ ਪੱਕੀ ਤਰ੍ਹਾਂ ਸਪੱਸ਼ਟ ਕਰ ਦਿਤੀ ਹੈ ਕਿ ਉਹ ਆਪਣੇ ਆਪ ਨੂੰ ਮਾਰਕਸਵਾਦੀ ਸਮਝਦੇ ਹਨ ਪਰ ਅਤਿ ਹਾਸੋਹੀਣੇ ਢੰਗ ਨਾਲ ਅਣ-ਮੰਨਵੀਂ ਬਕਵਾਸ ਕਰਦੇ ਹਨ ਅਤੇ ਮਾਰਕਸਵਾਦ ਦਾ ਊੜਾ ਐੜਾ ਸਮਝਣੋਂ ਆਪਣੀ ਅਸਮਰੱਥਾ ਸਪੱਸ਼ਟ ਕਰਦੇ ਹਨ)। ਕੇਵਲ ਮਾਰਕਸਵਾਦ ਪ੍ਰਵਾਨ ਕਰ ਲੈਣ ਨਾਲ਼ ਹੀ ਮਨੁੱਖ ਗ਼ਲਤੀਆਂ ਕਰਨੋਂ ਨਹੀਂ ਬਚ ਜਾਂਦਾ। ਸਾਨੂੰ, ਰੂਸੀਆਂ ਨੂੰ ਇਹਦੀ ਵਿਸ਼ੇਸ਼ ਤੌਰ 'ਤੇ ਚੰਗੀ ਸੋਝੀ ਹੈ, ਕਿਉਂਕਿ ਅਕਸਰ ਸਾਡੇ ਦੇਸ਼ ਵਿੱਚ ਮਾਰਕਸਵਾਦ ਦਾ ਫ਼ੈਸ਼ਨ ਰਿਹਾ ਹੈ।

ਹੋਇਆ ਹੈ ਜਿਹੜਾ ਪ੍ਰੋਲਤਾਰੀ ਵਿੱਚ ਵੀ ਘੁੱਸ ਜਾਂਦਾ ਅਤੇ ਉਹਨੂੰ ਭ੍ਰਿਸ਼ਟਾਚਾਰੀ ਬਣਾ ਦੇਂਦਾ ਹੈ ਅਤੇ ਜਿਸ ਕਾਰਨ ਪ੍ਰੋਲਤਾਰੀ ਵਿੱਚ ਨਿੱਕ-ਬੁਰਜੂਆ ਢਿੱਲ-ਮੱਠ, ਫੁੱਟ, ਵਿਅਕਤੀਵਾਦ ਅਤੇ ਵਾਰੋ ਵਾਰੀ ਆਉਣ ਵਾਲ਼ੇ ਉੱਚ-ਸੁਰਤੀ ਅਤੇ ਨਿਰਾਸ਼ਾ ਦੇ ਰੌਆਂ ਵੱਲ ਗਿਰਾਵਟ ਆਉਂਦੀ ਹੈ। ਇਹਦਾ ਮੁਕਾਬਲਾ ਕਰਨ ਲਈ, ਇਸ ਮੰਤਵ ਲਈ ਕਿ ਪ੍ਰੋਲਤਾਰੀ ਦਾ **ਜਥੇਬੰਦਕ ਰੋਲ** (ਅਤੇ ਇਹ ਇਹਦਾ **ਮੁੱਖ** ਰੋਲ ਹੈ) ਠੀਕ ਤਰ੍ਹਾਂ ਸਫ਼ਲਤਾ ਨਾਲ਼ ਅਤੇ ਜੇਤੂ ਢੰਗ ਨਾਲ਼ ਅਦਾ ਕੀਤਾ ਜਾਵੇ, ਇਹ ਲਾਜ਼ਮੀ ਹੈ ਕਿ ਪ੍ਰੋਲਤਾਰੀ ਦੀ ਰਾਜਨੀਤਕ ਪਾਰਟੀ ਵਿੱਚ ਅਤਿ-ਅੰਤ ਕੇਂਦਰੀਅਤ ਅਤੇ ਡਸਿਪਲਿਨ ਹੋਵੇ। ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਅਰਥ ਹਨ ਪੁਰਾਣੇ ਸਮਾਜ ਦੀਆਂ ਸ਼ਕਤੀਆਂ ਵਿਰੁੱਧ ਨਿਰੰਤਰ ਘੋਲ਼ — ਖ਼ੂਨੀ ਅਤੇ ਰਤ-ਹੀਣ, ਹਿੰਸਾ-ਭਰਪੂਰ ਅਤੇ ਅਮਨ-ਭਰਿਆ, ਫ਼ੌਜੀ ਅਤੇ ਆਰਥਕ, ਵਿਦਿਅਕ ਅਤੇ ਪ੍ਰਬੰਧਕ। ਕਰੋੜ ਹਾਂ ਕਰੋੜ ਲੋਕਾਂ ਵਿੱਚ ਆਦਤ ਦੀ ਸ਼ਕਤੀ ਇੱਕ ਅਤਿ ਬਲਵਾਨ ਸ਼ਕਤੀ ਹੈ। ਘੋਲ਼ ਵਿੱਚ ਸਾਣ ਚੜ੍ਹੀ ਇੱਕ ਅਸਪਾਤੀ ਪਾਰਟੀ ਤੋਂ ਬਿਨਾਂ, ਜਿਸਨੂੰ ਸਬੰਧਤ ਸ਼੍ਰੇਣੀ ਵਿੱਚ ਸਭਨਾਂ ਇਮਾਨਦਾਰ ਲੋਕਾਂ ਦਾ ਭਰੋਸਾ ਪ੍ਰਾਪਤ ਹੋਵੇ, ਇੱਕ ਅਜਿਹੀ ਪਾਰਟੀ ਤੋਂ ਬਿਨਾਂ ਜਿਹੜੀ ਜਨਤਾ ਦੇ ਰੌਂ 'ਤੇ ਨਿਗਾਹ ਰੱਖਣ ਅਤੇ ਇਹਨੂੰ ਪ੍ਰਭਾਵਤ ਕਰਨ ਯੋਗ ਹੋਵੇ, ਅਜਿਹਾ ਘੋਲ਼ ਸਫ਼ਲਤਾ ਨਾਲ਼ ਨਹੀਂ ਲੜਿਆ ਜਾ ਸਕਦਾ। ਕਰੋੜਾਂ ਛੋਟੇ ਮਾਲਕਾਂ ਨੂੰ "ਹਰਾਉਣ" ਨਾਲ਼ੋਂ ਕੇਂਦਰਿਤ ਵੱਡੀ ਬੁਰਜੂਆਜ਼ੀ ਨੂੰ ਹਰਾਉਣਾ ਹਜ਼ਾਰਾਂ ਗੁਣਾਂ ਸੌਖਾ ਹੈ; ਪਰ ਆਪਣੀਆਂ ਸਾਧਾਰਨ ਨਿਤਾ-ਪ੍ਰਤੀ, ਅਦਿੱਖ, ਪਕੜ ਵਿੱਚ ਨਾਂ ਆਉਣ ਵਾਲ਼ੀਆਂ, ਹੌਸਲਾ-ਡੇਗ ਸਰਗਰਮੀਆਂ ਰਾਹੀਂ ਉਹ **ਐਨ ਉਹੋ** ਸਿੱਟੇ ਪੈਦਾ ਕਰਦੇ ਹਨ ਜਿਸਦੀ ਬੁਰਜੂਆਜ਼ੀ ਨੂੰ ਲੋੜ ਹੈ ਅਤੇ ਜਿਹੜੇ ਬੁਰਜੂਆਜ਼ੀ **ਬਹਾਲ ਕਰਦੇ ਹਨ।** ਜਿਹੜਾ ਕੋਈ ਪ੍ਰੋਲਤਾਰੀ ਦੀ ਪਾਰਟੀ ਦੇ ਅਸਪਾਤੀ ਡਸਿਪਲਿਨ ਵਿੱਚ ਜ਼ਰਾ ਜਿੰਨੀ ਵੀ ਕਮਜ਼ੋਰੀ ਲਿਆਉਂਦਾ ਹੈ (ਵਿਸ਼ੇਸ਼ ਤੌਰ 'ਤੇ ਇਹਦੀ ਡਿਕਟੇਟਰਸ਼ਿਪ ਦੇ ਸਮੇਂ ਵਿੱਚ) ਉਹ ਅਸਲ ਵਿੱਚ ਪ੍ਰੋਲਤਾਰੀ ਵਿਰੁੱਧ ਬੁਰਜੂਆਜ਼ੀ ਦੀ ਸਹਾਇਤਾ ਕਰ ਰਿਹਾ ਹੈ।

ਨੇਤਾਵਾਂ — ਪਾਰਟੀ — ਸ਼੍ਰੇਣੀ — ਜਨਤਾ ਦੇ ਸਵਾਲ ਦੇ ਨਾਲ਼ ਹੀ ਨਾਲ਼ ਸਾਨੂੰ "ਪਿੱਛੇ-ਖਿਚੂ" ਟਰੇਡ ਯੂਨੀਅਨਾਂ ਦਾ ਸਵਾਲ ਵੀ ਉਠਾਉਣਾ ਚਾਹੀਦਾ ਹੈ। ਪਰ ਪਹਿਲਾਂ ਮੈਂ ਆਪਣੀ ਪਾਰਟੀ ਦੇ ਅਨੁਭਵ ਉੱਤੇ ਅਧਾਰਤ ਕੁਝ ਅੰਤਲੀਆਂ ਟਿੱਪਣੀਆਂ ਪਾਠਕਾਂ ਸਾਹਮਣੇ ਰਖਣ ਦੀ ਖੁੱਲ੍ਹ ਲੈਂਦਾ ਹਾਂ। ਸਾਡੀ ਪਾਰਟੀ ਵਿੱਚ "ਨੇਤਾਵਾਂ ਦੀ ਡਿਕਟੇਟਰਸ਼ਿਪ" ਵਿਰੁੱਧ ਹਮਲੇ **ਹਮੇਸ਼ਾਂ ਹੀ** ਹੁੰਦੇ ਰਹੇ ਹਨ। ਮੈਨੂੰ ਯਾਦ ਆਉਂਦਾ ਹੈ ਕਿ ਮੈਂ ਪਹਿਲੀ ਵਾਰ ਅਜਿਹੇ ਹਮਲੇ 1895 ਵਿੱਚ ਸੁਣੇ ਜਦੋਂ ਅਜੇ ਕਿਸੇ ਬਕਾਇਦਾ ਪਾਰਟੀ ਦੀ ਹੋਂਦ ਨਹੀਂ ਸੀ ਪਰ ਸੇਂਟ ਪੀਟਰਜ਼ਬਰਗ ਵਿੱਚ ਇੱਕ ਕੇਂਦਰੀ ਟੋਲੀ[29] ਰੂਪ ਧਾਰ ਰਹੀ ਸੀ, ਜਿਸਨੇ ਜ਼ਿਲ੍ਹਿਆਂ ਦੀਆਂ ਟੋਲੀਆਂ ਦੀ ਅਗਵਾਈ ਆਪਣੇ ਹੱਥ ਲੈਣੀ ਸੀ। ਸਾਡੀ ਪਾਰਟੀ ਦੀ ਨੌਂਵੀ ਕਾਂਗਰਸ (ਅਪਰੈਲ 1920) ਵਿੱਚ ਇੱਕ ਨਿੱਕਾ ਜਿਹਾ "ਵਿਰੋਧੀ-ਦਲ ਸੀ, ਜਿਸਨੇ ਪਾਰਟੀ ਵਿੱਚ ਨੇਤਾਵਾਂ ਦੀ ਡਿਕਟੇਟਰਸ਼ਿਪ ਵਿਰੁੱਧ, "ਜੁੰਡੀ-ਰਾਜ" ਆਦਿ ਵਿਰੁੱਧ ਗੱਲ ਕੀਤੀ। ਇਸ ਲਈ ਜਰਮਨਾਂ ਵਿਚਕਾਰ "ਖੱਬੇ-ਪੱਖੀ ਕਮਿਊਨਿਜ਼ਮ" ਦੇ "ਬਚਗਾਨਾ ਰੋਗ" ਵਿੱਚ ਕੁਝ ਵੀ ਹੈਰਾਨ

ਕਰਨ ਵਾਲ਼ਾ, ਨਵਾਂ ਜਾਂ ਭਿਆਨਕ ਨਹੀਂ। ਇਹ ਬਿਮਾਰੀ ਖ਼ਤਰਨਾਕ ਨਹੀਂ ਅਤੇ ਇਹਦੇ ਪਿੱਛੋਂ ਸ਼ਰੀਰ ਸਗੋਂ ਵਧੇਰੇ ਰਿਸ਼ਟ-ਪੁਸ਼ਟ ਹੋ ਜਾਂਦਾ ਹੈ। ਦੂਜੇ ਹੱਥ ਸਾਡੀ ਹਾਲਤ ਵਿੱਚ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਕੰਮ ਦੇ ਵਾਰੋ-ਵਾਰੀ ਆਉਣ ਨੇ ਜਨਰਲ ਸਟਾਫ — ਨੇਤਾਵਾਂ ਨੂੰ — ਛੁਪਾ ਕੇ ਰੱਖਣ, ਉਹਨਾਂ ਉੱਤੇ ਸਖ਼ਤ ਲੁਕਾਅ ਦਾ ਪਰਦਾ ਪਾਏ ਰੱਖਣ ਦੀ ਲੋੜ ਨੇ ਕਈ ਵਾਰ ਅਤਿ ਖ਼ਤਰਨਾਕ ਸਿੱਟੇ ਪੈਦਾ ਕਰ ਦਿੱਤੇ। ਇਹਨਾਂ ਵਿੱਚੋਂ ਸਭ ਤੋਂ ਭੈੜੀ ਘਟਨਾ 1912 ਵਿੱਚ ਘਟੀ ਜਦੋਂ ਭੜਕਾਊ ਏਜੰਟ ਮਾਲਿਨੋਵਸਕੀ ਬਾਲਸ਼ਵਿਕਾਂ ਦੀ ਕੇਂਦਰੀ ਕਮੇਟੀ ਵਿੱਚ ਅੱਪੜ ਗਿਆ। ਉਹਨੇ ਸਾਡੇ ਵੀਹਾਂ ਸਭ ਤੋਂ ਚੰਗੇ ਅਤੇ ਵਫ਼ਾਦਾਰ ਸਾਥੀਆਂ ਨਾਲ਼ ਗ਼ੱਦਾਰੀ ਕੀਤੀ ਜਿਸਦੇ ਸਿੱਟੇ ਵਜੋਂ ਉਹ ਸਜ਼ਾ ਦੇ ਤੌਰ ’ਤੇ ਜਲਾਵਤਨ ਕਰ ਦਿੱਤੇ ਗਏ ਅਤੇ ਜਿਸ ਕਾਰਨ ਉਹਨਾਂ ਵਿੱਚੋਂ ਕਈਆਂ ਦੀ ਛੇਤੀ ਹੀ ਮੌਤ ਹੋ ਗਈ। ਉਹ ਇਸ ਤੋਂ ਵਧੇਰੇ ਨੁਕਸਾਨ ਨਾ ਪੁਚਾ ਸਕਿਆ, ਇਹਦਾ ਕਾਰਨ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਕੰਮ ਵਿੱਚ ਠੀਕ ਤੋਲ ਦੀ ਸਥਾਪਤੀ ਸੀ। ਪਾਰਟੀ ਦੀ ਕੇਂਦਰੀ ਕਮੇਟੀ ਅਤੇ ਦੂਮਾ ਦੇ ਮੈਂਬਰ ਦੀ ਹੈਸੀਅਤ ਵਿੱਚ ਸਾਡਾ ਭਰੋਸਾ ਪ੍ਰਾਪਤ ਕਰਨ ਲਈ ਮਾਲਿਨੋਵਸਕੀ ਕਾਨੂੰਨੀ ਰੋਜ਼ਾਨਾ ਅਖ਼ਬਾਰ ਕੱਢਣ ਵਿਚ ਸਾਡੀ ਸਹਾਇਤਾ ਕਰਨ ’ਤੇ ਮਜ਼ਬੂਰ ਹੋ ਗਿਆ। ਜ਼ਾਰਸ਼ਾਹੀ ਹੇਠ ਵੀ ਇਹ ਅਖ਼ਬਾਰ ਮੈਨਸ਼ਵਿਕ ਮੌਕਾ-ਪ੍ਰਸਤੀ ਵਿਰੁੱਧ ਘੋਲ਼ ਲੜ ਸਕੇ ਅਤੇ ਉਹ ਠੀਕ ਢੰਗ ਨਾਲ਼ ਲੁਕਾਏ ਰੂਪ ਵਿੱਚ ਬਾਲਸ਼ਵਿਕਵਾਦ ਦੇ ਸਿਧਾਂਤ ਦਾ ਪ੍ਰਚਾਰ ਕਰਨ ਵਿੱਚ ਸਫਲ ਰਹੇ। ਜਿੱਥੇ ਇੱਕ ਹੱਥ ਮਾਲਿਨੋਵਸਕੀ ਨੇ ਕਈ ਵੀਹਾਂ ਸਰਵਉੱਤਮ ਬਾਲਸ਼ਵਿਕਾਂ ਨੂੰ ਜੇਲ੍ਹਾਂ ਅਤੇ ਫ਼ਾਂਸੀ ਦੇ ਤਖ਼ਤਿਆਂ ਉੱਤੇ ਪੁਚਾਇਆ ਉੱਥੇ ਉਹਨੇ ਕਾਨੂੰਨੀ ਅਖਬਾਰਾਂ ਰਾਹੀਂ ਹਜ਼ਾਰ-ਹਾ ਨਵੇਂ ਬਾਲਸ਼ਵਿਕਾਂ ਦੀ ਸਿੱਖਿਆ ਵਿੱਚ ਸਹਾਇਤਾ ਦਿੱਤੀ। ਜਿਹੜੇ ਜਰਮਨ (ਅਤੇ ਬਰਤਾਨਵੀਂ, ਅਮਰੀਕੀ, ਫਰਾਂਸੀਸੀ ਅਤੇ ਅਤਾਲਵੀ) ਸਾਥੀਆਂ ਸਾਹਮਣੇ ਅੱਜ ਪਿੱਛੇ-ਖਿੱਚੂ ਟਰੇਡ ਯੂਨੀਅਨਾਂ ਵਿੱਚ ਕੰਮ ਕਰਨ ਦਾ ਕਾਰਜ ਹੈ ਉਹਨਾਂ ਨੂੰ ਇਸ ਤੱਥ* ਵੱਲ ਜ਼ਰੂਰ ਹੀ ਧਿਆਨ ਦੇਣਾ ਚਾਹੀਦਾ ਹੈ।

ਅਤਿਅੰਤ ਉੱਨਤ ਦੇਸ਼ਾਂ ਸਮੇਤ, ਬਹੁਤ ਸਾਰੇ ਦੇਸ਼ਾਂ ਵਿੱਚ ਬੁਰਜੂਆਜ਼ੀ ਬਿਨਾਂ ਸ਼ੱਕ ਕਮਿਊਨਿਸਟ ਪਾਰਟੀਆਂ ਵਿੱਚ ਭੜਕਾਊ ਏਜੰਟ ਭੇਜ ਰਹੀ ਹੈ ਅਤੇ ਭੇਜਦੀ ਰਹੇਗੀ। ਕਾਨੂੰਨੀ

---

* ਮਾਲਿਨੋਵਸਕੀ ਜਰਮਨੀ ਵਿੱਚ ਜੰਗੀ ਕੈਦੀ ਸੀ। ਬਾਲਸ਼ਵਿਕਾਂ ਦੇ ਸੱਤ੍ਹਾ-ਧਾਰੀ ਹੋਣ ਸਮੇਂ ਉਹਦੇ ਰੂਸ ਪਰਤਣ ’ਤੇ ਇੱਕਦਮ ਉਸ ਵਿਰੁੱਧ ਮੁਕੱਦਮਾ ਚਲਾਇਆ ਗਿਆ ਅਤੇ ਉਹਨੂੰ ਗੋਲੀ ਮਾਰ ਦਿੱਤੀ ਗਈ। ਮੈਨਸ਼ਵਿਕਾਂ ਨੇ ਸਾਡੀ ਗ਼ਲਤੀ ਲਈ — ਕਿ ਇੱਕ ਭੜਕਾਊ ਏਜੰਟ ਸਾਡੀ ਕੇਂਦਰੀ ਕਮੇਟੀ ਦਾ ਮੈਂਬਰ ਬਣ ਗਿਆ, ਸਾਡੇ ਉੱਤੇ ਸਖ਼ਤ ਹਮਲੇ ਕੀਤੇ। ਪਰ ਜਦੋਂ ਅਸੀਂ ਕੇਰੇਨਸਕੀ ਦੀ ਹਕੂਮਤ ਸਮੇਂ ਇਹ ਮੰਗ ਕੀਤੀ ਸੀ ਕਿ ਦੂਮਾਂ ਦੇ ਸਭਾ-ਪਤੀ ਰੋਦਜ਼ਿਆਨਕੋ ਨੂੰ ਗ੍ਰਿਫ਼ਤਾਰ ਕੀਤਾ ਜਾਵੇ ਕਿਉਂਕਿ ਉਹਨੂੰ ਯੁੱਧ ਤੋਂ ਪਹਿਲਾਂ ਵੀ ਪਤਾ ਸੀ ਕਿ ਮਾਲਿਨੋਵਸਕੀ ਇੱਕ ਭੜਕਾਊ ਏਜੰਟ ਹੈ ਅਤੇ ਉਹਨੇ ਤੁਰਦੋਵਿਕਾਂ[30] ਜਾਂ ਦੂਮਾਂ ਵਿੱਚ ਕਿਰਤੀਆਂ, ਕੇਰੇਂਸਕੀ ਹਕੂਮਤ ਵਿੱਚ ਮੈਨਸ਼ਵਿਕਾਂ ਜਾਂ ਸੋਸ਼ਲਿਸਟ-ਇਨਕਲਾਬੀਆਂ ਨੂੰ ਇਹ **ਗੱਲ ਨਹੀਂ ਸੀ ਦੱਸੀ** ਤਾਂ ਕੇਰੇਨਸਕੀ ਹਕੂਮਤ ਵਿੱਚ ਸ਼ਾਮਲ ਮੈਨਸ਼ਵਿਕਾਂ ਨੇ ਵੀ ਅਤੇ ਸੋਸ਼ਲਿਸਟ-ਇਨਕਲਾਬੀਆਂ ਨੇ ਵੀ ਸਾਡੀ ਮੰਗ ਦੀ ਹਮਾਇਤ ਨਾ ਕੀਤੀ ਅਤੇ ਰੋਦਜ਼ਿਆਨਕੋ ਆਜ਼ਾਦ ਰਿਹਾ ਅਤੇ ਬਿਨਾਂ ਕਿਸੇ ਰੋਕ ਜਾ ਕੇ ਦੇਨੀਕਿਨ ਨਾਲ਼ ਰੱਲ ਗਿਆ।

ਅਤੇ ਗ਼ੈਰ-ਕਾਨੂੰਨੀ ਕੰਮ ਨੂੰ ਹੋਸ਼ਿਆਰੀ ਨਾਲ਼ ਮਿਲ਼ਾ ਕੇ ਚਲਾਉਣਾ ਇਸ ਖ਼ਤਰੇ ਦਾ ਮੁਕਾਬਲਾ ਕਰਨ ਦਾ ਇੱਕੋ ਢੰਗ ਹੈ।

## 6. ਕੀ ਇਨਕਲਾਬੀਆਂ ਨੂੰ ਪਿੱਛੇ-ਖਿੱਚੂ ਟਰੇਡ ਯੂਨੀਅਨਾਂ ਵਿੱਚ ਕੰਮ ਕਰਨਾ ਚਾਹੀਦਾ ਹੈ ?

ਜਰਮਨ "ਖੱਬੇ-ਪੱਖੀਆਂ" ਦਾ ਵਿਚਾਰ ਹੈ ਕਿ ਜਿੱਥੋਂ ਤੱਕ ਉਹਨਾਂ ਦਾ ਸਬੰਧ ਹੈ ਇਸ ਸਵਾਲ ਦਾ ਜਵਾਬ ਬਿਨਾਂ ਸ਼ਰਤ ਨਾਂਹ ਵਿੱਚ ਹੈ। ਉਹਨਾਂ ਦੇ ਖ਼ਿਆਲ ਅਨੁਸਾਰ "ਪਿੱਛੇ-ਖਿੱਚੂ" ਅਤੇ "ਉਲਟ-ਇਨਕਲਾਬੀ" ਟਰੇਡ-ਯੂਨੀਅਨਾਂ ਵਿਰੁੱਧ ਤਕਰੀਰਾਂ ਅਤੇ ਗ਼ੁਸੈਲਾ ਚੀਕ-ਚਹਾੜਾ (ਜਿਹੋ ਜਿਹਾ ਕਾਰਲ ਹਾਰਨਰ ਖ਼ਾਸ ਤੌਰ 'ਤੇ ਨਿੱਗਰ ਅਤੇ ਮੂਰਖਤਾ-ਭਰਪੂਰ ਢੰਗ ਨਾਲ਼ ਕਰਦਾ ਹੈ), ਇਸ ਗੱਲ ਦਾ ਚੋਖਾ ਸਬੂਤ ਹੈ ਕਿ ਇਨਕਲਾਬੀਆਂ ਅਤੇ ਕਮਿਊਨਿਸਟਾਂ ਦੇ ਗ਼ੱਦਾਰ, ਸਮਾਜੀ-ਅੰਧਰਾਸ਼ਟਰਵਾਦੀ, ਸਮਝੌਤਾ-ਕਰੂ, ਉਲਟ-ਇਨਕਲਾਬੀ ਟਰੇਡ ਯੂਨੀਅਨਾਂ ਵਿੱਚ ਕੰਮ ਕਰਨ ਦੀ ਲੋੜ ਨਹੀਂ ਸਗੋਂ ਇਹ ਨਾ-ਮੁਨਾਸਬ ਹੈ।

ਜਰਮਨੀ ਦੇ "ਖੱਬੇ-ਪੱਖੀਆਂ" ਨੂੰ ਇਹਨਾਂ ਦਾਅ-ਪੇਚਾਂ ਦੇ ਇਨਕਲਾਬੀ-ਪੁਣੇ ਉੱਤੇ ਕਿੰਨਾਂ ਨਿਸ਼ਚਾ ਕਿਉਂ ਨਾ ਹੋਵੇ, ਅਸਲ ਵਿੱਚ ਦਾਅ-ਪੇਚ ਬੁਨਿਆਦੀ ਤੌਰ 'ਤੇ ਗ਼ਲਤ ਹਨ ਅਤੇ ਇਹਨਾਂ ਵਿੱਚ ਫ਼ੋਕੀ ਫ਼ਿਕਰੇਬਾਜ਼ੀ ਤੋਂ ਬਿਨਾਂ ਕੁਝ ਨਹੀਂ।

ਇਸ ਪੈਂਫਲਟ ਦੀ ਆਮ ਪਲਾਨ ਅਨੁਸਾਰ, ਜਿਸਦਾ ਮੰਤਵ ਬਾਲਸ਼ਵਿਕਵਾਦ ਦੇ ਇਤਿਹਾਸ ਅਤੇ ਅਜੋਕੇ ਦਾਅ-ਪੇਚਾਂ ਵਿੱਚ ਜੋ ਕੁਝ ਹਰ ਥਾਂ ਅਮਲੀ, ਲਖਾਇਕ ਅਤੇ ਸੁਲਗਵਾਂ ਹੈ, ਉਸਨੂੰ ਪੱਛਮੀ ਯੂਰਪ ਵਿੱਚ ਲਾਗੂ ਕਰਨਾ ਹੈ, ਮੈਂ ਸਾਡੇ ਆਪਣੇ ਅਨੁਭਵ ਤੋਂ ਸ਼ੁਰੂ ਕਰਦਾ ਹਾਂ।

ਅੱਜ ਰੂਸ ਵਿੱਚ ਲੀਡਰਾਂ, ਪਾਰਟੀ, ਸ਼੍ਰੇਣੀ ਅਤੇ ਜਨਤਾ ਵਿਚਕਾਰ ਸਬੰਧ ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਅਤੇ ਇਹਦੀ ਪਾਰਟੀ ਦਾ ਟਰੇਡ ਯੂਨੀਅਨਾਂ ਵੱਲ ਵਤੀਰਾ ਇਸ ਪ੍ਰਕਾਰ ਹੈ: ਡਿਕਟੇਟਰਸ਼ਿਪ ਸੋਵੀਅਤਾਂ ਵਿੱਚ ਜਥੇਬੰਦ ਪ੍ਰੋਲਤਾਰੀ ਦੇ ਹੱਥ ਵਿੱਚ ਹੈ; ਬਾਲਸ਼ਵਿਕਾਂ ਦੀ ਕਮਿਊਨਿਸਟ ਪਾਰਟੀ ਪ੍ਰੋਲਤਾਰੀ ਦੀ ਅਗਵਾਈ ਕਰਦੀ ਹੈ, ਜਿਸ ਦੇ ਮੈਂਬਰਾਂ ਦੀ ਗਿਣਤੀ ਪਿਛਲੀ ਪਾਰਟੀ ਕਾਂਗਰਸ (ਅਪਰੈਲ 1920) ਦੇ ਅੰਕੜਿਆਂ ਅਨੁਸਾਰ 6,11,000 ਹੈ। ਅਕਤੂਬਰ ਇਨਕਲਾਬ ਤੋਂ ਪਹਿਲਾਂ ਅਤੇ ਪਿੱਛੋਂ ਵੀ ਮੈਂਬਰਾਂ ਦੀ ਗਿਣਤੀ ਬਹੁਤ ਘੱਟਦੀ ਵੱਧਦੀ ਰਹੀ ਹੈ ਅਤੇ ਇੱਥੋਂ ਤੱਕ ਕਿ 1918 ਅਤੇ 1919[31] ਵਿੱਚ ਵੀ ਬਹੁਤ ਘੱਟ ਹੁੰਦੀ ਸੀ। ਸਾਨੂੰ ਪਾਰਟੀ ਦੇ ਹੱਦੋਂ ਵੱਧ ਵਾਧੇ ਸਬੰਧੀ ਤੌਖਲਾ ਸੀ ਕਿਉਂਕਿ ਆਪਣੇ ਜੀਵਨ ਵਿੱਚ ਉੱਨਤੀ ਕਰਨ ਦੇ ਇਛੱਕ ਅਤੇ ਪਖੰਡੀ ਲੋਕ, ਜਿਹੜੇ ਗੋਲ਼ੀ ਮਾਰਨ ਯੋਗ ਹਨ, ਹਾਕਮ ਪਾਰਟੀ ਦੀਆਂ ਸਫ਼ਾਂ ਵਿੱਚ ਘੁੱਸ ਆਉਣ ਦਾ ਪੂਰਾ ਯਤਨ ਕਰਦੇ ਹਨ। ਪਿਛਲੀ ਵਾਰ (1919 ਦੇ ਸਿਆਲ ਵਿੱਚ) ਜਦੋਂ ਅਸਾਂ ਪਾਰਟੀ ਦੇ ਦਰ ਉੱਕਾ ਖੋਹਲ ਦਿੱਤੇ (ਪਰ ਕੇਵਲ ਕਿਰਤੀਆਂ ਅਤੇ ਕਿਸਾਨਾਂ ਲਈ) ਤਾਂ ਯੁਦੇਨਿਚ ਪੀਤਰੋਗਾਰਡ ਤੋਂ ਕੁਝ ਹੀ

ਵੇਰਸਤ ਦੂਰ ਸੀ ਅਤੇ ਦੇਨੀਕਿਨ ਓਰੇਲ ਅੱਪੜਿਆ ਹੋਇਆ ਸੀ, (ਮਾਸਕੋ ਤੋਂ ਲਗਭਗ 350 ਵੇਰਸਤ ਦੂਰ), ਅਰਥਾਤ, ਜਦੋਂ ਸੋਵੀਅਤ ਜਮਹੂਰੀਅਤ ਨੂੰ ਬਹੁਤ ਮਾਰੂ ਖ਼ਤਰਾ ਪੇਸ਼ ਸੀ ਅਤੇ ਜਦੋਂ ਮੁਹਿਮਬਾਜ਼, ਆਪਣੇ ਜੀਵਨ ਵਿੱਚ ਉੱਨਤੀ ਕਰਨ ਦੇ ਇਛੁੱਕ, ਪਖੰਡੀ ਅਤੇ ਬੇਇਤਬਾਰੇ ਲੋਕਾਂ ਨੂੰ ਆਮ ਤੌਰ 'ਤੇ ਕਮਿਊਨਿਸਟ[32] ਪਾਰਟੀ ਵਿੱਚ ਸ਼ਾਮਲ ਹੋ ਕੇ ਆਪਣਾ ਉੱਲੂ ਸਿੱਧਾ ਕਰਨ ਦੀ ਕੋਈ ਆਸ ਨਹੀਂ ਸੀ ਹੋ ਸਕਦੀ (ਸਗੋਂ ਇਹ ਆਸ ਕਰਨ ਦਾ ਵਧੇਰੇ ਕਾਰਨ ਸੀ ਕਿ ਇਹਦਾ ਸਿੱਟਾ ਫਾਂਸੀ ਅਤੇ ਤਸੀਹੇ ਹੋਵੇਗਾ)। ਪਾਰਟੀ ਦੀਆਂ ਸਾਲਾਨਾਂ ਕਾਂਗਰਸਾਂ ਨੇਮ ਨਾਲ਼ ਹੁੰਦੀਆਂ ਹਨ (ਪਿਛਲੀ ਕਾਂਗਰਸ 1,000 ਮੈਂਬਰਾਂ ਪਿੱਛੇ ਇੱਕ ਡੈਲੀਗੇਟ ਦੇ ਆਧਾਰ ਉਤੇ ਹੋਈ) ਅਤੇ ਇਸਦੇ ਕੰਮ ਨੂੰ 19 ਮੈਂਬਰਾਂ ਦੀ ਇੱਕ ਕੇਂਦਰੀ ਕਮੇਟੀ ਚਲਾਉਂਦੀ ਹੈ ਜਿਸਨੂੰ ਕਾਂਗਰਸ ਚੁਣਦੀ ਹੈ ਅਤੇ ਮਾਸਕੋ ਵਿਚ ਨਿਤਾ-ਪ੍ਰਤੀ ਦਾ ਕੰਮ ਹੋਰ ਵੀ ਛੁਟੇਰੀਆਂ ਸਭਾਵਾਂ ਚਲਾਉਂਦੀਆਂ ਹਨ ਜਿਨ੍ਹਾਂ ਨੂੰ "ਓਰਗਬਿਊਰੋ" (ਜਥੇਬੰਦੀ-ਬਿਊਰੋ) ਅਤੇ "ਪੋਲਿਟਬਿਊਰੋ" (ਰਾਜਸੀ-ਬਿਊਰੋ) ਕਿਹਾ ਜਾਂਦਾ ਹੈ, ਜਿਹੜੇ ਕੇਂਦਰੀ ਕਮੇਟੀ ਦੇ ਪੂਰਨ ਸਮਾਗਮਾਂ ਵਿੱਚ ਚੁਣੇ ਜਾਂਦੇ ਹਾਂ ਅਤੇ ਹਰ ਇਕ ਵਿੱਚ ਕੇਂਦਰੀ ਕਮੇਟੀ ਦੇ ਪੰਜ ਪੰਜ ਮੈਂਬਰ ਹੁੰਦੇ ਹਨ। ਵੇਖਣ ਨੂੰ ਇਹ ਜਾਪਦਾ ਹੈ ਕਿ ਇਹ ਮੁਕੰਮਲ "ਜੁੰਡੀ-ਰਾਜ" ਹੈ। ਸਾਡੇ ਗਣ-ਰਾਜ ਵਿੱਚ ਕੈਦੀ ਰਿਆਸਤੀ ਸੰਸਥਾ ਪਾਰਟੀ ਦੀ ਕੇਂਦਰੀ ਕਮੇਟੀ ਦੀ ਅਗਵਾਈ ਤੋਂ ਬਿਨਾਂ ਕੋਈ ਮਹੱਤਵਪੂਰਨ ਰਾਜਸੀ ਜਾਂ ਜਥੇਬੰਦਕ ਮਸਲਾ ਹੱਲ ਨਹੀਂ ਕਰ ਸਕਦੀ।

ਆਪਣੇ ਕੰਮ ਵਿੱਚ ਪਾਰਟੀ **ਟਰੇਡ ਯੂਨੀਅਨਾਂ** ਦਾ ਸਿੱਧਾ ਸਹਾਰਾ ਲੈਂਦੀ ਹੈ। ਜਿਨ੍ਹਾਂ ਦੇ ਮੈਂਬਰਾਂ ਦੀ ਗਿਣਤੀ ਪਿਛਲੀ ਕਾਂਗਰਸ ਅਨੁਸਾਰ (ਅਪ੍ਰੈਲ 1920) ਹੁਣ 40 ਲੱਖ ਹੈ ਅਤੇ ਜਿਹੜੀਆਂ ਰਸਮੀ ਤੌਰ 'ਤੇ **ਗ਼ੈਰ-ਪਾਰਟੀ** ਜਥੇਬੰਦੀਆਂ ਹਨ। ਅਸਲੀਅਤ ਵਿੱਚ ਯੂਨੀਅਨਾਂ ਦੀ ਵੱਡੀ ਬਹੁ-ਗਿਣਤੀ ਅਤੇ ਸਭ ਤੋਂ ਪਹਿਲਾਂ, ਨਿਸ਼ਚੇ ਹੀ, ਕੁੱਲ-ਰੂਸ ਆਮ ਟਰੇਡ ਯੂਨੀਅਨ ਕੇਂਦਰ (ਟਰੇਡ ਯੂਨੀਅਨਾਂ ਦੀ ਕੁੱਲ-ਰੂਸ ਕੇਂਦਰੀ ਪ੍ਰੀਸ਼ਦ) ਦੀਆਂ ਸਭਨਾਂ ਆਗੂ ਸੰਸਥਾਵਾਂ ਦੇ ਮੈਂਬਰ ਕਮਿਊਨਿਸਟ ਹਨ ਅਤੇ ਪਾਰਟੀ ਦੀਆਂ ਹਦਾਇਤਾਂ ਉੱਤੇ ਅਮਲ ਕਰਦੇ ਹਨ। ਇਉਂ, ਸਮੁੱਚੇ ਤੌਰ 'ਤੇ, ਇਕ ਰਸਮੀ ਤੌਰ 'ਤੇ ਗ਼ੈਰ-ਪਾਰਟੀ, ਲਚਕੀਲਾ ਅਤੇ ਕੁਝ ਹੱਦ ਤੱਕ ਵਿਸ਼ਾਲ ਅਤੇ ਬਹੁਤ ਬਲਵਾਨ ਪ੍ਰੋਲਤਾਰੀ ਸਾਧਨ ਬਣਦਾ ਹੈ ਜਿਸ ਰਾਹੀਂ **ਸ਼੍ਰੇਣੀ** ਅਤੇ **ਜਨਤਾ** ਨਾਲ਼ ਪਾਰਟੀ ਦਾ ਨੇੜਵਾਂ ਸਬੰਧ ਬਣਦਾ ਹੈ ਜਿਸ ਰਾਹੀਂ ਪਾਰਟੀ ਦੀ ਅਗਵਾਈ ਹੇਠ **ਸ਼੍ਰੇਣੀ ਦੀ ਡਿਕਟੇਟਰਸ਼ਿਪ** ਅਮਲ ਵਿੱਚ ਆਉਂਦੀ ਹੈ। ਟਰੇਡ ਯੂਨੀਅਨਾਂ ਨਾਲ਼ ਨੇੜਵੇਂ ਸਬੰਧਾਂ ਅਤੇ ਨਾ ਕੇਵਲ ਆਰਥਕ ਮਾਮਲਿਆਂ **ਸਗੋਂ ਫ਼ੌਜੀ** ਮਾਮਲਿਆਂ ਵਿੱਚ ਵੀ ਉਹਨਾਂ ਦੀ ਜ਼ੋਰਦਾਰ ਹਮਾਇਤ ਅਤੇ ਲਗਨ ਵਾਲ਼ੇ ਯਤਨਾਂ ਤੋਂ ਬਿਨਾਂ ਸਾਡੇ ਲਈ ਢਾਈ ਮਹੀਨੇ ਵੀ ਦੇਸ਼ ਉੱਤੇ ਰਾਜ ਕਰਨਾ ਅਤੇ ਡਿਕਟੇਟਰਸ਼ਿਪ ਕਾਇਮ ਰੱਖਣਾ ਅਸੰਭਵ ਹੁੰਦਾ, ਢਾਈ ਵਰ੍ਹਿਆਂ ਦੀ ਤਾਂ ਗੱਲ ਹੀ ਛੱਡੋ। ਅਮਲ ਵਿੱਚ ਇਹਨਾਂ ਬਹੁਤ ਨੇੜਵੇਂ ਸਬੰਧਾਂ ਲਈ ਪ੍ਰਚਾਰ ਅਤੇ ਐਜ਼ੀਟੇਸ਼ਨ ਦੇ ਰੂਪ ਵਿੱਚ ਅਤਿ ਪੇਚਕਾਰ ਅਤੇ ਵੰਨ-ਸਵੰਨੇ ਕੰਮ ਦੀ, ਨਾ ਕੇਵਲ ਮੁੱਖੀ ਟਰੇਡ ਯੂਨੀਅਨ ਕਾਮਿਆਂ ਨਾਲ਼ ਸਗੋਂ ਆਮ ਤੌਰ 'ਤੇ ਬਾਰਸੂਖ ਟਰੇਡ ਯੂਨੀਅਨ ਕਾਮਿਆਂ ਨਾਲ਼ ਵੀ ਸਮੇਂ ਸਿਰ ਅਤੇ ਅਕਸਰ ਮਿਲ਼ਣੀਆਂ ਦੀ ਲੋੜ ਹੁੰਦੀ ਹੈ; ਇਹਦੇ ਲਈ

ਮੈਨਸ਼ਵਿਕਾਂ ਵਿਰੁੱਧ ਸਿਰੜੀ ਘੋਲ਼ ਦੀ ਲੋੜ ਹੈ ਜਿਨ੍ਹਾਂ ਦੇ ਅਜੇ ਟਰੇਡ ਯੂਨੀਅਨਾਂ ਵਿੱਚ ਕੁਝ, ਭਾਵੇ ਬਹੁਤ ਥੋੜ੍ਹੇ ਅਨੁਸਾਰੀ ਹਨ ਜਿਨ੍ਹਾਂ ਨੂੰ ਉਹ ਹਰ ਤਰ੍ਹਾਂ ਦੀਆਂ ਉਲਟ-ਇਨਕਲਾਬੀ ਚਾਲਾਂ ਸਿਖਾਉਂਦੇ ਹਨ, ਜਿਨ੍ਹਾਂ ਵਿੱਚ (**ਬੁਰਜੂਆ**) ਜਮਹੂਰੀਅਤ ਦੀ ਵਿਚਾਰਧਾਰਕ ਹਮਾਇਤ ਅਤੇ ਇਹ ਪ੍ਰਚਾਰ ਕਿ ਟਰੇਡ ਯੂਨੀਅਨਾਂ "ਸੁਤੰਤਰ" ਹੋਣੀਆਂ ਚਾਹੀਦੀਆਂ ਹਨ (ਪ੍ਰੋਲਤਾਰੀ ਰਿਆਸਤੀ ਸੱਤ੍ਹਾ ਤੋਂ ਸੁਤੰਤਰ!) ਤੋਂ ਲੈ ਕੇ ਪ੍ਰੋਲਤਾਰੀ ਡਸਿਪਲਿਨ ਦੇ ਸਾਬੋਤਾਜ, ਇਤਿ-ਆਦਿ ਤੱਕ ਸ਼ਾਮਲ ਹਨ।

ਅਸੀਂ ਸਮਝਦੇ ਹਾਂ ਕਿ ਟਰੇਡ ਯੂਨੀਅਨਾਂ ਰਾਹੀਂ ਜਨਤਾ ਨਾਲ਼ ਸਬੰਧ ਕਾਫ਼ੀ ਨਹੀਂ। ਸਾਡੀਆਂ ਇਨਕਲਾਬੀ, ਅਮਲੀ ਸਰਗਰਮੀਆਂ ਨੇ **ਗੈਰ-ਪਾਰਟੀ ਕਿਰਤੀਆਂ ਅਤੇ ਕਿਸਾਨਾਂ ਦੀਆਂ ਕਾਨਫੰਰਸਾਂ** ਜਿਹੀਆਂ ਸੰਸਥਾਵਾਂ ਨੂੰ ਜਨਮ ਦਿੱਤਾ ਹੈ ਅਤੇ ਅਸੀਂ ਹਰ ਸੰਭਵ ਢੰਗ ਨਾਲ਼ ਇਸ ਸੰਸਥਾ ਦੀ ਹਮਾਇਤ ਕਰਨ ਅਤੇ ਇਹਨੂੰ ਵਿਕਸਤ ਕਰਨ ਅਤੇ ਵਧਾਉਣ ਦਾ ਯਤਨ ਕਰਦੇ ਹਾਂ ਤਾਂ ਜੁ ਸਾਨੂੰ ਜਨਤਾ ਦੇ ਰੌਂ ਦਾ ਪਤਾ ਲੱਗ ਸਕੇ, ਅਸੀਂ ਉਹਨਾਂ ਦੇ ਨੇੜੇ ਆ ਸਕੀਏ, ਉਹਨਾਂ ਦੀਆਂ ਲੋੜਾਂ ਪੂਰੀਆਂ ਕਰ ਸਕੀਏ ਅਤੇ ਉਹਨਾਂ ਵਿੱਚ ਸਰਵਉੱਤਮ ਨੂੰ ਰਿਆਸਤੀ ਪਦਵੀਆਂ ਉੱਤੇ ਤਰਕੀ ਦੇ ਸਕੀਏ, ਆਦਿ। ਪਿੱਛੇ ਜਿਹੇ ਰਿਆਸਤੀ ਕੰਟਰੋਲ ਦੀ ਜਨਤਕ ਕੁਮਿਸਰੀਅਤ ਨੂੰ "ਕਿਰਤੀਆਂ ਅਤੇ ਕਿਸਾਨਾਂ ਦੀ ਮੁਆਇਨਾ ਸੰਸਥਾ" ਵਿੱਚ ਤਬਦੀਲ ਕਰਨ ਦੇ ਫ਼ਰਮਾਨ ਅਨੁਸਾਰ ਅਜਿਹੀਆਂ ਗ਼ੈਰ-ਪਾਰਟੀ ਕਾਨਫ਼ਰੰਸਾਂ ਨੂੰ ਇਹ ਅਖ਼ਤਿਆਰ ਦਿੱਤਾ ਗਿਆ ਹੈ ਕਿ ਉਹ ਵੱਖ ਵੱਖ ਕਿਸਮ ਦੀ ਤਫ਼ਤੀਸ਼ ਕਰਨ ਲਈ ਰਿਆਸਤੀ ਕੰਟਰੋਲ ਦੇ ਮੈਂਬਰ ਚੁਣਨ, ਆਦਿ।

ਫੇਰ, ਨਿਸ਼ਚੇ ਹੀ, ਪਾਰਟੀ ਦਾ ਸਾਰਾ ਕੰਮ ਸੋਵੀਅਤਾਂ ਰਾਹੀ ਹੁੰਦਾ ਹੈ, ਜਿਨ੍ਹਾਂ ਵਿੱਚ ਕਿਤੇ ਦੇ ਵਿਤਕਰੇ ਤੋਂ ਬਿਨਾਂ ਸਭੇ ਕਿਰਤੀ ਲੋਕ ਸ਼ਾਮਲ ਹੁੰਦੇ ਹਨ। ਸੋਵੀਅਤਾਂ ਦੀਆਂ ਜ਼ਿਲ੍ਹਾ ਕਾਂਗਰਸਾਂ **ਜਮਹੂਰੀ** ਸੰਸਥਾਵਾਂ ਹਨ, ਜਿਨ੍ਹਾਂ ਦੀ ਮਿਸਾਲ ਬੁਰਜੂਆ ਦੁਨੀਆ ਦੀਆਂ ਸਰਵਉੱਤਮ ਗਣ-ਰਾਜੀ ਜਮਹੂਰੀਅਤਾਂ ਵਿੱਚ ਵੀ ਕਦੇ ਵੇਖਣ ਵਿੱਚ ਨਹੀਂ ਆਈ; ਇਹਨਾਂ ਕਾਂਗਰਸਾਂ ਰਾਹੀਂ (ਜਿਨ੍ਹਾਂ ਦੀ ਕਾਰਵਾਈ ਵੱਲ ਪਾਰਟੀ ਵੱਧ ਤੋਂ ਵੱਧ ਧਿਆਨ ਦੇਣ ਦਾ ਯਤਨ ਕਰਦੀ ਹੈ) ਅਤੇ ਸਦਾ ਸ਼੍ਰੇਣੀ-ਚੇਤੰਨ ਕਿਰਤੀਆਂ ਨੂੰ ਪੇਂਡੂ ਇਲਾਕਿਆਂ ਵਿੱਚ ਵੱਖ ਵੱਖ ਅਹੁੱਦਿਆਂ ਉੱਤੇ ਲਾ ਕੇ ਪ੍ਰੋਲਤਾਰੀ ਆਪਣਾ ਕਿਸਾਨੀ ਦਾ ਨੇਤਾ ਹੋਣ ਦਾ ਰੋਲ ਪੂਰਾ ਕਰਦਾ ਹੈ, ਸ਼ਹਿਰੀ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਲਾਗੂ ਕਰਦਾ ਹੈ ਅਤੇ ਧਨੀ, ਬੁਰਜੂਆ, ਲੋਟੂ ਅਤੇ ਨਫ਼ਾ ਖੋਰ ਕਿਸਾਨੀ ਵਿਰੁੱਧ ਇੱਕ ਬਾਕਾਇਦਾ ਘੋਲ਼ ਕਰਦਾ ਹੈ।

"ਉੱਪਰ ਵੱਲੋਂ" ਵੇਖਦੇ ਹੋਏ ਅਮਲ ਵਿੱਚ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਲਾਗੂ ਕਰਨ ਦੇ ਦ੍ਰਿਸ਼ਟੀਕੋਣ ਤੋਂ, ਅਜਿਹੀ ਹੈ ਪ੍ਰੋਲਤਾਰੀ ਰਿਆਸਤ ਦੀ ਆਮ ਬਣਤਰ। ਇਸ ਗੱਲ ਦੀ ਆਸ ਕੀਤੀ ਜਾ ਸਕਦੀ ਹੈ ਕਿ ਪਾਠਕ ਇਹ ਸਮਝ ਲਵੇਗਾ ਕਿ ਰੂਸੀ ਬਾਲਸ਼ਵਿਕ, ਜੋ 25 ਵਰ੍ਹਿਆਂ ਤੋਂ ਇਸ ਬਣਤਰ ਨੂੰ ਜਾਣਦਾ ਹੈ ਅਤੇ ਜਿਸਨੇ ਇਹਨੂੰ ਨਿੱਕੇ, ਗ਼ੈਰ-ਕਾਨੂੰਨੀ ਅਤੇ ਗੁਪਤ ਹਲਕਿਆਂ ਤੋਂ ਵਿਕਸਿਤ ਹੁੰਦੇ ਵੇਖਿਆ ਹੈ, "ਉੱਪਰੋਂ" **ਜਾਂ** "ਹੇਠਾਂ ਤੋਂ", ਨੇਤਾਵਾਂ ਦੀ ਡਿਕਟੇਟਰਸ਼ਿਪ **ਜਾਂ** ਜਨਤਾ ਦੀ ਡਿਕਟੇਟਰਸ਼ਿਪ, ਆਦਿ ਸਬੰਧੀ ਇਸ ਬਹਿਸ

ਨੂੰ ਹਾਸੋ ਹੀਣੀ ਅਤੇ ਬਚਗਾਨਾ ਬਕਵਾਸ ਸਮਝੇ ਬਿਨਾਂ ਨਹੀਂ ਰਹਿ ਸਕਦਾ, ਜੋ ਇਸ ਬਹਿਸ ਦੇ ਤੁਲ ਹੈ ਕਿ ਮਨੁੱਖ ਲਈ ਖੱਬੀ ਲੱਤ ਵਧੇਰੇ ਲੋੜੀਂਦੀ ਹੈ ਜਾਂ ਸੱਜੀ ਬਾਂਹ।

ਇਸੇ ਤਰ੍ਹਾਂ ਅਸੀਂ ਜਰਮਨ ਖੱਬੇ-ਪੱਖੀਆਂ ਦੇ ਉਹਨਾਂ ਲਫ਼ੌੜੀ, ਬੜੇ ਪੰਡਤਾਉ ਅਤੇ ਅਤਿ ਦੇ ਇਨਕਲਾਬੀ ਉਪਦੇਸ਼ਾਂ ਨੂੰ ਵੀ ਓਨੀ ਹੀ ਹਾਸੋ-ਹੀਣੀ ਅਤੇ ਬਚਗਾਨਾ ਬਕਵਾਸ ਕਿਉਂ ਨਾ ਸਮਝੀਏ, ਜਿਨ੍ਹਾਂ ਵਿੱਚ ਉਹ ਕਹਿੰਦੇ ਹਨ ਕਿ ਕਮਿਊਨਿਸਟ ਪਿੱਛੇ-ਖਿੱਚੂ ਟਰੇਡ ਯੂਨੀਅਨਾਂ ਵਿੱਚ ਕੰਮ ਨਹੀਂ ਕਰ ਸਕਦੇ ਅਤੇ ਉਹਨਾਂ ਨੂੰ ਇਹਨਾਂ ਵਿੱਚ ਕੰਮ ਨਹੀਂ ਕਰਨਾ ਚਾਹੀਦਾ, ਕਿ ਉਹਨਾਂ ਦਾ ਅਜਿਹੇ ਕੰਮ ਤੋਂ ਨਾਂਹ ਕਰਨਾ ਯੋਗ ਹੈ। ਕਿ ਇਹਨਾਂ ਟਰੇਡ ਯੂਨੀਅਨਾਂ ਤੋਂ ਵੱਖ ਹੋ ਜਾਣਾ ਅਤੇ ਇੱਕ ਨਵੀਂ-ਨਕੋਰ ਅਤੇ ਬੇਦਾਗ 'ਕਿਰਤੀਆਂ ਦੀ ਯੂਨੀਅਨ' ਖੜ੍ਹੀ ਕਰਨੀ ਚਾਹੀਦੀ ਹੈ ਜਿਹੜੀ ਬੜੇ ਪਿਆਰੇ (ਅਤੇ, ਸ਼ੈਦ, ਆਮ ਤੌਰ 'ਤੇ ਬਹੁਤ ਨੌਂ-ਉਮਰ) ਕਮਿਊਨਿਸਟਾਂ ਨੇ ਖੜ੍ਹੀ ਕੀਤੀ ਹੁੰਦਾ ਹੈ, ਇਤ-ਆਦਿ।

ਸਰਮਾਏਦਾਰੀ ਸੋਸ਼ਲਿਜ਼ਮ ਨੂੰ ਅਟੱਲ ਤੌਰ 'ਤੇ ਵਿਰਸਾ ਦੇਂਦੀ ਹੈ, ਇੱਕ ਹੱਥ ਕਿਰਤੀਆਂ ਵਿਚਕਾਰ ਪੁਰਾਣੇ ਧੰਦਿਆਂ ਅਤੇ ਕਿੱਤਿਆਂ ਦੇ ਫ਼ਰਕ, ਜਿਹੜੇ ਸਦੀਆਂ ਦੇ ਦੌਰਾਨ ਵਿਕਸਿਤ ਹੋਏ ਹਨ ਅਤੇ ਦੂਜੇ ਹੱਥ ਟਰੇਡ ਯੂਨੀਅਨਾਂ, ਜਿਹੜੀਆਂ ਬੜੀ ਹੌਲ਼ੀ-ਹੌਲ਼ੀ ਅਤੇ ਅਨੇਕ ਵਰ੍ਹਿਆਂ ਪਿੱਛੋਂ ਵਿਕਸਤ ਹੋ ਕੇ ਅਜਿਹੀਆਂ ਵਿਸਤ੍ਰਿਤ ਸਨਅਤੀ ਯੂਨੀਅਨਾਂ ਬਣ ਸਕਦੀਆਂ ਹਨ ਅਤੇ ਬਣਨਗੀਆਂ, ਜੋ ਏਨੀਆਂ ਵੱਖ ਵੱਖ ਕਿੱਤਿਆਂ ਦੀਆਂ ਯੂਨੀਅਨਾਂ ਨਹੀਂ ਹੋਣਗੀਆਂ (ਜੋ ਪੂਰੀਆਂ ਸਨਅਤਾਂ ਦੀਆਂ ਯੂਨੀਅਨਾਂ ਹੋਣਗੀਆਂ ਅਤੇ ਕੇਵਲ ਧੰਦਿਆਂ, ਕਿੱਤਿਆਂ ਅਤੇ ਰੁਜ਼ਗਾਰਾਂ ਦੀਆਂ ਨਹੀਂ) ਅਤੇ ਫੇਰ ਇਹਨਾਂ ਸਨਅਤੀ ਯੂਨੀਅਨਾਂ ਰਾਹੀਂ ਲੋਕਾਂ ਵਿਚਕਾਰ ਕਿਰਤ ਦੀ ਵੰਡ ਖ਼ਤਮ ਕਰਨ ਅਤੇ ਲੋਕਾਂ ਨੂੰ ਵਿਦਿਆ ਅਤੇ ਸਿੱਖਿਆ ਦੇਣ, ਉਹਨਾਂ ਨੂੰ **ਸਰਬੰਗੀ ਵਿਕਸਤ** ਕੀਤਾ ਅਤੇ ਉਹਨਾਂ ਨੂੰ **ਸਰਬੰਗੀ** ਸਿੱਖਿਆ ਦਿੱਤੀ ਜਾ ਸਕਦੀ ਹੈ, ਜਿਸ ਰਾਹੀਂ ਅਜਿਹੇ ਲੋਕ ਤਿਆਰ ਹੋਣਗੇ ਜੋ **ਸਭ ਕੁਝ ਕਰ ਸਕਦੇ ਹਨ।** ਕਮਿਊਨਿਜ਼ਮ ਇਸ ਆਸ਼ੇ ਵੱਲ ਵੱਧ ਰਿਹਾ ਹੈ ਉਹਦੇ ਲਈ ਇਸ ਆਸ਼ੇ ਵੱਲ ਵੱਧਣਾ ਲਾਜ਼ਮੀ ਹੈ ਅਤੇ ਉਹ ਇਸ ਆਸ਼ੇ 'ਤੇ **ਅੱਪੜ ਜਾਵੇਗਾ**, ਪਰ ਅਨੇਕ ਵਰ੍ਹਿਆਂ ਪਿੱਛੋਂ। ਇਸ ਪੂਰੀ ਤਰ੍ਹਾਂ ਵਿਕਸਤ, ਪੂਰੀ ਤਰ੍ਹਾਂ ਬਣੇ ਅਤੇ ਸਥਾਪਤ, ਪੂਰੀ ਤਰ੍ਹਾਂ ਸਰਬੰਗੀ ਅਤੇ ਪ੍ਰਪੱਕ ਕਮਿਊਨਿਜ਼ਮ ਦੇ ਭਵਿੱਖ ਦੇ ਸਿੱਟੇ ਸਮੇਂ ਤੋਂ ਪਹਿਲਾਂ, ਅੱਜ ਹੀ ਲਾਗੂ ਕਰਨ ਦਾ ਯਤਨ ਕਰਨਾ ਚਾਰ ਵਰ੍ਹੇ ਦੇ ਬੱਚੇ ਨੂੰ ਉਚੇਰਾ ਗਣਿਤ ਪੜ੍ਹਾਉਣ ਦੇ ਤੁਲ ਹੈ।

ਅਸੀਂ ਖ਼ਿਆਲੀ ਮਨੁੱਖਾਂ ਨੂੰ ਜਾਂ ਵਿਸ਼ੇਸ਼ ਤੌਰ 'ਤੇ ਸਾਡੇ ਲਈ ਤਿਆਰ ਕੀਤੇ ਮਨੁੱਖਾਂ ਨੂੰ ਲੈ ਕੇ ਨਹੀਂ ਸਗੋਂ ਸਰਮਾਏਦਾਰੀ ਤੋਂ ਵਿਰਸੇ ਵਿੱਚ ਮਿਲ਼ੇ ਮਨੁੱਖਾਂ ਨੂੰ ਲੈ ਕੇ ਸ਼ੋਸ਼ਲਿਜ਼ਮ ਹੀ ਉਸਾਰੀ ਸ਼ੁਰੂ ਕਰ ਸਕਦੇ ਹਾਂ (ਅਤੇ ਕਰਨੀ ਚਾਹੀਦੀ ਹੈ)। ਨਿਸ਼ਚੇ ਹੀ ਇਹ ਬਹੁਤ ਸੌਖਾ ਕੰਮ ਨਹੀਂ ਪਰ ਇਸ ਕੰਮ ਵੱਲ ਕੋਈ ਹੋਰ ਪਹੁੰਚ ਏਨੀ ਗੰਭੀਰ ਨਹੀਂ ਕਿ ਉਸ ਉੱਤੇ ਵਿਚਾਰ ਵੀ ਕੀਤੀ ਜਾਵੇ।

ਸਰਮਾਏਦਾਰਾ ਵਿਕਾਸ ਦੇ ਮੁੱਢਲੇ ਦਿਨਾਂ ਵਿੱਚ ਟਰੇਡ ਯੂਨੀਅਨਾਂ ਦੀ ਸਥਾਪਤੀ ਕਿਰਤੀ ਸ਼੍ਰੇਣੀ ਲਈ ਇੱਕ ਅਥਾਹ ਅੱਗੇ-ਵਧੂ ਕਦਮ ਸੀ ਕਿਉਂਕਿ ਉਹ ਕਿਰਤੀਆਂ ਵਿੱਚ

ਫੁੱਟ ਅਤੇ ਬੇਬਸੀ ਤੋਂ ਸ਼੍ਰੇਣੀ ਜਥੇਬੰਦੀ ਵੱਲ ਕਾਇਆ-ਪਲਟ ਦਾ **ਮੁੱਢਲਾ ਰੂਪ** ਸਨ। ਪਰ ਜਦੋਂ ਜਦੋਂ **ਪ੍ਰੋਲਤਾਰੀ ਦੀ ਇਨਕਲਾਬੀ ਪਾਰਟੀ**, ਪ੍ਰੋਲਤਾਰੀ ਦੀ ਸ਼੍ਰੇਣੀ ਜਥੇਬੰਦੀ ਦਾ **ਸਰਵਉੱਚ** ਰੂਪ ਪ੍ਰਗਟ ਹੋਣ ਲੱਗਾ (ਅਤੇ ਪਾਰਟੀ ਤਾਂ ਹੀ ਪਾਰਟੀ ਅਖਵਾ ਸਕੇਗੀ ਜੇ ਉਹ ਨੇਤਾਵਾਂ ਨੂੰ ਸ਼੍ਰੇਣੀ ਅਤੇ ਜਨਤਾ ਨਾਲ਼ ਇੱਕ ਅਵੰਡ ਇਕਾਈ ਦੇ ਰੂਪ ਵਿੱਚ ਜੋੜਨ ਦਾ ਕੰਮ ਸਿੱਖ ਲਵੇਗੀ) ਤਾਂ ਟਰੇਡ ਯੂਨੀਅਨਾਂ ਵਿੱਚ ਅਟੱਲ ਤੌਰ ’ਤੇ **ਕੁਝ** ਪਿੱਛੇ-ਖਿੱਚੂ ਲੱਛਣ, ਕੁਝ ਵਿਰਤਕ ਤੰਗ-ਨਜ਼ਰੀ, ਗੈਰ-ਰਾਜਸੀ ਹੋਣ ਵੱਲ ਕੁਝ ਝੁਕਾਅ, ਕੁਝ ਸਿਥਲਤਾ, ਆਦਿ ਦਿੱਸਣ ਲੱਗ ਪਈ। ਪਰ ਦੁਨੀਆ ਵਿੱਚ ਕਿਸੇ ਥਾਂ ਪ੍ਰੋਲਤਾਰੀ ਦਾ ਵਿਕਾਸ ਟਰੇਡ ਯੂਨੀਅਨਾਂ ਅਤੇ ਟਰੇਡ ਯੂਨੀਅਨਾਂ ਅਤੇ ਕਿਰਤੀ ਸ਼੍ਰੇਣੀ ਦੀ ਪਾਰਟੀ ਵਿਚਕਾਰ ਪਰਸਪਰ ਅਮਲ ਤੋਂ ਬਿਨਾਂ ਕਿਸੇ ਹੋਰ ਸਾਧਨ ਰਾਹੀਂ ਨਹੀਂ ਹੋਇਆ ਅਤੇ ਨਾ ਹੀ ਹੋ ਸਕਦਾ ਹੈ। ਪ੍ਰੋਲਤਾਰੀ ਦਾ ਰਾਜਸੀ ਸੱਤ੍ਹਾ ਜਿੱਤ ਲੈਣਾ ਇੱਕ ਸ਼੍ਰੇਣੀ ਦੇ ਤੌਰ ’ਤੇ ਪ੍ਰੋਲਤਾਰੀ ਲਈ ਇੱਕ ਮਹਾਨ ਅੱਗੇ-ਵਧੂ ਕਦਮ ਹੈ ਅਤੇ ਇਹ ਲਾਜ਼ਮੀ ਹੈ ਕਿ ਪਾਰਟੀ ਸਦਾ ਨਾਲ਼ੋਂ ਵੱਧ ਅਤੇ ਕੇਵਲ ਪੁਰਾਣੇ ਢੰਗ ਨਾਲ਼ ਹੀ ਨਹੀਂ ਸਗੋਂ ਨਵੇਂ ਢੰਗ ਨਾਲ਼ ਟਰੇਡ ਯੂਨੀਅਨਾਂ ਨੂੰ ਸਿੱਖਿਆ ਦੇਵੇ ਅਤੇ ਉਹਨਾਂ ਦੀ ਅਗਵਾਈ ਕਰੇ ਅਤੇ ਇਹਦੇ ਨਾਲ਼ ਹੀ ਨਾਲ਼ ਇਹ ਵੀ ਯਾਦ ਰੱਖੇ ਕਿ ਟਰੇਡ ਯੂਨੀਅਨਾਂ “ਕਮਿਊਨਿਜ਼ਮ ਦਾ” ਜ਼ਰੂਰੀ “ਸਕੂਲ” ਹਨ ਅਤੇ ਲੰਮੇ ਸਮੇਂ ਤੱਕ ਰਹਿਣਗੀਆਂ ਅਤੇ ਅਜਿਹਾ ਮੁੱਢਲਾ ਸਕੂਲ ਹਨ, ਜਿਸ ਵਿੱਚ ਪ੍ਰੋਲਤਾਰੀ ਨੂੰ ਆਪਣੀ ਡਿਕਟੇਟਰਸ਼ਿਪ ਚਲਾਉਣੀ ਸਿਖਾਈ ਜਾਂਦੀ ਹੈ, ਕਿਰਤੀਆਂ ਦੀ ਇੱਕ ਅਜਿਹੀ ਜ਼ਰੂਰੀ ਜਥੇਬੰਦੀ ਹਨ ਜਿਸ ਰਾਹੀਂ ਦੇਸ਼ ਦੇ ਆਰਥਕ ਪ੍ਰਬੰਧ ਦੀ ਪੂਰੀ ਵਾਗ-ਡੋਰ ਕਿਰਤੀ **ਸ਼੍ਰੇਣੀ** ਦੇ ਹੱਥ ਵਿੱਚ (ਅਤੇ ਵੱਖ ਵੱਖ ਕਿੱਤਿਆਂ ਦੇ ਹੱਥ ਵਿੱਚ ਨਹੀਂ) ਆ ਜਾਂਦੀ ਹੈ ਅਤੇ ਫੇਰ ਸਭਨਾਂ ਕਿਰਤੀ ਲੋਕਾਂ ਦੇ ਹਵਾਲੇ ਕਰ ਦਿੱਤੀ ਜਾਂਦੀ ਹੈ।

ਉੱਪਰ ਦੱਸੇ ਗਏ ਅਰਥਾਂ ਵਿੱਚ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਅਧੀਨ ਟਰੇਡ ਯੂਨੀਅਨਾਂ ਵਿੱਚ **ਕੁਝ** “ਪਿੱਛੇ-ਖਿੱਚੂਪੁਣਾ” **ਅਟੱਲ** ਹੈ। ਇਹ ਗੱਲ ਨਾ ਸਮਝਣਾ ਸਰਮਾਏਦਾਰੀ ਤੋਂ ਸ਼ੋਸਲਿਜ਼ਮ ਵਿੱਚ **ਤਬਦੀਲੀ** ਦੀਆਂ ਬੁਨਿਆਦੀ ਸ਼ਰਤਾਂ ਸਮਝਣੋਂ ਉੱਕਾ ਹੀ ਅਸਮਰੱਥ ਰਹਿਣਾ ਹੈ। **ਇਸ** “ਪਿੱਛੇ-ਖਿੱਚਪੁਣੇ” ਤੋਂ ਡਰਨਾ, ਇਸ ਤੋਂ **ਘੁਸਾਈ** ਮਾਰਨੀ ਜਾਂ ਇਸ ਦੇ ਉੱਪਰੋਂ ਟੱਪ ਕੇ ਲੰਘ ਜਾਣ ਦਾ ਯਤਨ ਕਰਨਾ ਪਰਲ਼ੇ ਦਰਜੇ ਦੀ ਬੇਵਕੂਫ਼ੀ ਹੋਵੇਗੀ, ਕਿਉਂਕਿ ਇਹਦੇ ਅਰਥ ਹੋਣਗੇ ਕਿਰਤੀ ਸ਼੍ਰੇਣੀ ਅਤੇ ਕਿਸਾਨੀ ਦੀਆਂ ਅਤਿਅੰਤ ਪਛੜੀਆਂ ਪਰਤਾਂ ਅਤੇ ਸਮੂਹਾਂ ਨੂੰ ਸਿੱਖਿਆ ਦੇਣ, ਜਾਗ੍ਰਤ ਕਰਨ ਅਤੇ ਉਹਨਾਂ ਨੂੰ ਨਵੇਂ ਜੀਵਨ ਵਿੱਚ ਖਿੱਚਣ ਸਬੰਧੀ ਪ੍ਰੋਲਤਾਰੀ ਦੇ ਹਰਾਵਲ ਦਸਤੇ ਦੇ ਕਰਤੱਵ ਤੋਂ ਡਰਨਾ। ਦੂਜੇ ਪਾਸੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦੀ ਸਥਾਪਤੀ ਉਸ ਸਮੇਂ ਤੱਕ ਪਿੱਛੇ ਪਾ ਦੇਣਾ ਜਦੋਂ ਤੱਕ ਇੱਕ ਵੀ ਵਿਰਤਕ ਦ੍ਰਿਸ਼ਟੀਕੋਣ ਦੀ ਤੰਗ-ਨਜ਼ਰੀ ਵਾਲਾ ਜਾਂ ਵਿਰਤਕ ਅਤੇ ਵਿਰਤਕ-ਯੂਨੀਅਨ ਤੁਅਸਬਾਂ ਵਾਲਾ ਕਿਰਤੀ ਬਾਕੀ ਨਹੀਂ ਰਹੇਗਾ, ਹੋਰ ਵਡੇਰੀ ਗ਼ਲਤੀ ਹੋਵੇਗੀ। ਰਾਜਨੀਤੀ ਦੀ ਕਲਾ (ਅਤੇ ਆਪਣੇ ਕਾਰਜਾਂ ਸਬੰਧੀ ਕਮਿਊਨਿਸਟਾਂ ਦੀ ਸਮਝ) ਇਸ ਵਿੱਚ ਹੈ ਕਿ ਉਹਨਾਂ ਪ੍ਰਸਥਿਤੀਆਂ ਅਤੇ ਛਿਣਾਂ ਨੂੰ ਠੀਕ ਤਰ੍ਹਾਂ ਜੋਖਿਆ ਜਾਵੇ ਜਦੋਂ ਪ੍ਰੋਲਤਾਰੀ ਦਾ ਹਰਾਵਲ ਦਸਤਾ ਸੱਤ੍ਹਾ ਆਪਣੇ ਹੱਥ ਵਿੱਚ ਲੈ ਸਕਦਾ ਹੈ, ਜਦੋਂ ਇਹ — ਸੱਤ੍ਹਾ ’ਤੇ ਕਬਜ਼ਾ

ਕਰਨ ਦੇ ਦੌਰਾਨ ਅਤੇ ਉਸ ਤੋਂ ਪਿੱਛੋਂ — ਕਿਰਤੀ ਸ਼੍ਰੇਣੀ ਅਤੇ ਗ਼ੈਰ-ਪ੍ਰੋਲਤਾਰੀ ਕਿਰਤੀ ਜਨਤਾ ਦੀ ਚੋਖੀ ਵਿਸ਼ਾਲ ਪਰਤ ਦੀ ਚੋਖੀ ਹਮਾਇਤ ਜਿੱਤ ਸਕਦਾ ਹੈ, ਜਦੋਂ ਉਸ ਤੋਂ ਪਿੱਛੋਂ ਕਿਰਤੀ ਲੋਕਾਂ ਦੇ ਸਦਾ ਵਧੇਰੇ ਵਿਸ਼ਾਲ ਹਿੱਸਿਆਂ ਨੂੰ ਸਿੱਖਿਆ ਦੇ ਕੇ ਅਤੇ ਆਪਣੇ ਵੱਲ ਖਿਚ ਕੇ ਆਪਣੀ ਹਕੂਮਤ ਕਾਇਮ ਰੱਖਣ, ਮਜ਼ਬੂਤ ਬਣਾਉਣ ਅਤੇ ਵਧਾਉਣ ਵਿਚ ਸਫ਼ਲ ਹੋ ਸਕਦਾ ਹੈ।

ਹੋਰ ਵੀ। ਰੂਸ ਨਾਲ਼ੋਂ ਵੱਧ ਉੱਨਤ ਦੇਸ਼ਾਂ ਵਿੱਚ ਟਰੇਡ ਯੂਨੀਅਨਾਂ ਵਿੱਚ ਕੁਝ ਪਿੱਛੇ-ਖਿੱਚੂਪੁਣਾ ਸਾਡੇ ਦੇਸ ਨਾਲ਼ੋਂ ਕਿਤੇ ਵੱਧ ਮਾਤਰਾ ਵਿੱਚ ਪ੍ਰਗਟ ਹੋਇਆ ਹੈ ਅਤੇ ਪ੍ਰਗਟ ਹੋਣਾ ਹੀ ਸੀ। ਸਾਡੇ ਮੇਨਸ਼ਵਿਕਾਂ ਨੂੰ ਟਰੇਡ ਯੂਨੀਅਨਾਂ ਦੀ ਹਮਾਇਤ ਮਿਲੀ (ਅਤੇ ਥੋੜ੍ਹੀ ਜਿਹੀ ਗਿਣਤੀ ਵਿੱਚ ਯੂਨੀਅਨਾਂ ਵੱਲੋਂ ਹੁਣ ਵੀ ਮਿਲਦੀ ਹੈ) ਤਾਂ ਇਹਦਾ ਕਾਰਨ ਉਹਨਾਂ ਯੂਨੀਅਨਾਂ ਦੀ ਵਿਰਤਕ ਤੰਗ-ਨਜ਼ਰੀ, ਵਿਰਤਕ ਖ਼ੁਦ-ਗ਼ਰਜ਼ੀ ਅਤੇ ਮੌਕਾ-ਪ੍ਰਸਤੀ ਸੀ। ਪੱਛਮ ਵਿੱਚ ਮੈਨਸ਼ਵਿਕਾਂ ਨੇ ਟਰੇਡ ਯੂਨੀਅਨਾਂ ਵਿੱਚ ਆਪਣੇ ਪੈਰ ਹੋਰ ਵੀ ਪੱਕੀ ਤਰ੍ਹਾਂ "ਜਮਾ ਲਏ ਹਨ"; ਉੱਥੇ **ਵਿਰਤਕ ਯੂਨੀਅਨ ਵਾਲੀ ਤੰਗ-ਨਜ਼ਰ, ਖ਼ੁਦ-ਗਰਜ਼, ਰੜ੍ਹੀ ਹੋਈ ਲਾਲਚੀ, ਨਿੱਕ-ਬੁਰਜੂਆ, "ਕਿਰਤੀ ਅਮੀਰਸ਼ਾਹੀ", ਜੋ ਸਾਮਰਾਜੀ ਵਿਚਾਰਾਂ ਵਾਲੀ ਹੈ ਅਤੇ ਜਿਸਨੂੰ ਸਾਮਰਾਜੀਆਂ ਨੇ ਭ੍ਰਿਸ਼ਟ ਕਰ ਦਿਤਾ ਹੋਇਆ ਹੈ**, ਸਾਡੇ ਦੇਸ਼ ਨਾਲੋਂ ਕਿਤੇ ਵਧੇਰੇ ਮਜ਼ਬੂਤ ਹਿੱਸੇ ਵਜੋਂ ਵਿਕਸਤ ਹੋਈ ਹੈ। ਇਸ ਸਬੰਧੀ ਕੋਈ ਵਿਵਾਦ ਨਹੀਂ ਹੋ ਸਕਦਾ। ਗੋਮਪਰਜ਼ ਵਿਰੁੱਧ ਅਤੇ ਪੱਛਮੀ ਯੂਰਪ ਵਿੱਚ ਜੂਓ, ਹੈਂਡਰਸਨ, ਮੇਰਹੀਮ, ਲੇਗੀਨ ਅਤੇ ਟੋਲੀ ਜਿਹੇ ਲੋਕਾਂ ਵਿਰੁਧ ਘੋਲ ਸਾਡੇ ਮੇਨਸ਼ਵਿਕਾਂ ਵਿਰੁਧ ਘੋਲ਼ ਨਾਲੋਂ ਕਿਤੇ ਕਰੜਾ ਹੋਵੇਗਾ, ਭਾਵੇਂ ਮੈਨਸ਼ਵਿਕ ਸਮਾਜੀ ਅਤੇ ਰਾਜਸੀ ਦ੍ਰਿਸ਼ਟੀ ਤੋਂ **ਬਿਲਕੁਲ ਹੀ ਇਕ-ਰੂਪ** ਹਨ। ਇਹ ਘੋਲ਼ ਬੇਕਿਰਕੀ ਨਾਲ਼ ਲੜਿਆ ਜਾਣਾ ਚਾਹੀਦਾ ਹੈ ਅਤੇ ਹਰ ਹਾਲਤ ਵਿਚ ਉਸ ਮੰਜਲ 'ਤੇ ਪਹੁੰਚਾਇਆ ਜਾਣਾ ਚਾਹੀਦਾ ਹੈ- ਜਿਵੇਂ ਅਸਾਂ ਪਚਾਇਆ — ਜਦੋਂ ਮੌਕਾ-ਪ੍ਰਸਤੀ ਅਤੇ ਸਮਾਜੀ-ਅੰਧਰਾਸ਼ਟਰਵਾਦ ਦੇ ਸਭ ਲਾਇਲਾਜ ਨੇਤਾਵਾਂ ਦਾ ਪਰਦਾ ਉਘਾੜ ਦਿੱਤਾ ਜਾਵੇ ਅਤੇ ਉਹਨਾਂ ਨੂੰ ਟਰੇਡ-ਯੂਨੀਅਨਾਂ ਤੋਂ ਬਾਹਰ ਨੱਠਾ ਦਿੱਤਾ ਜਾਵੇ। ਜਦੋਂ ਤੱਕ ਇਹ ਘੋਲ਼ ਇੱਕ **ਖਾਸ** ਪੱਧਰ 'ਤੇ ਨਾ ਅੱਪੜ ਚੁੱਕਾ ਹੋਵੇ, ਰਾਜਸੀ ਸੱਤ੍ਹਾ 'ਤੇ ਕਬਜ਼ਾ ਨਹੀਂ ਕੀਤਾ ਜਾ ਸਕਦਾ (ਅਤੇ ਇਹਦੇ ਉੱਤੇ ਕਬਜ਼ਾ ਕਰਨ ਦਾ ਉੱਕਾ ਯਤਨ ਹੀ ਨਹੀਂ ਕਰਨਾ ਚਾਹੀਦਾ)। ਇਹ "ਖ਼ਾਸ ਹਾਲਤ" ਵੱਖ ਵੱਖ ਦੇਸ਼ਾਂ ਅਤੇ ਵਖ ਵਖ ਪ੍ਰਸਥਿਤੀਆਂ ਵਿਚ **ਵੱਖ ਵੱਖ** ਹੋਵੇਗੀ; ਹਰ ਦੇਸ਼ ਦੇ ਕਿਰਤੀ ਸ਼੍ਰੇਣੀ ਦੇ ਵਿਚਾਰਵਾਨ, ਤਜ਼ਰਬੇਕਾਰ ਅਤੇ ਸਮਝਦਾਰ ਨੇਤਾ ਹੀ ਇਹਨੂੰ ਠੀਕ ਤਰ੍ਹਾਂ ਜੋਖ ਸਕਦੇ ਹਨ।(ਰੂਸ ਵਿੱਚ ਨਵੰਬਰ 1917 ਵਿਚ, 25 ਅਕਤੂਬਰ 1917 ਦੇ ਪ੍ਰੋਲਤਾਰੀ ਇਨਕਲਾਬ ਦੇ ਕੁਝ ਦਿਨ ਪਿੱਛੋਂ ਹੋਇਆਂ ਵਿਧਾਨ-ਘੜਨੀ ਸਭਾ[33] ਦੀਆਂ ਚੋਣਾਂ ਇਸ ਘੋਲ਼ ਦੇ ਸਫ਼ਲਤਾ ਦੀ ਇੱਕ ਪ੍ਰਤੱਖ ਮਿਸਾਲ ਸਨ। ਇਹਨਾਂ ਚੋਣਾਂ ਵਿੱਚ ਮੈਨਸ਼ਵਿਕ ਉੱਕਾ ਹੀ ਹਾਰ ਗਏ; ਉਹਨਾਂ ਨੂੰ 7,00,000 ਵੋਟ ਮਿਲੇ —ਜੇ ਟਰਾਂਸਕਾਕੇਸ਼ੀਆ ਦੇ ਵੋਟ ਵੀ ਗਿਣ ਲਏ ਜਾਣ ਤਾਂ 14,00,000 — ਇਹਦੇ ਮੁਕਾਬਲੇ ਉਤੇ ਬਾਲਸ਼ਵਿਕਾਂ ਨੂੰ 90,00,000 ਵੋਟ ਮਿਲ਼ੇ। "ਕਮਿਊਨਿਸਟ ਇੰਟਰਨੈਸ਼ਨਲ" ਦੇ ਅੰਕ 7-8 ਵਿਚ ਮੇਰਾ

ਲੇਖ "ਵਿਧਾਨ-ਘੜ੍ਹਨੀ ਸਭਾ ਦੀਆਂ ਚੋਣਾਂ ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ" ਵੇਖੋ।)

ਅਸੀਂ ਆਮ ਕਿਰਤੀਆਂ ਦੇ ਨਾਂ ਉੱਤੇ ਅਤੇ ਉਹਨਾਂ ਨੂੰ ਆਪਣੇ ਹੱਕ ਵਿੱਚ ਕਰਨ ਲਈ "ਕਿਰਤੀ ਅਮੀਰਸ਼ਾਹੀ" ਵਿਰੁੱਧ ਇਹ ਘੋਲ਼ ਕਰ ਰਹੇ ਹਾਂ; ਅਸੀਂ ਕਿਰਤੀ ਸ਼੍ਰੇਣੀ ਨੂੰ ਆਪਣੇ ਹੱਕ ਵਿੱਚ ਕਰਨ ਲਈ ਮੌਕਾ-ਪ੍ਰਸਤਾਂ ਅਤੇ ਸਮਾਜੀ-ਅੰਧਰਾਸ਼ਟਰਵਾਦੀ ਨੇਤਾਵਾਂ ਵਿਰੁੱਧ ਇਹ ਘੋਲ਼ ਲੜ ਰਹੇ ਹਾਂ। ਇਸ ਅਤਿਅੰਤ ਮੁੱਢਲੇ ਅਤੇ ਅਤਿਅੰਤ ਸਵੈ-ਪ੍ਰਤੱਖ ਸੱਚਾਈ ਨੂੰ ਭੁੱਲ ਜਾਣਾ ਵਾਹਿਆਤੀ ਹੋਵੇਗੀ। ਅਤੇ ਜਦੋਂ ਉਹ ਟਰੇਡ ਯੂਨੀਅਨਾਂ ਦੇ **ਉਪਰਲੇ ਨੇਤਾਵਾਂ** ਦੇ ਪਿੱਛੇ-ਖਿੱਚੂ ਅਤੇ ਉਲਟ-ਇਨਕਲਾਬੀ ਖ਼ਾਸੇ **ਕਾਰਨ** ਇਸ ਸਿੱਟੇ ਉੱਤੇ ਅੱਪੜਦੇ ਹਨ... ਕਿ ਸਾਨੂੰ ਟਰੇਡ ਯੂਨੀਅਨਾਂ ਤੋਂ ਵੱਖ ਹੋ ਜਾਣਾ ਚਾਹੀਦਾ ਹੈ, ਕਿ ਸਾਨੂੰ ਉਹਨਾਂ ਵਿੱਚ ਕੰਮ ਕਰਨ ਤੋਂ ਨਾਂਹ ਕਰ ਦੇਣੀ ਚਾਹੀਦੀ ਹੈ, ਕਿ ਸਾਨੂੰ ਕਿਰਤੀ ਜਥੇਬੰਦੀ ਦੇ ਨਵੇਂ ਅਤੇ **ਬਨਾਉਟੀ** ਰੂਪ ਖੜ੍ਹੇ ਕਰਨੇ ਚਾਹੀਦੇ ਹਨ! ਤਾਂ "ਖੱਬੇ-ਪੱਖੀ" ਜਰਮਨ ਕਮਿਊਨਿਸਟ ਐਨ ਇਹੋ ਵਾਹਿਆਤੀ ਕਰ ਰਹੇ ਹਨ। ਇਹ ਏਨੀ ਨਾ ਮਾਫ਼ ਕੀਤੇ ਜਾਣ ਵਾਲ਼ੀ ਅਤਿ ਦੀ ਭੁੱਲ ਹੈ ਕਿ ਇਹ ਕਮਿਊਨਿਸਟਾਂ ਵੱਲੋਂ ਬੁਰਜੂਆਜ਼ੀ ਦੀ ਸਭ ਤੋਂ ਵੱਡੀ ਸੇਵਾ ਦੇ ਤੁੱਲ ਹੈ। ਸਭਨਾਂ ਮੌਕਾ-ਪ੍ਰਸਤ, ਸਮਾਜ-ਅੰਧਰਾਸ਼ਟਰਵਾਦੀ ਅਤੇ ਕਾਊਟਸਕੀਵਾਦੀ ਟਰੇਡ ਯੂਨੀਅਨ ਨੇਤਾਵਾਂ ਵਾਂਗ ਸਾਡੇ ਮੈਨਸ਼ਵਿਕ ਕਿਰਤੀ ਸ਼੍ਰੇਣੀ ਲਹਿਰ ਵਿੱਚ "ਬੁਰਜੂਆਜ਼ੀ ਦੇ ਦਲਾਲਾਂ ਤੋਂ ਬਿਨਾਂ ਕੁਝ ਵੀ ਨਹੀਂ" (ਜਿਹਾ ਕਿ ਅਸਾਂ ਸਦਾ ਹੀ ਮੈਨਸ਼ਵਿਕਾਂ ਸਬੰਧੀ ਕਿਹਾ ਹੈ) ਜਾਂ ਅਮਰੀਕਾ ਵਿੱਚ ਡੇਨੀਅਲ ਡੀ ਲਿਓਨ ਦੇ ਹਾਮੀਆਂ ਦਾ ਵਧੀਆ ਅਤੇ ਉੱਕਾ ਹੀ ਸੱਚਾ ਕਥਨ ਵਰਤਦੇ ਹੋਏ ′ labour lieutenants of the capitalist class[a] (ਸਰਮਾਏਦਾਰੀ ਸ਼੍ਰੇਣੀ ਦੇ ਕਿਰਤੀ ਸਹਾਇਕ) ਤੋਂ ਬਿਨਾਂ ਕੁਝ ਨਹੀਂ। ਪਿੱਛੇ-ਖਿੱਚੂ ਟਰੇਡ ਯੂਨੀਅਨਾਂ ਵਿੱਚ ਕੰਮ ਕਰਨ ਤੋਂ ਇਨਕਾਰ ਕਰਨ ਦੇ ਅਰਥ ਇਹ ਹਨ ਕਿ ਅਸੀਂ ਕਿਰਤੀਆਂ ਦੇ ਅਜਿਹੇ ਸਮੂਹਾਂ ਨੂੰ ਜੋ ਅਜੇ ਕਾਫ਼ੀ ਹੱਦ ਤੱਕ ਵਿਕਸਤ ਨਹੀਂ ਹੋਏ ਜਾਂ ਪੱਛੜੇ ਹੋਏ ਸਨ, ਪਿੱਛੇ-ਖਿੱਚੂ ਲੀਡਰਾਂ ਦੇ, ਬੁਰਜੂਆਜ਼ੀ ਦੇ ਦਲਾਲਾਂ ਦੇ, ਕਿਰਤੀ ਅਮੀਰਸ਼ਾਹੀ ਦੇ ਜਾਂ ਅਜਿਹੇ ਕਿਰਤੀਆਂ ਦੇ ਜੋ ਪੂਰੀ ਤਰ੍ਹਾਂ ਬੁਰਜੂਆ ਬਣ ਗਏ ਹਨ "ਅਸਰ ਹੇਠ ਛੱਡ ਦੇਂਦੇ ਹਾਂ (ਵੇਖੋ 1858 ਵਿੱਚ ਬਰਤਾਨਵੀ ਕਿਰਤੀਆਂ[34] ਸਬੰਧੀ ਮਾਰਕਸ ਦੇ ਨਾਂ ਏਂਗਲਜ਼ ਦਾ ਖ਼ਤ)।

ਇਹ ਹਾਸੋ-ਹੀਣਾ "ਸਿਧਾਂਤ" ਕਿ ਕਮਿਊਨਿਸਟਾਂ ਨੂੰ ਪਿੱਛੇ-ਖਿੱਚੂ ਟਰੇਡ ਯੂਨੀਅਨਾਂ ਵਿੱਚ ਕੰਮ ਨਹੀਂ ਕਰਨਾ ਚਾਹੀਦਾ, ਹੱਦੋਂ ਵੱਧ ਸਪੱਸ਼ਟਤਾ ਨਾਲ਼ ਦੱਸਦਾ ਹੈ ਕਿ "ਜਨਤਾ" ਨੂੰ ਆਪਣੇ ਅਸਰ ਹੇਠ ਲਿਆਉਣ ਸਬੰਧੀ "ਖੱਬੇ-ਪੱਖੀ" ਕਮਿਊਨਿਸਟਾਂ ਦਾ ਵਤੀਰਾ ਕਿੰਨਾਂ ਹੋਛਾ ਹੈ ਅਤੇ ਉਹ ਕਿਵੇਂ "ਜਨਤਾ" ਸਬੰਧੀ ਚੀਕ-ਚਿਹਾੜੇ ਦੀ ਕੁਵਰਤੋਂ ਕਰਦੇ ਹਨ। ਜੇ ਤੁਸੀਂ "ਜਨਤਾ" ਦੀ ਸਹਾਇਤਾ ਕਰਨਾ ਚਾਹੁੰਦੇ ਹੋ, ਜੇ ਤੁਸੀਂ "ਜਨਤਾ" ਦੀ ਹਮਦਰਦੀ ਅਤੇ ਹਮਾਇਤ ਜਿੱਤਣਾ ਚਾਹੁੰਦੇ ਹੋ ਤਾਂ ਤੁਹਾਨੂੰ "ਨੇਤਾਵਾਂ" ਵੱਲੋਂ (ਜਿਹੜੇ ਮੌਕਾ-ਪ੍ਰਸਤ ਅਤੇ ਸਮਾਜੀ-ਅੰਧਰਾਸ਼ਟਰਵਾਦੀ ਹੋਣ ਕਾਰਨ ਵਧੇਰੇ ਕਰਕੇ ਸਿੱਧੀ ਜਾਂ ਅਣ-ਸਿੱਧੀ ਤਰ੍ਹਾਂ ਬੁਰਜੂਆਜ਼ੀ ਅਤੇ ਪੁਲਿਸ ਨਾਲ਼ ਸਬੰਧਤ ਹੁੰਦੇ ਹਨ) ਔਕੜਾਂ ਖੜ੍ਹੀਆਂ ਕਰਨ ਜਾਂ ਚੋਭਾਂ ਦੇਣ, ਵੱਲ਼-ਛੱਲ਼, ਬੇਇਜ਼ਤੀ ਜਾਂ ਸਤਾਏ ਜਾਣ ਤੋਂ ਡਰਨਾ ਨਹੀਂ ਚਾਹੀਦਾ ਸਗੋਂ

ਇਹ ਬਿਲਕੁਲ ਲਾਜ਼ਮੀ ਹੈ ਕਿ ਤੁਸੀਂ ਜਿੱਥੇ **ਕਿਤੇ ਜਨਤਾ ਹੈ ਉੱਥੇ ਕੰਮ ਕਰੋ।** ਤੁਹਾਨੂੰ ਉਹਨਾਂ ਸੰਸਥਾਵਾਂ, ਸਭਾਵਾਂ ਅਤੇ ਸੰਮਤੀਆਂ ਵਿੱਚ — ਅਤਿਅੰਤ ਪਿੱਛੇ-ਖਿੱਚੂ ਵਿੱਚ ਵੀ — ਨੇਮ-ਬੱਧ ਢੰਗ ਨਾਲ਼, ਡੱਟ ਕੇ, ਦ੍ਰਿੜਤਾ ਨਾਲ਼ ਅਤੇ ਸਬਰ ਨਾਲ਼ ਐਜੀਟੇਸ਼ਨ ਅਤੇ ਪ੍ਰਚਾਰ ਕਰਨ ਲਈ ਕੋਈ ਵੀ ਕੁਰਬਾਨੀ ਕਰਨ, ਵੱਡੀਆਂ ਤੋਂ ਵੱਡੀਆਂ ਔਕੜਾਂ ਉੱਤੇ ਕਾਬੂ ਪਾਉਣ ਦੇ ਯੋਗ ਹੋਣਾ ਚਾਹੀਦਾ ਹੈ। ਟਰੇਡ ਯੂਨੀਅਨਾਂ ਅਤੇ (ਘੱਟੋ ਘੱਟ ਕਦੇ ਕਦੇ) ਕਿਰਤੀਆਂ ਦੀਆਂ ਸਹਿਕਾਰ ਸਭਾਵਾਂ ਐਨ ਉਹ ਜਥੇਬੰਦੀਆਂ ਹਨ ਜਿੱਥੇ ਜਨਤਾ ਹੁੰਦੀ ਹੈ। ਸਵੀਡਨ ਦੇ ਅਖ਼ਬਾਰ ´Folkets Dagblad Politikinª ਦੇ 10 ਮਾਰਚ 1920 ਪਰਚੇ ਵਿੱਚ ਛਪੇ ਅੰਕੜਿਆਂ ਅਨੁਸਾਰ ਬਰਤਾਨੀਆਂ ਵਿੱਚ 1917 ਦੇ ਅੰਤ 'ਤੇ ਟਰੇਡ ਯੂਨੀਅਨਾਂ ਦੇ ਮੈਂਬਰਾਂ ਦੀ ਗਿਣਤੀ 55,00,000 ਤੋਂ ਵੱਧ ਕੇ 1918 ਦੇ ਅੰਤ 'ਤੇ 66,00,000 ਹੋ ਗਈ ਸੀ, ਜਿਹੜਾ 19 ਫ਼ੀਸਦੀ ਦਾ ਵਾਧਾ ਹੈ। 1919 ਦੇ ਅੰਤ 'ਤੇ ਮੈਂਬਰਾਂ ਦੀ ਗਿਣਤੀ ਦਾ ਅੰਦਾਜ਼ਾ 75,00,000 ਸੀ। ਫ਼ਰਾਂਸ ਅਤੇ ਜਰਮਨੀ ਸਬੰਧੀ ਅਨੁਸਾਰੀ ਅੰਕੜੇ ਇਸ ਸਮੇਂ ਮੇਰੇ ਕੋਲ਼ ਨਹੀਂ ਪਰ ਅਵਿਵਾਦੀ ਅਤੇ ਆਮ ਤੌਰ 'ਤੇ ਜਾਣੇ ਤੱਥ ਇਹਨਾਂ ਦੇਸ਼ਾਂ ਵਿੱਚ ਵੀ ਟਰੇਡ ਯੂਨੀਅਨਾਂ ਦੇ ਮੈਂਬਰਾਂ ਦੀ ਗਿਣਤੀ ਵਿੱਚ ਤਿੱਖੇ ਵਾਧੇ ਦੀ ਸ਼ਾਹਦੀ ਭਰਦੇ ਹਨ।

ਇਹ ਤੱਥ ਉਸ ਗੱਲ ਦੀ ਚਿੱਟੇ ਦਿਨ ਵਾਂਗ ਉਘਾੜ ਦੇਂਦੇ ਹਨ ਹਜ਼ਾਰਾਂ ਹੋਰ ਨਿਸ਼ਾਨੀਆਂ ਜਿਸ ਦੀ ਪ੍ਰੋੜ੍ਹਤਾ ਕਰਦੀਆਂ ਹਨ, ਅਰਥਾਤ, ਪ੍ਰੋਲਤਾਰੀ ਜਨਤਾ ਵਿੱਚ, ਆਮ ਅਤੇ ਪੱਛੜੇ ਅੰਸ਼ਾਂ ਵਿੱਚ ਸ਼੍ਰੇਣੀ-ਚੇਤੰਨਤਾ ਅਤੇ ਜਥੇਬੰਦੀ ਦੀ ਇੱਛਾ ਵੱਧਦੀ ਜਾ ਰਹੀ ਹੈ। ਬਰਤਾਨੀਆ, ਫਰਾਂਸ ਅਤੇ ਜਰਮਨੀ ਵਿੱਚ ਲਖੂਖਾ ਕਿਰਤੀ **ਪਹਿਲੀ ਵਾਰ** ਜਥੇਬੰਦੀ ਦੀ ਉੱਕਾ ਹੀ ਅਣਹੋਂਦ ਤੋਂ ਜਥੇਬੰਦੀ ਦੇ ਮੁੱਢਲੇ, ਸਭ ਤੋਂ ਨੀਂਵੇ, ਸਭ ਤੋਂ ਸਾਦੇ ਅਤੇ (ਉਹਨਾਂ ਲੋਕਾਂ ਲਈ ਜਿਨ੍ਹਾਂ ਵਿਚ ਬੁਰਜੂਆ-ਜਮਹੂਰੀ ਤੁਅੱਸਬ ਅਜੇ ਤੱਕ ਪੂਰੀ ਤਰ੍ਹਾਂ ਘਰ ਕਰੀ ਬੈਠੇ ਹਨ) ਸਭ ਤੋਂ ਸੌਖੇ ਸਮਝ ਆਉਣ ਵਾਲ਼ੇ ਰੂਪ ਵੱਲ ਵੱਧ ਜਾਂਦੇ ਹਨ; ਪਰ ਸਾਡੇ ਇਨਕਲਾਬੀ ਪਰ ਬੇਸਮਝ ਖੱਬੇ-ਪੱਖੀ ਕਮਿਊਨਿਸਟ ਇੱਕ ਪਾਸੇ ਖੜ੍ਹੇ ਹਨ, ਉਹ "ਜਨਤਾ" "ਜਨਤਾ" ਦਾ ਚੀਕ-ਚਹਾੜਾ ਪਾਈ ਜਾਂਦੇ ਹਨ! ਅਤੇ **ਟਰੇਡ ਯੂਨੀਅਨਾਂ ਦੇ ਅੰਦਰ ਕੰਮ ਕਰਨੋਂ** ਇਸ ਬਹਾਨੇ **ਇਨਕਾਰੀ ਹਨ** ਕਿ ਉਹ "ਪਿੱਛੇ-ਖਿੱਚੂ" ਹਨ ਅਤੇ ਉਹ ਬਿਲਕੁਲ ਨਵੀਂ, ਬੇਦਾਗ, ਨਿੱਕੀ ਜਿਹੀ "ਕਿਰਤੀ ਯੂਨੀਅਨ" ਖੜ੍ਹੀ ਕਰਦੇ ਹਨ, ਜਿਹੜੀ ਬੁਰਜੂਆ-ਜਮਹੂਰੀ ਤਅੱਸਬਾਂ ਅਤੇ ਤੰਗ-ਨਜ਼ਰ ਵਿਰਤਕ-ਯੂਨੀਅਨ ਦੇ ਪਾਪਾਂ ਤੋਂ ਮੁਕਤ ਹੈ, ਇੱਕ ਅਜਿਹੀ ਯੂਨੀਅਨ ਜਿਸ ਸੰਬੰਧੀ ਉਹ ਦਾਅਵਾ ਕਰਦੇ ਹਨ ਕਿ ਇਹ ਵਿਸ਼ਾਲ ਜਥੇਬੰਦੀ ਬਣ ਜਾਵੇਗੀ (ਬਣ ਜਾਵੇਗੀ!) ਅਤੇ ਜਿਸਦਾ ਮੈਂਬਰ ਬਣਨ ਲਈ ਬਸ (ਬਸ!) ਇਹੋ ਇੱਕੋ ਇੱਕ ਸ਼ਰਤ ਹੋਵੇਗੀ ਕਿ "ਸੋਵੀਅਤ ਪ੍ਰਣਾਲੀ ਅਤੇ ਡਿਕਟੇਟਰਸ਼ਿਪ ਨੂੰ ਕਬੂਲ ਕੀਤਾ ਜਾਵੇ! (ਵੇਖੋ ਉੱਪਰ ਦਿੱਤੀ ਟੂਕ)।

ਇਸ ਤੋਂ ਵੱਡੀ ਮੂਰਖਤਾ ਦੀ ਅਤੇ "ਖੱਬੇ-ਪੱਖੀ" ਇਨਕਲਾਬੀਆਂ ਵੱਲੋਂ ਇਨਕਲਾਬ ਨੂੰ ਪੁਚਾਏ ਗਏ ਇਸ ਨੁਕਸਾਨ ਤੋਂ ਵਡੇਰੇ ਨੁਕਸਾਨ ਦੀ ਕਲਪਨਾ ਕਰਨਾ ਵੀ ਔਖਾ ਹੈ! ਜੇ ਅਸੀਂ ਅੱਜ, ਰੂਸ ਦੀ ਬੁਰਜੂਆਜ਼ੀ ਅਤੇ ਐਨਤੇਂਤੇ[35] ਉੱਤੇ ਬੇਮਿਸਾਲ ਜਿੱਤਾਂ ਦੇ

ਢਾਈ ਵਰ੍ਹਿਆਂ ਪਿੱਛੋਂ, ਰੂਸ ਵਿੱਚ "ਡਿਕਟੇਟਰਸ਼ਿਪ ਨੂੰ ਕਬੂਲ ਕਰਨ" ਨੂੰ ਟਰੇਡ ਯੂਨੀਅਨਾਂ ਦਾ ਮੈਂਬਰ ਬਣਨ ਲਈ ਸ਼ਰਤ ਬਣਾ ਦਈਏ ਤਾਂ ਅਸੀਂ ਬਹੁਤ ਮੂਰਖਤਾ ਕਰ ਰਹੇ ਹੋਵਾਂਗੇ, ਜਨਤਾ ਵਿਚ ਆਪਣਾ ਰਸੂਖ ਘੱਟ ਕਰ ਰਹੇ ਹੋਵਾਂਗੇ ਅਤੇ ਮੈਨਸ਼ਵਿਕਾਂ ਦੀ ਸਹਾਇਤਾ ਕਰ ਰਹੇ ਹੋਵਾਂਗੇ। ਕਮਿਊਨਿਸਟਾਂ ਸਿਰ ਜਿਹੜਾ ਫ਼ਰਜ ਆਉਂਦਾ ਹੈ ਉਹ ਇਹ ਹੈ: ਪੱਛੜੇ ਅੰਸ਼ਾਂ ਨੂੰ **ਮਨਾਉਣਾ** ਉਹਨਾਂ **ਵਿਚਕਾਰ** ਕੰਮ ਕਰਨਾ, ਨਾ ਕਿ ਨਕਲੀ ਅਤੇ ਬਚਗਾਨਾ "ਖੱਬੇ-ਪੱਖੀ" ਨਾਹਰਿਆਂ ਰਾਹੀਂ ਜਨਤਾ ਅਤੇ ਆਪਣੇ ਵਿਚਕਾਰ **ਕੰਧ ਖੜ੍ਹੀ ਕਰ ਲੈਣਾ।**

ਇਸ ਸਬੰਧੀ ਕੋਈ ਸ਼ੱਕ ਨਹੀਂ ਕਿ ਗੋਮਪਰਜ਼, ਹੈਂਡਰਸਨ, ਜੂਓ ਅਤੇ ਲੇਗੀਨ ਜਿਹੇ ਲੋਕ ਉਹਨਾਂ "ਖੱਬੇ-ਪੱਖੀ" ਇਨਕਲਾਬੀਆਂ ਦੇ ਅਤਿ ਰਿਣੀ ਹਨ ਜਿਹੜੇ "ਅਸੂਲੀ ਤੌਰ 'ਤੇ " ਜਰਮਨ ਵਿਰੋਧੀ ਦਲ ਵਾਂਗ (ਰੱਬ ਅਜਿਹੀ "ਅਸੂਲਾਂ" ਤੋਂ ਸਾਡੀ ਰੱਖਿਆ ਕਰੇ!) ਜਾਂ ਅਮਰੀਕਾ ਦੇ "ਸੰਸਾਰ ਦੇ ਸਨਅਤੀ ਕਾਮਿਆਂ"[36] ਦੇ ਕੁਝ ਇਨਕਲਾਬੀਆਂ ਵਾਂਗ ਪਿੱਛੇ-ਖਿੱਚੂ ਟਰੇਡ ਯੂਨੀਅਨਾਂ ਤੋਂ ਵੱਖ ਹੋ ਜਾਣ ਦੀ ਹਮਾਇਤ ਕਰਦੇ ਹਨ ਅਤੇ ਉਹਨਾਂ ਵਿੱਚ ਕੰਮ ਕਰਨੋਂ ਇਨਕਾਰੀ ਹਨ। ਨਿਰਸੰਦੇਹ ਇਹ ਲੋਕ, ਮੌਕਾ-ਪ੍ਰਸਤੀ ਦੇ "ਲੀਡਰ" ਕਮਿਊਨਿਸਟਾਂ ਨੂੰ ਟਰੇਡ ਯੂਨੀਅਨਾਂ ਤੋਂ ਬਾਹਰ ਰੱਖਣ, ਹਰ ਸੰਭਵ ਢੰਗ ਨਾਲ਼ ਉਹਨਾਂ ਨੂੰ ਟਰੇਡ ਯੂਨੀਅਨਾਂ ਵਿੱਚੋਂ ਕੱਢਣ ਲਈ, ਟਰੇਡ ਯੂਨੀਅਨਾਂ ਵਿਚ ਉਹਨਾਂ ਦਾ ਕੰਮ ਵੱਧ ਤੋਂ ਵੱਧ ਸੰਭਵ ਹੱਦ ਤੱਕ ਅਸੁਖਾਂਵਾਂ ਬਣਾਉਣ ਲਈ ਅਤੇ ਉਹਨਾਂ ਦੀ ਨਿਰਾਦਰੀ ਕਰਨ ਲਈ, ਉਹਨਾਂ ਨੂੰ ਜ਼ਿਚ ਕਰਨ ਅਤੇ ਸਤਾਉਣ ਲਈ, ਸਰਮਾਏਦਾਰ ਡਿਪਲੋਮੇਸੀ ਦਾ ਹਰ ਹਥਿਆਰ ਵਰਤਣਗੇ ਅਤੇ ਬੁਰਜੂਆ ਹਕੂਮਤਾਂ, ਪਾਦਰੀਆਂ ਅਤੇ ਅਦਾਲਤਾਂ ਦੀ ਪੂਰੀ ਸਹਾਇਤਾ ਲੈਣਗੇ। ਸਾਨੂੰ ਇਸ ਸਭ ਕੁਝ ਦਾ ਮੁਕਾਬਲਾ ਕਰਨ ਯੋਗ ਹੋਣਾ ਚਾਹੀਦਾ ਹੈ, ਹਰ ਕੁਰਬਾਨੀ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ ਅਤੇ — ਜੇ ਲੋੜ ਪਵੇ — ਤਾਂ ਵੱਖ ਵੱਖ ਤਰ੍ਹਾਂ ਦੇ ਤਿਗੜਮਾਂ, ਚਾਲਾਂ, ਭੁਲਾਵਿਆਂ ਅਤੇ ਗ਼ੈਰ-ਕਾਨੂੰਨੀ ਤਰੀਕਿਆਂ, ਘੁਸਾਈਆਂ ਅਤੇ ਭੁਲਾਵਿਆਂ ਤੋਂ ਕੰਮ ਲੈਣਾ ਚਾਹੀਦਾ ਹੈ ਤਾਂ ਜੋ ਅਸੀਂ ਟਰੇਡ ਯੂਨੀਅਨਾਂ ਵਿੱਚ ਘੁੱਸ ਸਕੀਏ, ਉਹਨਾਂ ਵਿੱਚ ਰਹਿ ਸਕੀਏ ਅਤੇ ਹਰ ਹਾਲਤ ਵਿਚ ਉਹਨਾਂ ਅੰਦਰ ਆਪਣਾ ਕਮਿਊਨਿਸਟ ਕੰਮ ਜਾਰੀ ਰੱਖ ਸਕੀਏ। ਜ਼ਾਰਸ਼ਾਹੀ ਅਧੀਨ ਸਾਨੂੰ 1905 ਤੱਕ ਕੋਈ "ਕਾਨੂੰਨੀ ਅਵਸਰ" ਪ੍ਰਾਪਤ ਨਹੀਂ ਸਨ। ਪਰ ਜਦੋਂ ਖ਼ੁਫੀਆ ਪੁਲਿਸ ਦੇ ਦਲਾਲ ਜ਼ੁਬਾਤੋਵ ਨੇ ਇਨਕਲਾਬੀਆਂ ਨੂੰ ਫਸਾਉਣ ਅਤੇ ਉਹਨਾਂ ਦਾ ਮੁਕਾਬਲਾ ਕਰਨ ਲਈ ਕਿਰਤੀਆਂ ਦੇ ਕਾਲ਼ਾ-ਸੈਂਕੜਾ ਕਿਰਤੀ ਇਕੱਠ ਅਤੇ ਕਿਰਤੀ ਲੋਕਾਂ ਦੀਆਂ ਸਭਾਵਾਂ ਜਥੇਬੰਦ ਕੀਤੀਆਂ ਤਾਂ ਅਸੀਂ ਆਪਣੀ ਪਾਰਟੀ ਦੇ ਮੈਂਬਰ ਇਹਨਾਂ ਇਕੱਠਾਂ ਅਤੇ ਸਭਾਵਾਂ ਵਿੱਚ ਭੇਜੇ (ਮੈਨੂੰ ਨਿੱਜੀ ਤੌਰ 'ਤੇ ਉਹਨਾਂ ਵਿੱਚੋਂ ਇਕ, ਸਾਥੀ ਬਾਬੂਸ਼ਕਿਨ, ਸੇਂਟ ਪੀਟਰਜਬਰਗ ਦਾ ਇੱਕ ਕਿਰਤੀ, ਯਾਦ ਹੈ, ਜਿਸਨੂੰ 1906 ਵਿੱਚ ਜ਼ਾਰ ਦੇ ਜਰਨੈਲਾਂ ਦੇ ਹੁਕਮ ਨਾਲ਼ ਗੋਲ਼ੀ ਮਾਰ ਦਿੱਤੀ ਗਈ)। ਉਹਨਾਂ ਜਨਤਾਂ ਨਾਲ਼ ਸਬੰਧ ਸਥਾਪਤ ਕੀਤੇ, ਆਪਣੀ ਐਜੀਟੇਸ਼ਨ ਜਾਰੀ ਰੱਖ ਸਕੇ ਅਤੇ ਕਿਰਤੀਆਂ ਨੂੰ ਜ਼ੁਬਾਤੋਵ* ਦੇ ਅਸਰ ਹੇਠੋਂ ਕੱਢ ਸਕੇ। ਨਿਸ਼ਚੇ ਹੀ ਪੱਛਮੀ ਯੂਰਪ ਵਿੱਚ, ਜਿੱਥੇ ਡੂੰਘੇ

* ਗੋਮਪਰਜ਼, ਹੈਂਡਰਸਨ, ਜੂਓ ਅਤੇ ਲੇਗੀਨ ਜਿਹੇ ਲੋਕ, ਜ਼ੁਬਾਤੋਵ ਹੀ ਹਨ। ਜ਼ੁਬਾਤੋਵ ਅਤੇ⇨

ਕਾਨੂੰਨਵਾਦੀ, ਵਿਧਾਨਵਾਦੀ ਅਤੇ ਬੁਰਜੂਆ-ਜਮਹੂਰੀ ਤਅੱਸਬ ਵਧੇਰੇ ਪੱਕੀ ਤਰ੍ਹਾਂ ਰਚੇ ਹੋਏ ਹਨ, ਇਹ ਕੰਮ ਹੋਰ ਵੀ ਔਖਾ ਹੈ। ਪਰ ਇਹ ਕੀਤਾ ਜਾ ਸਕਦਾ ਹੈ ਅਤੇ ਜ਼ਰੂਰ ਹੀ ਕਰਨਾ ਚਾਹੀਦਾ ਹੈ ਅਤੇ ਉਹ ਵੀ ਨੇਮ-ਬੱਧ ਢੰਗ ਨਾਲ਼।

ਮੇਰੀ ਰਾਏ ਵਿੱਚ ਤੀਜੀ ਇੰਟਰਨੈਸ਼ਨਲ ਦੀ ਕਾਰਜ-ਸਾਧਕ ਕਮੇਟੀ ਨੂੰ ਚਾਹੀਦਾ ਹੈ ਕਿ ਉਹ ਖੁਦ ਪਿੱਛੇ-ਖਿੱਚੂ ਟਰੇਡ ਯੂਨੀਅਨਾਂ ਵਿੱਚ ਕੰਮ ਕਰਨ ਤੋਂ ਇਨਕਾਰ ਕਰਨ ਦੀ ਨੀਤੀ ਦੀ ਆਮ ਤੌਰ 'ਤੇ ਅਤੇ ਵਿਸ਼ੇਸ਼ ਤੌਰ 'ਤੇ ਹਾਲੈਂਡ ਦੀ ਕਮਿਊਨਿਸਟ ਪਾਰਟੀ ਦੇ ਕੁਝ ਮੈਂਬਰਾਂ ਦੇ ਵਤੀਰੇ ਦੀ ਜਿਨ੍ਹਾਂ ਸਿੱਧੇ ਜਾਂ ਅਣ-ਸਿੱਧੇ ਤੌਰ 'ਤੇ, ਖੁੱਲ੍ਹੇ ਜਾਂ ਗੁਪਤ ਢੰਗ ਨਾਲ਼, ਮੁਕੰਮਲ ਜਾਂ ਜੁਜ਼ਵੀਂ ਤੌਰ 'ਤੇ, ਇਸ ਨਾਲ਼ ਕੋਈ ਫ਼ਰਕ ਨਹੀਂ ਪੈਂਦਾ— ਇਸ ਗ਼ਲਤ ਨੀਤੀ ਦੀ ਹਮਾਇਤ ਕੀਤੀ ਹੈ, ਦੁਹਾਂ ਦੀ ਸਪੱਸ਼ਟ ਤੌਰ 'ਤੇ ਨਿਖੇਧੀ ਕਰਨ ਕਰੇ ਅਤੇ ਤੀਜੀ ਇੰਟਰਨੈਸ਼ਨਲ ਦੀ ਅਗਲੀ ਕਾਂਗਰਸ ਨੂੰ ਇਹਨਾਂ ਦੀ ਨਿਖੇਧੀ ਕਰਨ ਲਈ ਕਹੇ (ਅਜਿਹਾ ਕਰਦੇ ਹੋਏ ਵਿਸਥਾਰ ਨਾਲ਼ ਇਹ ਸਮਝਾਉਣਾ ਚਾਹੀਦਾ ਹੈ ਕਿ ਕਿਉਂ ਇਹਨਾਂ ਯੂਨੀਅਨਾਂ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਮੂਰਖ਼ਤਾ ਦੀ ਗੱਲ ਹੈ ਅਤੇ ਕਿਵੇਂ ਇਸ ਨਾਲ਼ ਪ੍ਰੋਲਤਾਰੀ ਇਨਕਲਾਬ ਨੂੰ ਅਤਿਅੰਤ ਨੁਕਸਾਨ ਪੁੱਜਦਾ ਹੈ। ਇਹ ਲਾਜ਼ਮੀ ਹੈ ਕਿ ਤੀਜੀ ਇੰਟਰਨੈਸ਼ਨਲ ਦੂਜੀ ਇੰਟਰਨੈਸ਼ਨਲ ਦੇ ਦਾਅ-ਪੇਚ ਤਿਆਗ ਦੇਵੇ; ਇਹਨੂੰ ਬਹਿਸ ਗੋਚਰੇ ਮਸਲਿਆਂ ਤੋਂ ਘੁਸਾਈ ਨਹੀਂ ਮਾਰਨੀ ਚਾਹੀਦੀ ਜਾਂ ਉਹਨਾਂ ਦੀ ਮਹਤੱਤਾ ਘਟਾਉਣੀ ਨਹੀਂ ਚਾਹੀਦੀ ਸਗੋਂ ਉਹਨਾਂ ਨੂੰ ਖਰੇ ਢੰਗ ਨਾਲ਼ ਅਜਿਹੇ ਸਭਨਾਂ ਸਵਾਲਾਂ ਨੂੰ ਉਠਾਉਣਾ ਚਾਹੀਦਾ ਹੈ। ਮੁਕੰਮਲ ਸੱਚਾਈ "ਨਿਰਦਲੀਆਂ" (ਜਰਮਨੀ ਦੀ ਇੰਡੀਪੈਂਡੈਂਟ ਸੋਸ਼ਲ-ਡੈਮੋਕਰੈਟਕ ਪਾਰਟੀ) ਸਾਹਮਣੇ ਸਿੱਧੇ ਅਤੇ ਸਪੱਸ਼ਟ ਢੰਗ ਨਾਲ਼ ਪੇਸ਼ ਕਰ ਦਿੱਤੀ ਗਈ ਹੈ ਅਤੇ ਐਨ ਇਸੇ ਤਰ੍ਹਾਂ ਸਿੱਧੇ ਅਤੇ ਸਪੱਸ਼ਟ ਢੰਗ ਨਾਲ਼ "ਖੱਬੇ-ਪੱਖੀ" ਕਮਿਊਨਿਸਟਾਂ ਸਾਹਮਣੇ ਪੇਸ਼ ਕੀਤੀ ਜਾਣੀ ਚਾਹੀਦੀ ਹੈ।

## 7. ਕੀ ਸਾਨੂੰ ਬੁਰਜੂਆ ਪਾਰਲੀਮੈਂਟਾਂ ਵਿੱਚ ਹਿੱਸਾ ਲੈਣਾ ਚਾਹੀਦਾ ਹੈ?

ਜਰਮਨੀ ਦੇ "ਖੱਬੇ-ਪੱਖੀ" ਕਮਿਊਨਿਸਟ ਇਸ ਸਵਾਲ ਦਾ ਜਵਾਬ ਅਤਿਅੰਤ ਘ੍ਰਿਣਾ — ਅਤੇ ਗੰਭੀਰਤਾ ਦੀ ਅਤਿ ਅੰਤ ਅਣਹੋਂਦ - ਨਾਲ ਨਾਂਹ — ਵਿੱਚ ਦੇਂਦੇ ਹਨ। ਉਹਨਾਂ ਦੀ ਦਲੀਲਾਂ? ਉੱਪਰ ਜਿਹੜੀ ਟੂਕ ਦਿੱਤੀ ਗਈ ਹੈ ਉਸ ਵਿੱਚ ਕਿਹਾ ਗਿਆ ਸੀ:

> "...ਇਤਿਹਾਸਿਕ ਅਤੇ ਰਾਜਸੀ ਪੱਖ ਤੋਂ ਸਮਾਂ ਵਿਹਾ ਚੁੱਕੇ ਘੋਲ਼ ਦੇ ਪਾਰਲੀਮਾਨੀ ਰੂਪਾਂ ਵੱਲ ਹਰ ਵਾਪਸੀ ਨੂੰ ਜ਼ੋਰਦਾਰ ਢੰਗ ਨਾਲ਼ ਰੱਦ ਕਰਨਾ

---

☞ ਉਹਨਾਂ ਵਿੱਚ ਫ਼ਰਕ ਇਹ ਹੈ ਕਿ ਉਹ ਯੂਰਪੀਨ ਕੱਪੜੇ ਪਹਿਨਦੇ ਹਨ, ਵਧੇਰੇ ਸੱਭਿਅ ਹਨ ਅਤੇ ਆਪਣੀ ਘ੍ਰਿਣਾ-ਯੋਗ ਨੀਤੀ ਵਧੇਰੇ ਸੱਭਿਅ, ਮਾਂਜੇ ਹੋਏ ਅਤੇ ਚੁਸਤ ਜਮਹੂਰੀ ਢੰਗ ਨਾਲ਼ ਚਲਾਉਂਦੇ ਹਨ।

ਚਾਹੀਦਾ ਹੈ...”

ਇਹ ਬੜੀ ਹਾਸੋ-ਹੀਣੀ ਡੀਂਗ ਨਾਲ਼ ਕਿਹਾ ਗਿਆ ਹੈ ਅਤੇ ਸਪੱਸ਼ਟ ਤੌਰ ’ਤੇ ਗ਼ਲਤ ਹੈ। ਪਾਰਲੀਮਾਨੀਵਾਦ “ਵੱਲ ਵਾਪਸੀ”, ਰੱਬ ਦੀ ਸੌਂਹ? ਸ਼ੈਦ ਜਰਮਨੀ ਵਿੱਚ ਪਹਿਲਾਂ ਹੀ ਇੱਕ ਸੋਵੀਅਤ ਗਣਰਾਜ ਸਥਾਪਤ ਹੋ ਚੁੱਕਿਆ ਹੈ? ਅਜਿਹਾ ਜਾਪਦਾ ਤਾਂ ਨਹੀਂ! ਫੇਰ ਕੋਈ “ਵਾਪਸੀ” ਦੀ ਗੱਲ ਕਿਵੇਂ ਕਰ ਸਕਦਾ ਹੈ? ਕੀ ਇਹ ਫ਼ੋਕਾ ਵਾਕ ਨਹੀਂ?

ਪਾਰਲੀਮਾਨੀਵਾਦ “ਇਤਿਹਾਸਕ ਪੱਖ ਤੋਂ ਸਮਾਂ ਵਿਹਾ ਚੁੱਕਾ” ਹੈ। ਇਹ ਗੱਲ ਪ੍ਰਚਾਰ ਦੇ ਅਰਥਾਂ ਵਿੱਚ ਤਾਂ ਠੀਕ ਹੈ। ਪਰ ਸਭ ਜਾਣਦੇ ਹਨ ਕਿ **ਅਮਲ ਵਿੱਚ** ਇਸ ਤੋਂ ਅੱਗੇ ਲੰਘਣਾ ਅਜੇ ਦੂਰ ਦੀ ਗੱਲ ਹੈ। ਕਈ ਦਹਾਕੇ ਪਹਿਲਾਂ ਇਹ ਕਿਹਾ ਜਾ ਸਕਦਾ ਸੀ — ਅਤੇ ਪੂਰੇ ਇਨਸਾਫ਼ ਨਾਲ਼ ਕਿਹਾ ਜਾ ਸਕਦਾ ਸੀ — ਕਿ ਸਰਮਾਏਦਾਰੀ “ਇਤਿਹਾਸਕ ਪੱਖ ਤੋਂ ਸਮਾਂ ਵਿਹਾ ਚੁੱਕੀ” ਹੈ ਪਰ ਇਸ ਨਾਲ਼ ਸਰਮਾਏਦਾਰ **ਪਿੜ ਵਿੱਚ** ਲੰਮੇ ਅਤੇ ਅਤਿ ਸਿਰੜੀ ਘੋਲ਼ ਦੀ ਲੋੜ ਤਾਂ ਖਤਮ ਨਹੀਂ ਹੋ ਜਾਂਦੀ। **ਸੰਸਾਰ ਇਤਿਹਾਸ** ਦੇ ਦ੍ਰਿਸ਼ਟੀਕੋਣ ਤੋਂ ਪਾਰਲੀਮਾਨੀਵਾਦ “ਸਮਾਂ ਵਿਹਾ ਚੁੱਕਾ ਹੈ” ਅਰਥਾਤ ਬੁਰਜੂਆ ਪਾਰਲੀਮਾਨੀਵਾਦ ਦਾ **ਯੁੱਗ** ਖ਼ਤਮ ਹੋ ਗਿਆ ਹੈ ਅਤੇ ਪ੍ਰੋਲਤਾਰੀ ਡਿਕਟੇਟਰਸ਼ਿਪ ਦਾ **ਯੁੱਗ ਸ਼ੁਰੂ ਹੋ ਗਿਆ ਹੈ।** ਇਹ ਗੱਲ ਅਵਿਵਾਦੀ ਹੈ। ਪਰ ਸੰਸਾਰ ਇਤਿਹਾਸ ਵਿੱਚ ਦਹਾਕਿਆਂ ਦੇ ਅਧਾਰ ’ਤੇ ਹਿਸਾਬ ਕੀਤਾ ਜਾਂਦਾ ਹੈ। ਸੰਸਾਰ ਇਤਿਹਾਸ ਦੇ ਗ਼ਜ਼ ਨਾਲ਼ ਨਾਪਿਆਂ ਦੱਸ ਜਾਂ ਵੀਹ ਵਰ੍ਹੇ ਪਹਿਲੋਂ ਜਾਂ ਪਿੱਛੋਂ ਨਾਲ਼ ਕੋਈ ਫ਼ਰਕ ਨਹੀਂ ਪੈਂਦਾ; ਸੰਸਾਰ ਇਤਿਹਾਸ ਦੇ ਦ੍ਰਿਸ਼ਟੀਕੋਣ ਤੋਂ ਇੰਨੀ ਨਿਗੂਣੀ ਮੁਦਤ ਹੈ ਕਿ ਇਹਦਾ ਲਗਭਗ ਹਿਸਾਬ ਵੀ ਨਹੀਂ ਰੱਖਿਆ ਜਾਂਦਾ। ਪਰ ਐਨ ਇਸੇ ਕਾਰਨ ਸੰਸਾਰ ਇਤਿਹਾਸ ਦੇ ਗਜ਼ ਨੂੰ ਅਮਲੀ ਰਾਜਨੀਤੀ ਵਿੱਚ ਵਰਤਣਾ ਗ਼ਲਤ ਹੈ।

ਕੀ ਪਾਰਲੀਮਾਨੀਵਾਦ “ਰਾਜਸੀ ਪੱਖੋਂ ਸਮਾਂ ਵਿਹਾ ਚੁੱਕਾ” ਹੈ? ਇਹ ਇੱਕ ਉੱਕਾ ਹੀ ਵੱਖਰਾ ਮਾਮਲਾ ਹੈ। ਜੇ ਇਹ ਗੱਲ ਠੀਕ ਹੁੰਦੀ ਤਾਂ “ਖੱਬੇ-ਪੱਖੀਆਂ” ਦੀ ਪ੍ਰਸਥਿਤੀ ਮਜ਼ਬੂਤ ਹੁੰਦੀ। ਪਰ ਇਹ ਗੱਲ ਲਈ ਤਾਂ ਬੜੀ ਖੋਜ ਨਾਲ਼ ਵਿਸ਼ਲੇਸ਼ਣ ਦੀ ਲੋੜ ਹੈ ਅਤੇ “ਖੱਬੇ-ਪੱਖੀਆਂ” ਨੂੰ ਤਾਂ ਏਨੀ ਵੀ ਸਮਝ ਨਹੀਂ ਕਿ ਇਹ ਕੰਮ ਕਿਸ ਢੰਗ ਨਾਲ਼ ਸ਼ੁਰੂ ਕੀਤਾ ਜਾਵੇ। “ਕਮਿਊਨਿਸਟ ਇੰਟਰਨੈਸ਼ਨਲ ਦੇ ਐਮਸਟਰਡਮ ਦੇ ਅਸਥਾਈ ਬਿਊਰੋ ਦਾ ਬੁਲੇਟਨ” ਅੰਕ 1, (ਫਰਵਰੀ 1920) ′ Bulletin of the Provisional Bureau in Amsterdam of the Communist International[a] No. 1, February, 1920) ਵਿੱਚ ਛਪੇ “ਪਾਰਲੀਮਾਨੀਵਾਦ ਸਬੰਧੀ ਥੀਸਿਸ” ਵਿੱਚ, ਜਿਹੜਾ ਡੱਚ ਖੱਬੇ-ਪੱਖੀਆਂ ਜਾਂ ਖੱਬੇ-ਪੱਖੀਆਂ-ਡੱਚਾਂ ਦੀ ਰੁਚੀ ਪ੍ਰਗਟ ਕਰਦਾ, ਦਿੱਤਾ ਗਿਆ ਵਿਸ਼ਲੇਸ਼ਣ ਵੀ, ਜਿਹਾ ਕਿ ਅਸੀਂ ਅੱਗੇ ਚੱਲ ਕੇ ਵੇਖਾਂਗੇ, ਉੱਕਾ ਹੀ ਨਿਕੰਮਾ ਹੈ।

ਪਹਿਲੀ ਗੱਲ ਤਾਂ ਇਹ ਕਿ, ਜਿਹਾ ਕਿ ਸਾਨੂੰ ਪਤਾ ਹੈ, ਰੋਜ਼ਾ ਲੁਕਸਮਬਰਗ ਅਤੇ ਕਾਰਲ ਲੀਬਕਨੇਖਤ[37] ਜਿਹੇ ਉੱਘੇ ਰਾਜਸੀ ਲੀਡਰਾਂ ਦੀ ਰਾਏ ਦੇ ਉਲਟ ਜਰਮਨ “ਖੱਬੇ-ਪੱਖੀ” ਜਨਵਰੀ 1919 ਵਿੱਚ ਪਾਰਲੀਮਾਨੀਵਾਦ ਨੂੰ “ਰਾਜਸੀ ਪੱਖੋਂ ਸਮਾਂ ਵਿਹਾ ਚੁੱਕਾ” ਸਮਝਦੇ ਸਨ। ਅਸੀਂ ਜਾਣਦੇ ਹਾਂ ਕਿ “ਖੱਬੇ-ਪੱਖੀ” ਗ਼ਲਤੀ ’ਤੇ ਸਨ। ਕੇਵਲ ਇਹ ਤੱਥ

ਹੀ, ਇੱਕੋ ਵਾਰ ਨਾਲ਼ ਇਸ ਪ੍ਰਸਤਾਵ ਨੂੰ ਰੱਦ ਕਰ ਦੇਂਦਾ ਹੈ ਕਿ ਪਾਰਲੀਮਾਨੀ "ਰਾਜਸੀ ਪੱਖੋਂ ਸਮਾਂ ਵਿਹਾ" ਚੁੱਕਾ ਹੈ। ਇਹ ਸਾਬਤ ਕਰਨਾ ਉਹਨਾਂ ਦੀ ਜ਼ਿੰਮੇਵਾਰੀ ਹੈ। ਕਿ ਉਹਨਾਂ ਦੀ ਗ਼ਲਤੀ, ਜਿਹੜੀ ਉਸ ਸਮੇਂ ਅਵਿਵਾਦੀ ਸੀ, ਹੁਣ ਗ਼ਲਤੀ ਕਿਉਂ ਨਹੀਂ। ਉਹ ਸਬੂਤ ਦਾ ਅੰਸ਼-ਮਾਤਰ ਵੀ ਪੇਸ਼ ਨਹੀਂ ਕਰਦੇ ਅਤੇ ਨਾ ਹੀ ਕਰ ਸਕਦੇ ਹਨ। ਖ਼ੁਦ ਆਪਣੀਆਂ ਗ਼ਲਤੀਆਂ ਵੱਲ ਕਿਸੇ ਰਾਜਸੀ ਪਾਰਟੀ ਦਾ ਵਤੀਰਾ ਇਹ ਪਰਖਣ ਦਾ ਸਭ ਤੋਂ ਵੱਧ ਮਹੱਤਵਪੂਰਨ ਅਤੇ ਯਕੀਨੀ ਢੰਗ ਹੈ ਕਿ ਉਹ ਪਾਰਟੀ ਆਪਣੀ **ਸ਼੍ਰੇਣੀ** ਅਤੇ ਕਿਰਤੀ **ਲੋਕਾਂ** ਵੱਲ ਆਪਣੀਆਂ ਜ਼ਿੰਮੇਵਾਰੀਆਂ **ਅਮਲ ਵਿੱਚ** ਕਿਵੇਂ ਪੂਰੀਆਂ ਕਰਦੀ ਹੈ। ਖੁੱਲ੍ਹ ਕੇ ਗ਼ਲਤੀ ਕਬੂਲਣਾ, ਇਹਦੇ ਕਾਰਨਾਂ ਦਾ ਪਤਾ ਕੱਢਣਾ, ਉਹਨਾਂ ਪ੍ਰਸਥਿਤੀਆਂ ਦਾ ਵਿਸ਼ਲੇਸ਼ਣ ਕਰਨਾ ਜਿਨ੍ਹਾਂ ਕਾਰਨ ਇਹ ਹੋਈ ਅਤੇ ਇਹਨੂੰ ਠੀਕ ਕਰਨ ਦੇ ਢੰਗਾਂ ਉੱਤੇ ਧਿਆਨ ਨਾਲ਼ ਵਿਚਾਰ ਕਰਨਾ—ਇਹ ਇੱਕ ਗੰਭੀਰ ਪਾਰਟੀ ਦੀ ਨਿਸ਼ਾਨੀ ਹੈ: ਉਹਨੂੰ ਆਪਣੇ ਫ਼ਰਜ ਇਸੇ ਤਰ੍ਹਾਂ ਪੂਰੇ ਕਰਨੇ ਚਾਹੀਦੇ ਹਨ ਅਤੇ ਇਸੇ ਤਰ੍ਹਾਂ ਪਹਿਲਾਂ ਆਪਣੀ **ਸ਼੍ਰੇਣੀ** ਅਤੇ ਫੇਰ **ਜਨਤਾ** ਨੂੰ ਸਿੱਖਿਆ ਦੇਣੀ ਚਾਹੀਦੀ ਹੈ। ਇਹ ਫ਼ਰਜ ਪੂਰਾ ਕਰਨ ਅਤੇ ਆਪਣੀ ਸਪੱਸ਼ਟ ਗ਼ਲਤੀ ਦੇ ਅਧਿਅਨ ਵੱਲ ਵੱਧ ਤੋਂ ਵੱਧ ਧਿਆਨ ਦੇਣ ਵਿੱਚ ਅਸਫ਼ਲ ਰਹਿ ਕੇ ਜਰਮਨੀ ਵਿੱਚ (ਅਤੇ ਹਾਲੈਂਡ ਵਿੱਚ) "ਖੱਬੇ-ਪੱਖੀਆਂ" ਨੇ ਇਹ ਸਾਬਤ ਕਰ ਦਿੱਤਾ ਹੈ ਕਿ ਉਹ ਇੱਕ **ਸ਼੍ਰੇਣੀ ਦੀ ਪਾਰਟੀ** ਨਹੀਂ, ਸਗੋਂ ਇੱਕ ਮੰਡਲੀ ਹਨ, **ਜਨਤਾ ਦੀ ਪਾਰਟੀ** ਨਹੀਂ ਸਗੋਂ ਬੁੱਧੀਮਾਨਾਂ ਅਤੇ ਕੁਝ ਅਜਿਹੇ ਕਿਰਤੀਆਂ ਦੀ ਟੋਲੀ ਹਨ ਜਿਹੜੇ ਬੁੱਧੀਮਾਨਤਾ ਦੇ ਸਭ ਤੋਂ ਭੈੜੇ ਲੱਛਣਾਂ ਦੀ ਨਕਲ ਕਰਦੇ ਹਨ।

ਦੂਜੇ, ਅਸੀਂ ਫ਼ਰੈਂਕਫ਼ੋਰਟ ਦੇ "ਖ਼ੱਬੇ-ਪੱਖੀਆਂ" ਦੇ ਜਿਸ ਪੈਂਫਲਟ ਵਿੱਚੋਂ ਪਹਿਲਾਂ ਹੀ, ਵਿਸਥਾਰ-ਸਹਿਤ ਟੂਕਾਂ ਦਿੱਤੀਆਂ ਹਨ, ਉਸ ਵਿੱਚ ਇਹ ਵੀ ਲਿਖਿਆ ਹੈ:

> "...ਜਿਹੜੇ ਲਖੂਖਾ ਕਿਰਤੀ ਅਜੇ ਤੱਕ ਵਿਚਲੇ ਰਾਹ (ਕੈਥੋਲਕ "ਵਿਚਲੇ ਰਾਹ ਵਾਲ਼ੀ") ਪਾਰਟੀ ਦੀ ਨੀਤੀ ਦੀ ਹਮਾਇਤ ਕਰਦੇ ਹਨ ਉਹ ਉਲਟ ਇਨਕਲਾਬੀ ਹਨ। ਪਿੰਡਾਂ ਦੇ ਪ੍ਰੋਲਤਾਰੀ ਵਿੱਚੋਂ ਉਲਟ-ਇਨਕਲਾਬੀ ਫ਼ੌਜਾਂ ਭਰਤੀ ਹੁੰਦੀਆਂ ਹਨ।"(ਵੇਖੋ ਪੈਂਫਲਟ ਦਾ ਸਫ਼ਾ 3)

ਹਰ ਗੱਲ ਤੋਂ ਇਹ ਸਪੱਸ਼ਟ ਹੈ ਕਿ ਇਹ ਕਥਨ ਕਿਤੇ ਜ਼ਿਆਦਾ ਵੱਡੀ ਮਾਰ ਵਾਲ਼ਾ ਅਤੇ ਅਤਿ-ਕਥਨੀ ਭਰਪੂਰ ਹੈ। ਪਰ ਇਸ ਵਿੱਚ ਪੇਸ਼ ਕੀਤਾ ਬੁਨਿਆਦੀ ਤੱਥ ਅਜਿਹਾ ਹੈ ਜਿਸ ਸਬੰਧੀ ਵਿਵਾਦ ਨਹੀਂ ਹੋ ਸਕਦਾ ਅਤੇ "ਖੱਬੇ-ਪੱਖੀਆਂ" ਵੱਲੋਂ ਇਹਦਾ ਮੰਨਿਆਂ ਜਾਣਾ, ਉਹਨਾਂ ਦੀ ਗ਼ਲਤੀ ਦਾ ਸਾਫ਼ ਸਬੂਤ ਹੈ। ਉਹ ਕਿਵੇਂ ਕਹਿ ਸਕਦੇ ਹਨ ਕਿ "ਪਾਰਲੀਮਾਨੀਵਾਦ ਰਾਜਸੀ ਪੱਖੋਂ ਸਮਾਂ ਵਿਹਾ ਚੁੱਕਾ ਹੈ" ਜਦੋਂ "ਲਖੂਖਾ ਦੀ ਗਿਣਤੀ ਵਿੱਚ" **ਪ੍ਰੋਲਤਾਰੀ** ਲੋਕ ਅਤੇ ਉਹਨਾਂ ਦੀਆਂ "ਫੌਜਾਂ" ਨਾ ਕੇਵਲ ਆਮ ਤੌਰ 'ਤੇ ਪਾਰਲੀਮਾਨੀਵਾਦ ਦੇ ਹੱਕ ਵਿੱਚ ਹਨ ਸਗੋਂ ਇੱਕ ਦਮ "ਉਲਟ-ਇਨਕਲਾਬੀ" ਹਨ। ਇਹ ਸਪੱਸ਼ਟ ਹੈ ਕਿ ਜਰਮਨੀ ਵਿੱਚ ਪਾਰਲੀਮਾਨੀਵਾਦ **ਅਜੇ ਤੱਕ** ਰਾਜਸੀ ਤੌਰ 'ਤੇ ਸਮਾਂ ਨਹੀਂ ਵਿਹਾ ਚੁੱਕਿਆ। ਇਹ ਸਪੱਸ਼ਟ ਹੈ ਕਿ ਜਰਮਨੀ ਵਿੱਚ "ਖੱਬੇ-ਪੱਖੀਆਂ" ਨੇ **ਆਪਣੀ ਇੱਛਿਆ** ਨੂੰ, ਆਪਣੇ ਰਾਜਸੀ-ਵਿਚਾਰਧਾਰਕ ਵਤੀਰੇ ਨੂੰ ਯਥਾਰਥਕ ਅਸਲੀਅਤ ਸਮਝ ਲਿਆ ਹੈ।

ਇਹ ਗ਼ਲਤੀ ਇਨਕਲਾਬੀਆਂ ਲਈ ਸਭ ਤੋਂ ਖ਼ਤਰਨਾਕ ਹੈ। ਰੂਸ ਵਿੱਚ — ਜਿੱਥੇ ਵਿਸ਼ੇਸ ਤੌਰ 'ਤੇ ਲੰਮੇ ਸਮੇਂ ਤੱਕ ਅਤੇ ਵਿਸ਼ੇਸ਼ ਤੌਰ 'ਤੇ ਵੱਖ ਵੱਖ ਰੂਪਾਂ ਵਿੱਚ ਜ਼ਾਰਸ਼ਾਹੀ ਦੇ ਅਤਿਅੰਤ ਜ਼ਾਲਮ ਅਤੇ ਵਹਿਸ਼ੀ ਜੂਲੇ ਨੇ ਵੱਖ ਵੱਖ ਭਾਹਾਂ ਦੇ ਇਨਕਲਾਬੀ ਪੈਦਾ ਕੀਤੇ, ਇਨਕਲਾਬੀ ਜਿਨ੍ਹਾਂ ਹੈਰਾਨ ਕਰਨ ਵਾਲ਼ੀ ਲਗਨ, ਉਤਸ਼ਾਹ, ਸੂਰਮਤਾਈ ਅਤੇ ਇੱਛਾ-ਸ਼ਕਤੀ ਵਿਖਾਈ — ਰੂਸ ਵਿੱਚ ਅਸਾਂ ਇਨਕਲਾਬੀਆਂ ਦੀ ਇਸ ਗ਼ਲਤੀ ਨੂੰ ਬਹੁਤ ਨੇੜਿਉਂ ਵੇਖਿਆ ਹੈ; ਅਸਾਂ ਬੜੇ ਧਿਆਨ ਨਾਲ ਇਹਦਾ ਅਧਿਅਨ ਕੀਤਾ ਹੈ ਅਤੇ ਸਾਨੂੰ ਇਹਦੀ ਸਿੱਧੀ ਵਾਕਫ਼ੀ ਹੈ; ਇਸੇ ਲਈ ਅਸੀਂ ਇਹਨੂੰ ਹੋਰਨਾਂ ਵਿੱਚ ਵਿਸ਼ੇਸ਼ ਸਪੱਸ਼ਟਤਾ ਨਾਲ਼ ਵੇਖਦੇ ਹਾਂ। ਨਿਸ਼ਚੇ ਹੀ ਜਰਮਨੀ ਵਿੱਚ ਕਮਿਊਨਿਸਟਾਂ ਲਈ ਪਾਰਲੀਮਾਨੀਵਾਦ "ਰਾਜਸੀ ਪੱਖੋਂ ਸਮਾਂ ਵਿਹਾ ਚੁੱਕਾ" ਹੈ; ਪਰ — ਅਤੇ ਅਸਲੀ ਨੁਕਤਾ ਇਹੋ ਹੈ — ਸਾਨੂੰ ਇਹ **ਨਹੀਂ** ਸਮਝਣਾ ਚਾਹੀਦਾ ਕਿ ਜੋ ਕੁਝ **ਸਾਡੇ ਲਈ** ਸਮਾਂ ਵਿਹਾ ਚੁੱਕਾ ਹੈ ਉਹ **ਇੱਕ ਸ਼੍ਰੇਣੀ ਲਈ**, **ਆਮ ਜਨਤਾ ਲਈ** ਵੀ ਸਮਾਂ ਵਿਹਾ ਚੁੱਕਾ ਹੈ। ਇੱਥੇ ਅਸੀਂ ਇੱਕ ਵਾਰ ਫੇਰ ਵੇਖਦੇ ਹਾਂ ਕਿ "ਖੱਬੇ-ਪੱਖੀ" ਦਲੀਲ ਦੇਣਾ ਨਹੀਂ ਜਾਣਦੇ, ਇੱਕ **ਸ਼੍ਰੇਣੀ** ਦੀ ਪਾਰਟੀ ਵਾਂਗ, **ਜਨਤਾ** ਦੀ ਪਾਰਟੀ ਵਾਂਗ ਕੰਮ ਤੱਕ ਕਰਨਾ ਨਹੀਂ ਜਾਣਦੇ। ਤੁਹਾਨੂੰ ਜਨਤਾ ਦੀ ਪੱਧਰ ਤੱਕ, ਸ਼੍ਰੇਣੀ ਦੀ ਪੱਛੜੀ ਪਰਤ ਤੱਕ ਨੀਂਵਾ ਨਹੀਂ ਹੋ ਜਾਣਾ ਚਾਹੀਦਾ। ਇਸ ਤੱਥ ਅਵਿਵਾਦੀ ਹੈ; ਇਹ ਲਾਜ਼ਮੀ ਹੈ। ਤੁਹਾਨੂੰ ਜਨਤਾ ਨੂੰ ਕੌੜੀ ਸੱਚਾਈ ਦੱਸਣੀ ਚਾਹੀਦੀ ਹੈ। ਇਹ ਤੁਹਾਡਾ ਫ਼ਰਜ ਹੈ ਕਿ ਤੁਸੀਂ ਉਹਨਾਂ ਦੇ ਬੁਰਜੂਆ-ਜਮਹੂਰੀ ਅਤੇ ਪਾਰਲੀਮਾਨੀ ਤਅੱਸਬਾਂ ਨੂੰ ਉਹ ਕੁਝ ਕਹੋ ਜੋ ਕੁਝ ਉਹ ਹਨ — ਅਰਥਾਤ ਤਅੱਸਬ। ਪਰ ਇਹਦੇ ਨਾਲ਼ ਹੀ ਨਾਲ਼ ਤੁਹਾਨੂੰ ਸਮੁੱਚੀ ਸ਼੍ਰੇਣੀ ਦੀ (ਅਤੇ ਇਹਦੇ ਕਮਿਊਨਿਸਟ ਮੂਹਰੈਲ ਦੀ ਹੀ ਨਹੀਂ) ਸਮੁੱਚੀ ਕਿਰਤੀ **ਜਨਤਾ** ਦੀ (ਇਹਦੇ ਉੱਨਤ ਅੰਸ਼ਾਂ ਦੀ ਹੀ ਨਹੀਂ) **ਅਸਲੀ** ਚੇਤੰਨਤਾ ਅਤੇ ਤਿਆਰੀ ਨੂੰ **ਹੋਸ਼ਮੰਦੀ** ਨਾਲ਼ ਵੇਖਣਾ ਚਾਹੀਦਾ ਹੈ।

ਜੇ "ਲਖੂਖਾ" ਸਨਅਤੀ ਕਾਮੇ ਅਤੇ ਉਹਨਾਂ ਦੀ ਪੂਰੀਆਂ "ਫੌਜਾਂ" ਨਹੀਂ ਸਗੋਂ ਉਹਨਾਂ ਦੀ ਖ਼ਾਸੀ ਵੱਡੀ **ਘੱਟ-ਗਿਣਤੀ** ਕੈਥੋਲਕ ਪਾਦਰੀਆਂ ਪਿੱਛੇ ਚੱਲਦੀ ਹੈ — ਅਤੇ ਪੇਂਡੂ ਕਿਰਤੀਆਂ ਦੀ ਅਜਿਹੀ ਹੀ ਘੱਟ-ਗਿਣਤੀ ਜਾਗੀਰਦਾਰਾਂ ਤੇ ਕੁਲਾਕਾਂ (Grossbauern) ਦੇ ਪਿੱਛੇ ਚੱਲਦੀ ਹੈ — ਤਾਂ **ਨਿਰਸੰਦੇਹ** ਇਹ ਇਸ ਗੱਲ ਦਾ ਲਖਾਇਕ ਹੈ ਕਿ **ਅਜੇ ਤੱਕ** ਜਰਮਨੀ ਵਿੱਚ ਪਾਰਲੀਮਾਨੀਵਾਦ ਰਾਜਸੀ ਪੱਖ ਤੋਂ ਸਮਾਂ ਵਿਹਾ ਨਹੀਂ ਚੁੱਕਿਆ ਅਤੇ ਇਨਕਲਾਬੀ ਪ੍ਰੋਲਤਾਰੀ ਦੀ ਪਾਰਟੀ ਲਈ ਪਾਰਲੀਮਾਨੀ ਚੋਣਾਂ ਵਿੱਚ ਅਤੇ ਪਾਰਲੀਮਾਨੀ ਮੰਚ ਤੋਂ ਘੋਲ਼ ਵਿੱਚ ਹਿੱਸਾ ਲੈਣਾ ਐਨ ਇਸ ਲਈ **ਲਾਜ਼ਮੀ** ਹੈ ਕਿ **ਆਪਣੀ ਸ਼੍ਰੇਣੀ** ਦੀ ਪੱਛੜੀ ਪਰਤ ਨੂੰ ਸਿੱਖਿਅਤ ਕਰ ਸਕੇ ਅਤੇ ਅਣ-ਵਿਕਸਤ, ਪਸਿਤੀ ਅਤੇ ਅਗਿਆਨਤਾ ਵਿੱਚ ਫਸੀ ਪੈਂਡੂ **ਜਨਤਾ** ਨੂੰ ਜਾਗ੍ਰਤ ਕਰ ਸਕੇ ਅਤੇ ਗਿਆਨ ਦਾ ਚਾਨਣਾ ਦੇ ਸਕੇ। ਜਿੰਨਾਂ ਚਿਰ ਤੁਹਾਡੇ ਕੋਲ਼ ਬੁਰਜੂਆ ਪਾਰਲੀਮੈਂਟਾਂ ਅਤੇ ਹੋਰ ਕਿਸਮ ਦੀਆਂ ਪਿੱਛੇ-ਖਿੱਚੂ ਸੰਸਥਾਵਾਂ ਨੂੰ ਖ਼ਤਮ ਕਰ ਦੇਣ ਦੀ ਤਾਕਤ ਨਹੀਂ ਤੁਹਾਨੂੰ ਉਹਨਾਂ ਦੇ ਅੰਦਰੋਂ ਕੰਮ ਕਰਨਾ ਹੀ **ਪਵੇਗਾ** ਕਿਉਂਕਿ ਉਹਨਾਂ ਅੰਦਰ **ਹੀ** ਤੁਹਾਨੂੰ ਉਹ ਕਿਰਤੀ ਮਿਲ਼ਣਗੇ ਜਿਨ੍ਹਾਂ ਨੂੰ ਪਾਦਰੀਆਂ ਨੇ ਧੋਖੇ ਵਿਚ ਪਾਇਆ ਹੋਇਆ ਹੈ ਅਤੇ ਪੇਂਡੂ ਜੀਵਨ ਦੀਆਂ ਪ੍ਰਸਥਿਤੀਆਂ ਨੇ ਨਿਰਾਰਥ ਕਰ ਦਿੱਤਾ

ਹੋਇਆ ਹੈ, ਨਹੀਂ ਤਾਂ ਤੁਹਾਡੇ ਲਫੌੜੀ ਬਣ ਕੇ ਰਹਿ ਜਾਣ ਦਾ ਖ਼ਤਰਾ ਹੈ।

ਤੀਜੇ "ਖੱਬੇ-ਪੱਖੀ" ਕਮਿਊਨਿਸਟ ਸਾਡੀ, ਬਾਲਸ਼ਵਿਕਾਂ ਦੀ ਸ਼ਲਾਘਾਂ ਵਿੱਚ ਬਹੁਤ ਕੁਝ ਕਹਿੰਦੇ ਹਨ। ਕਦੇ ਕਦੇ ਜੀਅ ਕਰਦਾ ਹੈ ਕਿ ਉਹਨਾਂ ਨੂੰ ਕਿਹਾ ਜਾਵੇ ਕਿ ਸਾਡੀ ਸ਼ਲਾਘਾ ਘੱਟ ਕਰਿਆ ਕਰਨ ਅਤੇ ਬਾਲਸ਼ਵਿਕਾਂ ਦੇ ਦਾਅਪੇਚਾਂ ਦੀ ਚੰਗੇਰੀ ਵਾਕਫ਼ੀ ਕਰਨ ਦਾ ਯਤਨ ਕਰਨ। ਅਸਾਂ ਸਤੰਬਰ-ਨਵੰਬਰ 1917 ਵਿੱਚ ਵਿਧਾਨ ਘੜ੍ਹਨੀ ਸਭਾ, ਰੂਸ ਦੀ ਬੁਰਜੂਆ ਪਾਰਲੀਮੈਂਟ ਦੀ ਚੋਣ ਵਿੱਚ ਹਿੱਸਾ ਲਿਆ। ਸਾਡੇ ਦਾਅ-ਪੇਚ ਠੀਕ ਸਨ ਜਾਂ ਨਹੀਂ ? ਜੇ ਨਹੀਂ ਤਾਂ ਇਹ ਗੱਲ ਸਾਫ਼ ਤੌਰ 'ਤੇ ਕਹੀ ਅਤੇ ਸਾਬਤ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਅਜਿਹਾ ਕਰਨਾ ਕੌਮਾਂਤਰੀ ਕਮਿਊਨਿਜ਼ਮ ਲਈ ਠੀਕ ਦਾਅ-ਪੇਚ ਤਿਆਰ ਕਰਨ ਲਈ ਲੋੜੀਂਦਾ ਹੈ। ਜੇ ਉਹ ਠੀਕ ਨਹੀਂ ਸਨ ਤਾਂ ਕੁਝ ਸਿੱਟੇ ਕੱਢਣੇ ਚਾਹੀਦੇ ਹਨ। ਨਿਸ਼ਚੇ ਹੀ ਰੂਸ ਦੀ ਪ੍ਰਸਥਿਤੀ ਨੂੰ ਪੱਛਮੀ ਯੂਰਪ ਦੀ ਪ੍ਰਸਥਿਤੀ ਨਾਲ਼ ਸਾਵਾਂ ਰੱਖਣ ਦਾ ਤਾਂ ਸਵਾਲ ਹੀ ਨਹੀਂ ਉੱਠਦਾ। ਪਰ ਜਿੱਥੋਂ ਤੱਕ "ਰਾਜਸੀ ਪੱਖੋਂ ਪਾਰਲੀਮਾਨੀਵਾਦ ਸਮਾਂ ਵਿਹਾ ਚੁੱਕਾ" ਹੈ ਦੇ ਵਿਚਾਰ ਦੇ ਅਰਥ ਦਾ ਵਿਸ਼ੇਸ਼ ਸਵਾਲ ਹੈ ਸਾਡੇ ਅਨੁਭਵ ਉੱਤੇ ਧਿਆਨ ਨਾਲ਼ ਵਿਚਾਰ ਕਰਨਾ ਚਾਹੀਦਾ ਹੈ ਕਿਉਂਕਿ ਜਦੋਂ ਤੱਕ ਠੋਸ ਅਨੁਭਵ ਨੂੰ ਨਾ ਵਿਚਾਰਿਆ ਜਾਵੇ ਅਜਿਹੇ ਫ਼ਿਕਰੇ ਫ਼ੋਕੇ ਵਿਚਾਰ ਬਣ ਕੇ ਰਹਿ ਜਾਂਦੇ ਹਨ। ਕੀ ਸਤੰਬਰ-ਨਵਬੰਰ 1917 ਵਿਚ ਸਾਨੂੰ, ਰੂਸੀ ਬਾਲਸ਼ਵਿਕਾਂ ਨੂੰ ਕਿਸੇ ਹੋਰ ਨਾਲ਼ੋਂ **ਵਧੇਰੇ** ਇਹ ਵਿਚਾਰਨ ਦਾ ਹੱਕ ਨਹੀਂ ਸੀ ਕਿ ਰੂਸ ਵਿੱਚ ਪਾਰਲੀਮਾਨੀਵਾਦ ਰਾਜਸੀ ਪੱਖੋਂ ਸਮਾਂ ਵਿਹਾ ਚੁੱਕਾ ਹੈ। ਨਿਸ਼ਚੇ ਹੀ ਸਾਨੂੰ ਇੱਕ ਹੱਕ ਪ੍ਰਾਪਤ ਸੀ ਕਿਉਂਕਿ ਅਸਲ ਨੁਕਤਾ ਇਹ ਨਹੀਂ ਕਿ ਬੁਰਜੂਆ ਪਾਰਲੀਮੈਂਟ ਦੀ ਹੋਂਦ ਲੰਮੇਂ ਸਮੇਂ ਤੋਂ ਹੈ ਜਾਂ ਥੋੜ੍ਹੇ ਸਮੇਂ ਤੋਂ, ਸਗੋਂ ਇਹ ਕਿ ਕਿਰਤੀ ਲੋਕਾਂ ਦੇ ਵੱਡੇ ਹਿੱਸੇ ਕਿਸ ਹੱਦ ਤੱਕ (ਵਿਚਾਰਧਾਰਕ, ਰਾਜਸੀ ਅਤੇ ਅਮਲੀ ਤੌਰ 'ਤੇ) ਸੋਵੀਅਤ ਪ੍ਰਣਾਲੀ ਪ੍ਰਵਾਨ ਕਰਨ ਲਈ ਅਤੇ ਬੁਰਜੂਆ-ਜਮਹੂਰੀ ਪਾਰਲੀਮੈਂਟ ਤੋੜਨ (ਜਾਂ ਇਹਦੇ ਤੋੜੇ ਜਾਣ ਦੀ ਆਗਿਆ ਦੇਣ ਲਈ) **ਤਿਆਰ ਹਨ।** ਇਹ ਗੱਲ ਉੱਕਾ ਹੀ ਅਵਿਵਾਦੀ ਹੈ ਅਤੇ ਪੂਰੀ ਤਰ੍ਹਾਂ ਸਾਬਤ ਹੋ ਚੁੱਕਿਆ ਇਤਿਹਾਸਕ ਤੱਥ ਹੈ ਕਿ ਸਤੰਬਰ-ਨਵੰਬਰ 1917 ਵਿੱਚ ਰੂਸ ਦੀ ਸ਼ਹਿਰੀ ਕਿਰਤੀ ਸ਼੍ਰੇਣੀ ਅਤੇ ਫ਼ੌਜੀ ਅਤੇ ਕਿਸਾਨ ਕੁਝ ਵਿਸ਼ੇਸ਼ ਕਾਰਨਾਂ ਕਰਕੇ ਸੋਵੀਅਤ ਪ੍ਰਣਾਲੀ ਕਬੂਲਣ ਅਤੇ ਅਤਿਅੰਤ ਜਮਹੂਰੀ ਬੁਰਜੂਆ ਪਾਰਲੀਮੈਂਟਾਂ ਨੂੰ ਤੋੜਨ ਲਈ ਅਸਾਧਾਰਨ ਹੱਦ ਤੱਕ ਚੰਗੀ ਤਰ੍ਹਾਂ ਤਿਆਰ ਸਨ। ਪਰ ਬਾਲਸ਼ਵਿਕਾਂ ਨੇ ਵਿਧਾਨ-ਘੜ੍ਹਨੀ ਸਭਾ ਦਾ ਬਾਈਕਾਟ **ਨਾ** ਕੀਤਾ ਸਗੋਂ ਪ੍ਰੋਲਤਾਰੀ ਦੇ ਸੱਤ੍ਹਾ ਜਿੱਤ ਲੈਣ ਤੋਂ ਪਹਿਲਾਂ ਵੀ **ਅਤੇ ਪਿੱਛੋਂ ਵੀ** ਚੋਣਾਂ ਵਿੱਚ ਹਿੱਸਾ ਲਿਆ। ਮੈਂ ਇਹ ਆਸ ਕਰਨ ਦੀ ਹਿੰਮਤ ਕਰਦਾ ਹਾਂ ਕਿ ਮੈਂ ਉਪਰ ਆਪਣੇ ਜਿਸ ਲੇਖ ਦਾ ਜ਼ਿਕਰ ਕੀਤਾ ਹੈ ਅਤੇ ਜਿਸ ਵਿੱਚ ਮੈਂ ਰੂਸ ਦੀ ਵਿਧਾਨ-ਘੜ੍ਹਨੀ ਸਭਾ ਦੀਆਂ ਚੋਣਾਂ ਦੇ ਅੰਕੜਿਆਂ ਦਾ ਵਿਸਥਾਰ-ਪੂਰਵਕ ਵਿਸ਼ਲੇਸ਼ਣ ਕੀਤਾ ਹੈ, ਉਸ ਵਿੱਚ ਮੈਂ ਇਹ ਸਾਬਤ ਕੀਤਾ ਹੈ ਕਿ ਇਹਨਾਂ ਚੋਣਾਂ ਦੇ ਅਤਿ ਵੱਡਮੁਲੇ (ਅਤੇ ਪ੍ਰੋਲਤਾਰੀ ਲਈ ਅਤਿਅੰਤ ਲਾਭਦਾਇਕ) ਸਿੱਟੇ ਨਿਕਲ਼ੇ।

ਇਸ ਤੋਂ ਜਿਹੜਾ ਸਿੱਟਾ ਨਿਕਲ਼ਦਾ ਹੈ ਉਹ ਉੱਕਾ ਹੀ ਅਵਿਵਾਦੀ ਹੈ—ਇਹ

ਸਾਬਤ ਹੋ ਗਿਆ ਹੈ ਕਿ ਇਨਕਲਾਬੀ ਪ੍ਰੋਲਤਾਰੀ ਨੂੰ ਨੁਕਸਾਨ ਪੁਚਾਉਣਾ ਤਾਂ ਇੱਕ ਪਾਸੇ ਰਿਹਾ ਕਿ ਸੋਵੀਅਤ ਗਣ-ਰਾਜ ਦੀ ਜਿੱਤ ਤੋਂ ਕੁਝ ਹਫ਼ਤੇ ਪਹਿਲਾਂ ਵੀ ਅਤੇ ਇੱਥੋਂ ਤੱਕ ਕਿ ਜਿੱਤ ਤੋਂ **ਪਿੱਛੋਂ ਵੀ** ਬੁਰਜੂਆ-ਜਮਹੂਰੀ ਪਾਰਲੀਮੈਂਟ ਵਿੱਚ ਸ਼ਮੂਲੀ ਪੱਛੜੀ ਜਨਤਾ ਸਾਹਮਣੇ ਇਹ **ਸਾਬਤ ਕਰਨ** ਵਿੱਚ ਸਹਾਇਤਾ ਦੇਂਦੀ ਹੈ ਕਿ ਇਹ ਪਾਰਲੀਮੈਂਟਾਂ ਕਿਉਂ ਤੋੜੀਆਂ ਜਾਣੀਆਂ ਚਾਹੀਦੀਆਂ ਹਨ; ਇਹ ਉਹਨਾਂ ਨੂੰ ਸਫ਼ਲਤਾ ਨਾਲ਼ ਤੋੜਨਾ **ਸੌਖਾ ਬਣਾਉਂਦੀ ਹੈ** ਅਤੇ ਬੁਰਜੂਆ-ਪਾਰਲੀਮਾਨੀਵਾਦ ਨੂੰ "ਰਾਜਸੀ ਪੱਖੋਂ ਸਮਾਂ ਵਿਹਾ ਚੁੱਕਾ" ਬਣਾਉਣ ਵਿੱਚ **ਸਹਾਇਤਾ ਦੇਂਦੀ ਹੈ।** ਇਸ ਅਨੁਭਵ ਨੂੰ ਅੱਖੋਂ ਪ੍ਰੋਖਾ ਕਰਨਾ ਅਤੇ ਨਾਲ਼ ਹੀ ਨਾਲ਼ ਕਮਿਊਨਿਸਟ **ਇੰਟਰਨੈਸ਼ਨਲ** ਨਾਲ਼ ਸਬੰਧ ਰੱਖਣ ਦਾ ਦਾਅਵਾ ਕਰਨਾ — ਉਸ ਇੰਟਰਨੈਸ਼ਨਲ ਨਾਲ਼ ਜਿਸ ਲਈ ਆਪਣੇ ਦਾਅ-ਪੇਚ **ਕੌਮਾਂਤਰੀ ਢੰਗ ਨਾਲ਼** (ਅਤੇ ਸੌੜੇ ਜਾਂ ਕੇਵਲ ਕੌਮੀ ਦਾਅ-ਪੇਚ ਨਹੀਂ ਸਗੋਂ ਕੌਮਾਂਤਰੀ ਦਾਅ-ਪੇਚ) ਘੜ੍ਹਨਾ ਲਾਜ਼ਮੀ ਹੈ — ਦੇ ਅਰਥ ਹਨ ਇੱਕ ਬਹੁਤ ਵੱਡੀ ਗ਼ਲਤੀ ਅਤੇ ਇਹ ਜ਼ਬਾਨੀ-ਕਲਾਮੀਂ ਕੌਮਾਂਤਰੀਵਾਦ ਨੂੰ ਕਬੂਲਦੇ ਹੋਏ ਅਮਲ ਵਿੱਚ ਇਹਨੂੰ ਤਿਆਗਣਾ ਹੈ।

ਆਓ ਹੁਣ ਅਸੀਂ ਪਾਰਲੀਮੈਂਟਾਂ ਵਿਚ ਸ਼ਾਮਲ ਨਾ ਹੋਣ ਦੇ ਹੱਕ ਵਿੱਚ "ਡੱਚ ਖੱਬੇ-ਪੱਖੀਆਂ" ਦੀਆਂ ਦਲੀਲਾਂ ਨੂੰ ਲਈਏ। ਉੱਪਰ ਜਿਨ੍ਹਾਂ ਡੱਚ ਥੀਸਸਾਂ ਦਾ ਜ਼ਿਕਰ ਕੀਤਾ ਗਿਆ ਹੈ ਇਹ ਉਹਨਾਂ ਵਿੱਚੋਂ ਥੀਸਸ ਨੰ. 4 ਦਾ, ਜੋ ਸਭ ਤੋਂ ਮਹੱਤਵਪੂਰਨ ਹੈ, ਅੰਗ੍ਰੇਜ਼ੀ ਤੋਂ ਕੀਤਾ ਅਨੁਵਾਦ ਹੈ:

> "ਜਦੋਂ ਉਤਪਾਦਨ ਦਾ ਸਰਮਾਏਦਾਰ ਪ੍ਰਬੰਧ ਟੁੱਟ ਗਿਆ ਹੋਵੇ ਅਤੇ ਸਮਾਜ ਇਨਕਲਾਬ ਦੀ ਹਾਲਤ ਵਿੱਚ ਹੋਵੇ ਤਾਂ ਖੁਦ ਜਨਤਾ ਦੀ ਕਾਰਵਾਈ ਦੇ ਮੁਕਾਬਲੇ ਉੱਤੇ ਪਾਰਲੀਮਾਨੀ ਕਾਰਵਾਈ ਦੀ ਮਹੱਤਤਾ ਹੌਲ਼ੀ ਹੌਲ਼ੀ ਖ਼ਤਮ ਹੋ ਜਾਂਦੀ ਹੈ। ਇਹਨਾਂ ਪ੍ਰਸਥਿਤੀਆਂ ਵਿੱਚ ਜਦੋਂ ਪਾਰਲੀਮੈਂਟ ਉਲਟ-ਇਨਕਲਾਬ ਦਾ ਕੇਂਦਰ ਅਤੇ ਸਾਧਨ ਬਣ ਜਾਂਦੀ ਹੈ ਅਤੇ ਦੂਜੇ ਹੱਥ, ਕਿਰਤੀ ਸ਼੍ਰੇਣੀ ਸੋਵੀਅਤਾਂ ਦੇ ਰੂਪ ਵਿੱਚ ਆਪਣੀ ਸੱਤ੍ਹਾ ਦੇ ਔਜ਼ਾਰ ਸਿਰਜਦੀ ਹੈ ਤਾਂ ਪਾਰਲੀਮਾਨੀ ਕਾਰਵਾਈ ਵਿੱਚ ਸ਼ਮੂਲੀ ਤੋਂ ਅਤੇ ਹਰ ਤਰ੍ਹਾਂ ਦੀ ਕਾਰਵਾਈ ਤੋਂ ਦੂਰ ਰਹਿਣਾ ਲਾਜ਼ਮੀ ਬਣ ਜਾਂਦਾ ਹੈ।"

ਪਹਿਲਾ ਵਾਕ ਸਪੱਸ਼ਟ ਤੌਰ 'ਤੇ ਗ਼ਲਤ ਹੈ ਕਿਉਂਕਿ ਜਨਤਾ ਵੱਲੋਂ ਕਾਰਵਾਈ, ਮਿਸਾਲ ਵਜੋਂ ਇੱਕ ਵੱਡੀ ਹੜਤਾਲ, ਨਾ ਕੇਵਲ ਇਨਕਲਾਬ ਦੇ ਦੌਰਾਨ ਜਾਂ ਇਨਕਲਾਬੀ ਪ੍ਰਸਥਿਤੀ ਵਿੱਚ ਹੀ ਸਗੋਂ **ਹਰ ਸਮੇਂ** ਪਾਰਲੀਮਾਨੀ ਸਰਗਰਮੀਂ ਨਾਲ਼ੋਂ ਵਧੇਰੇ ਮਹੱਤਵਪੂਰਨ ਹੈ। ਇਹ ਉੱਕਾ ਹੀ ਥੋਥੀ ਅਤੇ ਇਤਿਹਾਸਕ ਅਤੇ ਰਾਜਸੀ ਪੱਖੋਂ ਗ਼ਲਤ ਦਲੀਲ ਕੇਵਲ ਇਹ ਗੱਲ ਬੜੀ ਸਪੱਸ਼ਟਤਾ ਨਾਲ਼ ਦਰਸਾਉਂਦੀ ਹੈ ਕਿ ਲੇਖਕ ਘੋਲ਼ ਦੇ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਢੰਗਾਂ ਨੂੰ **ਮਿਲ਼ਾਉਣ** ਦੀ ਮਹੱਤਤਾ ਸਬੰਧੀ ਆਮ ਯੂਰਪੀ ਅਨੁਭਵ (1848 ਅਤੇ 1870 ਦੇ ਫ਼ਰਾਂਸੀਸੀ ਇਨਕਲਾਬਾਂ ਤੋਂ ਪਹਿਲਾਂ ਦਾ ਅਨੁਭਵ ਅਤੇ 1878-90 ਦਾ ਜਰਮਨ ਅਨੁਭਵ, ਆਦਿ) ਦੀ ਮਹੱਤਤਾ ਨੂੰ ਵੀ ਅਤੇ ਰੂਸੀ ਅਨੁਭਵ (ਉੱਪਰ ਵੇਖੋ) ਦੀ ਮਹੱਤਤਾ ਨੂੰ

ਵੀ ਅੱਖੋਂ ਪ੍ਰੋਖਾ ਕਰਦੇ ਹਨ। ਇਹ ਸਵਾਲ ਆਮ ਤੌਰ 'ਤੇ ਅਤੇ ਖ਼ਾਸ ਤੌਰ 'ਤੇ ਵੀ ਬਹੁਤ ਵਧੇਰੇ ਮਹੱਤਵ ਰੱਖਦਾ ਹੈ ਕਿਉਂਕਿ **ਸਭਨਾਂ** ਸਭਿਅ ਅਤੇ ਉੱਨਤ ਦੇਸ਼ਾਂ ਵਿੱਚ ਉਹ ਸਮਾਂ ਬੜੀ ਤੇਜ਼ੀ ਨਾਲ਼ ਆ ਰਿਹਾ ਹੈ ਜਦੋਂ ਅਜਿਹਾ ਮੇਲ ਇਨਕਲਾਬੀ ਪ੍ਰੋਲਤਾਰੀ ਦੀ ਪਾਰਟੀ ਲਈ ਸਦਾ ਵਧੇਰੇ ਲਾਜ਼ਮੀ ਹੁੰਦਾ ਜਾਵੇਗਾ — ਅਤੇ ਕੁਝ ਹੱਦ ਤੱਕ ਹੋ ਵੀ ਗਿਆ ਹੈ — ਕਿਉਂਕਿ ਪ੍ਰੋਲਤਾਰੀ ਅਤੇ ਬੁਰਜੂਆਜ਼ੀ ਵਿਚਕਾਰ ਖ਼ਾਨਾ-ਜੰਗੀ ਦੀ ਪ੍ਰਸਥਿਤੀ ਪੱਕਦੀ ਜਾ ਰਹੀ ਹੈ ਅਤੇ ਇਹ ਜੰਗ ਸ਼ੁਰੂ ਹੋਣ ਦਾ ਸਮਾਂ ਨੇੜੇ ਆ ਗਿਆ ਹੈ, ਕਿਉਂਕਿ ਜਮਹੂਰੀ ਹਕੂਮਤਾਂ ਅਤੇ ਆਮ ਤੌਰ 'ਤੇ ਬੁਰਜੂਆ ਹਕੂਮਤਾਂ ਕਮਿਊਨਿਸਟਾਂ ਉੱਤੇ ਵਹਿਸ਼ੀ ਜ਼ਬਰ ਕਰਦੀਆਂ ਹਨ ਅਤੇ ਕਾਨੂੰਨ ਨੂੰ ਹਰ ਤਰ੍ਹਾਂ ਤੋੜਦੀਆਂ ਹਨ (ਅਮਰੀਕਾ ਦੀ ਮਿਸਾਲ ਬਹੁਤ ਸਿੱਖਿਆਦਾਇਕ ਹੈ), ਆਦਿ। ਡੱਚ ਅਤੇ ਆਮ ਤੌਰ 'ਤੇ ਖੱਬੇ-ਪੱਖੀ ਬਹੁਤ ਮਹੱਤਵਪੂਰਨ ਸਵਾਲ ਨੂੰ ਸਮਝਣੋਂ ਅਸਮਰੱਥ ਰਹੇ ਹਨ।

ਜਿੱਥੋਂ ਤੱਕ ਦੂਜੇ ਵਾਕ ਦਾ ਸਬੰਧ ਹੈ, ਪਹਿਲੀ ਗੱਲ ਤਾਂ ਇਹ ਕਿ ਇਹ ਇਤਿਹਾਸਕ ਪੱਖ ਤੋਂ ਗ਼ਲਤ ਹੈ। ਅਸਾਂ ਬਾਲਸ਼ਵਿਕਾਂ ਨੇ ਅਤਿ-ਪਿੱਛੇ-ਖਿੱਚੂ ਪਾਰਲੀਮੈਂਟਾਂ ਵਿੱਚ ਹਿੱਸਾ ਲਿਆ ਅਤੇ ਅਨੁਭਵ ਨੇ ਵਿਖਾ ਦਿੱਤਾ ਹੈ ਕਿ ਇਹ ਸ਼ਮੂਲੀ ਪਹਿਲੇ ਬੁਰਜੂਆ ਇਨਕਲਾਬ (1905) ਤੋਂ ਪਿੱਛੋਂ ਦੂਜੇ ਬੁਰਜੂਆ ਇਨਕਲਾਬ (ਫਰਵਰੀ 1917) ਅਤੇ ਫੇਰ ਸੋਸ਼ਲਿਸਟ ਇਨਕਲਾਬ (ਅਕਤੂਬਰ 1917) ਲਈ ਰਾਹ ਸਵਾਹਰਾ ਕਰਨ ਲਈ, ਇਨਕਲਾਬੀ ਪ੍ਰੋਲਤਾਰੀ ਦੀ ਪਾਰਟੀ ਲਈ ਲਾਭਦਾਇਕ ਹੀ ਨਹੀਂ ਸਗੋਂ ਲਾਜ਼ਮੀ ਵੀ ਸੀ। ਦੂਜੇ ਇਹ ਵਾਕ ਹੈਰਾਨ ਕਰਨ ਦੀ ਹੱਦ ਤੱਕ ਤਰਕ-ਹੀਣ ਹੈ। ਜੇ ਕੋਈ ਪਾਰਲੀਮੈਂਟ ਉਲਟ-ਇਨਕਲਾਬ ਦਾ ਇੱਕ ਸਾਧਨ ਅਤੇ ਇੱਕ "ਕੇਂਦਰ" ਬਣ ਜਾਂਦੀ ਹੈ (ਅਸਲੀਅਤ ਤਾਂ ਇਹ ਹੈ ਕਿ ਇਹ ਕਦੇ "ਕੇਂਦਰ" ਨਹੀਂ ਬਣ ਸਕਦੀ, ਪਰ ਇਸ ਗੱਲ ਨੂੰ ਰਹਿਣ ਦਿਓ) ਜਦੋਂ ਕਿ ਕਿਰਤੀ ਸੋਵੀਅਤਾਂ ਦੇ ਰੂਪ ਵਿੱਚ ਆਪਣੀ ਸੱਤ੍ਹਾ ਦਾ ਔਜ਼ਾਰ ਸਿਰਜ ਰਹੇ ਹਨ ਜਾਂ ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਕਿਰਤੀਆਂ ਨੂੰ — ਵਿਚਾਰਧਾਰਕ, ਰਾਜਸੀ ਅਤੇ ਤਕਨੀਕੀ ਤੌਰ 'ਤੇ — ਪਾਰਲੀਮੈਂਟ ਵਿਰੁੱਧ ਸੋਵੀਅਤਾਂ ਦੇ ਘੋਲ਼ ਲਈ, ਸੋਵੀਅਤਾਂ ਹੱਥੋਂ ਪਾਰਲੀਮੈਂਟ ਦੇ ਖਿੰਡਾਏ ਜਾਣ ਲਈ ਤਿਆਰੀ ਕਰਨੀ ਚਾਹੀਦੀ ਹੈ। ਪਰ ਇਸ ਤੋਂ ਇਹ ਸਿੱਟਾ ਨਹੀਂ ਨਿਕਲ਼ਦਾ ਕਿ ਉਲਟ-ਇਨਕਲਾਬੀ ਪਾਰਲੀਮੈਂਟ ਦੇ **ਅੰਦਰ** ਸੋਵੀਅਤ ਵਿਰੋਧੀ-ਦਲ ਦੀ ਮੌਜੂਦਗੀ ਨਾਲ਼ ਪਾਰਲੀਮੈਂਟ ਦੇ ਤੋੜਨ ਵਿੱਚ ਰੋਕ ਪੈਂਦੀ ਹੈ ਜਾਂ ਇਸ ਵਿੱਚ ਸਹਾਇਤਾ ਨਹੀਂ ਮਿਲ਼ਦੀ। ਦੇਨੀਕਿਨ ਅਤੇ ਕੋਲਚਾਕ ਵਿਰੁੱਧ ਸਾਡੇ ਜੇਤੂ ਘੋਲ਼ ਦੇ ਦੌਰਾਨ ਅਸਾਂ ਕਦੇ ਇਹ ਅਨੁਭਵ ਨਹੀਂ ਕੀਤਾ ਕਿ ਉਹਨਾਂ ਦੀ ਧਿਰ ਅੰਦਰ ਸੋਵੀਅਤ ਅਤੇ ਪ੍ਰੋਲਤਾਰੀ ਵਿਰੋਧੀ-ਦਲ ਦੀ ਮੌਜੂਦਗੀ ਸਾਡੀ ਜਿੱਤਾਂ ਲਈ ਕੋਈ ਮਹਤੱਤਾ ਨਹੀਂ ਸੀ ਰੱਖਦੀ। ਸਾਨੂੰ ਚੰਗੀ ਤਰ੍ਹਾਂ ਪਤਾ ਹੈ ਕਿ 5 ਫਰਵਰੀ 1918 ਨੂੰ ਵਿਧਾਨ-ਘੜ੍ਹਨੀ ਸਭਾ ਦੇ ਤੋੜੇ ਜਾਣ ਵਿੱਚ ਇਸ ਗੱਲ ਨਾਲ਼ ਅੜਚਨ ਪੈਣਾ ਤਾਂ ਇੱਕ ਪਾਸੇ ਰਿਹਾ ਸਗੋਂ ਚੋਖੀ ਸਹਾਇਤਾ ਮਿਲ਼ੀ ਕਿ ਤੋੜੀ ਜਾਣ ਵਾਲ਼ੀ ਵਿਧਾਨ ਘੜ੍ਹਨੀ ਸਭਾ ਵਿੱਚ ਇੱਕ ਦ੍ਰਿੜ ਬਾਲਸ਼ਵਿਕ ਵਿਰੋਧੀ-ਦਲ ਅਤੇ ਇੱਕ ਆਪਾ-ਵਿਰੋਧੀ ਖੱਬੂ ਸੋਸ਼ਲਿਸਟ ਇਨਕਲਾਬੀ ਵਿਰੋਧੀ-ਦਲ ਸੀ। ਇਹਨਾਂ ਥੀਸਸਾਂ ਦੇ ਲੇਖਕਾਂ ਦੀ ਸੋਚ ਉਲਝੀ ਹੋਈ ਹੈ,

ਉਹ ਜੇ ਸਭਨਾਂ ਇਨਕਲਾਬਾਂ ਦਾ ਨਹੀਂ ਤਾਂ ਬਹੁਤ ਸਾਰੇ ਇਨਕਲਾਬਾਂ ਦਾ ਅਨੁਭਵ ਭੁੱਲ ਗਏ ਹਨ, ਜਿਹੜਾ ਦੱਸਦਾ ਹੈ ਕਿ ਇਨਕਲਾਬ ਦੇ ਦੌਰਾਨ ਇੱਕ ਪਿੱਛੇ-ਖਿੱਚੂ ਪਾਰਲੀਮੈਂਟ ਤੋਂ ਬਾਹਰ ਜਨਤਕ ਅਮਲ ਅਤੇ ਇਹਦੇ ਅੰਦਰ ਇਨਕਲਾਬ ਨਾਲ਼ ਹਮਦਰਦੀ ਰੱਖਣ ਵਾਲ਼ੇ (ਜਾਂ ਇਸ ਤੋਂ ਚੰਗੇਰਾ ਇਹਦੀ ਸਿੱਧੀ ਹਮਾਇਤ ਕਰਨ ਵਾਲ਼ੇ) ਵਿਰੋਧੀ-ਦਲ ਦੀ ਮੌਜੂਦਗੀ ਨਾਲ਼ **ਮੇਲ** ਅਤਿ ਲਾਭਦਾਇਕ ਹੁੰਦਾ ਹੈ। ਡੱਚ ਅਤੇ ਆਮ ਤੌਰ 'ਤੇ "ਖੱਬੇ-ਪੱਖੀ" ਇਸ ਸੰਬੰਧ ਵਿੱਚ ਉਹਨਾਂ ਮਸਲੇਬਾਜ਼ ਇਨਕਲਾਬੀਆਂ ਵਾਂਗ ਦਲੀਲਾਂ ਦੇਂਦੇ ਹਨ ਜਿੰਨ੍ਹਾਂ ਕਦੇ ਕਿਸੇ ਅਸਲੀ ਇਨਕਲਾਬ ਵਿੱਚ ਹਿੱਸਾ ਨਹੀਂ ਲਿਆ, ਜਿੰਨ੍ਹਾਂ ਕਦੇ ਇਨਕਲਾਬਾਂ ਦੇ ਇਤਿਹਾਸ ਨੂੰ ਨਹੀਂ ਵਿਚਾਰਿਆ ਜਾਂ ਜਿੰਨ੍ਹਾਂ ਸਿੱਧੜ ਢੰਗ ਕਿਸੇ ਪਿੱਛੇ-ਖਿੱਚੂ ਸੰਸਥਾ ਦੇ ਅੰਤਰ-ਮੁੱਖੀ ਤੌਰ 'ਤੇ "ਰੱਦ ਕੀਤੇ ਜਾਣ" ਨੂੰ ਅਨੇਕ ਬਾਹਰਮੁਖੀ ਅੰਸ਼ਾਂ ਦੇ ਅਮਲ ਰਾਹੀਂ ਇਹਦੀ ਸੱਚ ਮੁੱਚ ਤਬਾਹੀ ਸਮਝ ਲਿਆ। ਕਿਸੇ ਨਵੇਂ ਰਾਜਸੀ (ਅਤੇ ਕੇਵਲ ਰਾਜਸੀ ਹੀ ਨਹੀਂ) ਵਿਚਾਰ ਨੂੰ ਬਦੂ ਕਰਨ ਅਤੇ ਨੁਕਸਾਨ ਪੁਚਾਉਣ ਦਾ ਸਭ ਤੋਂ ਚੰਗਾ ਢੰਗ ਇਹ ਹੈ ਕਿ ਉਹਦੀ ਹਮਾਇਤ ਕਰਨ ਦੇ ਨਾਂ ਉੱਤੇ ਉਹਨੂੰ ਮੂਰਖਤਾ ਦੀ ਹੱਦ ਤੱਕ ਪੁਚਾ ਦਿੱਤਾ ਜਾਵੇ। ਕਿਉਂਕਿ (ਜਿਹਾ ਕਿ ਵੱਡੇ ਡੀਏਟਜ਼ਗੇਨ ਨੇ ਕਿਹਾ ਹੈ) ਜੇ ਕਿਸੇ ਸੱਚਾਈ ਨੂੰ ਹੱਦੋਂ ਵੱਧ ਵੰਡਿਆ ਦਿੱਤਾ ਜਾਵੇ ਜਾਂ ਇਹਨੂੰ ਅਸਲੀ ਕਾਰਗਰਤਾ ਦੀ ਹੱਦਾਂ ਤੋਂ ਬਾਹਰ ਲੈ ਜਾਇਆ ਜਾਵੇ ਤਾਂ ਇਹਨੂੰ ਮੂਰਖ਼ਤਾ ਵਿੱਚ ਬਦਲਿਆ ਜਾ ਸਕਦਾ ਹੈ ਅਤੇ ਇੱਥੋਂ ਤੱਕ ਕਿ ਉਹ ਇਹਨਾਂ ਪ੍ਰਸਥਿਤੀਆਂ ਵਿੱਚ ਮੂਰਖਤਾ ਬਣ ਹੀ ਜਾਂਦੀ ਹੈ। ਹਕੂਮਤ ਦਾ ਸੋਵੀਅਤ ਰੂਪ ਬੁਰਜੂਆ-ਜਮਹੂਰੀ ਪਾਰਲੀਮੈਂਟਾਂ ਤੋਂ ਚੰਗੇਰਾ ਹੈ— ਇਸ ਨਵੇਂ ਸੱਚ ਦੀ ਡੱਚ ਅਤੇ ਜਰਮਨ ਖੱਬੇ-ਪੱਖੀ ਇਸੇ ਤਰ੍ਹਾਂ ਕੁਸੇਵਾ ਕਰ ਰਹੇ ਹਨ। ਨਿਸ਼ਚੇ ਹੀ, ਜਿਹੜਾ ਕੋਈ ਇਸ ਪੁਰਾਣੇ ਵਿਚਾਰ ਦੀ ਹਮਾਇਤ ਕਰਦਾ ਹੈ ਜਾਂ ਆਮ ਤੌਰ 'ਤੇ ਇਹ ਸੋਚਦਾ ਹੈ ਕਿ ਕਿਸੇ ਵੀ ਹਾਲਤ ਵਿੱਚ ਬੁਰਜੂਆ ਪਾਰਲੀਮੈਂਟਾਂ ਵਿੱਚ ਹਿੱਸਾ ਲੈਣ ਤੋਂ ਇਨਕਾਰ ਕਰਨਾ ਮੁਨਾਸਬ ਨਹੀਂ ਉਹ ਗ਼ਲਤੀ ਕਰਦਾ ਹੈ। ਇੱਥੇ ਮੈਂ ਉਹ ਪ੍ਰਸਥਿਤੀਆਂ ਨਹੀਂ ਦੱਸ ਸਕਦਾ ਜਿੰਨ੍ਹਾਂ ਅਧੀਨ ਬਾਈਕਾਟ ਲਾਹੇਵੰਦਾ ਹੋ ਸਕਦਾ ਹੈ ਕਿਉਂਕਿ ਇਸ ਪੈਂਫ਼ਲਟ ਦਾ ਮੰਤਵ ਕਿਤੇ ਨਿਰਮਾਣ ਹੈ, ਅਰਥਾਤ ਕੌਮਾਂਤਰੀ ਕਮਿਊਨਿਸਟ ਦਾਅ-ਪੇਚਾਂ ਦੇ ਕੁਝ ਫ਼ੌਰੀ ਸਵਾਲਾਂ ਦੇ ਸਬੰਧ ਵਿੱਚ ਰੂਸੀ ਅਨੁਭਵ ਦਾ ਅਧਿਅਨ ਕਰਨਾ। ਰੂਸੀ ਅਨੁਭਵ ਨੇ ਸਾਨੂੰ ਬਾਲਸ਼ਵਿਕਾਂ ਵੱਲੋਂ ਬਾਈਕਾਟ ਦੀ ਵਰਤੋਂ ਇੱਕ ਸਫ਼ਲ ਅਤੇ ਠੀਕ ਮਿਸਾਲ (1905) ਅਤੇ ਇੱਕ ਹੋਰ ਅਸਫ਼ਲ ਮਿਸਾਲ (1906) ਦਿੱਤੀ ਹੈ। ਪਹਿਲੀ ਮਿਸਾਲ ਦਾ ਵਿਸ਼ਲੇਸ਼ਣ ਕਰਦੇ ਹੋਏ ਅਸੀਂ ਵੇਖਦੇ ਹਾਂ ਕਿ ਇੱਕ ਅਜਿਹੀ ਪ੍ਰਸਥਿਤੀ ਵਿੱਚ ਜਦੋਂ ਆਮ ਜਨਤਾ ਦੀਆਂ ਗ਼ੈਰ-ਪਾਰਲੀਮਾਨੀ ਕਾਰਵਾਈਆਂ (ਖ਼ਾਸ ਤੌਰ 'ਤੇ ਹੜਤਾਲਾਂ ) ਬੜੀ ਤੇਜ਼ੀ ਨਾਲ਼ ਵਿਕਸਤ ਹੋ ਰਹੀਆਂ ਸਨ, ਜਦੋਂ ਪ੍ਰੋਲਤਾਰੀ ਅਤੇ ਕਿਸਾਨੀ ਦਾ ਕੋਈ ਇੱਕ ਵੀ ਹਿੱਸਾ ਕਿਸੇ ਵੀ ਤਰ੍ਹਾਂ ਪਿੱਛੇ-ਖਿੱਚੂ ਹਕੂਮਤ ਦੀ ਹਮਾਇਤ ਨਹੀਂ ਸੀ ਕਰ ਸਕਦਾ, ਜਦੋਂ ਹੜਤਾਲਾਂ ਰਾਹੀਂ ਘੋਲ਼ ਅਤੇ ਕਿਸਾਨ ਲਹਿਰ ਰਾਹੀਂ ਪੱਛੜੀ ਜਨਤਾ ਉੱਤੇ ਇਨਕਲਾਬੀ ਪ੍ਰੋਲਤਾਰੀ ਦਾ ਅਸਰ ਵੱਧਦਾ ਜਾ ਰਿਹਾ ਸੀ, ਅਸੀਂ ਇੱਕ ਪਿੱਛੇ-ਖਿੱਚੂ ਹਕੂਮਤ ਨੂੰ ਇੱਕ ਪਿੱਛੇ-ਖਿੱਚੂ ਪਾਰਲੀਮੈਂਟ **ਸੱਦਣੋਂ ਰੋਕ ਸਕੇ**। ਇਹ ਐਨ ਸਪੱਸ਼ਟ ਹੈ ਕਿ **ਇਹ** ਅਨੁਭਵ ਅਜੋਕੀਆਂ ਯੂਰਪੀ

ਪ੍ਰਸਥਿਤੀਆਂ ਉੱਤੇ ਲਾਗੂ ਨਹੀਂ ਹੁੰਦਾ। ਇਸੇ ਤਰ੍ਹਾਂ ਇਹ ਵੀ ਸਪੱਸ਼ਟ ਹੈ — ਅਤੇ ਉੱਪਰ ਦਿੱਤੀਆਂ ਦਲੀਲਾਂ ਇਸਨੂੰ ਸਾਬਤ ਕਰਦੀਆਂ ਹਨ — ਕਿ ਡੱਚ ਅਤੇ ਹੋਰ "ਖੱਬੇ-ਪੱਖੀਆਂ" ਵੱਲੋਂ ਪਾਰਲੀਮੈਂਟਾਂ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਦੀ ਹਮਾਇਤ — ਭਾਵੇਂ ਇਹ ਕੁਝ ਸ਼ਰਤਾਂ ਨਾਲ਼ ਕੀਤੀ ਗਈ ਹੈ — ਬੁਨਿਆਦੀ ਤੌਰ 'ਤੇ ਗ਼ਲਤ ਅਤੇ ਇਨਕਲਾਬੀ ਪ੍ਰੋਲਤਾਰੀ ਦੇ ਆਸ਼ੇ ਲਈ ਹਾਨੀਕਾਰਕ ਹੈ।

ਪੱਛਮੀ ਯੂਰਪ ਅਤੇ ਅਮਰੀਕਾ ਵਿੱਚ ਕਿਰਤੀ ਸ਼੍ਰੇਣੀ ਦੇ ਇਨਕਲਾਬੀ ਹਰਾਵਲ ਦਸਤੇ ਲਈ ਪਾਰਲੀਮੈਂਟ ਵਿਸ਼ੇਸ਼ ਤੌਰ 'ਤੇ ਘ੍ਰਿਣਤ ਚੀਜ਼ ਬਣ ਗਈ ਹੈ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਹ ਸੌਖੇ ਹੀ ਸਮਝੀ ਜਾ ਸਕਦੀ ਹੈ ਕਿਉਂਕਿ ਪਾਰਲੀਮੈਂਟਾਂ ਦੇ ਸੋਸ਼ਲਿਸਟ ਅਤੇ ਸੋਸ਼ਲ-ਡੈਮੋਕਰੈਟ ਮੈਂਬਰਾਂ ਦੀ ਵੱਡੀ ਬਹੁ-ਗਿਣਤੀ ਨੇ ਯੁੱਧ ਦੇ ਦੌਰਾਨ ਅਤੇ ਯੁੱਧ ਤੋਂ ਪਿੱਛੋਂ ਜਿਹੜਾ ਵਤੀਰਾ ਅਖ਼ਤਿਆਰ ਕੀਤਾ ਉਸ ਤੋਂ ਵੱਧ ਨੀਚ, ਘ੍ਰਿਣਤ ਅਤੇ ਵਿਸਾਹ-ਘਾਤਕ ਵਤੀਰੇ ਦਾ ਖਿਆਲ ਵੀ ਨਹੀਂ ਕੀਤਾ ਜਾ ਸਕਦਾ। ਪਰ ਇੱਕ ਗੱਲ ਉੱਤੇ ਵਿਚਾਰ ਕਰਦੇ ਹੋਏ ਕਿ ਇਸ ਆਮ ਤੌਰ 'ਤੇ ਜਾਣੀ ਪਛਾਣੀ ਬੁਰਾਈ ਦਾ ਮੁਕਾਬਲਾ **ਕਿਵੇਂ** ਕੀਤਾ ਜਾਵੇ, ਇਸ ਰੌਂ ਦੇ ਵੱਸ ਪੈ ਜਾਣਾ ਕੇਵਲ ਗ਼ਲਤ ਹੀ ਨਹੀਂ ਹੋਵੇਗਾ ਸਗੋਂ ਸੱਚਮੁੱਚ ਮੁਜਰਮਾਨਾ ਹਰਕਤ ਹੋਵੇਗੀ। ਅਸੀ ਕਹਿ ਸਕਦੇ ਹਾਂ ਕਿ ਪੱਛਮੀ ਯੂਰਪ ਦੇ ਅਨੇਕਾਂ ਦੇਸ਼ਾਂ ਵਿੱਚ ਇਨਕਲਾਬੀ ਰੌਂ ਅੱਜ ਕੱਲ੍ਹ ਇੱਕ "ਅਣੋਖ", ਇੱਕ "ਅਜੂਬੇ" ਦੇ ਰੂਪ ਵਿੱਚ ਸਾਹਮਣੇ ਆਇਆ ਹੈ ਜਿਸਦੀ ਲੋਕ ਬਹੁਤ ਲੰਮੇ ਸਮੇਂ ਤੱਕ ਵਿਅਰਥ ਅਤੇ ਬੇਸਬਰੀ ਨਾਲ਼ ਉਡੀਕ ਕਰਦੇ ਰਹੇ ਹਨ ਅਤੇ ਸ਼ੈਦ ਇਸੇ ਲਈ ਲੋਕ ਏਨੇ ਸੌਖ ਨਾਲ਼ ਇਸ ਰੌਂ ਦੇ ਵੱਸ ਪੈ ਜਾਂਦੇ ਹਨ। ਨਿਸ਼ਚੇ ਹੀ, ਜਨਤਾ ਵਿੱਚ ਇਨਕਲਾਬੀ ਰੌਂ ਤੋਂ ਬਿਨਾਂ ਅਤੇ ਇਸ ਰੌਂ ਦਾ ਵਾਧਾ ਸੌਖਾ ਬਣਾਉਣ ਵਾਲ਼ੀਆਂ ਪ੍ਰਸਥਿਤੀਆਂ ਤੋਂ ਬਿਨਾਂ, ਇਨਕਲਾਬੀ ਦਾਅਪੇਚ ਵਿਕਸਤ ਹੋ ਕੇ ਅਮਲ ਨਹੀਂ ਬਣ ਸਕਦੇ, ਪਰ ਰੂਸ ਵਿੱਚ ਲੰਮੇ, ਦੁੱਖਦਾਈ ਅਤੇ ਖ਼ੂਨੀ ਅਨੁਭਵ ਨੇ ਸਾਨੂੰ ਇਹ ਸਬਕ ਦਿੱਤਾ ਹੈ ਕਿ ਕੇਵਲ ਇਨਕਲਾਬੀ ਰੌਂ ਦੇ ਅਧਾਰ ਉੱਤੇ ਇਨਕਲਾਬੀ ਦਾਅ-ਪੇਚ ਉਸਾਰੇ ਜਾ ਸਕਦੇ । ਦਾਅ-ਪੇਚਾਂ ਦਾ ਅਧਾਰ ਕਿਸੇ ਵਿਸ਼ੇਸ਼ ਰਿਆਸਤ (ਅਤੇ ਉਹਦੇ ਆਲ਼ੇ-ਦੁਆਲ਼ੇ ਦੀਆਂ ਰਿਆਸਤਾਂ ਅਤੇ ਸੰਸਾਰ ਭਰ ਦੀਆਂ ਰਿਆਸਤਾਂ) ਦੀਆਂ **ਸਭਨਾਂ** ਸ਼੍ਰੇਣੀ ਸ਼ਕਤੀਆਂ ਦੇ ਅਤੇ ਇਨਕਲਾਬੀ ਲਹਿਰਾਂ ਦੇ ਅਨੁਭਵ ਦਾ ਹੋਸ਼ਮੰਦ ਅਤੇ ਸਖ਼ਤੀ ਨਾਲ਼ ਬਾਹਰਮੁਖੀ ਮੁਲੰਗਣ ਹੋਣਾ ਚਾਹੀਦਾ ਹੈ। ਪਾਰਲੀਮਾਨੀ ਮੌਕਾ-ਪ੍ਰਸਤੀ ਨੂੰ ਕੇਵਲ ਗਾਲ੍ਹਾਂ ਕੱਢ ਕੇ ਜਾਂ ਕੇਵਲ ਪਾਰਲੀਮੈਂਟਾਂ ਵਿੱਚ ਸ਼ਮੂਲੀ ਨੂੰ ਰੱਦ ਕਰਕੇ ਆਪਣਾ "ਇਨਕਲਾਬੀਪੁਣਾ" ਪ੍ਰਗਟ ਕਰਨਾ ਬਹੁਤ ਸੌਖਾ ਹੈ ਅਤੇ ਕਿਉਂਕਿ ਇਹ ਬਹੁਤ ਸੌਖਾ ਹੈ ਇਸੇ ਲਈ ਇਹ ਇੱਕ ਔਖੇ, ਅਤਿ ਔਖੇ ਮਸਲੇ ਦਾ ਹੱਲ ਨਹੀਂ ਬਣ ਸਕਦਾ। ਕਿਸੇ ਯੂਰਪੀ ਪਾਰਲੀਮੈਂਟ ਵਿੱਚ ਇੱਕ ਸੱਚਾ ਇਨਕਲਾਬੀ ਪਾਰਲੀਮਾਨੀ ਦਲ ਕਾਇਮ ਕਰਨਾ ਰੂਸ ਨਾਲ਼ੋਂ ਕਿਤੇ ਔਖਾ ਕੰਮ ਹੈ। ਇਹ ਗੱਲ ਠੀਕ ਹੈ। ਪਰ ਉਹ ਇਸ ਆਮ ਸੱਚਾਈ ਦਾ ਇੱਕ ਵਿਸ਼ੇਸ਼ ਪ੍ਰਗਟਾਅ ਹੈ ਕਿ 1917 ਦੀ ਵਿਸ਼ੇਸ਼ ਅਤੇ ਇਤਿਹਾਸਕ ਪੱਖੋਂ ਵਿਕੋਲਤ੍ਰੀ ਪ੍ਰਸਥਿਤੀ ਵਿੱਚ ਰੂਸ ਲਈ ਸੋਸ਼ਲਿਸਟ ਇਨਕਲਾਬ **ਸ਼ੁਰੂ ਕਰਨਾ** ਸੌਖਾ ਸੀ ਪਰ ਇਹ ਇਨਕਲਾਬ **ਜਾਰੀ ਰੱਖਣਾ** ਅਤੇ ਇਹਨੂੰ ਪੂਰਨਤਾ ਤੱਕ

ਪੁਚਾਉਣਾ ਰੂਸ ਲਈ ਯੂਰਪੀ ਦੇਸ਼ਾਂ ਨਾਲ਼ੋਂ ਔਖਾ ਹੈ। 1918 ਦੇ ਸ਼ੁਰੂ ਵਿੱਚ ਹੀ ਮੈਂ ਇਸ ਗੱਲ ਵੱਲ ਇਸ਼ਾਰਾ ਕੀਤਾ ਸੀ ਅਤੇ ਹੁਣ ਸਾਡੇ ਦੋ ਵਰ੍ਹਿਆਂ ਦੇ ਅਨੁਭਵ ਨੇ ਇਸ ਵਿਚਾਰ ਦੀ ਸ਼ੁੱਧਤਾ ਪੂਰੀ ਤਰ੍ਹਾਂ ਸਿੱਧ ਕਰ ਦਿੱਤੀ ਹੈ। ਕੁਝ ਵਿਸ਼ੇਸ਼ ਪ੍ਰਸਥਿਤੀਆਂ, ਅਰਥਾਤ (1) ਸੋਵੀਅਤ ਇਨਕਲਾਬ ਨੂੰ ਇਸ ਇਨਕਲਾਬ ਦੇ ਸਿੱਟੇ ਵਜੋਂ ਉਸ ਸਾਮਰਾਜੀ ਯੁੱਧ ਦੇ ਅੰਤ ਨਾਲ਼ ਜੋੜਨਾ ਜਿਸਨੇ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਅਣਮੰਨਵੀਂ ਹੱਦ ਤੱਕ ਨਪੀੜ ਕੇ ਰੱਖ ਦਿੱਤਾ ਸੀ (2) ਸੰਸਾਰ ਦੇ ਸਾਮਰਾਜੀ ਡਾਕੂਆਂ ਦੀਆਂ ਦੋ ਟੋਲੀਆਂ ਵਿਚਕਾਰ, ਜਿਹੜੀਆਂ ਆਪਣੇ ਸੋਵੀਅਤ ਵੈਰੀ ਵਿਰੁੱਧ ਇੱਕਠੀਆਂ ਨਾ ਹੋ ਸਕੀਆਂ, ਸਦਾਚਾਰਕ ਟੱਕਰ ਦਾ ਅਸਥਾਈ ਲਾਭ ਉਠਾਉਣ ਦੀ ਸੰਭਾਵਨਾ; (3) ਇਕ ਮੁਕਾਬਲਤਨ ਲੰਮੀ ਖ਼ਾਨਾ-ਜੰਗੀ ਸਹਾਰ ਸਕਣ ਦੀ ਸੰਭਾਵਨਾ, ਜਿਸਦਾ ਕਾਰਨ ਕੁਝ ਹੱਦ ਤੱਕ ਦੇਸ਼ ਦਾ ਵਿਸ਼ਾਲ ਆਕਾਰ ਅਤੇ ਆਵਾ-ਜਾਈ ਦੇ ਸਾਧਨਾਂ ਦਾ ਘੱਟ-ਵਿਕਸਤ ਹੋਣਾ ਸੀ (4) ਕਿਸਾਨੀ ਅੰਦਰ ਏਨੀ ਡੂੰਘੀ ਬੁਰਜੂਆ-ਜਮਹੂਰੀ ਇਨਕਲਾਬੀ ਲਹਿਰ ਦਾ ਹੋਣਾ ਕਿ ਪ੍ਰੋਲਤਾਰੀ ਦੀ ਪਾਰਟੀ ਕਿਸਾਨੀ ਦੀ ਪਾਰਟੀ (ਸੋਸ਼ਲਿਸਟ-ਇਨਕਲਾਬੀ ਪਾਰਟੀ ਜਿਸ ਦੇ ਮੈਂਬਰਾਂ ਦੀ ਬਹੁ-ਗਿਣਤੀ ਨਿਸ਼ਚੇ ਹੀ ਬਾਲਸ਼ਵਿਕਾਂ ਦੀ ਵਿਰੋਧੀ ਸੀ) ਦੀਆਂ ਮੰਗਾਂ ਨੂੰ ਅਪਣਾ ਸਕੀ ਅਤੇ ਪ੍ਰੋਲਤਾਰੀ[38] ਦੇ ਰਾਜਸੀ ਸੱਤ੍ਹਾ ਜਿੱਤ ਲੈਣ ਕਾਰਨ ਉਹਨਾਂ ਨੂੰ ਫ਼ੌਰਨ ਪੂਰਾ ਕਰ ਸਕੀ — ਇਹ ਸਾਰੀਆਂ ਵਿਸ਼ੇਸ਼ ਪ੍ਰਸਥਿਤੀਆਂ ਪੱਛਮੀ ਯੂਰਪ ਵਿਚ ਮੌਜੂਦ ਨਹੀਂ ਅਤੇ ਇਹ ਜਾਂ ਅਜਿਹੀਆਂ ਪ੍ਰਸਥਿਤੀਆਂ ਸੌਖੇ ਹੀ ਨਹੀਂ ਦੁਹਰਾਈਆਂ ਜਾਣਗੀਆਂ। ਨਾਲ਼ੇ, ਕੁਝ ਹੋਰ ਕਾਰਨਾਂ ਤੋਂ ਬਿਨਾਂ, ਇਹ ਪ੍ਰਸਥਿਤੀਆਂ ਨਾ ਹੋਣ ਕਾਰਨ ਪੱਛਮੀ ਯੂਰਪ ਲਈ ਸੋਸ਼ਲਿਸਟ ਇਨਕਲਾਬ **ਸ਼ੁਰੂ ਕਰਨਾ** ਏਨਾ ਸੌਖਾ ਨਹੀਂ ਜਿੰਨਾਂ ਸਾਡੇ ਲਈ ਸੀ। ਇਨਕਲਾਬੀ ਮੰਤਵਾਂ ਲਈ ਉਲਟ-ਇਨਕਲਾਬੀ ਪਾਰਲੀਮੈਂਟਾਂ ਨੂੰ ਵਰਤਣ ਦੇ ਅਤਿ-ਔਖੇ ਕੰਮ ਉੱਪਰੋਂ "ਛਲਾਂਗ ਮਾਰ ਕੇ" ਇਸ ਔਖ ਤੋਂ "ਬਚਣ" ਦੇ ਯਤਨ ਉੱਕਾ ਹੀ ਬਚਗਾਨਾ ਹਨ। ਤੁਸੀਂ ਇੱਕ ਨਵਾਂ ਸਮਾਜ ਉਸਾਰਨਾ ਚਾਹੁੰਦੇ ਹੋ ਪਰ ਤੁਸੀਂ ਇੱਕ ਪਿੱਛੇ-ਖਿੱਚੂ ਪਾਰਲੀਮੈਂਟ ਵਿੱਚ ਨਿਸ਼ਚੇ ਵਾਲ਼ੇ, ਲਗਨ ਵਾਲ਼ੇ ਅਤੇ ਸੂਰਮਾ ਕਮਿਊਨਿਸਟਾਂ ਦਾ ਚੰਗਾ ਪਾਰਲੀਮਾਨੀ ਦਲ ਖੜ੍ਹਾ ਕਰਨ ਵਿੱਚ ਪੇਸ਼ ਆਉਂਦੀਆਂ ਔਕੜਾਂ ਤੋਂ ਡਰਦੇ ਹੋ! ਕੀ ਇਹ ਬਚਪਨਾ ਨਹੀਂ? ਜੇ ਜਰਮਨੀ ਵਿੱਚ ਕਾਰਲ ਲੀਬਕਨੇਖਤ ਅਤੇ ਸਵੀਡਨ ਵਿੱਚ ਜ਼ ਹੇਗਲੁੰਡ ਹੇਠੋਂ ਜਨਤਾ ਦੀ ਹਮਾਇਤ ਪ੍ਰਾਪਤ ਨਾ ਹੁੰਦੇ ਹੋਏ ਵੀ ਪਿੱਛੇ-ਖਿੱਚੂ ਪਾਰਲੀਮੈਂਟਾਂ ਨੂੰ ਠੀਕ ਇਨਕਲਾਬੀ ਢੰਗ ਨਾਲ਼ ਵਰਤਣ ਦੀਆਂ ਮਿਸਾਲਾਂ ਕਾਇਮ ਕਰ ਸਕਦੇ ਸਨ ਤਾਂ ਇੱਕ ਤੇਜ਼ੀ ਨਾਲ਼ ਵੱਧ ਰਹੀ ਇਨਕਲਾਬੀ ਜਨਤਕ ਪਾਰਟੀ ਜਨਤਾ ਵਿੱਚ ਯੁੱਧ ਪਿੱਛੋਂ ਦੇ ਸਮੇਂ ਵਿੱਚ ਫੈਲੀ ਭਰਮ-ਨਿਵਿਰਤੀ ਅਤੇ ਕੁੜਿਤਣ ਦੇ ਵਾਯੂ-ਮੰਡਲ ਵਿੱਚ ਸਭ ਤੋਂ ਭੈੜੀ ਪਾਰਲੀਮੈਂਟ ਅੰਦਰ ਇੱਕ ਕਮਿਊਨਿਸਟ ਦਲ ਕਿਉਂ ਨਹੀਂ **ਬਣਾ ਸਕਦੀ?!** ਇਹਦਾ ਕਾਰਨ ਇਹ ਹੈ ਕਿ ਰੂਸ ਦੇ ਮੁਕਾਬਲੇ ਉੱਤੇ ਪੱਛਮੀ ਯੂਰਪ ਵਿੱਚ ਕਿਰਤੀਆਂ ਦੇ ਪੱਛੜੇ ਹਿੱਸੇ ਅਤੇ — ਉਸ ਤੋਂ ਵੀ ਕਿਤੇ ਵੱਧ ਹੱਦ ਤੱਕ — ਕਿਸਾਨੀ ਬੁਰਜੂਆ-ਜਮਹੂਰੀ ਅਤੇ ਪਾਰਲੀਮਾਨੀ ਤਅੱਸਬਾਂ ਦਾ ਸ਼ਿਕਾਰ ਹਨ, ਅਤੇ ਇਸੇ ਲਈ ਇਹ ਲਾਜ਼ਮੀ ਹੈ ਕਿ ਕਿਸੇ ਵੀ ਔਕੜ ਤੋਂ ਜਕੇ ਬਿਨਾਂ ਇਹਨਾਂ ਤਅੱਸਬਾਂ ਨੂੰ ਦੂਰ ਕਰਨ ਅਤੇ

ਇਹਨਾਂ ਉੱਤੇ ਕਾਬੂ ਪਾਉਣ ਲਈ ਕਮਿਊਨਿਸਟ ਬੁਰਜੂਆ ਪਾਰਲੀਮੈਂਟਾਂ ਜਿਹੀਆਂ ਸੰਸਥਾਵਾਂ ਦੇ **ਕੇਵਲ** ਅੰਦਰੋਂ ਹੀ ਇੱਕ ਲੰਮਾ ਅਤੇ ਸਿਰੜੀ ਘੋਲ਼ ਕਰ ਸਕਦੇ ਹਨ (ਅਤੇ ਉਹਨਾਂ ਲਈ ਕਰਨਾ ਲਾਜ਼ਮੀ ਹੈ)।

ਜਰਮਨ "ਖੱਬੇ-ਪੱਖੀ" ਆਪਣੀ ਪਾਰਟੀ ਅੰਦਰ "ਭੈੜੇ" ਨੇਤਾਵਾਂ ਦੀ ਸ਼ਿਕਾਇਤ ਕਰਦੇ ਹਨ, ਨਿਰਾਸ਼ਾ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਇੱਥੋਂ ਤੱਕ ਕਿ "ਨੇਤਾਵਾਂ" ਨੂੰ "ਮੰਨਣੋਂ ਇਨਕਾਰ" ਦੀ ਵਾਹਿਆਤੀ ਤੱਕ ਚਲੇ ਜਾਂਦੇ ਹਨ। ਪਰ ਉਹਨਾਂ ਪ੍ਰਸਥਿਤੀਆਂ ਵਿੱਚ ਜਿਨ੍ਹਾਂ ਅੰਦਰ ਅਕਸਰ ਇਹ ਜ਼ਰੂਰੀ ਹੋ ਜਾਂਦਾ ਹੈ ਕਿ "ਨੇਤਾਵਾਂ" ਨੂੰ ਛੁਪਾ ਕੇ ਗੁਪਤ ਰੱਖਿਆ ਜਾਵੇ, ਭਰੋਸੇ-ਯੋਗ, ਪਰਖੇ ਹੋਏ ਅਤੇ ਪ੍ਰਭਾਵਸ਼ਾਲੀ "ਨੇਤਾਵਾਂ" ਨੂੰ **ਤਿਆਰ ਕਰਨਾ** ਬਹੁਤ ਔਖਾ ਕੰਮ ਹੋ ਜਾਂਦਾ ਹੈ; ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਕੰਮ ਨੂੰ ਮਿਲਾਏ ਬਿਨਾਂ ਅਤੇ **ਹੋਰਨਾਂ ਢੰਗਾਂ ਤੋਂ ਬਿਨਾਂ "ਨੇਤਾਵਾਂ"** ਨੂੰ ਪਾਰਲੀਮੈਂਟਾਂ ਵਿੱਚ **ਪਰਖੇ ਬਿਨਾਂ** ਇਹਨਾਂ ਔਕੜਾਂ ਉੱਤੇ ਕਾਬੂ ਨਹੀਂ ਪਾਇਆ ਜਾ ਸਕਦਾ। ਪੜਚੋਲ — ਅਤਿ ਤਿੱਖੀ, ਬੇਕਿਰਕ ਅਤੇ ਸਮਝੌਤਾ-ਰਹਿਤ ਪੜਚੋਲ — ਦਾ ਰੁੱਖ ਪਾਰਲੀਮਾਨੀਵਾਦ ਜਾਂ ਪਾਰਲੀਮਾਨੀ ਸਰਗਰਮੀਆਂ ਵਿਰੁੱਧ ਨਹੀਂ ਹੋਣਾ ਚਾਹੀਦਾ ਸਗੋਂ ਉਹਨਾਂ ਨੇਤਾਵਾਂ ਵਿਰੁੱਧ ਹੋਣਾ ਚਾਹੀਦਾ ਹੈ ਜਿਹੜੇ ਪਾਰਲੀਮੈਂਟ ਦੀਆਂ ਚੋਣਾਂ ਅਤੇ ਪਾਰਲੀਮੈਂਟ ਦੇ ਮੰਚ ਨੂੰ ਕਮਿਊਨਿਸਟ ਢੰਗ ਨਾਲ਼ ਵਰਤਣੋਂ ਅਸਮੱਰਥ ਹਨ — ਅਤੇ ਜਿਹੜੇ ਅਜਿਹਾ ਕਰਨ ਲਈ ਤਿਆਰ ਨਹੀਂ ਉਹਨਾਂ ਵਿਰੁੱਧ ਜ਼ੋਰ ਨਾਲ਼ ਹੋਣੀ ਚਾਹੀਦੀ ਹੈ। ਕੇਵਲ ਅਜਿਹੀ ਆਲੋਚਨਾ ਹੀ — ਜਿਸਨੂੰ ਨਾਲਾਇਕ ਨੇਤਾਵਾਂ ਨੂੰ ਹਟਾਉਣ ਅਤੇ ਉਹਨਾਂ ਦੀ ਥਾਂ ਲਾਇਕ ਨੇਤਾਵਾਂ ਨੂੰ ਦੇਣ ਨਾਲ਼ ਮਿਲਾਇਆ ਗਿਆ ਹੋਵੇ— ਅਜਿਹਾ ਲਾਭਦਾਇਕ ਅਤੇ ਸਫ਼ਲ ਇਨਕਲਾਬੀ ਕੰਮ ਹੋਵੇਗਾ ਜਿਹੜਾ ਇੱਕੋ ਸਮੇਂ "ਨੇਤਾਵਾਂ" ਨੂੰ ਇਹ ਸਿੱਖਿਆ ਦੇਵੇਗਾ ਕਿ ਉਹ ਕਿਰਤੀ ਸ਼੍ਰੇਣੀ ਅਤੇ ਸਮੁੱਚੇ ਕਿਰਤੀ ਲੋਕਾਂ ਦੇ ਭਰੋਸੇ ਯੋਗ ਬਣਨ ਅਤੇ ਜਨਤਾ ਨੂੰ ਇਹ ਸਿਖਾਏਗਾ ਕਿ ਉਹ ਰਾਜਸੀ ਪ੍ਰਸਥਿਤੀ ਨੂੰ ਅਤੇ ਅਕਸਰ ਇਸ ਤੋਂ ਪੈਦਾ ਹੁੰਦੇ ਪੇਚਦਾਰ ਅਤੇ ਉਲਝੇ ਮਸਲਿਆਂ ਨੂੰ ਠੀਕ ਤਰ੍ਹਾਂ ਸਮਝੇ।*

---

* ਮੈਨੂੰ ਇਟਲੀ ਦੇ "ਖੱਬੇ-ਪੱਖੀ" ਕਮਿਊਨਿਸਟਾਂ ਸਬੰਧੀ ਵਾਕਫ਼ੀ ਪ੍ਰਾਪਤ ਕਰਨ ਦਾ ਬਹੁਤ ਥੋੜ੍ਹਾ ਅਵਸਰ ਮਿਲ਼ਿਆ ਹੈ। ਸਾਥੀ ਬੋਰਦਿਗਾ ਅਤੇ ਉਹਨਾਂ ਦੀ ਬਾਈਕਾਟੀ-ਕਮਿਊਨਿਸਟਾਂ (Comunista astensionista) ਦੀ ਟੋਲੀ ਪਾਰਲੀਮੈਂਟ ਵਿੱਚ ਹਿੱਸਾ ਨਾ ਲੈਣ ਦੀ ਹਮਾਇਤ ਕਰਕੇ ਨਿਸ਼ਚੇ ਹੀ ਗ਼ਲਤੀ ਕਰ ਰਹੇ ਹਨ। ਪਰ ਜਿੱਥੋਂ ਤੱਕ ਉਹਦੇ ਅਖਬਾਰ 'ਸੋਵੀਅਤ' ਦੇ ਦੋ ਅੰਕਾਂ ਤੋਂ ('Il Soviet', ਅੰਕ 3 ਅਤੇ 4, 18 ਫਰਵਰੀ ਅਤੇ ਪਹਿਲੀ ਫਰਵਰੀ 1920) ਅਤੇ ਸਾਥੀ ਸੇਰਾਤੀ ਦੇ ਬਹੁਤ ਹੀ ਸ਼ਾਨਦਾਰ ਅਖ਼ਬਾਰ 'ਕਮਿਊਨਿਜ਼ਮ' ਦੇ ਚਾਰ ਅੰਕਾਂ ਤੋਂ ('Comunismo', ਅੰਕ 1-4, ਪਹਿਲੀ ਅਕਤੂਬਰ-30 ਨਵੰਬਰ 1919) ਅਤੇ ਇਟਲੀ ਦੇ ਬੁਰਜੂਆ ਅਖ਼ਬਾਰਾਂ ਦੇ ਉਹਨਾਂ ਵੱਖ ਵੱਖ ਅੰਕਾਂ ਤੋਂ, ਜਿਹੜੇ ਮੈਂ ਵੇਖੇ ਹਨ, ਪਤਾ ਲੱਗਦਾ ਹੈ, ਮੈਨੂੰ ਜਾਪਦਾ ਹੈ ਕਿ ਇੱਕ ਨੁਕਤੇ ਸਬੰਧੀ ਸਾਥੀ ਬੋਰਦਿਗਾ ਸਹੀ ਹੈ। ਸਾਥੀ ਬੋਰਦਿਗਾ ਅਤੇ ਉਹਦੀ ਟੋਲੀ ਤੁਰਾਤੀ ਅਤੇ ਉਹਦੇ ਹਾਮੀਆਂ ਉੱਤੇ ਇਸ ਗੱਲ ਲਈ ਹਮਲਾ ਕਰਨ ਵਿੱਚ ਠੀਕ ਹਨ ਕਿ ਉਹ ਉਸ ਪਾਰਟੀ ਦੇ ਮੈਂਬਰ ਬਣੇ ਹੋਏ ਹਨ ਜੋ ਸੋਵੀਅਤ ਸੱਤ੍ਹਾ ਦੇ ਪ੍ਰੋਲਤਾਰੀ ਸ਼੍ਰੇਣੀ ਦੀ ਡਿਕਟੇਟਰਸ਼ਿਪ ਕਬੂਲ ਕਰਦੀ ਹੈ ਪਰ ⇨

## 8. ਸਮਝੌਤੇ ਨਹੀਂ ?

ਫ਼ਰੈਂਕਫ਼ੋਰਟ ਦੇ ਪੈਫ਼ਲਟ ਵਿੱਚੋਂ ਦਿੱਤੀ ਟੂਕ ਵਿੱਚ ਅਸੀਂ ਵੇਖਿਆ ਹੈ ਕਿ "ਖੱਬੇ-ਪੱਖੀਆਂ" ਨੇ ਕਿੰਨੇ ਜ਼ੋਰ ਨਾਲ਼ ਇਹ ਨਾਹਰਾ ਪੇਸ਼ ਕੀਤਾ ਹੈ। ਆਪਣੇ ਆਪ ਨੂੰ ਬਿਨਾਂ ਸ਼ੱਕ ਸਮਝਣ ਵਾਲੇ ਅਤੇ ਮਾਰਕਸਵਾਦੀ ਬਣਨ ਦੇ ਚਾਹਵਾਨ ਜਦੋਂ ਮਾਰਕਸਵਾਦ ਦੀਆਂ ਬੁਨਿਆਦੀ ਸੱਚਾਈਆਂ ਭੁੱਲ ਜਾਂਦੇ ਹਨ ਤਾਂ ਵੇਖ ਕੇ ਬਹੁਤ ਦੁੱਖ ਹੁੰਦਾ ਹੈ। ਏਂਗਲਜ਼ ਨੇ — ਜੋ ਮਾਰਕਸ ਵਾਂਗ ਹੀ, ਉਹਨਾਂ ਕੁਝ ਗਿਣਤੀ ਦੇ ਲੇਖਕਾਂ ਵਿੱਚੋਂ ਸਨ ਜਿਨ੍ਹਾਂ ਦੀ ਹਰ ਬੁਨਿਆਦੀ ਲਿਖਤ ਦਾ ਇੱਕ ਇੱਕ ਵਾਕ ਅਸਾਧਾਰਨ ਤੌਰ 'ਤੇ ਡੂੰਘੇ ਤੱਤ ਨਾਲ਼ ਭਰਪੂਰ ਹੈ — 1874 ਵਿਚ 33 ਬਲਾਂਕੀਵਾਦੀ[41] ਕਮਿਊਨਾਰਦਾਂ ਦੇ ਮੈਨੀਫ਼ੈਸਟੋ ਸਬੰਧੀ ਲਿਖਿਆ:

> "...'ਅਸੀਂ ਕਮਿਊਨਿਸਟ ਹਾਂ' (ਬਲਾਂਕੀਵਾਦੀ ਕਮਿਊਨਾਰਦਾਂ ਨੇ ਲਿਖਿਆ) 'ਕਿਉਂਕਿ ਵਿਚਕਾਰਲੀਆਂ ਮੰਜ਼ਲਾਂ ਉੱਤੇ ਰੁਕੇ ਬਿਨਾਂ, ਬਿਨਾਂ ਕਿਸੇ ਸਮਝੌਤਿਆਂ ਦੇ, ਜਿਹੜੇ ਕੇਵਲ ਜਿੱਤ ਦੇ ਦਿਹਾੜੇ ਨੂੰ ਪਿੱਛੇ ਹੀ ਪਾਉਂਦੇ ਅਤੇ ਗ਼ੁਲਾਮੀ ਦਾ ਸਮਾਂ ਲੰਮਾ ਕਰਦੇ ਹਨ, ਆਪਣਾ ਆਸ਼ਾ ਪ੍ਰਾਪਤ ਕਰਨਾ ਚਾਹੁੰਦੇ ਹਨ।"

ਜਰਮਨ ਕਮਿਊਨਿਸਟ ਇਸ ਲਈ ਕਮਿਊਨਿਸਟ ਹਨ ਕਿ ਉਹ ਸਾਰੀਆਂ ਵਿਚਕਾਰਲੀਆਂ ਮੰਜ਼ਲਾਂ ਅਤੇ ਸਮਝੌਤਿਆਂ ਦੇ ਦੌਰਾਨ, ਮੰਜ਼ਲਾਂ ਅਤੇ ਸਮਝੌਤੇ ਜਿਹੜੇ ਉਹਨਾਂ ਨਹੀਂ ਇਤਿਹਾਸਕ ਵਿਕਾਸ ਦੇ ਰੌਂ ਨੇ ਪੈਦਾ ਕੀਤਾ ਹੈ, ਅੰਤਮ ਆਸ਼ੇ ਨੂੰ ਸਪੱਸ਼ਟ ਤੌਰ 'ਤੇ ਵੇਖਦੇ ਅਤੇ ਸਦਾ ਇਹਦੀ ਪ੍ਰਾਪਤੀ ਲਈ ਯਤਨ ਕਰਦੇ ਰਹਿੰਦੇ ਹਨ — ਸ਼੍ਰੇਣੀਆਂ ਦੇ ਅੰਤ ਅਤੇ ਅਜਿਹੇ ਸਮਾਜ ਦੀ ਸਿਰਜਣਾ ਲਈ ਜਿਸ ਵਿੱਚ ਜ਼ਮੀਨ ਅਤੇ ਉਪਜ ਦੇ ਸਭਨਾਂ ਸਾਧਨਾਂ ਦੀ ਕੋਈ ਨਿੱਜੀ ਮਾਲਕੀ ਨਹੀਂ ਹੋਵੇਗੀ। 33 ਬਲਾਂਕੀਵਾਦੀ ਕਮਿਊਨਿਸਟ ਹਨ ਕਿਉਂਕਿ ਉਹ ਸਮਝਦੇ ਹਨ ਕਿ ਕਿਉਂਕਿ **ਉਹ** ਵਿਚਕਾਰਲੀਆਂ ਮੰਜਲਾਂ ਤੋਂ ਛਾਲ਼ ਮਾਰ ਕੇ

---

⇨ ਉਹਦੇ ਬਾਵਜੂਦ ਪਾਰਲੀਮੈਂਟ ਦੇ ਮੈਂਬਰਾਂ ਵਜੋਂ ਆਪਣੀ ਪੁਰਾਣੀ, ਮਾਰੂ ਅਤੇ ਮੌਕਾਪ੍ਰਸਤ ਨੀਤੀ ਜਾਰੀ ਰੱਖ ਰਹੇ ਹਨ। ਨਿਸ਼ਚੇ ਹੀ ਇਹ ਕੁਝ ਸਹਾਰ ਕੇ ਸਾਥੀ ਸੇਰਾਤੀ ਅਤੇ ਇਟਲੀ ਦੀ ਸਮੁੱਚੀ ਸੋਸ਼ਲਿਸਟ ਪਾਰਟੀ[39] ਇੱਕ ਅਜਿਹੀ ਗ਼ਲਤੀ ਕਰ ਰਹੇ ਹਨ ਜਿਸ ਨਾਲ਼ ਉਨਾ ਹੀ ਨੁਕਸਾਨ ਹੋਣ ਅਤੇ ਉਹੋ ਜਿਹੇ ਖ਼ਤਰੇ ਪੈਦਾ ਹੋ ਜਾਣ ਦਾ ਖ਼ਤਰਾ ਹੈ ਜਿਹੋ ਜਿਹੇ ਖ਼ਤਰੇ ਅਜਿਹੀ ਹੀ ਇੱਕ ਗ਼ਲਤੀ ਕਾਰਨ ਹੰਗਰੀ ਵਿੱਚ ਪੈਦਾ ਹੋ ਗਏ ਸਨ, ਜਿੱਥੇ ਹੰਗਰੀ ਦੇ ਤੁਰਾਤੀਆਂ ਨੇ ਅੰਦਰੋਂ ਪਾਰਟੀ ਅਤੇ ਸੋਵੀਅਤ ਹਕੂਮਤ[40] ਦੀਆਂ ਜੜ੍ਹਾਂ ਪੋਲੀਆਂ ਕੀਤੀਆਂ। ਪਾਰਲੀਮੈਂਟ ਦੇ ਮੌਕਾ-ਪ੍ਰਸਤ ਮੈਂਬਰਾਂ ਵੱਲ ਅਜਿਹਾ ਗ਼ਲਤ, ਆਪਾ-ਵਿਰੋਧੀ ਅਤੇ ਕਮਜ਼ੋਰ ਵਤੀਰਾ ਇੱਕ ਪਾਸੇ ਤਾਂ "ਖੱਬੇ-ਪੱਖੀ" ਕਮਿਊਨਿਜ਼ਮ ਨੂੰ ਜਨਮ ਦੇਂਦਾ ਹੈ ਅਤੇ ਦੂਜੇ ਪਾਸੇ **ਕਿਸੇ ਹੱਦ ਤੱਕ** ਇਹਦੀ ਹੋਂਦ ਨੂੰ ਯੋਗ ਸਾਬਤ ਕਰਦਾ ਹੈ। ਜਦੋਂ ਸਾਥੀ ਸੇਰਾਤੀ ਪਾਰਲੀਮੈਂਟ ਦੇ ਮੈਂਬਰ ਤੁਰਾਤੀ ਉੱਤੇ "ਆਪਾ-ਵਿਰੋਧੀ" ਹੋਣ ਦਾ ਦੋਸ਼ ਲਾਉਂਦੇ ਹਨ (´Comunismo[a] ਅੰਕ 3) ਤਾਂ ਉਹ ਗ਼ਲਤ ਹਨ, ਕਿਉਂਕਿ "ਆਪਾ-ਵਿਰੋਧੀ" ਤਾਂ ਅਸਲ ਵਿੱਚ ਇਟਲੀ ਦੀ ਸ਼ੋਸਲਿਸਟ ਪਾਰਟੀ ਹੈ ਜਿਹੜੀ ਤੁਰਾਤੀ ਅਤੇ ਉਹਦੇ ਹਾਮੀਆਂ ਜਿਹੇ ਪਾਰਲੀਮੈਂਟ ਦੇ ਮੌਕਾ-ਪ੍ਰਸਤ ਮੈਂਬਰਾਂ ਨੂੰ ਆਪਣੇ ਅੰਦਰ ਸਹਾਰ ਰਹੀ ਹੈ।

ਲੰਘ ਜਾਣਾ ਚਾਹੁੰਦੇ ਹਨ ਅਤੇ ਕੋਈ ਸਮਝੌਤੇ ਨਹੀਂ ਕਰਨਾ ਚਾਹੁੰਦੇ, ਇਸ ਲਈ ਸਭ ਕੁਝ ਤੈਅ ਹੋ ਗਿਆ ਅਤੇ ਜੇ ਮਾਮਲਾ ਅਗਲੇ ਦੋ ਚਾਰ ਦਿਨਾਂ ਵਿੱਚ "ਸ਼ੁਰੂ ਹੋ ਗਿਆ"— ਜਿਵੇਂ ਕਿ ਉਹ ਫ਼ਰਜ ਕਰ ਲੈਂਦੇ ਹਨ — ਅਤੇ ਸੱਤ੍ਹਾ ਉਹਨਾਂ ਦੇ ਹੱਥ ਆ ਗਈ ਤਾਂ ਪਰਸੋਂ "ਕਮਿਊਨਿਜ਼ਮ ਲਾਗੂ ਕਰ ਦਿੱਤਾ ਜਾਵੇਗਾ" ਅਤੇ ਜੇ ਇਹ ਇੱਕਦਮ ਸੰਭਵ ਨਹੀਂ ਤਾਂ ਉਹ ਕਮਿਊਨਿਸਟ ਨਹੀਂ।

ਆਪਣੀ ਬੇਸਬਰੀ ਨੂੰ ਸਿਧਾਂਤਕ ਤੌਰ 'ਤੇ ਮਨਾਉਣੀ ਦਲੀਲ ਵਜੋਂ ਪੇਸ਼ ਕਰਨਾ ਕਿੰਨਾਂ ਬਚਗਾਨਾ ਭੋਲ਼ਪੁਣਾ ਹੈ।" (ਜਰਮਨ ਸੋਸ਼ਲ-ਡੈਮੋਕਰੈਟਕ ਅਖ਼ਬਾਰ ' Volkstaat[a] , 1874 ਦੇ ਅੰਕ 73 ਵਿਚ **ਫਰੈਡਰਿਕ ਏਂਗਲਜ਼** ਦਾ ਲੇਖ "ਬਲਾਂਕੀਵਾਦੀ ਕਮਿਊਨਾਰਦਾਂ ਦਾ ਮੈਨੀਫ਼ੈਸਟੋ, ਜਿਹੜਾ ਰੂਸੀ ਵਿੱਚ "1871-1875 ਦੇ ਲੇਖ" , ਨਾਂ ਦੇ ਸੰਗ੍ਰਿਹ ਹੇਠ ਪੀਤਰੋਗਰਾਦ ਵਿਖੇ 1919 ਵਿੱਚ ਛਪਿਆ, ਪੰਨਾਂ 52-53)

ਇਸੇ ਲੇਖ ਵਿੱਚ ਏਂਗਲਜ਼ ਵਾਲਿਯਾਨ ਲਈ ਡੂੰਘਾ ਸਤਿਕਾਰ ਪ੍ਰਗਟ ਕਰਦੇ ਹਨ ਅਤੇ ਉਹਦੀ "ਮੰਨੀ-ਪ੍ਰਮੰਨੀ ਯੋਗਤਾ" ਦਾ ਜ਼ਿਕਰ ਕਰਦੇ ਹਨ (ਗੇਦ ਵਾਂਗ ਵਾਲਿਯਾਨ ਕੌਮਾਂਤਰੀ ਸ਼ੋਸਲਿਜ਼ਮ ਦੇ ਅਤਿ ਉੱਘੇ ਨੇਤਾਵਾਂ ਵਿੱਚੋਂ ਇੱਕ ਗਿਣਿਆ ਕਰਦਾ ਸੀ। ਅਗਸਤ 1914 ਵਿੱਚ ਦੁਹਾਂ ਨੇ ਹੀ ਸੋਸ਼ਲਿਜ਼ਮ ਨਾਲ਼ ਗ਼ੱਦਾਰੀ ਕੀਤੀ)। ਪਰ ਏਂਗਲਜ਼ ਇੱਕ ਸਪੱਸ਼ਟ ਗ਼ਲਤੀ ਦਾ ਵਿਸਥਾਰ-ਪੂਰਵਕ ਵਿਸ਼ਲੇਸ਼ਣ ਕਰਨੋਂ ਨਹੀਂ ਚੁਕਦੇ। ਨਿਰਸੰਦੇਹ ਬਹੁਤ ਛੋਟੀ ਉਮਰ ਦੇ ਅਤੇ ਗ਼ੈਰ-ਤਜ਼ਰਬੇਕਾਰ ਇਨਕਲਾਬੀਆਂ ਅਤੇ ਕਾਫ਼ੀ ਵੱਡੀ ਉਮਰ ਅਤੇ ਬਹੁਤ ਅਨੁਭਵ ਵਾਲ਼ੇ ਨਿੱਕ-ਬੁਰਜੂਆ ਇਨਕਲਾਬੀਆਂ ਦੁਹਾਂ ਲਈ "ਸਮਝੌਤਿਆਂ ਦੀ ਆਗਿਆ ਦੇਣਾ" ਖਤਰਨਾਕ, ਸਮਝ ਨਾ ਆਉਣ ਵਾਲ਼ੀ ਅਤੇ ਗ਼ਲਤ ਗੱਲ ਜਾਪਦੀ ਹੈ। ਅਨੇਕ ਭੁਲਾਂਦਰਾਵਾਦੀ (ਜਿਹੜੇ ਅਸਾਧਾਰਨ ਤੌਰ 'ਤੇ ਜਾਂ ਹੱਦੋਂ-ਵੱਧ "ਤਜ਼ਰਬੇਕਾਰ" ਰਾਜਸੀ ਨੇਤਾ ਹੁੰਦੇ ਹਨ) ਐਨ ਉਸੇ ਤਰ੍ਹਾਂ ਦਲੀਲ ਦੇਂਦੇ ਹਨ ਜਿਵੇਂ ਮੌਕਾ-ਪ੍ਰਸਤੀ ਦੇ ਉਹ ਬਰਤਾਨਵੀ ਨੇਤਾ ਦੇਂਦੇ ਹਨ ਜਿਨ੍ਹਾਂ ਦਾ ਜ਼ਿਕਰ ਸਾਥੀ ਲਾਂਸਬਰੀ ਨੇ ਕੀਤਾ ਹੈ: "ਜੇ ਬਾਲਸ਼ਵਿਕਾਂ ਨੂੰ ਇੱਕ ਖ਼ਾਸ ਸਮਝੌਤੇ ਦੀ ਆਗਿਆ ਦਿੱਤੀ ਜਾ ਸਕਦੀ ਹੈ ਤਾਂ ਸਾਨੂੰ ਹਰ ਕਿਸਮ ਦੇ ਸਮਝੌਤੇ ਦੀ ਆਗਿਆ ਕਿਉਂ ਨਹੀਂ ਦਿੱਤੀ ਜਾ ਸਕਦੀ ?" ਪਰ ਅਨੇਕਾਂ ਹੜਤਾਲਾਂ ਵਿੱਚ ਸਿੱਖਿਆ ਪ੍ਰਾਪਤ ਕਰ ਚੁੱਕਾ ਪ੍ਰੋਲਤਾਰੀ (ਸ਼੍ਰੇਣੀ ਘੋਲ਼ ਦੇ ਰੂਪ ਨੂੰ ਹੀ ਲੈਂਦਿਆਂ), ਅਕਸਰ ਏਂਗਲਜ਼ ਵੱਲੋਂ ਪੇਸ਼ ਕੀਤੇ ਇਸ ਡੂੰਘੇ (ਦਾਰਸ਼ਨਿਕ, ਇਤਿਹਾਸਕ, ਰਾਜਨੀਤਕ ਅਤੇ ਮਨੋਵਿਗਿਆਨਕ) ਸੱਚ ਨੂੰ ਆਮ ਤੌਰ 'ਤੇ ਚੰਗੀ ਤਰ੍ਹਾਂ ਸਮਝਦਾ ਹੈ। ਹਰ ਪ੍ਰੋਲਤਾਰੀ (ਕਿਰਤੀ) ਨੇ ਹੜਤਾਲਾਂ ਵਿੱਚ ਹਿੱਸਾ ਲਿਆ ਹੈ ਅਤੇ ਘ੍ਰਿਣਤ ਜਾਬਰਾਂ ਅਤੇ ਲੋਟੂਆਂ ਨਾਲ਼ "ਸਮਝੌਤੇ" ਵੇਖੇ ਹਨ ਜਦੋਂ ਕਾਮਿਆਂ ਨੂੰ ਕੁਝ ਵੀ ਪ੍ਰਾਪਤ ਕੀਤੇ ਬਿਨਾਂ ਜਾਂ ਆਪਣੀਆਂ ਮੰਗਾਂ ਜੁਜ਼ਵੀ ਤੌਰ 'ਤੇ ਮੰਨੇ ਜਾਣ ਪਿੱਛੋਂ ਕੰਮ 'ਤੇ ਮੁੜਨਾ ਪਿਆ। ਹਰ ਪ੍ਰੋਲਤਾਰੀ — ਜਨਤਕ ਘੋਲ਼ ਦੀਆਂ ਪ੍ਰਸਥਿਤੀਆਂ ਦੇ ਸਿੱਟੇ ਵਜੋਂ ਅਤੇ ਜਿਨ੍ਹਾਂ ਸ਼੍ਰੇਣੀ ਵਿਰੋਧਾਂ ਵਿਚਕਾਰ ਉਹ ਰਹਿੰਦਾ ਹੈ ਉਹਨਾਂ ਦੇ ਤਿੱਖੇ ਹੋਣ ਦੇ ਕਾਰਨ — ਵੱਖ ਵੱਖ ਤਰ੍ਹਾਂ ਦੇ ਸਮਝੌਤਿਆਂ ਵਿਚ ਫ਼ਰਕ ਨੂੰ ਸਮਝਦਾ ਹੈ। ਇੱਕ ਸਮਝੌਤਾ ਉਹ ਹੈ ਜਿਸ ਲਈ ਬਾਹਰਮੁਖੀ ਪ੍ਰਸਥਿਤੀਆਂ ਮਜ਼ਬੂਰ ਕਰ ਦੇਂਦੀਆਂ ਹਨ (ਜਿਵੇਂ ਕਿ ਹੜਤਾਲ

ਦੇ ਫੰਡ ਨਾ ਹੋਣਾ, ਬਾਹਰੋਂ ਸਹਾਇਤਾ ਨਾ ਮਿਲ਼ਣਾ, ਭੁੱਖ, ਥਕੇਵਾਂ) — ਪਰ ਇਹ ਇੱਕ ਅਜਿਹਾ ਸਮਝੌਤਾ ਹੁੰਦਾ ਹੈ ਜਿਹੜਾ ਸਮਝੌਤਾ ਕਰਨ ਵਾਲ਼ੇ ਕਿਰਤੀਆਂ ਦੇ ਇਨਕਲਾਬੀ ਜੋਸ਼ ਅਤੇ ਘੋਲ਼ ਮੁੜ ਜਾਰੀ ਰੱਖਣ ਲਈ ਤੱਤਪਰਤਾ ਨੂੰ ਘੱਟ ਨਹੀਂ ਕਰਦਾ। ਦੂਜੀ ਤਰ੍ਹਾਂ ਦਾ ਸਮਝੌਤਾ ਗ਼ੱਦਾਰ ਕਰਦੇ ਹਨ ਜੋ ਆਪਣੇ ਨਿੱਜੀ ਹਿੱਤਾਂ ਨੂੰ, ਆਪਣੀ ਬੁਜ਼ਦਿਲੀ ਨੂੰ, ਸਰਮਾਏਦਾਰਾਂ ਦੇ ਬੂਟ ਚੱਟਣ ਦੀ ਆਪਣੀ ਇੱਛਾ ਨੂੰ, ਕਦੇ ਕਦੇ ਉਹਨਾਂ ਦੇ ਸਮਝਾਉਣ ਬੁਝਾਉਣ ਨੂੰ, ਕਦੇ ਉਹਨਾਂ ਦੀਆਂ ਰਿਸ਼ਵਤਾਂ ਨੂੰ ਅਤੇ ਕਦੇ ਸਰਮਾਏਦਾਰਾਂ ਵੱਲੋਂ ਖ਼ੁਸ਼ਾਮਦ ਅੱਗੇ ਸਿਰ ਝੁਕਾਉਣ ਦੀ ਆਪਣੀ ਇੱਛਾ ਨੂੰ ਬਾਹਰਮੁਖੀ ਕਾਰਨਾਂ ਦਾ ਸਿੱਟਾ ਦੱਸਦੇ ਹਨ (ਹੜਤਾਲ ਤੋੜਨ ਵਾਲ਼ੇ ਵੀ ਤਾਂ "ਸਮਝੌਤੇ" ਕਰਦੇ ਹਨ)। (ਬਰਤਾਨੀਆ ਦੀ ਕਿਰਤੀ ਸ਼੍ਰੇਣੀ ਦੀ ਲਹਿਰ ਵਿੱਚ ਬਰਤਾਨਵੀਂ ਟਰੇਡ ਯੂਨੀਅਨਾਂ ਦੇ ਨੇਤਾਵਾਂ ਵੱਲੋਂ ਗ਼ੱਦਾਰੀ ਭਰੇ ਸਮਝੌਤਿਆਂ ਦੀਆਂ ਅਨੇਕ ਮਿਸਾਲਾਂ ਮਿਲ਼ਦੀਆਂ ਹਨ ਪਰ ਇੱਕ ਜਾਂ ਦੂਜੇ ਰੂਪ ਵਿੱਚ ਸਭਨਾਂ ਦੇਸ਼ਾਂ ਵਿੱਚ ਸਭਨਾਂ ਕਿਰਤੀਆਂ ਨੇ ਇਹੋ ਕੁਝ ਵੇਖਿਆ ਹੈ।)

ਕੁਦਰਤੀ ਤੌਰ 'ਤੇ ਅਜਿਹੀਆਂ ਅਸਾਧਾਰਨ ਔਖ ਵਾਲ਼ੀਆਂ ਅਤੇ ਗੁੰਝਲਦਾਰ ਮਿਸਾਲਾਂ ਮਿਲ਼ਦੀਆਂ ਹਨ ਜਦੋਂ ਕਿਸੇ ਇੱਕ ਜਾਂ ਦੂਜੇ "ਸਮਝੌਤੇ" ਦੇ ਅਸਲੀ ਖਾਸੇ ਦਾ ਨਿਰਣਾ ਕਰਨ ਅਤਿਅੰਤ ਔਖਾ ਹੁੰਦਾ ਹੈ; ਐਨ ਉਸੇ ਤਰ੍ਹਾਂ ਜਿਵੇਂ ਕਤਲ ਦੇ ਕੁਝ ਮਾਮਲੇ ਅਜਿਹੇ ਹੁੰਦੇ ਹਨ ਜਿਨ੍ਹਾਂ ਵਿੱਚ ਇਹ ਫ਼ੈਸਲਾ ਕਰਨਾ ਔਖਾ ਹੁੰਦਾ ਹੈ ਕਿ ਕਤਲ ਹੱਕੀ ਜਾਂ ਇੱਥੋਂ ਤੱਕ ਕਿ ਜ਼ਰੂਰੀ ਸੀ (ਮਿਸਾਲ ਵਜੋਂ ਜਾਇਜ਼ ਸਵੈ-ਰੱਖਿਆ ਲਈ ) ਜਾਂ ਮਾਫ਼ ਨਾ ਕੀਤੇ ਜਾ ਸਕਣ ਵਾਲ਼ੀ ਲਾਪ੍ਰਵਾਹੀ ਕਾਰਨ ਹੋਇਆ ਜਾਂ ਇੱਥੋਂ ਤੱਕ ਕਿ ਬੜੀ ਚਲਾਕੀ ਨਾਲ਼ ਅਮਲ ਵਿੱਚ ਲਿਆਂਦੀ ਗਈ ਧ੍ਰੋਹੀ ਪਲਾਨ ਅਨੁਸਾਰ ਕੀਤਾ ਗਿਆ। ਨਿਸ਼ਚੇ ਹੀ ਰਾਜਨੀਤੀ ਵਿੱਚ, ਕਈ ਵਾਰ ਮਾਮਲਾ ਸ਼੍ਰੇਣੀਆਂ ਅਤੇ ਪਾਰਟੀਆਂ ਵਿਚਕਾਰ ਅਤੇ ਪੇਚਦਾਰ — ਕੌਮੀ ਅਤੇ ਕੌਮਾਂਤਰੀ — ਸਬੰਧਾਂ ਦਾ ਹੁੰਦਾ ਹੈ, ਅਜਿਹੀ ਹਾਲਤ ਕਈ ਵਾਰ ਪੈਦਾ ਹੋਵੇਗੀ ਜਿਸ ਸਬੰਧੀ ਰਾਏ ਕਾਇਮ ਕਰਨਾ ਕਿਸੇ ਹੜਤਾਲ ਵਿੱਚ ਕੀਤੇ ਕਿਸੇ ਯੋਗ "ਸਮਝੌਤੇ" ਅਤੇ ਕਿਸੇ ਹੜਤਾਲ-ਤੋੜ ਗ਼ੱਦਾਰ ਲੀਡਰ ਵੱਲੋਂ ਕੀਤੇ "ਸਮਝੌਤੇ" ਵਿਚਕਾਰ ਫ਼ਰਕ ਦਾ ਨਿਰਣਾ ਕਰਨ ਨਾਲ਼ੋਂ ਕਿਤੇ ਔਖਾ ਹੋਵੇਗਾ। ਕੋਈ ਨੁਸਖ਼ਾ ਜਾਂ ਆਮ ਅਸੂਲ ਤਿਆਰ ਕਰ ਦੇਣਾ ("ਸਮਝੌਤੇ ਨਹੀਂ!"), ਜਿਹੜਾ ਸਭਨਾਂ ਹਾਲਤਾਂ ਵਿੱਚ ਲਾਗੂ ਹੋਵੇ, ਵਾਹਿਆਤ ਹੋਵੇਗਾ। ਬੰਦੇ ਨੂੰ ਆਪਣੀ ਅਕਲ ਵਰਤਣੀ ਚਾਹੀਦੀ ਹੈ ਅਤੇ ਹਰ ਵੱਖ ਵੱਖ ਮਾਮਲੇ ਵਿੱਚ ਆਪਣੀ ਸੇਧ ਤੈਅ ਕਰਨ ਯੋਗ ਹੋਣਾ ਚਾਹੀਦਾ ਹੈ। ਅਸਲ ਵਿੱਚ ਇਹ ਪਾਰਟੀ ਜਥੇਬੰਦੀ ਅਤੇ ਪਾਰਟੀ ਨੇਤਾ ਅਖਵਾਉਣ ਯੋਗ ਜਥੇਬੰਦੀ ਅਤੇ ਲੀਡਰਾਂ ਦੇ ਕੰਮਾਂ ਵਿੱਚੋਂ ਇੱਕ ਹੈ ਕਿ ਉਹ ਕਿਸੇ ਵਿਸ਼ੇਸ਼ ਸ਼੍ਰੇਣੀ* ਦੇ ਸਭਨਾਂ ਸੋਚਵਾਨ ਪ੍ਰਤਿਨਿਧਾਂ ਦੇ ਲੰਮੇਂ, ਸਿਰੜੀ, ਵੰਨ-ਸਵੰਨੇ ਅਤੇ ਸਰਬੰਗੀ

* ਵੱਧ ਤੋਂ ਵੱਧ ਉੱਨਤ ਦੇਸ਼ਾਂ ਦੀਆਂ ਪ੍ਰਸਥਿਤੀਆਂ ਵਿੱਚ ਵੀ, ਹਰ ਸ਼੍ਰੇਣੀ ਵਿੱਚ, ਇੱਥੋਂ ਤੱਕ ਕਿ ਸਭ ਤੋਂ ਵੱਧ ਉੱਨਤ ਸ਼੍ਰੇਣੀ ਵਿੱਚ ਵੀ ਅਤੇ ਜਦੋਂ ਸਮੇਂ ਦੇ ਹਾਲਾਤ ਨੇ ਉਹਦੀਆਂ ਸਭਨਾਂ ਆਤਮਕ ਸ਼ਕਤੀਆਂ ਨੂੰ ਅਸਾਧਾਰਨ ਤੌਰ 'ਤੇ ਜਾਗ੍ਰਤ ਕਰ ਦਿੱਤਾ ਹੈ, ਸ਼੍ਰੇਣੀ ਦੇ ਅਜਿਹੇ ਪ੍ਰਤੀਨਿਧ ਹੁੰਦੇ ਹਨ— ਅਤੇ ਜਦੋਂ ਤੱਕ ਸ਼੍ਰੇਣੀਆਂ ਦੀ ਹੋਂਦ ਹੈ, ਜਦੋਂ ਤੱਕ ਸ਼੍ਰੇਣੀ-ਰਹਿਤ ਸਮਾਜ ਨੇ ਆਪਣੇ ਆਪ ਨੂੰ ⇨

ਯਤਨਾਂ ਰਾਹੀਂ ਉਹ ਲਾਜ਼ਮੀ ਗਿਆਨ ਅਤੇ ਅਨੁਭਵ ਅਤੇ — ਗਿਆਨ ਅਤੇ ਅਨੁਭਵ ਤੋਂ ਬਿਨਾਂ — ਉਹ ਸਹਿਜ ਬੋਧ ਪ੍ਰਾਪਤ ਕਰ ਲੈਣ ਜਿਹੜਾ ਪੇਚਦਾਰ ਰਾਜਸੀ ਸਵਾਲਾਂ ਨੂੰ ਹੱਲ ਕਰਨ ਲਈ ਲੋੜੀਂਦਾ ਹੈ।

ਸਿੱਧੜ ਅਤੇ ਉੱਕਾ ਹੀ ਨਾ ਤਜ਼ਰਬੇਕਾਰ ਲੋਕ ਇਹ ਫ਼ਰਜ ਕਰ ਲੈਂਦੇ ਹਨ ਕਿ ਜੇ ਇਹ ਪ੍ਰਵਾਨ ਕਰ ਲਿਆ ਜਾਵੇ ਕਿ **ਆਮ ਤੌਰ** 'ਤੇ ਸਮਝੌਤਿਆਂ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ ਤਾਂ ਜਿਸ ਮੌਕਾ-ਪ੍ਰਸਤੀ ਵਿਰੁੱਧ ਅਸੀਂ ਅਤਿ ਦ੍ਰਿੜਤਾ ਨਾਲ਼ ਘੋਲ਼ ਕਰਦੇ ਹਾਂ ਅਤੇ ਸਾਨੂੰ ਕਰਨਾ ਚਾਹੀਦਾ ਹੈ, ਉਹਦੇ ਅਤੇ ਇਨਕਲਾਬੀ ਮਾਰਕਸਵਾਦ ਜਾਂ ਕਮਿਊਨਿਜ਼ਮ ਵਿਚਕਾਰ ਫ਼ਰਕ ਖ਼ਤਮ ਹੋ ਜਾਂਦਾ ਹੋ ਜਾਵੇਗਾ। ਪਰ ਜੇ ਅਜਿਹੇ ਲੋਕ ਅਜੇ ਇਹ ਨਹੀਂ ਜਾਣਦੇ ਕਿ ਪ੍ਰਕਿਰਤੀ ਅਤੇ ਸਮਾਜ ਵਿੱਚ **ਸਭ** ਫ਼ਰਕ ਘੱਟਦੇ-ਵੱਧਦੇ ਰਹਿੰਦੇ ਹਨ ਅਤੇ ਬਹੁਤ ਹੱਦ ਤੱਕ ਰਸਮੀ ਹਨ ਤਾਂ ਲੰਮੀ ਸਿੱਖਿਆ, ਵਿਦਿਆ, ਬੁੱਧੀ ਦੇ ਵਿਕਾਸ ਅਤੇ ਰਾਜਸੀ ਅਤੇ ਨਿੱਤਾ-ਪ੍ਰਤੀ ਦੇ ਅਨੁਭਵ ਦੀ ਪ੍ਰਾਪਤੀ ਤੋਂ ਬਿਨਾਂ ਉਹਨਾਂ ਨੂੰ ਸਮਝ ਨਹੀਂ ਆ ਸਕਦੀ। ਹਰ ਵੱਖ ਵੱਖ ਅਤੇ ਵਿਸ਼ੇਸ਼ ਇਤਿਹਾਸਕ ਘੜੀ ਰਾਜਨੀਤੀ ਵਿੱਚ ਜਿਹੜੇ ਅਮਲੀ ਸਵਾਲ ਉੱਠਦੇ ਹਨ, ਉਹਨਾਂ ਨੂੰ ਨਖੇੜਨਾ ਲਾਜ਼ਮੀ ਹੈ ਜਿਨ੍ਹਾਂ ਨੂੰ ਲੈ ਕੇ ਮੁੱਖ ਤਰ੍ਹਾਂ ਦੇ ਅਯੋਗ ਵਿਸਾਹ-ਘਾਤਕ ਸਮਝੌਤੇ ਹੁੰਦੇ ਹਨ, ਜਿਹੜੇ ਅਜਿਹੀ ਮੌਕਾ-ਪ੍ਰਸਤੀ ਦਾ ਸਜੀਵ ਰੂਪ ਹਨ ਜਿਹੜੀ ਇਨਕਲਾਬੀ ਸ਼੍ਰੇਣੀ ਲਈ ਘਾਤਕ ਹੈ ਅਤੇ ਫੇਰ ਪੂਰੇ ਯਤਨ ਕਰਕੇ ਅਜਿਹੇ ਸਵਾਲਾਂ ਦੀ ਵਿਆਖਿਆ ਕਰਨਾ ਅਤੇ ਉਹਨਾਂ ਦਾ ਮੁਕਾਬਲਾ ਕਰਨਾ ਲਾਜ਼ਮੀ ਹੈ। ਇੱਕੋ ਜਿਹੇ ਡਕੈਤ ਅਤੇ ਲੋਟੂ ਦੇਸ਼ਾਂ ਦੀਆਂ ਦੋ ਟੋਲੀਆਂ ਵਿਚਕਾਰ ਜਿਹੜਾ ਸਾਮਰਾਜੀ ਯੁੱਧ 1914-1918 ਵਿੱਚ ਹੋਇਆ, ਸਮਾਜੀ ਅੰਧਰਾਸ਼ਟਰਵਾਦ ਬੁਨਿਆਦੀ ਕਿਸਮ ਦੀ ਮੌਕਾਪ੍ਰਸਤੀ ਸੀ, ਅਰਥਾਤ, "ਪਿੱਤਰ-ਭੂਮੀ ਦੀ ਰੱਖਿਆ", ਜਿਹੜੀ ਇੱਕ **ਅਜਿਹੇ** ਯੁੱਧ ਵਿੱਚ ਆਪਣੀ ਬੁਰਜੂਆਜ਼ੀ ਦੇ ਲੋਟੂ ਹਿੱਤਾਂ ਦੀ ਰੱਖਿਆ ਦੇ ਤੁੱਲ ਸੀ। ਯੁੱਧ ਤੋਂ ਪਿੱਛੋਂ ਡਕੈਤ "ਲੀਗ ਆਫ਼ ਨੈਸ਼ਨਜ਼"[42] ਦੀ ਹਿਮਾਇਤ ਇਨਕਲਾਬੀ ਪ੍ਰੋਲਤਾਰੀ ਅਤੇ "ਸੋਵੀਅਤ" ਲਹਿਰ ਵਿਰੁੱਧ ਆਪਣੇ ਦੇਸ਼ ਦੀ ਬੁਰਜੂਆਜ਼ੀ ਨਾਲ਼ ਸਿੱਧਾ ਜਾਂ ਅਣ-ਸਿੱਧਾ ਏਕਾ ਅਤੇ "ਸੋਵੀਅਤ ਸੱਤ੍ਹਾ" ਦੇ ਮੁਕਾਬਲੇ ਉੱਤੇ ਬੁਰਜੂਆ ਜਮਹੂਰੀਅਤ ਅਤੇ ਬੁਰਜੂਆ ਪਾਰਲੀਮਾਨੀਵਾਦ ਦੀ ਰੱਖਿਆ; ਉਹ ਅਸਹਿ-ਯੋਗ ਅਤੇ ਵਿਸਾਹਘਾਤਕ ਸਮਝੌਤੇ ਬਣ ਗਏ ਜਿਹੜੇ ਰਲ਼ ਕੇ ਉਹ ਮੌਕਾ ਪ੍ਰਸਤੀ ਬਣਦੇ ਹਨ ਜੋ ਇਨਕਲਾਬੀ ਪ੍ਰੋਲਤਾਰੀ ਅਤੇ ਇਹਦੇ ਆਸ਼ੇ ਲਈ ਮਾਰੂ ਹੈ।

ਜਰਮਨ ਖੱਬੇ-ਪੱਖੀ ਆਪਣੇ ਫ਼ਰੈਂਕਫੋਰਟ ਦੇ ਪੈਂਫਲਟ ਵਿੱਚ ਲਿਖਦੇ ਹਨ:

> "...ਦੂਜੀਆਂ ਪਾਰਟੀਆਂ ਨਾਲ਼ ਸਭੇ ਸਮਝੌਤੇ, ਚਾਲਬਾਜੀਆਂ ਅਤੇ ਸਮਝੌਤਿਆਂ ਦੀ ਕੋਈ ਵੀ ਨੀਤੀ ਸਖ਼ਤੀ ਨਾਲ ਰੱਦ ਕੀਤੀ ਜਾਣੀ ਚਾਹੀਦੀ

---

⇒ ਪਕੀ ਤਰ੍ਹਾਂ ਜਮਾਂ ਨਹੀਂ ਲਿਆ ਅਤੇ ਖ਼ੁਦ ਆਪਣੀ ਨੀਂਹ ਉੱਤੇ ਖੜ੍ਹਾ ਨਹੀਂ ਹੋ ਜਾਂਦਾ ਅਟੱਲ ਤੌਰ 'ਤੇ **ਹੋਣਗੇ**, ਜਿਹੜੇ ਸੁਤੰਤਰ ਤੌਰ 'ਤੇ **ਨਾ** ਸੋਚਦੇ ਹਨ ਅਤੇ ਨਾ ਸੋਚ ਸਕਦੇ ਹਨ। ਜੇ ਅਜਿਹਾ ਨਾ ਹੁੰਦਾ ਤਾਂ ਸਰਮਾਏਦਾਰੀ ਆਮ ਜਨਤਾ 'ਤੇ ਜ਼ਬਰ ਕਰਨ ਵਾਲ਼ੀ ਉਹ ਸ਼ਕਤੀ ਨਾ ਹੁੰਦੀ ਜਿਹੜੀ ਇਹ ਅੱਜ ਹੈ।

ਹੈ।"

ਇਹ ਬੜੀ ਅਜੀਬ ਗੱਲ ਹੈ ਕਿ ਅਜਿਹੇ ਵਿਚਾਰ ਰੱਖਣ ਦੇ ਬਾਵਜੂਦ ਉਹ ਬਾਲਸ਼ਵਿਕਵਾਦ ਦੀ ਜ਼ੋਰਦਾਰ ਨਿੰਦਿਆ ਨਹੀਂ ਕਰਦੇ! ਅਖ਼ੀਰ ਜਰਮਨ ਖੱਬੇ-ਪੱਖੀਆਂ ਨੂੰ ਇਸ ਗੱਲ ਦਾ ਤਾਂ ਪਤਾ ਹੀ ਹੋਵੇਗਾ ਕਿ ਅਕਤੂਬਰ ਇਨਕਲਾਬ ਤੋਂ ਪਹਿਲਾਂ ਵੀ ਅਤੇ ਪਿੱਛੋਂ ਵੀ, ਬਾਲਸ਼ਵਿਕਵਾਦ ਦਾ ਸਾਰਾ ਇਤਿਹਾਸ ਦਾਅ-ਪੇਚਾਂ ਵਿਚ ਤਬਦੀਲੀ, ਸੁਲਹ-ਸਫ਼ਾਈ ਦੇ ਦਾਅ-ਪੇਚਾਂ ਅਤੇ ਬੁਰਜੂਆ ਪਾਰਟੀਆਂ ਅਤੇ ਹੋਰਨਾਂ ਪਾਰਟੀਆਂ ਨਾਲ਼ ਸਮਝੌਤਿਆਂ ਨਾਲ਼ **ਭਰਿਆ ਹੋਇਆ ਹੈ।**

ਕੌਮਾਂਤਰੀ ਬੁਰਜੂਆਜ਼ੀ ਦਾ ਤਖ਼ਤਾ ਉਲਟਣ ਲਈ ਯੁੱਧ ਚਲਾਉਣਾ, ਇੱਕ ਅਜਿਹਾ ਯੁੱਧ ਜਿਹੜਾ ਰਿਆਸਤਾਂ ਵਿਚਕਾਰ ਹੋਣ ਵਾਲ਼ੇ ਸਖ਼ਤ ਤੋਂ ਸਖ਼ਤ ਸਧਾਰਨ ਯੁੱਧ ਨਾਲ਼ੋਂ ਲੰਮੇਰਾ ਅਤੇ ਵਧੇਰੇ ਪੇਚਦਾਰ ਹੈ ਅਤੇ ਪਹਿਲਾਂ ਤੋਂ ਦਾਅ-ਪੇਚਾਂ ਦੀ ਕਿਸੇ ਤਬਦੀਲੀ ਤੋਂ ਇਨਕਾਰ ਕਰ ਦੇਣਾ, ਆਪਣੇ ਦੁਸ਼ਮਣਾਂ ਵਿਚਕਾਰ ਹਿੱਤਾਂ ਦੇ ਟਕਰਾਅ ਨੂੰ (ਭਾਵੇਂ ਉਹ ਕਿੰਨਾਂ ਅਸਥਾਈ ਕਿਉਂ ਨਾ ਹੋਵੇ) ਵਰਤਣੋਂ ਇਨਕਾਰ ਕਰ ਦੇਣਾ, ਆਪਣੇ ਇਤਿਹਾਦੀਆਂ ਨਾਲ਼ (ਭਾਵੇਂ ਉਹ ਅਸਥਾਈ, ਅਸਥਿਰ, ਡਾਵਾਂ-ਡੋਲ ਅਤੇ ਸ਼ਰਤਾਂ ਨਾਲ਼ ਬਣਨ ਵਾਲ਼ੇ ਇਤਿਹਾਦੀ ਹੋਣ) ਕਿਸੇ ਸੁਲਹ ਜਾਂ ਸਮਝੌਤੇ ਤੋਂ ਇਨਕਾਰ ਕਰ ਦੇਣਾ; ਕੀ ਇਹ ਹੱਦੋਂ ਵੱਧ ਵਾਹਿਆਤੀ ਨਹੀਂ? ਕੀ ਇਹ ਅਜਿਹੇ ਪਰਬਤ ਦੇ ਚੜ੍ਹਨ ਵਾਂਗ ਨਹੀਂ ਜਿਸ ਉੱਤੇ ਅੱਜ ਤੱਕ ਕੋਈ ਨਾ ਚੜ੍ਹਿਆ ਹੋਵੇ ਅਤੇ ਜਿਹੜਾ ਅਜੇ ਤੱਕ ਮਨੁੱਖ ਦੀ ਪਹੁੰਚ ਤੋਂ ਬਾਹਰ ਰਿਹਾ ਹੋਵੇ, ਪਰ ਪਹਿਲਾਂ ਤੋਂ ਹੀ ਐਲਾਨ ਕਰ ਦਿਤਾ ਜਾਵੇ ਕਿ ਅਸੀਂ ਕਦੇ ਵੀ ਵਿੰਗੇ ਟੇਢੇ ਰਾਹ 'ਤੇ ਨਹੀਂ ਚੱਲਾਂਗੇ, ਕਦੇ ਪਿੱਛੇ ਨਹੀਂ ਹਟਾਂਗੇ ਅਤੇ ਕਦੇ ਅਜਿਹਾ ਨਹੀਂ ਕਰਾਂਗੇ ਕਿ ਪਹਿਲੋਂ ਮਿੱਥਿਆ ਰਾਹ ਛੱਡ ਦਈਏ ਅਤੇ ਹੋਰ ਰਾਹਾਂ ਨੂੰ ਅਜ਼ਮਾਈਏ? ਅਤੇ ਇਹਦੇ ਬਾਵਜੂਦ ਹਾਲੈਂਡ ਦੀ ਕਮਿਊਨਿਸਟ ਪਾਰਟੀ ਦੇ ਕੁਝ ਮੈਂਬਰਾਂ ਨੇ — ਭਾਵੇਂ ਸਿੱਧੇ ਭਾਵੇਂ ਅਣ-ਸਿੱਧੇ ਢੰਗ ਨਾਲ਼, ਖੁੱਲ੍ਹ ਕੇ ਜਾਂ ਚੋਰੀ ਛੁਪੇ, ਪੂਰੀ ਜਾਂ ਜੁਜ਼ਵੀ ਤਰ੍ਹਾਂ — ਅਜਿਹੇ ਕੱਚ-ਘਰੜ ਅਤੇ ਨਾਤਜ਼ਰਬੇਕਾਰ ਲੋਕਾਂ ਦੀ (ਜੇ ਇਸ ਗੱਲ ਦਾ ਕਾਰਨ ਜਵਾਨੀ ਹੀ ਹੁੰਦਾ ਤਾਂ ਏਨੀ ਮਾੜੀ ਗੱਲ ਨਹੀਂ ਸੀ, ਕੁਝ ਸਮੇਂ ਤੱਕ ਅਜਿਹੀਆਂ ਯੱਭਲਾਂ ਮਾਰਨ ਦਾ ਹੱਕ ਤਾਂ ਨੌਜਵਾਨਾਂ ਨੂੰ ਰੱਬ ਨੇ ਦਿੱਤਾ ਹੋਇਆ ਹੈ) ਹਮਾਇਤ ਕੀਤੀ।

ਕਿਸੇ ਦੇਸ਼ ਵਿੱਚ ਪ੍ਰੋਲਤਾਰੀ ਦੇ ਪਹਿਲੇ ਸੋਸ਼ਲਿਸਟ ਇਨਕਲਾਬ ਅਤੇ ਬੁਰਜੂਆਜ਼ੀ ਦਾ ਤਖਤਾ ਉਲਟਣ ਤੋਂ ਪਿੱਛੋਂ ਉਸ ਦੇਸ ਦਾ ਪ੍ਰੋਲਤਾਰੀ **ਲੰਮੇ ਸਮੇਂ ਤੱਕ** ਬੁਰਜੂਆਜ਼ੀ ਦੇ ਮੁਕਾਬਲੇ 'ਤੇ **ਕਮਜ਼ੋਰ** ਰਹਿੰਦਾ ਹੈ, ਕਿਉਂਕਿ ਬੁਰਜੂਆਜ਼ੀ ਦੇ ਵਿਸ਼ਾਲ ਕੌਮਾਂਤਰੀ ਸਬੰਧ ਹੁੰਦੇ ਹਨ ਅਤੇ ਇਸ ਲਈ ਵੀ ਕਿ ਜਿਸ ਦੇਸ਼ ਵਿੱਚ ਬੁਰਜੂਆਜ਼ੀ ਦਾ ਤਖ਼ਤਾ ਉਲਟ ਦਿੱਤਾ ਗਿਆ ਹੋਵੇ, ਉਸ ਤੋਂ ਛੋਟੀ ਪੱਧਰ ਉੱਤੇ ਵਸਤੂਆਂ ਦੀ ਉਪਜ ਕਰਨ ਵਾਲ਼ੇ ਸਰਮਾਏਦਾਰੀ ਅਤੇ ਬੁਰਜੂਆਜ਼ੀ ਨੂੰ ਆਪਮੁਹਾਰੇ ਅਤੇ ਲਗਾਤਾਰ ਬਹਾਲ ਅਤੇ ਸੁਰਜੀਤ ਕਰਦੇ ਰਹਿੰਦੇ ਹਨ। ਪੂਰਨ ਯਤਨ ਕਰਕੇ ਅਤੇ ਆਪਣੇ ਦੁਸ਼ਮਣਾਂ ਵਿਚਕਾਰ ਨਿੱਕੇ ਤੋਂ ਨਿੱਕੇ ਪਾੜ ਨੂੰ, ਵੱਖ ਵੱਖ ਦੇਸ਼ਾਂ ਦੀ ਬੁਰਜੂਆਜ਼ੀ ਅਤੇ ਵੱਖ ਵੱਖ ਦੇਸ਼ਾਂ ਅੰਦਰ ਬੁਰਜੂਆਜ਼ੀ ਦੀਆਂ ਵੱਖ ਵੱਖ

ਟੋਲੀਆਂ ਅਤੇ ਕਿਸਮਾਂ ਵਿਚਕਾਰ ਹਿੱਤਾਂ ਦੇ ਹਰ ਵਿਰੋਧ ਨੂੰ ਪੂਰੀ ਤੋਂ ਪੂਰੀ ਤਰ੍ਹਾਂ, ਧਿਆਨ, ਹੁਸ਼ਿਆਰੀ ਅਤੇ ਚੁਸਤੀ ਨਾਲ਼ ਅਤੇ **ਲਾਜ਼ਮੀ ਤੌਰ 'ਤੇ** ਵਰਤ ਕੇ ਅਤੇ ਇਹਦੇ ਨਾਲ਼ ਹੀ ਨਾਲ਼ ਜਨਤਕ ਪੱਧਰ ਦੇ ਇਤਿਹਾਦੀ, ਭਾਵੇਂ ਉਹ ਇਤਿਹਾਦੀ ਕਿੰਨਾ ਅਸਥਾਈ, ਅਸਥਿਰ, ਡਾਵਾਂ-ਡੋਲ ਅਤੇ ਸ਼ਰਤਾਂ ਨਾਲ਼ ਬਣਨ ਵਾਲ਼ਾ ਇਤਿਹਾਦੀ ਕਿਉਂ ਨਾ ਹੋਵੇ, ਜਿੱਤਣ ਦੇ ਹਰ ਇੱਕ, ਇੱਥੋਂ ਤੱਕ ਕਿ ਨਿੱਕੇ ਤੋਂ ਨਿੱਕੇ ਅਵਸਰ ਦਾ ਲਾਭ ਉਠਾ ਕੇ ਹੀ ਅਤਿਅੰਤ ਬਲਵਾਨ ਦੁਸ਼ਮਣ ਨੂੰ ਹਰਾਇਆ ਜਾ ਸਕਦਾ ਹੈ। ਜਿਹੜੇ ਇਹ ਗੱਲ ਨਹੀਂ ਸਮਝਦੇ ਉਹ **ਆਮ ਤੌਰ 'ਤੇ** ਮਾਰਕਸਵਾਦ, ਨਵੀਨ ਵਿਗਿਆਨਕ ਸੋਸ਼ਲਿਜ਼ਮ ਨੂੰ ਰੰਚਕ ਮਾਤਰ ਵੀ ਨਹੀਂ ਸਮਝਦੇ। ਜਿਨ੍ਹਾਂ ਲੋਕਾਂ ਨੇ **ਅਮਲ ਵਿੱਚ**, ਚੋਖੇ ਲੰਮੇ ਸਮੇਂ ਤੱਕ ਅਤੇ ਕਾਫ਼ੀ ਵੱਖ ਵੱਖ ਕਿਸਮ ਦੀਆਂ ਰਾਜਸੀ ਪ੍ਰਸਥਿਤੀਆਂ ਵਿਚ ਇਹ ਸੱਚ ਲਾਗੂ ਕਰਨ ਦੀ ਯੋਗਤਾ ਨੂੰ ਆਪਣੇ ਕੰਮਾਂ ਰਾਹੀਂ ਸਾਬਤ ਨਹੀਂ ਕਰ ਦਿੱਤਾ, ਉਹਨਾਂ ਅਜੇ ਸਮੁੱਚੀ ਮਿਹਨਤਕਸ਼ ਜਨਤਾ ਨੂੰ ਲੋਟੂਆਂ ਤੋਂ ਮੁਕਤ ਕਰਾਉਣ ਦੇ ਉਹਦੇ ਘੋਲ਼ ਵਿੱਚ ਇਨਕਲਾਬੀ ਸ਼੍ਰੇਣੀ ਦੀ ਸਹਾਇਤਾ ਕਰਨਾ ਨਹੀਂ ਸਿੱਖਿਆ। ਅਤੇ ਇਹ ਗੱਲ ਪ੍ਰੋਲਤਾਰੀ ਦੇ ਸੱਤ੍ਹਾ ਜਿੱਤ ਲੈਣ **ਤੋਂ ਪਹਿਲਾਂ** ਅਤੇ **ਪਿੱਛੋਂ** ਦੁਹਾਂ ਸਮਿਆਂ 'ਤੇ ਲਾਗੂ ਹੁੰਦੀ ਹੈ।

ਮਾਰਕਸ ਅਤੇ ਏਂਗਲਜ਼[43] ਨੇ ਕਿਹਾ ਸੀ, ਸਾਡਾ ਸਿਧਾਂਤ ਕੋਈ ਅਣਬਦਲਵਾਂ ਮੱਤ ਨਹੀਂ ਸਗੋਂ **ਅਮਲ ਲਈ ਰਾਹਨੁਮਾ** ਹੈ। ਕਾਰਲ ਕਾਊਟਸਕੀ, ਓਟੋ ਬਾਉਏਰ ਆਦਿ ਜਿਹੇ "ਨਿਰੋਲ" ਮਾਰਕਸਵਾਦੀਆਂ ਦੀ ਸਭ ਤੋਂ ਵੱਡੀ ਗ਼ਲਤੀ, ਸਭ ਤੋਂ ਵੱਡਾ ਜੁਰਮ ਇਹ ਹੈ, ਕਿ ਉਹ ਇਹ ਗੱਲ ਨਾ ਸਮਝ ਸਕੇ ਅਤੇ ਪ੍ਰੋਲਤਾਰੀ ਇਨਕਲਾਬ ਦੇ ਨਾਜ਼ਕ ਅਵਸਰਾਂ ਤੇ ਇਸ ਉੱਤੇ ਅਮਲ ਨਹੀਂ ਕਰ ਸਕੇ। "ਰਾਜਸੀ ਸਰਗਰਮੀ ਨੇਵਸਕੀ ਪ੍ਰਾਸਪੈਕਟ ਦੀ ਪੱਟੜੀ ਵਾਂਗ ਨਹੀਂ" (ਨੇਵਸਕੀ ਪ੍ਰਾਸਪੈਕਟ ਸੈਂਟ ਪੀਟਰਜ਼ਬਰਗ ਦੀ ਮੁੱਖ, ਇੱਕ ਦਮ ਸਿੱਧੀ ਸੜਕ ਹੈ, ਜਿਸਦੀ ਪੱਟੜੀ ਬੜੀ ਸਪਾਟ, ਚੌੜੀ ਅਤੇ ਪੱਧਰੀ ਹੈ), ਮਾਰਕਸ ਦੇ ਯੁੱਗ ਤੋਂ ਪਹਿਲਾਂ ਦਾ ਮਹਾਨ ਰੂਸੀ ਸੋਸ਼ਲਿਸਟ ਨ. ਗ. ਚੇਰਨੀਸ਼ੇਵਸਕੀ[44] ਕਿਹਾ ਕਰਦੇ ਸੀ। ਚੇਰਨੀਸ਼ੇਵਸਕੀ ਦੇ ਸਮੇਂ ਤੋਂ ਪਿੱਛੋਂ ਇਸ ਸੱਚਾਈ ਨੂੰ ਅੱਖੋਂ ਓਹਲੇ ਕਰ ਦੇਣ ਕਾਰਨ ਰੂਸੀ ਇਨਕਲਾਬੀਆਂ ਨੂੰ ਅਣਗਿਣਤ ਕੁਰਬਾਨੀਆਂ ਦੇਣੀਆਂ ਪਈਆਂ। ਇਹ ਲਾਜ਼ਮੀ ਹੈ ਕਿ ਅਸੀਂ ਪੂਰਾ ਯਤਨ ਕਰੀਏ ਕਿ ਖੱਬੇ-ਪੱਖੀ ਕਮਿਊਨਿਸਟ ਅਤੇ ਪੱਛਮੀ-ਯੂਰਪ ਅਤੇ ਅਮਰੀਕਾ ਦੇ ਕਿਰਤੀ ਸ਼੍ਰੇਣੀ ਦੇ ਵਫ਼ਾਦਾਰ ਇਨਕਲਾਬੀਆਂ ਨੂੰ ਇਹ ਸੱਚਾਈ ਜਾਣਨ ਲਈ **ਏਨੀ ਵੱਡੀ ਕੀਮਤ** ਨਾ ਦੇਣੀ ਪਵੇ।

ਜ਼ਾਰਸ਼ਾਹੀ ਦਾ ਤਖ਼ਤਾ ਉਲਟੇ ਜਾਣ ਤੋਂ ਪਹਿਲਾਂ ਰੂਸੀ ਇਨਕਲਾਬੀ ਸੋਸ਼ਲ-ਡੈਮੋਕਰੈਟਾਂ ਨੇ ਘੜੀ ਮੁੜੀ ਬੁਰਜੂਆ ਉਦਾਰ-ਪੰਥੀਆਂ ਦੀਆਂ ਸੇਵਾਵਾਂ ਵਰਤੀਆਂ ਅਰਥਾਤ ਉਹਨਾਂ ਨਾਲ਼ ਅਨੇਕ ਅਮਲੀ ਸਮਝੌਤੇ ਕੀਤੇ। 1901-1902 ਵਿੱਚ, ਬਾਲਸ਼ਵਿਕਵਾਦ ਤੋਂ ਪਹਿਲਾਂ, "ਇਸਕਰਾ" ਦੇ ਪੁਰਾਣੇ ਸੰਪਾਦਕੀ ਮੰਡਲ ਨੇ (ਜਿਸ ਵਿੱਚ ਪਲੈਖਾਨੋਵ, ਐਕਸਲਰੋਦ, ਜ਼ਾਸੂਲਿਚ, ਮਾਰਤੋਵ, ਪੋਤਰੇਸੋਵ ਅਤੇ ਮੈਂ ਸ਼ਾਮਲ ਸਾਂ), ਬੁਰਜੂਆ ਉਦਾਰਪੰਥੀਆਂ ਦੇ ਰਾਜਸੀ ਲੀਡਰ ਸਤਰੂਵੇ ਨਾਲ਼ ਇੱਕ ਬਕਾਇਦਾ ਰਾਜਸੀ ਸਮਝੌਤਾ ਕੀਤਾ (ਇਹ ਠੀਕ ਹੈ

ਕਿ ਇਹ ਬਹੁਤ ਦਿਨ ਨਾ ਚੱਲਿਆ), ਪਰ ਇਹਦੇ ਨਾਲ਼ ਹੀ ਨਾਲ਼ ਅਸੀਂ ਬੁਰਜੂਆ ਉਦਾਰ-ਪੰਥੀਵਾਦ ਵਿਰੁੱਧ ਅਤੇ ਕਿਰਤੀ-ਸ਼੍ਰੇਣੀ ਲਹਿਰ ਵਿੱਚ ਇਹਦੇ ਅਸਰ ਦੇ ਨਿੱਕੇ ਤੋਂ ਨਿੱਕੇ ਪ੍ਰਗਟਾਅ ਵਿਰੁੱਧ ਨਿਰੰਤਰ ਅਤੇ ਅਤਿ ਬੇਕਿਰਕ ਵਿਚਾਰਧਾਰਕ ਅਤੇ ਰਾਜਸੀ ਘੋਲ਼ ਚਲਾਉਂਦੇ ਰਹੇ। ਬਾਲਸ਼ਵਿਕ ਸਦਾ ਇਸ ਨੀਤੀ ਉੱਤੇ ਚੱਲਦੇ ਰਹੇ ਹਨ। 1905 ਤੋਂ ਉਹ ਬਾਕਾਇਦਾ ਉਦਾਰਪੰਥੀ ਬੁਰਜੂਆਜ਼ੀ ਅਤੇ ਜ਼ਾਰਸ਼ਾਹੀ ਵਿਰੁੱਧ ਕਿਰਤੀ-ਸ਼੍ਰੇਣੀ ਅਤੇ ਕਿਸਾਨੀ ਦੇ ਏਕੇ ਦੀ ਹਮਾਇਤ ਕਰਦੇ ਆਏ ਹਨ, ਪਰ ਅਜਿਹਾ ਕਰਦੇ ਹੋਏ ਉਹਨਾਂ ਕਦੇ ਜ਼ਾਰਸ਼ਾਹੀ ਵਿਰੁੱਧ ਬੁਰਜੂਆਜ਼ੀ ਦੀ ਹਮਾਇਤ ਕਰਨੋਂ ਇਨਕਾਰ ਨਹੀਂ ਕੀਤਾ (ਮਿਸਾਲ ਵਜੋਂ ਚੋਣਾਂ ਦੇ ਦੂਜੇ ਦੌਰ ਵਿੱਚ ਜਾਂ ਦੂਜ ਵਾਰ ਪਰਚੀਆਂ ਪਾਏ ਜਾਣ ਦੇ ਸਮੇਂ), ਨਾ ਹੀ ਉਹਨਾਂ ਸੋਸ਼ਲਿਸਟ-ਇਨਕਲਾਬੀਆਂ, ਬੁਰਜੂਆ-ਇਨਕਲਾਬੀ ਕਿਸਾਨ ਪਾਰਟੀ, ਵਿਰੁੱਧ ਬੇਕਿਰਕ ਸਿਧਾਂਤਕ ਅਤੇ ਰਾਜਸੀ ਘੋਲ਼ ਲੜਨਾ ਬੰਦ ਕੀਤਾ ਅਤੇ ਅਜਿਹੇ ਨਿੱਕ-ਬੁਰਜੂਆ ਜਮਹੂਰੀਅਤ ਪਸੰਦਾਂ ਵਜੋਂ ਉਹਨਾਂ ਦਾ ਪਰਦਾ ਉਘੇੜਦੇ ਰਹੇ ਜਿਹੜੇ ਆਪਣੇ ਆਪ ਨੂੰ ਝੂਠ ਮੂਠ ਇਨਕਲਾਬੀ ਕਹਿੰਦੇ ਹਨ। 1907 ਦੀਆਂ ਦੂਮਾਂ ਦੀਆਂ ਚੋਣਾਂ ਵਿੱਚ ਬਾਲਸ਼ਵਿਕਾਂ ਨੇ ਥੋੜ੍ਹੇ ਜਿਹੇ ਸਮੇਂ ਲਈ ਸੋਸ਼ਲਿਸਟ-ਇਨਕਲਾਬੀਆਂ ਨਾਲ਼ ਰਸਮੀ ਤੌਰ ’ਤੇ ਇੱਕ ਰਾਜਸੀ ਮੋਰਚਾ ਬਣਾਇਆ। 1903 ਅਤੇ 1912 ਦੇ ਵਿਚਕਾਰਲੇ ਸਮੇਂ ਦੋ ਵਰ੍ਹਿਆਂ ਵਿੱਚ ਕਈ ਅਜਿਹੇ ਦੌਰ ਆਏ ਜਦੋਂ ਅਸੀਂ ਰਸਮੀ ਤੌਰ ’ਤੇ ਇੱਕੋ ਸੋਸ਼ਲ-ਡੈਮੋਕਰੈਟਕ ਪਾਰਟੀ ਵਿੱਚ ਮੈਨਸ਼ਵਿਕਾਂ ਨਾਲ਼ ਇੱਕਮੁੱਠ ਸਾਂ ਪਰ ਅਸਾਂ ਉਹਨਾਂ ਨੂੰ ਮੌਕਾ-ਪ੍ਰਸਤਾਂ ਅਤੇ ਪ੍ਰੋਲਤਾਰੀ ਉੱਤੇ ਬੁਰਜੂਆ ਅਸਰ ਦੇ ਸਾਧਨ ਸਮਝਦੇ ਹੋਏ ਉਹਨਾਂ ਵਿਰੁੱਧ ਆਪਣਾ ਵਿਚਾਰਧਾਰਕ ਅਤੇ ਰਾਜਸੀ ਘੋਲ਼ ਕਦੇ ਬੰਦ ਨਾ ਕੀਤਾ। ਯੁੱਧ ਦੇ ਦਿਨਾਂ ਵਿੱਚ ਅਸਾਂ ਕਾਊਟਸਕੀਵਾਦੀਆਂ, ਖੱਬ-ਪੱਖੀ ਮੈਨਸ਼ਵਿਕਾਂ (ਮਾਰਤੋਵ) ਅਤੇ ਸੋਸ਼ਲਿਸ਼ਟ-ਇਨਕਲਾਬੀਆਂ ਦੇ ਇੱਕ ਹਿੱਸੇ (ਚੇਰਨੋਵ ਅਤੇ ਨਤਾਨਸਨ) ਨਾਲ਼ ਕੁਝ ਸਮਝੌਤੇ ਕੀਤੇ; ਅਸੀਂ ਜ਼ਿੱਮਰਵਾਲਡ ਅਤੇ ਕਿਨਥਾਲ[45] ਵਿਖੇ ਉਹਨਾਂ ਨਾਲ਼ ਸਾਂ ਅਤੇ ਸਾਂਝੇ ਮੈਨੀਫ਼ੈਸਟੋ ਜਾਰੀ ਕੀਤੇ। ਪਰ ਅਸਾਂ ਕਦੇ ਵੀ ਕਾਊਟਸਕੀਵਾਦੀਆਂ, ਮਾਰਤੋਵ ਅਤੇ ਚੇਰਨੋਵ ਵਿਰੁੱਧ ਆਪਣਾ ਵਿਚਾਰਧਾਰਕ ਅਤੇ ਰਾਜਸੀ ਘੋਲ਼ ਬੰਦ ਨਾ ਕੀਤਾ ਅਤੇ ਮੱਧਮ ਨਾ ਪੈਣ ਦਿੱਤਾ (ਜਦੋਂ 1919 ਵਿੱਚ ਨਤਾਨਸਨ ਦੀ ਮੌਤ ਹੋਈ ਤਾਂ ਇੱਕ “ਇਨਕਲਾਬੀ ਕਮਿਊਨਿਸਟ” -ਨਰੋਦਨਿਕ[46] ਵਜੋਂ ਉਹ ਸਾਡੇ ਨੇੜੇ ਅਤੇ ਲਗਭਗ ਸਾਡੇ ਨਾਲ਼ ਸਹਿਮਤ ਸੀ)। ਐਨ ਅਕਤੂਬਰ ਇਨਕਲਾਬ ਦੇ ਅਵਸਰ ਉੱਤੇ ਅਸਾਂ ਨਿੱਕ-ਬੁਰਜੂਆ ਕਿਸਾਨੀ ਨਾਲ਼ ਇੱਕ ਅਤਿ ਮਹੱਤਵਪੂਰਨ (ਅਤੇ ਅਤਿ ਸਫ਼ਲ) ਰਾਜਸੀ ਮੋਰਚਾ ਬਣਾਇਆ ਅਤੇ ਇਹਦੇ ਲਈ ਅਸਾਂ **ਸੋਸ਼ਲਿਸਟ-ਇਨਕਲਾਬੀਆਂ** ਦਾ ਜ਼ਮੀਨ ਸਬੰਧੀ ਕਾਰਜ-ਕ੍ਰਮ **ਪੂਰੇ ਦਾ ਪੂਰਾ**, ਇੱਕ ਵੀ ਤਬਦੀਲੀ ਕੀਤੇ ਬਿਨਾਂ, ਅਪਣਾ ਲਿਆ — ਅਰਥਾਤ ਅਸੀਂ ਕਿਸਾਨਾਂ ਨੂੰ ਇਹ ਯਕੀਨ ਦਿਵਾਉਣ ਲਈ ਕਿ ਅਸੀਂ ਉਹਨਾਂ ਨਾਲ਼ ਜ਼ਬਰਦਸਤੀ ਨਹੀਂ ਕਰਨਾ ਚਾਹੁੰਦੇ ਸਗੋਂ ਉਹਨਾਂ ਨਾਲ਼ ਸਮਝੌਤਾ ਕਰਨਾ ਚਾਹੁੰਦੇ ਹਾਂ, ਇੱਕ ਅਜਿਹਾ ਸਮਝੌਤਾ ਕੀਤਾ ਜਿਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਉਸੇ ਸਮੇਂ ਅਸਾਂ “ਖੱਬੇ-ਪੱਖੀ ਸੋਸ਼ਲਿਸਟ-ਇਨਕਲਾਬੀਆਂ”[47] ਸਾਮ੍ਹਣੇ ਹਕੂਮਤ ਵਿੱਚ ਸ਼ਮੂਲੀ ਸਮੇਤ ਇੱਕ ਰਾਜਸੀ ਮੋਰਚਾ ਕਾਇਮ ਕਰਨ ਦੀ ਤਜਵੀਜ਼

ਰੱਖੀ (ਅਤੇ ਛੇਤੀ ਹੀ ਪਿੱਛੋਂ ਇਹ ਮੋਰਚਾ ਕਾਇਮ ਕੀਤਾ), ਉਹਨਾਂ ਸੋਸ਼ਲਿਸਟ-ਇਨਕਲਾਬੀਆਂ ਨਾਲ਼ ਜਿਨ੍ਹਾਂ ਨੇ ਬ੍ਰੈਸਤ-ਲਿਤੋਵਸਕ ਸੰਧੀ ਹੋਣ ਪਿੱਛੋਂ ਇਹਨੂੰ ਤੋੜ ਦਿੱਤਾ ਅਸੀਂ 1918 ਵਿੱਚ ਹਥਿਆਰਬੰਦ ਬਗ਼ਾਵਤ ਕਰਨ ਅਤੇ ਫੇਰ ਸਾਡੇ ਵਿਰੁੱਧ ਹਥਿਆਰਬੰਦ ਘੋਲ਼ ਤੱਕ ਚਲੇ ਗਏ।

ਇਸ ਲਈ ਇਹ ਗੱਲ ਐਨ ਸਮਝ ਆਉਣ ਵਾਲ਼ੀ ਹੈ ਕਿ ਜਰਮਨੀ ਦੇ ਖੱਬ-ਪੱਖੀਆਂ ਨੇ ਨਿਰਦਲੀਆਂ (ਜਰਮਨੀ ਦੀ ਇੰਡੀਪੈਂਡੈਂਟ ਸ਼ੋਸ਼ਲ-ਡੈਮੋਕਰੇਟਕ ਪਾਰਟੀ-ਕਾਊਟਸਕੀਵਾਦੀ) ਨਾਲ਼ ਸਾਂਝਾ ਮੋਰਚਾ ਬਣਾਉਣ ਦਾ ਵਿਚਾਰ ਕਰਨ ਕਾਰਨ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਵਿਰੁੱਧ ਜਿਹੜੇ ਹਮਲੇ ਕੀਤੇ ਹਨ ਉਹ ਕਿਉਂ ਸਾਡੀ ਰਾਏ ਵਿੱਚ ਉੱਕਾ ਹੀ ਥੋਥੇ ਅਤੇ ਇਸ ਗੱਲ ਦਾ ਸਪੱਸ਼ਟ ਸਬੂਤ ਹਨ ਕਿ "ਖੱਬੇ-ਪੱਖੀ" **ਗ਼ਲਤੀ** ਉੱਤੇ ਹਨ। ਰੂਸ ਵਿੱਚ ਵੀ ਸੱਜ-ਪੱਖੀ ਮੈਨਸ਼ਵਿਕ ਸਨ (ਜੋ ਕੇਰੇਨਸਕੀ ਹਕੂਮਤ ਵਿੱਚ ਸ਼ਾਮਲ ਸਨ) ਜਿਹੜੇ ਜਰਮਨ ਸ਼ੀਦਮਾਨਾਂ ਨਾਲ਼ ਮਿਲ਼ਦੇ ਜੁਲ਼ਦੇ ਸਨ ਅਤੇ ਖੱਬ-ਪੱਖੀ ਮੈਨਸ਼ਵਿਕ ਸਨ (ਮਾਰਤੋਵ), ਜਿਹੜੇ ਕਾਊਟਸਕੀਵਾਦੀਆਂ ਜਿਹੇ ਸਨ ਅਤੇ ਜਿਹੜੇ ਸੱਜ-ਪੱਖੀ ਮੈਨਸ਼ਵਿਕਾਂ ਦੇ ਵਿਰੁੱਧ ਖੜ੍ਹੇ ਸਨ। ਕਿਰਤੀ ਜਨਤਾ ਦਾ ਹੌਲ਼ੀ ਹੌਲ਼ੀ ਮੈਨਸ਼ਵਿਕਾਂ ਤੋਂ ਬਾਲਸ਼ਵਿਕਾਂ ਵੱਲ ਆਉਣਾ 1917 ਵਿੱਚ ਸਪੱਸ਼ਟ ਤੌਰ 'ਤੇ ਵੇਖਿਆ ਜਾ ਸਕਦਾ ਸੀ। ਸੋਵੀਅਤਾਂ ਦੀ ਪਹਿਲੀ ਕੁੱਲ-ਰੂਸ ਕਾਂਗਰਸ ਵਿੱਚ, ਜੂਨ 1917 ਵਿੱਚ, ਸਾਨੂੰ ਕੇਵਲ 13 ਫ਼ੀਸਦੀ ਵੋਟ ਮਿਲੇ; ਸੋਸ਼ਲਿਸਟ ਇਨਕਲਾਬੀ ਅਤੇ ਮੈਨਸ਼ਵਿਕ ਬਹੁ-ਗਿਣਤੀ ਵਿੱਚ ਸਨ। ਸੋਵੀਅਤਾਂ ਦੀ ਦੂਜੀ ਕਾਂਗਰਸ ਵਿੱਚ (25 ਅਕਤੂਬਰ 1917, ਪੁਰਾਣੇ ਕਲੰਡਰ ਅਨੁਸਾਰ) ਸਾਨੂੰ 51 ਫ਼ੀਸਦੀ ਵੋਟ ਮਿਲੇ। ਜਰਮਨੀ ਵਿੱਚ **ਅਜਿਹਾ** ਕਿਉਂ ਹੋਇਆ ਕਿ ਮਜ਼ਦੂਰਾਂ ਵਿੱਚ **ਉਹੋ ਜਿਹੀ** ਅਤੇ **ਉੱਕਾ ਹੀ** ਸਗਵੀਂ ਸੱਜਿਉਂ ਖੱਬੇ ਵੱਲ ਤਬਦੀਲੀ ਨੇ ਫ਼ੌਰੀ ਤੌਰ 'ਤੇ ਕਮਿਊਨਿਸਟਾਂ ਨੂੰ ਮਜ਼ਬੂਤ ਨਾ ਕੀਤਾ ਸਗੋਂ ਪਹਿਲਾਂ ਵਿਚਕਾਰਲੀ ਇੰਡੀਪੈਂਡੈਂਟ ਪਾਰਟੀ ਦੀ ਸ਼ਕਤੀ ਵਧੀ ਭਾਵੇਂ ਉਹਦੇ ਆਪਣੇ ਕੋਈ ਸੁਤੰਤਰ ਰਾਜਸੀ ਵਿਚਾਰ ਜਾਂ ਸੁਤੰਤਰ ਨੀਤੀ ਨਹੀਂ ਸਨ ਸਗੋਂ ਉਹ ਸ਼ੀਦਮਾਨਾਂ ਅਤੇ ਕਮਿਊਨਿਸਟਾਂ ਵਿਚਕਾਰ ਡੱਕ-ਡੋਲੇ ਖਾਂਦੀ ਸੀ ?

ਇਹਦਾ ਇੱਕ ਕਾਰਨ ਜਰਮਨ ਕਮਿਊਨਿਸਟਾਂ ਦੇ **ਗ਼ਲਤ** ਦਾਅ-ਪੇਚ ਸਨ, ਜਿਨ੍ਹਾਂ ਨੂੰ ਨਿਡਰਤਾ ਅਤੇ ਈਮਾਨਦਾਰੀ ਨਾਲ਼ ਇਹ ਗ਼ਲਤੀ ਮੰਨਣੀ ਚਾਹੀਦੀ ਹੈ ਅਤੇ ਇਹਨੂੰ ਠੀਕ ਕਰਨਾ ਸਿੱਖਣਾ ਚਾਹੀਦਾ ਹੈ। ਉਹਨਾਂ ਦੀ ਗ਼ਲਤੀ ਇਹ ਸੀ ਕਿ ਉਹਨਾਂ ਪਿੱਛੇ-ਖਿੱਚੂ ਬੁਰਜੂਆ ਪਾਰਲੀਮੈਂਟਾਂ ਅਤੇ ਪਿੱਛੇ-ਖਿੱਚੂ ਟਰੇਡ ਯੂਨੀਅਨਾਂ ਵਿੱਚ ਹਿੱਸਾ ਲੈਣ ਦੀ ਲੋੜ ਤੋਂ ਇਨਕਾਰ ਕੀਤਾ; ਉਹਨਾਂ ਦੀ ਗ਼ਲਤੀ "ਖੱਬੇ-ਪੱਖੀ" ਬਚਗਾਨਾ ਰੋਗ ਦੀਆਂ ਬਹੁਤ ਸਾਰੀਆਂ ਨਿਸ਼ਾਨੀਆਂ ਦਾ ਪ੍ਰਗਟ ਹੋਣਾ ਸੀ, ਜਿਹੜੀਆਂ ਹੁਣ ਉੱਭਰ ਕੇ ਸਾਹਮਣੇ ਆ ਗਈਆਂ ਹਨ ਅਤੇ ਇਸੇ ਲਈ ਹੁਣ ਉਹਨਾਂ ਦਾ ਇਲਾਜ ਵਧੇਰੇ ਚੰਗੀ ਤਰ੍ਹਾਂ, ਵਧੇਰੇ ਤੇਜ਼ੀ ਨਾਲ਼ ਹੋ ਸਕੇਗਾ ਅਤੇ ਇਸ ਤੋਂ ਮਰੀਜ਼ ਨੂੰ ਵਧੇਰੇ ਲਾਭ ਹੋਵੇਗਾ।

ਜਰਮਨ "ਇੰਡੀਪੈਂਡੈਂਟ ਸੋਸ਼ਲ-ਡੈਮੋਕਰੈਟਕ ਪਾਰਟੀ" ਸਪੱਸ਼ਟ ਤੌਰ 'ਤੇ ਇੱਕਸਾਰ ਵਿਚਾਰਾਂ ਵਾਲ਼ੇ ਲੋਕਾਂ ਦੀ ਪਾਰਟੀ ਨਹੀਂ। ਪੁਰਾਣੇ ਮੌਕਾ-ਪ੍ਰਸਤ ਲੀਡਰਾਂ (ਕਾਊਟਸਕੀ,

ਹਿਲਫਰਡਿੰਗ ਅਤੇ ਜਾਪਦਾ ਹੈ ਕਾਫ਼ੀ ਹੱਦ ਤੱਕ ਕ੍ਰਿਸਪਿਨ ਅਤੇ ਲੇਡੇਬੂਰ ਅਤੇ ਹੋਰ)- ਜੋ ਸੋਵੀਅਤ ਸੱਤ੍ਹਾ ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦੀ ਮਹਤੱਤਾ ਸਮਝਣੋਂ ਅਤੇ ਪ੍ਰੋਲਤਾਰੀ ਦੇ ਇਨਕਲਾਬੀ ਘੋਲ਼ ਦੀ ਅਗਵਾਈ ਕਰਨ ਦੇ ਅਸਮਰੱਥ ਰਹੇ ਹਨ— ਦੇ ਨਾਲ਼ ਹੀ ਨਾਲ਼ ਇੱਕ ਖੱਬ-ਪੱਖੀ ਅਤੇ ਪ੍ਰੋਲਤਾਰੀ ਪੱਖ ਵੀ ਉੱਭਰਿਆ ਹੈ ਜਿਹੜਾ ਤੇਜ਼ੀ ਨਾਲ਼ ਵੱਧ ਰਿਹਾ ਹੈ। ਇਸ ਪਾਰਟੀ ਦੇ ਲੱਖਾਂ ਮੈਂਬਰ (ਮੇਰਾ ਖਿਆਲ ਹੈ ਇਹਦੇ ਮੈਂਬਰਾਂ ਦੀ ਗਿਣਤੀ ਸਾਢੇ ਸੱਤ ਲੱਖ ਹੈ) ਪ੍ਰੋਲਤਾਰੀ ਹਨ ਜਿਹੜੇ ਸ਼ੀਦਮਾਨ ਨੂੰ ਛੱਡਦੇ ਜਾ ਰਹੇ ਹਨ ਅਤੇ ਕਮਿਊਨਿਜ਼ਮ ਵੱਲ ਆ ਰਹੇ ਹਨ। ਪ੍ਰੋਲਤਾਰੀ ਪੱਖ — ਨਿਰਦਲੀਆਂ ਦੀ ਲਾਇਪਜ਼ਿਗ ਕਾਨਫ਼ਰੰਸ (1919) ਵਿੱਚ ਹੀ —ਇਹ ਤਜਵੀਜ਼ ਪੇਸ਼ ਕਰ ਚੁੱਕਾ ਹੈ ਕਿ ਫੌਰੀ ਤੌਰ ’ਤੇ ਅਤੇ ਬਿਨਾਂ ਸ਼ਰਤ ਤੀਜੀ ਇੰਟਰਨੈਸ਼ਨਲ ਵਿੱਚ ਸ਼ਾਮਲ ਹੋ ਜਾਇਆ ਜਾਵੇ। ਪਾਰਟੀ ਦੇ ਇਸ ਪੱਖ ਨਾਲ਼ “ਸਮਝੌਤੇ” ਤੋਂ ਘਬਰਾਉਣਾ ਬਿਲਕੁਲ ਵਾਹਿਯਾਤ ਗੱਲ ਹੈ। ਇਹਦੇ ਉਲਟ ਇਹ ਕਮਿਊਨਿਸਟਾਂ ਦਾ **ਫ਼ਰਜ** ਹੈ ਕਿ ਉਹ ਉਹਨਾਂ ਨਾਲ਼ ਸਮਝੌਤੇ ਦੇ ਯੋਗ ਰੂਪ ਭਾਲਣ ਅਤੇ **ਲੱਭ ਲੈਣ**, ਜਿਸ ਸਮਝੌਤੇ ਰਾਹੀਂ ਇੱਕ ਹੱਥ ਤਾਂ ਇਸ ਪੱਖ ਨਾਲ ਪੂਰੀ ਤਰ੍ਹਾਂ ਮਿਲ ਜਾਣ ਵਿੱਚ ਸਹਾਇਤਾ ਮਿਲੇ ਅਤੇ ਦੂਜੇ ਹੱਥ ਨਿਰਦਲੀਆਂ ਦੇ ਸੱਜੇ ਪੱਖ ਵਿਰੁੱਧ ਸਿਧਾਂਤਕ ਅਤੇ ਰਾਜਸੀ ਘੋਲ਼ ਵਿੱਚ ਕਮਿਊਨਿਸਟਾਂ ਦੇ ਰਾਹ ਵਿੱਚ ਕੋਈ ਅੜਚਨ ਨਾ ਪਵੇ। ਅਜਿਹੇ ਸਮਝੌਤੇ ਦਾ ਕੋਈ ਯੋਗ ਰੂਪ ਲੱਭ ਲੈਣਾ ਸ਼ੈਦ ਸੌਖਾ ਕੰਮ ਨਹੀਂ ਹੋਵੇਗਾ — ਪਰ ਕੋਈ ਪਖੰਡੀ ਹੀ ਇਹ ਦਾਅਵਾ ਕਰ ਸਕਦਾ ਹੈ ਕਿ ਜਰਮਨ ਕਿਰਤੀ ਅਤੇ ਜਰਮਨ ਕਮਿਊਨਿਸਟ “ਸੌਖੇ” ਹੀ ਜਿੱਤ ਤੱਕ ਅੱਪੜ ਜਾਣਗੇ।

ਸਰਮਾਏਦਾਰੀ ਸਰਮਾਏਦਾਰੀ ਨਾ ਰਹੇ ਜੇ “ਸ਼ੁੱਧ” ਕਿਰਤੀ ਸ਼੍ਰੇਣੀ ਚਾਰੇ ਪਾਸਿਉਂ ਪ੍ਰੋਲਤਾਰੀ ਅਤੇ (ਕੁਝ ਹੱਦ ਤੱਕ ਆਪਣੀ ਕਿਰਤ ਵੇਚ ਕੇ ਰੁਜ਼ਗਾਰ ਕਮਾਉਣ ਵਾਲ਼ੇ) ਅਰਧ-ਪ੍ਰੋਲਤਾਰੀ ਦੇ ਵਿਚਕਾਰਲੇ ਲੋਕਾਂ ਨਾਲ਼ ਅਰਧ-ਕਿਰਤੀਆਂ ਅਤੇ ਨਿੱਕੇ ਕਿਸਾਨਾਂ (ਅਤੇ ਛੋਟੇ ਦਸਤਕਾਰਾਂ, ਕਾਰੀਗਰਾਂ ਅਤੇ ਆਮ ਤੌਰ ’ਤੇ ਛੋਟੇ ਮਾਲਕਾਂ) ਦੇ ਵਿਚਕਾਰਲੇ ਲੋਕਾਂ ਨਾਲ਼, ਛੋਟੇ ਕਿਸਾਨਾਂ ਅਤੇ ਦਰਮਿਆਨੇ ਕਿਸਾਨਾਂ ਦੇ ਵਿਚਕਾਰਲੇ ਲੋਕਾਂ ਨਾਲ਼ ਅਤੇ ਹੋਰ ਅਨੇਕ ਕਿਸਮ ਦੇ ਰੰਗ-ਬਰੰਗੇ ਲੋਕਾਂ ਨਾਲ਼ ਨਾ ਘਿਰਿਆ ਹੋਵੇ ਅਤੇ ਜੇ ਖ਼ੁਦ ਪ੍ਰੋਲਤਾਰੀ ਵੱਧ ਉੱਨਤ ਅਤੇ ਘੱਟ ਉੱਨਤ ਪਰਤਾਂ ਵਿੱਚ ਨਾ ਵੰਡਿਆਂ ਹੋਵੇ, ਜੇ ਇਹ ਇਲਾਕਾਈ ਆਦਿ, ਕਿੱਤਿਆਂ ਅਤੇ ਕਦੇ ਕਦੇ ਧਰਮ, ਆਦਿ ਦੇ ਅਧਾਰ ਉੱਤੇ ਨਾ ਵੰਡਿਆ ਹੋਵੇ। ਇਸ ਸਭ ਕੁਝ ਦਾ ਇਹ ਨਤੀਜਾ ਨਿਕਲ਼ਦਾ ਹੈ ਕਿ ਕਮਿਊਨਿਸਟ ਪਾਰਟੀ, ਪ੍ਰੋਲਤਾਰੀ ਦੇ ਹਰਾਵਲ ਦਸਤੇ, ਇਹਦੇ ਸ਼੍ਰੇਣੀ ਚੇਤੰਨ ਹਿੱਸੇ ਲਈ ਇਹ ਉੱਕਾ ਲਾਜ਼ਮੀ ਹੈ ਕਿ ਦਾਅ-ਪੇਚਾਂ ਵਿੱਚ ਤਬਦੀਲੀ ਦਾ, ਪ੍ਰੋਲਤਾਰੀ ਦੀਆਂ ਵੱਖ ਵੱਖ ਟੋਲੀਆਂ, ਕਿਰਤੀਆਂ ਅਤੇ ਨਿੱਕੇ ਮਾਲਕਾਂ ਦੀਆਂ ਵੱਖ ਵੱਖ ਪਾਰਟੀਆਂ ਨਾਲ਼ ਸੁਲਹ-ਸਫ਼ਾਈ ਅਤੇ ਸਮਝੌਤਿਆਂ ਦਾ ਸਹਾਰਾ ਲਵੇ। ਅਸਲ ਸਵਾਲ ਇਹ ਸਮਝਣ ਦਾ ਹੈ ਕਿ ਇਹਨਾਂ ਦਾਅ-ਪੇਚਾਂ ਨੂੰ **ਕਿਵੇਂ ਲਾਗੂ ਕੀਤਾ ਜਾਵੇ** ਕਿ ਇਸ ਨਾਲ਼ ਕਿਰਤੀ ਸ਼੍ਰੇਣੀ ਦੀ ਸ਼੍ਰੇਣੀ-ਚੇਤਨਤਾ, ਇਨਕਲਾਬੀ ਭਾਵਨਾ ਅਤੇ ਲੜਨ ਅਤੇ ਲੜ ਕੇ ਜਿੱਤਣ ਦੀ ਯੋਗਤਾ ਦੀ **ਆਮ** ਪੱਧਰ ਨੀਂਵੀ ਨਹੀਂ ਸਗੋਂ **ਉੱਚੀ** ਹੋਵੇ। ਇੱਥੇ ਇਹ ਗੱਲ ਵੀ

ਧਿਆਨ ਵਿੱਚ ਰੱਖਣ ਵਾਲ਼ੀ ਹੈ ਕਿ ਮੈਨਸ਼ਵਿਕਾਂ ਉੱਤੇ ਬਾਲਸ਼ਵਿਕਾਂ ਦੀ ਜਿੱਤ ਲਈ 1917 ਦੇ ਅਕਤੂਬਰ ਇਨਕਲਾਬ ਤੋਂ ਕੇਵਲ ਪਹਿਲਾਂ ਹੀ ਨਹੀਂ **ਸਗੋਂ ਪਿੱਛੋਂ ਵੀ** ਦਾਅ-ਪੇਚਾਂ ਵਿੱਚ ਤਬਦੀਲੀ, ਸੁਲਹ-ਸਫ਼ਾਈ ਅਤੇ ਸਮਝੌਤਿਆਂ ਦੀ ਲੋੜ ਪਈ ਪਰ ਦਾਅਪੇਚਾਂ ਦੀ ਇਹ ਤਬਦੀਲੀ ਅਤੇ ਸੁਲਹ-ਸਫ਼ਾਈ ਅਤੇ ਅਜਿਹੇ ਸਨ ਜਿਨ੍ਹਾਂ ਮੈਨਸ਼ਵਿਕਾਂ ਦੀ ਕੀਮਤ ਉੱਤੇ ਬਾਲਸ਼ਵਿਕਾਂ ਨੂੰ ਮਜ਼ਬੂਤ ਕੀਤਾ। (ਮੈਨਸ਼ਵਿਕਾਂ ਸਮੇਤ) ਨਿੱਕ-ਬੁਰਜੂਆ, ਜਮਹੂਰੀਅਤ-ਪਸੰਦ ਬੁਰਜੂਆਜ਼ੀ ਅਤੇ ਪ੍ਰੋਲਤਾਰੀ ਵਿਚਕਾਰ, ਬੁਰਜੂਆ ਜਮਹੂਰੀਅਤ ਅਤੇ ਸੋਵੀਅਤ ਪ੍ਰਣਾਲੀ ਵਿਚਕਾਰ ਸੁਧਾਰਵਾਦ ਅਤੇ ਇਨਕਲਾਬੀਪੁਣੇ ਵਿਚਕਾਰ, ਕਿਰਤੀਆਂ ਲਈ ਪਿਆਰ ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਡਰ ਵਿਚਕਾਰ ਅਟੱਲ ਤੌਰ ’ਤੇ ਡਾਵਾਂ-ਡੋਲ ਰਹੇ ਹਨ। ਕਮਿਊਨਿਸਟਾਂ ਦੇ ਠੀਕ ਦਾਅ-ਪੇਚ ਇਹ ਹੋਣੇ ਚਾਹੀਦੇ ਹਨ ਕਿ ਉਹ ਇਸ ਡੋਲਣ ਨੂੰ **ਵਰਤਣ** ਨਾ ਕਿ ਅੱਖੋਂ ਪਰੋਖਾ ਕਰ ਦੇਣ; ਇਹਨਾਂ ਨੂੰ ਵਰਤਣਾ ਇਸ ਗੱਲ ਦੀ ਮੰਗ ਕਰਦਾ ਹੈ ਕਿ ਬੁਰਜੂਆਜ਼ੀ ਵੱਲ ਰੁਖ਼ ਕਰਨ ਵਾਲ਼ੇ ਅੰਸ਼ਾਂ ਵਿਰੁੱਧ ਲੜਨ ਤੋਂ ਬਿਨਾਂ ਜਿਹੜੇ ਅੰਸ਼ ਪ੍ਰੋਲਤਾਰੀ ਵੱਲ ਰੁਖ਼ ਕਰ ਰਹੇ ਹਨ — ਜਦੋਂ ਕਦੇ ਅਤੇ ਜਿਸ ਹੱਦ ਤੱਕ ਉਹ ਅਜਿਹਾ ਰੁਖ਼ ਕਰਨ — ਉਹਨਾਂ ਨੂੰ ਰਿਐਤਾਂ ਦਿੱਤੀਆਂ ਜਾਣ। ਠੀਕ ਦਾਅ-ਪੇਚਾਂ ਉੱਤੇ ਚੱਲਣ ਸਦਕਾ ਸਾਡੇ ਦੇਸ਼ ਵਿੱਚ ਮੈਨਸ਼ਵਿਕਵਾਦ ਖੁਰਨ ਲੱਗ ਪਿਆ ਅਤੇ ਸਦਾ ਵਧੇਰੇ ਤੇਜ਼ੀ ਨਾਲ਼ ਖੁਰਦਾ ਰਿਹਾ ਹੈ, ਜਿਸ ਕਾਰਨ ਕੱਟੜ ਮੌਕਾ-ਪ੍ਰਸਤ ਲੀਡਰ ਨਿੱਖੜ ਰਹੇ ਹਨ ਅਤੇ ਨਿੱਕ-ਬੁਰਜੂਆ ਜਮਹੂਰੀਅਤ-ਪਸੰਦਾਂ ਅਤੇ ਸਰਵਉੱਤਮ ਅੰਸ਼ ਸਾਡੇ ਵੱਲ ਆ ਰਹੇ ਹਨ। ਇਹ ਇੱਕ ਲੰਮਾਂ ਅਮਲ ਹੈ ਅਤੇ ਕਾਹਲ ਨਾਲ਼ ਕੀਤੇ “ਫੈਸਲੇ” — “ਕੋਈ ਸਮਝੌਤੇ ਨਹੀਂ, ਕੋਈ ਚਾਲਾਂ ਨਹੀਂ”— ਇਨਕਲਾਬੀ ਪ੍ਰੋਲਤਾਰੀ ਦੇ ਅਸਰ ਦੇ ਮਜ਼ਬੂਤ ਹੋਣ ਅਤੇ ਇਹਦੀਆਂ ਸ਼ਕਤੀਆਂ ਦੇ ਵੱਧਣ ਨੂੰ ਨੁਕਸਾਨ ਹੀ ਪੁਚਾ ਸਕਦੇ ਹਨ।

ਅੰਤ ਵਿਚ ਜਰਮਨੀ ਦੇ “ਖੱਬੇ-ਪੱਖੀਆਂ” ਦੀ ਇੱਕ ਸਪੱਸ਼ਟ ਗ਼ਲਤੀ ਵਰਸੇਲਜ ਦੀ ਅਮਨ ਸੰਧੀ[48] ਨੂੰ ਕਬੂਲ ਕਰਨੋਂ ਉੱਕਾ ਹੀ ਇਨਕਾਰ ਹੈ। ਜਿੰਨੀ ਵੱਧ “ਗੰਭੀਰਤਾ” ਅਤੇ “ਅਡੰਬਰ” ਨਾਲ਼, ਜਿੰਨੇ ਵਧੇਰੇ “ਦ੍ਰਿੜ ਨਿਸ਼ਚੇ” ਅਤੇ ਕੱਟੜਤਾ ਨਾਲ਼ ਇਹ ਦ੍ਰਿਸ਼ਟੀਕੋਣ ਨਿਰੂਪਿਆ ਜਾਂਦਾ ਹੈ (ਜਿਹਾ ਕਿ, ਮਿਸਾਲ ਵਜੋਂ ਕ: ਹਾਰਨਰ ਨੇ ਕੀਤਾ ਹੈ), ਉਨੀ ਹੀ ਘੱਟ ਅਕਲ ਇਸ ਵਿੱਚ ਦਿੱਸਦੀ ਹੈ। ਕੌਮਾਂਤਰੀ ਪ੍ਰੋਲਤਾਰੀ ਇਨਕਲਾਬ ਦੀਆਂ ਵਰਤਮਾਨ ਪ੍ਰਸਥਿਤੀਆਂ ਵਿੱਚ ਕੇਵਲ ਏਨਾ ਹੀ ਕਾਫ਼ੀ ਨਹੀਂ ਕਿ (ਲੌਫ਼ੇਨਬਰਗ, ਆਦਿ ਦੇ) “ਕੌਮੀ ਬਾਲਸ਼ਵਿਕਵਾਦ” ਦੀਆਂ — ਜਿਹੜਾ ਇਸ ਹੱਦ ਤੱਕ ਚਲਾ ਗਿਆ ਹੈ ਕਿ ਐਨਤੇਤੇ ਵਿਰੁੱਧ ਯੁੱਧ ਲਈ ਜਰਮਨ ਸਰਮਾਏਦਾਰ ਨਾਲ਼ ਸਾਂਝਾ ਮੋਰਚਾ ਬਣਾਉਣ ਦੀ ਗੱਲ ਕਰਦਾ ਹੈ — ਬੇਥਵ੍ਹੀਆਂ ਬੇਹੂਦਗੀਆਂ ਦਾ ਖੰਡਨ ਕੀਤਾ ਜਾਵੇ। ਬੰਦੇ ਨੂੰ ਇਹ ਅਨੁਭਵ ਕਰਨਾ ਹੀ ਚਾਹੀਦਾ ਹੈ ਕਿ ਇਹ ਕਬੂਲ ਕਰਨੋਂ ਇਨਕਾਰ ਕਰਨਾ ਗ਼ਲਤ ਦਾਅ-ਪੇਚ ਹਨ ਕਿ ਸੋਵੀਅਤ ਜਰਮਨੀ ਨੂੰ (ਜੇ ਜਰਮਨ ਸੋਵੀਅਤ ਗਣ-ਰਾਜ ਛੇਤੀ ਹੀ ਹੋਂਦ ਵਿੱਚ ਆ ਜਾਵੇ) ਕੁਝ ਸਮੇਂ ਲਈ ਵਰਸੇਲਜ ਦੀ ਅਮਨ-ਸੰਧੀ ਨੂੰ ਕਬੂਲ ਕਰਨਾ ਅਤੇ ਚਲਾਉਣਾ ਪਵੇਗਾ। ਇਸ ਤੋਂ ਇਹ ਸਿੱਟਾ ਨਹੀਂ ਨਿਕਲ਼ਦਾ ਕਿ ਉਸ ਸਮੇਂ ਜਦੋਂ ਸ਼ੀਦਮਾਨ ਜਿਹੇ ਲੋਕ ਹਕੂਮਤ ਵਿੱਚ ਸਨ,

ਜਦੋਂ ਅਜੇ ਹੰਗਰੀ ਵਿੱਚ ਸੋਵੀਅਤ ਹਕੂਮਤ ਦਾ ਤਖ਼ਤਾ ਨਹੀਂ ਸੀ ਉਲਟਿਆ ਗਿਆ, ਜਦੋਂ ਅਜੇ ਇਹ ਸੰਭਵ ਸੀ ਕਿ ਵੀਆਨਾ ਵਿੱਚ ਸੋਵੀਅਤ ਇਨਕਲਾਬ ਸੋਵੀਅਤ ਹੰਗਰੀ ਦੀ ਸਹਾਇਤਾ ਕਰੇਗਾ — **ਉਹਨਾਂ ਪ੍ਰਸਥਿਤੀਆਂ ਵਿੱਚ** "ਨਿਰਦਲੀਏ" ਇਹ ਮੰਗ ਕਰਨ ਵਿੱਚ ਠੀਕ ਸਨ ਕਿ ਵਰਸੇਲਜ਼ ਦੀ ਅਮਨ-ਸੰਧੀ ਉੱਤੇ ਦਸਖ਼ਤ ਕੀਤੇ ਜਾਣ। ਉਸ ਸਮੇਂ "ਨਿਰਦਲੀਆਂ" ਬੜੇ ਭੱਦੇ ਢੰਗ ਨਾਲ਼ ਦਾਅ-ਪੇਚ ਅਤੇ ਚਾਲਾਂ ਚੱਲੀਆਂ, ਕਿਉਂਕਿ ਉਹਨਾਂ ਸ਼ੀਦਮਾਨ ਜਿਹੇ ਗ਼ੱਦਾਰਾਂ ਲਈ ਜਿਮੇਵਾਰੀ ਲਗਭਗ ਕਬੂਲ ਕਰ ਲਈ ਅਤੇ ਸ਼ੀਦਮਾਨ ਜਿਹੇ ਲੋਕਾਂ ਵਿਰੁੱਧ ਬੇਕਿਰਕ (ਅਤੇ ਬੜੇ ਠਰ੍ਹੰਮੇ ਨਾਲ਼ ਚਲਾਏ ਗਏ) ਸ਼੍ਰੇਣੀ ਘੋਲ਼ ਤੋਂ ਪਿੱਛੋਂ ਤਿਲ੍ਹਕ ਕੇ ਉਹ "ਸ਼੍ਰੇਣੀ-ਰਹਿਤ" ਜਾਂ "ਸ਼੍ਰੇਣੀ ਤੋਂ ਉੱਪਰ" ਦ੍ਰਿਸ਼ਟੀਕੋਣ ਦੀ ਹਮਾਇਤ ਕਰਨ ਤੱਕ ਡਿੱਗ ਗਏ।

ਪਰ ਇਹ ਸਪੱਸ਼ਟ ਹੈ ਕਿ ਨਿਸ਼ਚੇ ਹੀ ਅਜੋਕੀ ਪ੍ਰਸਥਿਤੀ ਵਿੱਚ ਕਮਿਊਨਿਸਟਾਂ ਨੂੰ ਇਹ ਸਾਫ਼ ਅਤੇ ਦੋ-ਟੁੱਕ ਇਕਰਾਰ ਕਰਕੇ ਕਿ ਕਮਿਊਨਿਸਟਾਂ ਦੀ ਜਿੱਤ ਦੀ ਹਾਲਤ ਵਿੱਚ ਵਰਸੇਲਜ਼ ਦੀ ਅਮਨ-ਸੰਧੀ ਰੱਦ ਕਰ ਦਿੱਤੀ ਜਾਵੇਗੀ, ਆਪਣੀ ਅਮਲ ਦੀ ਆਜ਼ਾਦੀ ਉੱਕਾ ਹੀ ਨਹੀਂ ਗਵਾਉਣੀ ਚਾਹੀਦੀ। ਇਹ, ਵਾਹਿਆਤ ਹੋਵੇਗਾ। ਉਹਨਾਂ ਨੂੰ ਕਹਿਣਾ ਚਾਹੀਦਾ ਹੈ: ਸ਼ੀਦਮਾਨਾਂ ਅਤੇ ਕਾਊਟਸਕੀਵਾਦੀਆਂ ਨੇ ਸੋਵੀਅਤ ਰੂਸ ਅਤੇ ਸੋਵੀਅਤ ਹੰਗਰੀ ਨਾਲ਼ ਏਕੇ ਦੇ ਅਵਸਰਾਂ ਵਿੱਚ ਰੁਕਾਵਟ ਪਾ ਕੇ (ਅਤੇ ਕੁਝ ਹੱਦ ਤੱਕ ਉਹਨਾਂ ਨੂੰ ਬਰਬਾਦ ਕਰਕੇ) ਗ਼ੱਦਾਰੀ ਦੇ ਕਈ ਕੰਮ ਕੀਤੇ ਹਨ। ਅਸੀਂ ਕਮਿਊਨਿਸਟ ਅਜਿਹੇ ਏਕੇ ਨੂੰ **ਸੌਖੇਰਾ ਬਣਾਉਣ** ਅਤੇ ਇਹਦੇ ਲਈ **ਰਾਹ ਪੱਧਰਾ ਕਰਨ** ਲਈ, ਹਰ ਸੰਭਵ ਯਤਨ ਕਰਾਂਗੇ। ਪਰ ਅਸੀਂ ਕਿਸੇ ਵੀ ਹਾਲਤ ਵਿੱਚ ਵਰਸੇਲਜ਼ ਦੀ ਅਮਨ-ਸੰਧੀ ਰੱਦ ਕਰਨ ਅਤੇ ਇੱਕਦਮ ਅਜਿਹਾ ਕਰਨ 'ਤੇ ਮਜ਼ਬੂਰ ਨਹੀਂ। ਇਹ ਨੂੰ ਰੱਦ ਕਰਨ ਦੀ ਸੰਭਾਵਨਾ ਜਰਮਨ ਹੀ ਨਹੀਂ, ਸੋਵੀਅਤ ਲਹਿਰ ਦੀਆਂ ਕੌਮਾਂਤਰੀ ਜਿੱਤਾਂ ਉੱਤੇ ਵੀ ਨਿਰਭਰ ਹੈ। ਸ਼ੀਦਮਾਨਾਂ ਅਤੇ ਕਾਊਟਸਕੀਵਾਦੀਆਂ ਨੇ ਇਸ ਲਹਿਰ ਵਿੱਚ ਰੋਕ ਪਾਈ ਹੈ: ਅਸੀਂ ਇਹਦੀ ਸਹਾਇਤਾ ਕਰ ਰਹੇ ਹਾਂ। ਇਹ ਹੈ ਮਾਮਲੇ ਦਾ ਤੱਤ; ਇਸੇ ਵਿੱਚ ਅਸਲੀ ਮੱਤ-ਭੇਦ ਪ੍ਰਗਟ ਹੁੰਦਾ ਹੈ। ਜੇ ਸਾਡੇ ਸ਼੍ਰੇਣੀ ਦੁਸ਼ਮਣਾਂ, ਲੁੱਟ ਚੋਂਘ ਕਰਨ ਵਾਲ਼ਿਆਂ ਅਤੇ ਉਹਨਾਂ ਦੇ ਸ਼ੀਦਮਾਨ ਅਤੇ ਕਾਊਟਸਕੀਵਾਦੀ ਜਿਹੇ ਚਾਟੜਿਆਂ ਨੇ ਜਰਮਨ ਅਤੇ ਕੌਮਾਂਤਰੀ ਸੋਵੀਅਤ ਲਹਿਰ, ਦੁਹਾਂ ਨੂੰ ਮਜ਼ਬੂਤ ਕਰਨ, ਜਰਮਨ ਅਤੇ ਕੌਮਾਂਤਰੀ ਸੋਵੀਅਤ ਇਨਕਲਾਬ ਦੂਹਾਂ ਨੂੰ ਮਜ਼ਬੂਤ ਕਰਨ ਦੇ ਅਨੇਕ ਅਵਸਰ ਖੁੰਝਾ ਦਿੱਤੇ ਹਨ ਤਾਂ ਇਹ ਉਹਨਾਂ ਦਾ ਕਸੂਰ ਹੈ। ਜਰਮਨੀ ਵਿੱਚ ਸੋਵੀਅਤ ਇਨਕਲਾਬ ਰਾਹੀਂ ਕੌਮਾਂਤਰੀ ਸੋਵੀਅਤ ਲਹਿਰ ਨੂੰ, ਜਿਹੜੀ ਵਰਸੇਲਜ਼ ਦੀ ਅਮਨ-ਸੰਧੀ ਵਿਰੁੱਧ, ਆਮ ਤੌਰ 'ਤੇ ਕੌਮਾਂਤਰੀ ਸਾਮਰਾਜਵਾਦ ਵਿਰੁੱਧ ਸਭ ਤੋਂ ਮਜ਼ਬੂਤ ਕੋਟ ਹੈ (ਅਤੇ ਇੱਕੋ ਇੱਕ ਭਰੋਸੇ-ਯੋਗ, ਅਜਿੱਤ ਅਤੇ ਸੰਸਾਰ-ਵਿਆਪੀ ਕੋਟ ਹੈ), ਤਾਕਤ ਮਿਲ਼ੇਗੀ। ਵਰਸੇਲਜ਼ ਦੀ ਅਮਨ-ਸੰਧੀ ਤੋਂ ਮੁਕਤੀ ਦੇ ਪ੍ਰਸ਼ਨ ਨੂੰ, ਉੱਕਾ-ਪੁੱਕਾ, ਇੱਕਦਮ ਅਤੇ ਫ਼ੌਰੀ ਪਹਿਲ ਦੇਣਾ ਅਤੇ ਇਹਨੂੰ ਸਾਮਰਾਜਵਾਦ ਵੱਲੋਂ ਦਬਾਏ ਹੋਰਨਾਂ ਦੇਸ਼ਾਂ ਨੂੰ ਸਾਮਰਾਜਵਾਦ ਦੇ ਜੂਲੇ ਤੋਂ ਮੁਕਤ ਕਰਵਾਉਣ ਦੇ **ਸਵਾਲ ਤੋਂ ਪਹਿਲ** ਦੇਣਾ (ਜਿਹਾ ਕਿ ਕਾਊਟਸਕੀਆਂ, ਹਿਲਫ਼ਰਡਿੰਗਾਂ, ਓਟੋ

ਬਾਉਏਰਾਂ ਅਤੇ ਉਹਨਾਂ ਜਿਹੇ ਹੋਰਨਾਂ ਨੇ ਕੀਤਾ ਹੈ) ਇਨਕਲਾਬੀ ਕੌਮਾਂਤਰੀਵਾਦ ਨਹੀਂ ਸਗੋਂ ਅਸਭਿਅ ਕੌਮ-ਪ੍ਰਸਤੀ ਹੈ। ਜਰਮਨੀ ਸਮੇਤ ਕਿਸੇ ਵੀ ਵੱਡੇ ਯੂਰਪੀ ਦੇਸ਼ ਵਿੱਚ ਬੁਰਜੂਆਜ਼ੀ ਦਾ ਤਖ਼ਤਾ ਉਲਟਿਆ ਜਾਣਾ ਕੌਮਾਂਤਰੀ ਇਨਕਲਾਬ ਲਈ ਏਨਾ ਵੱਡਾ ਲਾਭ ਹੋਵੇਗਾ ਕਿ ਇਹਦੀ ਖਾਤਰ ਬੰਦਾ **ਵਰਸੇਲਜ਼ ਦੀ ਸੰਧੀ ਦਾ ਵਧੇਰੇ ਲੰਮੇ ਸਮੇਂ ਵਿੱਚ ਹੋਂਦ ਵਿੱਚ ਰਹਿਣਾ** ਸਹਾਰ ਸਕਦਾ ਹੈ ਅਤੇ ਜੇ ਲੋੜ ਪਵੇ ਤਾਂ ਉਹਨੂੰ ਸਹਾਰਨਾ ਚਾਹੀਦਾ ਹੈ। ਜੇ ਕੱਲ-ਮੁਕੱਲਾ ਰੂਸ ਕਈ ਮਹੀਨੇ ਤੱਕ ਬ੍ਰੈਸਤ-ਲਿਤਵੋਸਕ ਦੀ ਸੰਧੀ ਸਹਾਰ ਸਕਿਆ ਅਤੇ ਇਹਦੇ ਨਾਲ਼ ਇਨਕਲਾਬ ਨੂੰ ਲਾਭ ਪੁੱਜਾ ਤਾਂ ਸੋਵੀਅਤ ਜਰਮਨੀ ਦਾ ਸੋਵੀਅਤ ਰੂਸ ਨਾਲ਼ ਏਕਾ ਕਰਕੇ ਇਨਕਲਾਬ ਦੇ ਲਾਭ ਲਈ ਵਰਸੇਲਜ਼ ਦੀ ਸੰਧੀ ਲੰਮੇਰੇ ਸਮੇਂ ਲਈ ਸਹਾਰਨਾ ਉੱਕਾ ਹੀ ਅਸੰਭਵ ਨਹੀਂ।

ਫ਼ਰਾਂਸ, ਬਰਤਾਨੀਆ, ਆਦਿ ਦੇ ਸਾਮਰਾਜੀ ਜਰਮਨ ਕਮਿਊਨਿਸਟਾਂ ਨੂੰ ਉਕਸਾਉਣ ਅਤੇ ਫਸਾਉਣ ਦਾ ਯਤਨ ਕਰ ਰਹੇ ਹਨ: "ਕਹੋ ਕਿ ਤੁਸੀਂ ਵਰਸੇਲਜ਼ ਦੀ ਸੰਧੀ 'ਤੇ ਦਸਤਖ਼ਤ ਨਹੀਂ ਕਰੋਗੇ!" ਉਹ ਕਹਿੰਦੇ ਹਨ। ਅਤੇ ਖੱਬ-ਪੱਖੀ ਕਮਿਊਨਿਸਟ ਚਤੁਰ ਅਤੇ **ਇਸ ਸਮੇਂ** ਵਧੇਰੇ ਬਲਵਾਨ ਦੁਸ਼ਮਣ ਵਿਰੁੱਧ ਸਿਆਣਪ ਨਾਲ਼ ਦਾਅ-ਪੇਚ ਲੜਾਉਣ ਅਤੇ ਉਹਨੂੰ ਇਹ ਕਹਿਣ ਦੀ ਥਾਂ, "ਅਸੀਂ ਇਸ ਸਮੇਂ ਵਰਸੇਲਜ਼ ਦੀ ਸੰਧੀ ਉੱਤੇ ਦਸਤਖ਼ਤ ਕਰਾਂਗੇ, "ਨਿਆਣੇ ਬਾਲਾਂ ਵਾਂਗ ਉਹਦੀ ਚਾਲ ਵਿੱਚ ਆ ਜਾਂਦੇ ਹਨ। ਆਪਣੀ ਅਮਲ ਦੀ ਅਜ਼ਾਦੀ ਪਹਿਲਾਂ ਤੋਂ ਗੁਆ ਦੇਣਾ, ਇਸ ਸਮੇਂ ਸਾਡੇ ਨਾਲੋਂ ਚੰਗੇਰੇ ਹਥਿਆਰਾਂ ਨਾਲ਼ ਲੈਸ ਦੁਸ਼ਮਣ ਨੂੰ ਖੁੱਲ੍ਹ ਕੇ ਇਹ ਦੱਸ ਦੇਣਾ ਕਿ ਉਹਦੇ ਵਿਰੁੱਧ ਲੜਾਂਗੇ ਜਾਂ ਨਹੀਂ ਅਤੇ ਕਦੋਂ ਲੜਾਂਗੇ — ਇਹ ਇਨਕਲਾਬੀਪੁਣਾ ਨਹੀਂ, ਮੂਰਖ਼ਤਾ ਹੈ। ਉਸ ਸਮੇਂ ਯੁੱਧ ਵਿੱਚ ਕੁੱਦ ਪੈਣਾ ਜਦੋਂ ਇਸ ਨਾਲ਼ ਸਪੱਸ਼ਟ ਤੌਰ 'ਤੇ ਇਹ ਸਾਡੇ ਲਈ ਨਹੀਂ ਦੁਸ਼ਮਣ ਲਈ ਲਾਹੇਵੰਦਾ ਹੈ, ਮੁਜ਼ਰਮਾਨਾ ਹੈ, ਜੇ ਇਨਕਲਾਬੀ ਸ਼੍ਰੇਣੀ ਦੇ ਨੇਤਾ ਸਪੱਸ਼ਟ ਤੌਰ 'ਤੇ ਹਾਨੀਕਾਰਕ ਲੜਾਈ ਤੋਂ ਬਚਣ ਲਈ "ਦਾਅ-ਪੇਚ ਤਬਦੀਲ ਕਰਨੋਂ, ਜਾਂ ਸੁਲਹ-ਸਫ਼ਾਈ ਅਤੇ ਸਮਝੌਤੇ ਪੇਸ਼ ਕਰਨੋਂ" ਅਸਮੱਰਥ ਹਨ ਤਾਂ ਉੱਕਾ ਹੀ ਨਾਕਾਰਾ ਹਨ।

## 9. ਬਰਤਾਨੀਆ ਵਿੱਚ 'ਖੱਬੇ-ਪੱਖੀ' ਕਮਿਊਨਿਜ਼ਮ

ਬਰਤਾਨੀਆ ਵਿੱਚ ਅਜੇ ਕਮਿਊਨਿਸਟ ਪਾਰਟੀ ਨਹੀਂ, ਪਰ ਕਿਰਤੀਆਂ ਵਿੱਚ ਇੱਕ ਨਵੀਂ, ਵਿਸ਼ਾਲ, ਬਲਵਾਨ ਅਤੇ ਤੇਜ਼ੀ ਨਾਲ਼ ਵੱਧਦੀ ਹੋਈ ਕਮਿਊਨਿਸਟ ਲਹਿਰ ਹੈ ਜਿਹੜੀ ਵੱਡੀ ਤੋਂ ਵੱਡੀ ਆਸ ਨੂੰ ਹੱਕੀ ਠਹਿਰਾਉਂਦੀ ਹੈ। ਉੱਥੇ ਕਈ ਪਾਰਟੀਆਂ ਅਤੇ ਜਥੇਬੰਦੀਆਂ ਹਨ (ਬ੍ਰਿਟਿਸ਼ ਸੋਸ਼ਲਿਸ਼ਟ ਪਾਰਟੀ[49] ਸੋਸ਼ਲਿਸ਼ਟ ਲੇਬਰ ਪਾਰਟੀ, ਸਾਊਥ ਵੇਲਜ਼ ਸੋਸ਼ਲਿਸ਼ਟ ਸੋਸਾਇਟੀ, ਵਰਕਰਜ ਸੋਸ਼ਲਿਸ਼ਟ ਫ਼ੈਡਰੇਸ਼ਨ[50]) ਜਿਹੜੀਆਂ ਇੱਕ ਕਮਿਊਨਿਸਟ ਪਾਰਟੀ ਸਥਾਪਤ ਕਰਨਾ ਚਾਹੁੰਦੀਆਂ ਹਨ ਅਤੇ ਇਸ ਮੰਤਵ ਲਈ ਆਪੋ ਵਿੱਚ ਗੱਲ ਬਾਤ ਕਰ ਰਹੀਆਂ ਹਨ। ਆਪਣੇ 21 ਫਰਵਰੀ 1920, ਸੈਂਚੀ 6, ਅੰਕ 48, ਦੇ ਪਰਚੇ ਵਿੱਚ, ਉਪਰੋਕਤ ਵਿੱਚੋਂ ਅਖ਼ੀਰੀ ਜਥੇਬੰਦੀ ਦੇ ਸਪਤਾਹਕ ਤਰਜ਼ਮਾਨ "ਵਰਕਰਜ਼ ਡਰੈਡਨਾਟ"[51]

ਨੇ ਅਖ਼ਬਾਰ ਦੀ ਸੰਪਾਦਕ ਸਾਥੀ ਸਿਲਵੀਆ ਪੈਂਕਹਰਸਟ ਦਾ ਇੱਕ ਲੇਖ "ਇੱਕ ਕਮਿਊਨਿਸਟ ਪਾਰਟੀ ਵੱਲ" ਛਾਪਿਆ ਹੈ। ਇਹ ਲੇਖ ਉਪਰੋਕਤ ਚਾਰਾਂ ਜਥੇਬੰਦੀਆਂ ਵਿਚਕਾਰ ਇੱਕ ਇੱਕਮੁੱਠ ਕਮਿਊਨਿਸਟ ਪਾਰਟੀ ਦੀ ਸਥਾਪਤੀ ਸਬੰਧੀ ਗੱਲਬਾਤ ਦੀ ਰੂਪ ਰੇਖਾ ਦੇਂਦਾ ਹੈ, ਜਿਹੜੀ ਤੀਜੀ ਇੰਟਰਨੈਸ਼ਨਲ ਨਾਲ਼ ਸਬੰਧ ਸਥਾਪਤ ਕਰਨ ਅਤੇ ਪਾਰਲੀਮਾਨੀਵਾਦ ਦੀ ਥਾਂ ਸੋਵੀਅਤ ਪ੍ਰਣਾਲੀ ਲਾਗੂ ਕਰਨ ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਪ੍ਰਵਾਨ ਕਰਨ ਦੇ ਅਧਾਰ ਉੱਤੇ ਚੱਲ ਰਹੀ ਹੈ। ਜਾਪਦਾ ਹੈ ਕਿ ਇੱਕ ਇੱਕਮੁੱਠ ਕਮਿਊਨਿਸਟ ਪਾਰਟੀ ਦੀ ਸਥਾਪਤੀ ਦੇ ਰਾਹ ਵਿੱਚ ਇੱਕ ਸਭ ਤੋਂ ਵੱਡੀ ਔਕੜ ਪਾਰਲੀਮੈਂਟ ਵਿੱਚ ਸ਼ਾਮਲ ਹੋਣ ਦੇ ਮਸਲੇ ਉੱਤੇ ਅਤੇ ਇਸ ਮਸਲੇ ਉੱਤੇ ਮੱਤ-ਭੇਦ ਹੈ ਕਿ ਨਵੀਂ ਕਮਿਊਨਿਸਟ ਪਾਰਟੀ ਪੁਰਾਣੀ, ਟਰੇਡ ਯੂਨੀਅਨਵਾਦੀ, ਮੌਕਾ-ਪ੍ਰਸਤ ਅਤੇ ਸਮਾਜੀ-ਅੰਧਰਾਸ਼ਟਰਵਾਦੀ ਲੇਬਰ ਪਾਰਟੀ ਨਾਲ਼ ਸਬੰਧਤ ਹੋਵੇ ਜਾਂ ਨਾਂਹ, ਜਿਸ ਵਿੱਚ ਵਧੇਰੇ ਟਰੇਡ ਯੂਨੀਅਨਾਂ ਹਨ। ਵਰਕਰਜ਼ ਸੋਸ਼ਲਿਸ਼ਟ ਫ਼ੈਡਰੇਸ਼ਨ ਅਤੇ ਸੋਸ਼ਲਿਸਟ ਲੇਬਰ ਪਾਰਟੀ* ਪਾਰਲੀਮੈਂਟ ਦੀਆਂ ਚੋਣਾਂ ਵਿੱਚ ਅਤੇ ਪਾਰਲੀਮੈਂਟ ਵਿੱਚ ਸ਼ਾਮਲ ਹੋਣ ਦੇ ਵਿਰੁੱਧ ਹਨ; ਇਸ ਗੱਲ ਵਿੱਚ ਉਹ ਬ੍ਰਿਟਿਸ਼ ਸੋਸ਼ਲਿਸ਼ਟ ਪਾਰਟੀ ਦੇ ਸਭਨਾਂ ਮੈਂਬਰਾਂ ਜਾਂ ਲਗਭਗ ਸਭਨਾਂ ਮੈਂਬਰਾਂ ਨਾਲ਼ ਅਸਹਿਮਤ ਹਨ ਅਤੇ ਉਹਨੂੰ ਬਰਤਾਨੀਆਂ ਵਿੱਚ "ਕਮਿਊਨਿਸਟ ਪਾਰਟੀਆਂ ਦਾ ਸੱਜਾ ਪੱਖ" ਸਮਝਦੀਆਂ ਹਨ। (ਸਿਲਵੀਆ ਪੈਂਕਹਰਸਟ ਦਾ ਲੇਖ, ਪੰਨਾਂ 5)

ਇਸ ਗੱਲ ਦੇ ਬਾਵਜੂਦ ਕਿ ਜਰਮਨੀ ਵਿੱਚ ਮਤ-ਭੇਦ ਆਪਣੇ ਆਪ ਨੂੰ ਜਿਨ੍ਹਾਂ ਰੂਪਾਂ ਵਿੱਚ ਪ੍ਰਗਟ ਕਰਦੇ ਹਨ (ਜਰਮਨੀ ਵਿੱਚ ਰੂਪ ਬਰਤਾਨੀਆਂ ਦੇ ਮੁਕਾਬਲੇ ਉੱਤੇ "ਰੂਸ" ਦੇ ਬਹੁਤ ਨੇੜੇ ਹੈ) ਅਤੇ ਕੁਝ ਹੋਰ ਗੱਲਾਂ ਦੇ ਬਾਵਜੂਦ ਮੁੱਖ ਵੰਡ ਜਰਮਨੀ ਜਿਹੀ ਹੀ ਹੈ। ਆਓ ਅਸੀਂ "ਖੱਬੇ-ਪੱਖੀਆਂ" ਦੀਆਂ ਦਲੀਲਾਂ ਨੂੰ ਲਈਏ।

ਪਾਰਲੀਮੈਂਟ ਵਿੱਚ ਸ਼ਮੂਲੀ ਦੇ ਪ੍ਰਸ਼ਨ ਉੱਤੇ ਸਾਥੀ ਸਿਲਵੀਆ ਪੈਂਕਹਰਸਟ ਨੇ ਉਸੇ ਅੰਕ ਵਿੱਚ ਛਪੇ ਸਾਥੀ ਵਿਲਿਅਮ ਗੈਲੇਕਰ (W. Gallacher) ਦੇ ਲੇਖ ਦਾ ਜ਼ਿਕਰ ਕੀਤਾ, ਜਿਹੜਾ ਗਲਾਸਕੋ ਦੀ ਸਕਾਟਿਜ਼ ਵਰਕਰਜ਼ ਕੌਂਸਲ ਦੇ ਨਾਂ 'ਤੇ ਲਿਖਦਾ ਹੈ:

> "ਉਪਰੋਕਤ ਕੌਂਸਲ", ਉਹ ਲਿਖਦਾ ਹੈ, "ਨਿਸ਼ਚਿਤ ਰੂਪ ਵਿੱਚ ਪਾਰਲੀਮਾਨੀਵਾਦ ਦੇ ਵਿਰੁੱਧ ਹੈ ਅਤੇ ਵੱਖ ਵੱਖ ਸੰਸਥਾਵਾਂ ਦੇ ਖੱਬੇ ਪੱਖ ਇਹਦੇ ਪਿੱਛੇ ਹਨ। ਅਸੀਂ ਸਕਾਟਲੈਂਡ ਵਿੱਚ ਇਨਕਲਾਬੀ ਲਹਿਰ ਦੇ ਪ੍ਰਤੀਨਿਧ ਹਾਂ ਅਤੇ (ਉਪਜ ਦੀ ਵੱਖ ਵੱਖ ਸ਼ਾਖਾਂ ਅੰਦਰ) ਸਨਅਤਾਂ ਅੰਦਰ ਇਨਕਲਾਬੀ ਜਥੇਬੰਦੀ ਅਤੇ ਸਮੁੱਚੇ ਦੇਸ਼ ਵਿੱਚ ਸਮਾਜੀ ਕਮੇਟੀਆਂ ਦੇ ਅਧਾਰ ਉੱਤੇ ਇੱਕ ਕਮਿਊਨਿਸਟ ਪਾਰਟੀ ਖੜ੍ਹੀ ਕਰਨ ਦਾ ਲਗਾਤਾਰ ਯਤਨ ਕਰ ਰਹੇ ਹਾਂ। ਲੰਮੇ ਸਮੇਂ ਤੱਕ ਅਸਾਂ ਸਰਕਾਰੀ ਪਾਰਲੀਮਾਨੀਵਾਦੀਆਂ ਦਾ ਲਿਹਾਜ਼ ਕੀਤਾ ਹੈ। ਅਸਾਂ ਉਹਨਾਂ ਵਿਰੁੱਧ

* ਮੇਰਾ ਖਿਆਲ ਹੈ ਕਿ ਇਹ ਪਾਰਟੀ ਲੇਬਰ ਪਾਰਟੀ ਨਾਲ਼ ਸਬੰਧ ਸਥਾਪਤ ਕਰਨ ਦੇ ਵਿਰੁੱਧ ਹੈ ਪਰ ਇਹਦੇ ਸਾਰੇ ਮੈਂਬਰ ਪਾਰਲੀਮੈਂਟ ਵਿੱਚ ਸ਼ਮੂਲੀ ਦੇ ਵਿਰੁੱਧ ਨਹੀਂ

ਖੁੱਲ੍ਹਾ ਯੁੱਧ ਛੇੜਨਾ ਜ਼ਰੂਰੀ ਨਹੀਂ ਸਮਝਿਆ ਅਤੇ ਉਹ ਸਾਡੇ ਉੱਤੇ ਖੁੱਲ੍ਹਾ ਹਮਲਾ ਕਰਨੋਂ **ਡਰਦੇ ਹਨ।**

"ਪਰ ਇਹ ਪ੍ਰਸਥਿਤੀ ਬਹੁਤ ਸਮੇਂ ਤੱਕ ਨਹੀਂ ਚੱਲ ਸਕਦੀ। ਅਸੀਂ ਹਰ ਰੁਖ਼ ਜਿੱਤ ਰਹੇ ਹਾਂ।

"ਸਕਾਟਲੈਂਡ ਦੀ ਇੰਡੀਪੈਂਡੈਂਟ ਪਾਰਟੀ ਦੇ ਆਮ ਮੈਂਬਰ ਪਾਰਲੀਮੈਂਟ ਦੇ ਵਿਚਾਰ ਤੋਂ ਸਦਾ ਵਧੇਰੇ ਉਪਰਾਮ ਹੁੰਦੇ ਜਾ ਰਹੇ ਹਨ ਅਤੇ ਸੋਵੀਅਤਾਂ (ਰੂਸੀ ਸ਼ਬਦ ਅੰਗਰੇਜ਼ੀ ਅੱਖ਼ਰਾਂ ਵਿੱਚ ਲਿਖਿਆ ਗਿਆ ਹੈ) ਜਾਂ ਕਿਰਤੀਆਂ ਦੀਆਂ ਪ੍ਰੀਸ਼ਦਾਂ  ਨੂੰ ਹਰ ਸ਼ਾਖ਼ ਦੀ ਹਮਾਇਤ ਮਿਲ਼ ਰਹੀ ਹੈ। ਨਿਸ਼ਚੇ ਹੀ ਇਹ ਉਹਨਾਂ ਭੱਦਰ-ਪੁਰਸ਼ਾਂ ਲਈ ਜਿਹੜੇ ਰਾਜਨੀਤੀ ਨੂੰ ਇੱਕ ਕਿੱਤਾ ਸਮਝਦੇ ਹਨ ਬੜੀ ਚਿੰਤਾ ਵਾਲ਼ੀ ਗੱਲ ਹੈ ਅਤੇ ਉਹ ਆਪਣੇ ਅਨੁਸਾਰੀਆਂ ਨੂੰ ਪਾਰਲੀਮਾਨੀ ਵਾੜੇ ਵਿੱਚ ਮੋੜ ਲਿਆਉਣ ਲਈ ਰਾਜ਼ੀ ਕਰਨ ਲਈ ਹਰ ਸੰਭਵ ਢੰਗ ਵਰਤ ਰਹੇ ਹਨ। ਇਨਕਲਾਬੀ ਸਾਥੀਆਂ ਨੂੰ ਇਸ ਟੋਲੀ ਦੀ ਕੋਈ ਸਹਾਇਤਾ **ਨਹੀਂ ਕਰਨੀ ਚਾਹੀਦੀ** (ਸ਼ਬਦਾਂ ਉੱਤੇ ਜ਼ੋਰ ਹਰ ਥਾਂ ਲੇਖਕ ਨੇ ਦਿੱਤਾ ਹੈ)। ਸਾਡਾ ਘੋਲ਼ ਬਹੁਤ ਔਖਾ ਹੋਵੇਗਾ। ਇਸ ਵਿੱਚ ਸਭ ਤੋਂ ਭੈੜੀ ਗੱਲ ਉਹਨਾਂ ਦੀ ਗ਼ੱਦਾਰੀ ਹੋਵੇਗੀ ਜਿਹੜੇ ਆਪਣੀ ਨਿੱਜੀ ਲਾਲਸਾ ਨੂੰ ਇਨਕਲਾਬ ਤੋਂ ਵੱਧ ਮਹੱਤਤਾ ਦੇਂਦੇ ਹਨ। ਪਾਰਲੀਮਾਨੀਵਾਦ ਦੀ ਕੋਈ ਵੀ ਸਹਾਇਤਾ ਸੱਤ੍ਹਾ ਸਾਡੇ ਬਰਤਾਨਵੀ ਸ਼ੀਦਮਾਨਾਂ ਅਤੇ ਨੋਸਕਿਆਂ ਦੇ ਹੱਥ ਦੇ ਦੇਣਾ ਹੈ। ਹੈਂਡਰਸਨ, ਕਲਾਈਨਜ਼, (Clynes) ਅਤੇ ਉਹਨਾਂ ਦੇ ਹਮੈਤੀ ਘੋਰ ਪਿੱਛੇ-ਖਿੱਚੂ ਹਨ। ਸਰਕਾਰੀ ਇੰਡੀਪੈਂਡੈਂਟ  ਲੇਬਰ ਪਾਰਟੀ ਦੀ ਵਾਗ ਡੋਰ ਸਦਾ ਵਧੇਰੇ ਉਹਨਾਂ ਮੱਧ-ਸ਼੍ਰੇਣੀ ਦੇ ਉਦਾਰ-ਪੰਥੀਆਂ ਦੇ ਹੱਥ ਆਉਂਦੀ ਜਾ ਰਹੀ ਹੈ ਜਿਨ੍ਹਾਂ ਮੈਕਡਾਨਲਡ, ਸਨੋਡਨ ਅਤੇ ਉਹਨਾਂ ਜਿਹੇ ਹੋਰ ਲੋਕਾਂ ਦੀ ਧਿਰ ਵਿੱਚ "ਆਤਮਕ ਸ਼ਰਨ" ਲੈ ਲਈ ਹੈ। ਸਰਕਾਰੀ ਇੰਡੀਪੈਂਡੈਂਟ ਲੇਬਰ ਪਾਰਟੀ ਤੀਜੀ ਇੰਟਰਨੈਸ਼ਨਲ ਦੇ ਸਖ਼ਤ ਵਿਰੁੱਧ ਹੈ ਪਰ ਇਹਦੇ ਆਮ ਮੈਂਬਰ ਉਹਦੇ ਹੱਕ ਵਿੱਚ ਹਨ। ਪਾਰਲੀਮਾਨੀ ਮੌਕਾ-ਪ੍ਰਸਤੀ ਦੀ ਕੋਈ ਵੀ ਮਦਦ ਸਿੱਧੇ ਤੌਰ 'ਤੇ ਇਹਨਾਂ ਭਦਰ-ਪੁਰਸ਼ਾਂ ਦੇ ਹੱਥਾਂ ਵਿੱਚ ਖੇਡਣਾ ਹੈ। ਬ੍ਰਿਟਿਸ਼ ਸੋਸ਼ਲਿਸਟ ਪਾਰਟੀ ਦੀ ਕੋਈ ਮਹਤੱਤਾ ਨਹੀਂ...ਇੱਥੇ ਇੱਕ ਨਿੱਗਰ ਇਨਕਲਾਬੀ ਸਨਅਤੀ ਜਥੇਬੰਦੀ ਦੀ ਅਤੇ ਸਪੱਸ਼ਟ, ਸਾਫ਼ ਤੌਰ 'ਤੇ ਉਲੀਕਿਆ, ਵਿਗਿਆਨਕ ਲੀਹਾਂ 'ਤੇ ਕੰਮ ਕਰ ਰਹੀ ਕਮਿਊਨਿਸਟ ਪਾਰਟੀ ਦੀ ਲੋੜ ਹੈ। ਜੇ ਸਾਡੇ ਸਾਥੀ ਇਹਨਾਂ ਦੀ ਉਸਾਰੀ ਵਿੱਚ ਸਹਾਇਤਾ ਦੇ ਸਕਦੇ ਹਨ, ਅਸੀਂ ਖੁਸ਼ੀ ਨਾਲ਼ ਉਹਨਾਂ ਦੀ ਸਹਾਇਤਾ ਕਬੂਲ ਕਰਾਂਗੇ; ਜੇ ਉਹ ਅਜਿਹਾ ਨਹੀਂ ਕਰ ਸਕਦੇ ਤਾਂ ਰੱਬ ਵਾਸਤੇ ਉਹ ਉੱਕਾ ਹੀ ਬਾਹਰ ਰਹਿਣ ਤਾਂ ਜੁ ਕਿਤੇ ਅਜਿਹਾ ਨਾ ਹੋ ਜਾਵੇ ਕਿ ਉਹਨਾਂ ਪਿੱਛੇ-ਖਿੱਚੂਆਂ ਦਾ ਸਾਥ ਦੇ ਕੇ ਇਨਕਲਾਬ ਨਾਲ਼ ਗ਼ੱਦਾਰੀ ਕਰਨ ਜਿਹੜੇ "ਮਾਣ ਵਾਲੀਆਂ" ( ?) (ਸਵਾਲੀਆ ਨਿਸ਼ਾਨ ਲੇਖਕ ਨੇ ਹੀ ਲਿਖਿਆ ਹੈ)

ਪਾਰਲੀਮਾਨੀ ਪਦਵੀਆਂ ਲਈ ਏਨੀ ਉਤਸੁਕਤਾ ਨਾਲ਼ ਡੰਡ ਪਾ ਰਹੇ ਹਨ ਅਤੇ ਇਹ ਸਾਬਤ ਕਰਨ ਲਈ ਉਤਾਵਲੇ ਹਨ ਕਿ ਉਹ ਵੀ ਖ਼ੁਦ "ਮਾਲਕ" ਸ਼੍ਰੇਣੀ ਦੇ ਰਾਜਸੀ ਨੇਤਾਵਾਂ ਵਾਂਗ **ਹਕੂਮਤ ਕਰ ਸਕਦੇ ਹਨ।**"

ਮੇਰਾ ਵਿਚਾਰ ਹੈ ਕਿ ਸੰਪਾਦਕ ਦੇ ਨਾਂ ਇਹ ਖ਼ਤ ਨੌਜਵਾਨ ਕਮਿਊਨਿਸਟਾਂ ਜਾਂ ਉਹਨਾਂ ਆਮ ਕਿਰਤੀਆਂ ਦੇ, ਜਿਨ੍ਹਾਂ ਹੁਣੇ ਹੁਣੇ ਕਮਿਊਨਿਜ਼ਮ ਕਬੂਲ ਕੀਤਾ ਹੈ, ਰੌਂ ਅਤੇ ਦ੍ਰਿਸ਼ਟੀਕੋਣ ਨੂੰ ਬੜੀ ਚੰਗੀ ਤਰ੍ਹਾਂ ਪੇਸ਼ ਕਰਦਾ ਹੈ। ਇਹ ਰੌਂ ਬਹੁਤ ਉਤਸ਼ਾਹਜਨਕ ਅਤੇ ਵੱਡਮੁੱਲਾ ਹੈ; ਸਾਨੂੰ ਇਹਦੀ ਕਦਰ ਅਤੇ ਹਮਾਇਤ ਕਰਨਾ ਸਿੱਖਣਾ ਚਾਹੀਦਾ ਹੈ ਕਿਉਂਕਿ ਇਹਦੀ ਅਣਹੋਂਦ ਵਿੱਚ ਬਰਤਾਨੀਆ ਜਾਂ ਕਿਸੇ ਵੀ ਹੋਰ ਦੇਸ਼ ਵਿੱਚ, ਪ੍ਰੋਲਤਾਰੀ ਇਨਕਲਾਬ ਦੀ ਆਸ ਨਹੀਂ ਕੀਤੀ ਜਾ ਸਕਦੀ। ਜਿਹੜੇ ਲੋਕ ਜਨਤਾ ਦੇ ਇਸ ਰੌਂ ਨੂੰ ਪ੍ਰਗਟ ਕਰ ਸਕਦੇ ਹਨ, ਜੋ ਲੋਕ ਜਨਤਾ ਵਿੱਚ ਇਹ ਰੌਂ ਪੈਦਾ ਕਰ ਸਕਦੇ ਹਨ (ਜੋ ਅਕਸਰ ਸੁੱਤਾ, ਅਚੇਤ ਅਤੇ ਲੁਕਿਆ ਹੋਇਆ ਹੁੰਦਾ ਹੈ), ਉਹਨਾਂ ਦੀ ਕਦਰ ਕੀਤੀ ਜਾਣੀ ਚਾਹੀਦੀ ਹੈ ਅਤੇ ਉਹਨਾਂ ਦੀ ਹਰ ਤਰ੍ਹਾਂ ਸਹਾਇਤਾ ਕੀਤੀ ਜਾਣੀ ਚਾਹੀਦੀ ਹੈ। ਪਰ ਇਹਦੇ ਨਾਲ ਹੀ ਨਾਲ਼ ਸਾਨੂੰ ਚਾਹੀਦਾ ਹੈ ਕਿ ਉਹਨਾਂ ਨੂੰ ਸਾਫ਼ ਸਾਫ਼ ਅਤੇ ਖਰੀ ਤਰ੍ਹਾਂ ਦੱਸ ਦਈਏ ਕਿ ਇੱਕ ਮਹਾਨ ਇਨਕਲਾਬੀ ਘੋਲ਼ ਵਿੱਚ ਜਨਤਾ ਦੀ ਅਗਵਾਈ ਕਰਨ ਲਈ **ਕੇਵਲ** ਮਨੋ-ਭਾਵਨਾ ਹੀ ਕਾਫ਼ੀ ਨਹੀਂ ਅਤੇ ਇਨਕਲਾਬ ਦੇ ਆਸ਼ੇ ਨੂੰ ਕੁਝ ਉਹਨਾਂ ਗ਼ਲਤੀਆਂ ਤੋਂ ਨੁਕਸਾਨ ਹੋ ਸਕਦਾ ਹੈ ਜਿਹੜੀਆਂ ਇਨਕਲਾਬ ਦੇ ਅਤਿ-ਅੰਤ ਵਫ਼ਾਦਾਰ ਸੂਰਮੇ ਕਰ ਰਹੇ ਹਨ ਜਾਂ ਕਰਨ ਵਾਲ਼ੇ ਹੀ ਹਨ। ਸਾਥੀ ਗੈਲੇਕਰ ਦੇ ਖ਼ਤ ਵਿੱਚ ਉਹ **ਸਭੇ** ਗ਼ਲਤੀਆਂ ਮੌਜੂਦ ਹਨ ਜਿਹੜੀਆਂ ਜਰਮਨੀ ਦੇ "ਖੱਬ-ਪੱਖੀ" ਕਮਿਊਨਿਸਟ ਕਰ ਰਹੇ ਹਨ ਜਾਂ ਜਿਹੜੀਆਂ 1908 ਅਤੇ 1918 ਵਿੱਚ ਰੂਸ ਵਿੱਚ "ਖੱਬੇ-ਪੱਖੀ" ਬਾਲਸ਼ਵਿਕਾਂ ਨੇ ਕੀਤੀਆਂ।

ਪੱਤਰ ਦਾ ਲੇਖਕ ਬੁਰਜੂਆ "ਸ਼੍ਰੇਣੀ ਰਾਜਸੀ ਨੇਤਾਵਾਂ" ਵਿਰੁੱਧ ਉੱਚ ਅਤੇ ਪ੍ਰੋਲਤਾਰੀ ਘ੍ਰਿਣਾ ਨਾਲ਼ ਭਰਪੂਰ ਹੈ (ਇਹ ਇੱਕ ਅਜਿਹੀ ਘ੍ਰਿਣਾ ਹੈ ਜਿਸਨੂੰ ਕੇਵਲ ਪ੍ਰੋਲਤਾਰੀ ਸ਼੍ਰੇਣੀ ਹੀ ਨਹੀਂ ਸਗੋਂ ਸਭੇ ਕਿਰਤੀ ਲੋਕ, ਜਰਮਨ ਭਾਸ਼ਾ ਵਿੱਚ "ਛੋਟੇ ਲੋਕ" ਸਮਝਦੇ ਹਨ ਅਤੇ ਉਹਨਾਂ ਸਭਨਾਂ ਦੇ ਦਿਲਾਂ ਵਿੱਚ ਇਹ ਮੌਜੂਦ ਹੈ)। ਪਸਿਤੀ ਅਤੇ ਲੁੱਟੀ ਖਸੁੱਟੀ ਜਨਤਾ ਦੇ ਪ੍ਰਤੀਨਿਧ ਦੀ ਇਹ ਘ੍ਰਿਣਾ ਅਸਲ ਵਿੱਚ "ਸਮੁੱਚੀ ਅਕਲ ਦਾ ਮੁੱਢ" ਹੈ, ਸੋਸ਼ਲਿਸਟ, ਕਮਿਊਨਿਸਟ ਲਹਿਰ ਅਤੇ ਇਹਦੀਆਂ ਸਫ਼ਲਤਾਵਾਂ ਦਾ ਅਧਾਰ ਹੈ। ਪਰ ਲੇਖਕ ਇਹ ਗੱਲ ਭੁੱਲ ਗਿਆ ਹੈ ਕਿ ਰਾਜਨੀਤੀ ਇੱਕ ਵਿਗਿਆਨ ਅਤੇ ਕਲਾ ਹੈ ਜਿਹੜੀ ਅਸਮਾਨੋਂ ਨਹੀਂ ਡਿੱਗਦੀ, ਜਿਹੜੀ ਮੁਫ਼ਤ ਨਹੀਂ ਮਿਲ਼ਦੀ ਅਤੇ ਜੇ ਪ੍ਰੋਲਤਾਰੀ ਸ਼੍ਰੇਣੀ ਬੁਰਜੂਆਜ਼ੀ ਉੱਤੇ ਭਾਰੂ ਹੋਣਾ ਚਾਹੁੰਦੀ ਹੈ ਤਾਂ ਇਹ ਲਾਜ਼ਮੀ ਹੈ ਕਿ ਉਹ ਸਿੱਖਿਆ ਦੇ ਕੇ, **ਖ਼ੁਦ ਆਪਣੇ ਪ੍ਰੋਲਤਾਰੀ** "ਸ਼੍ਰੇਣਕ ਨੇਤਾ" ਤਿਆਰ ਕਰੇ ਜਿਹੜੇ ਕਿਸੇ ਵੀ ਤਰ੍ਹਾਂ ਬੁਰਜੂਆ ਰਾਜਸੀ ਨੇਤਾਵਾਂ ਤੋਂ ਘਟੀਆ ਨਾ ਹੋਣ।

ਖ਼ਤ ਦਾ ਲੇਖਕ ਪੂਰੀ ਤਰ੍ਹਾਂ ਅਨੁਭਵ ਕਰਦਾ ਹੈ ਕਿ ਪਾਰਲੀਮੈਂਟ ਨਹੀਂ ਸਗੋਂ ਕਿਰਤੀਆਂ ਦੀਆਂ ਸੋਵੀਅਤਾਂ ਪ੍ਰੋਲਤਾਰੀ ਨੂੰ ਇਹ ਮੰਤਵ ਪ੍ਰਾਪਤ ਕਰਨ ਯੋਗ ਬਣਾਉਣ ਦਾ

ਸਾਧਨ ਹੋ ਸਕਦੀਆਂ ਹਨ, ਜਿਹੜੇ ਲੋਕ ਇਹ ਸਮਝਣੋਂ ਅਸਮਰੱਥ ਰਹੇ ਹਨ, ਨਿਸ਼ਚੇ ਹੀ ਉਹ ਉੱਕਾ ਹੀ ਪਿੱਛੇ-ਖਿੱਚੂ ਹਨ, ਭਾਵੇਂ ਉਹ ਬਹੁਤ ਉੱਚੀ ਵਿਦਿਆ-ਪ੍ਰਾਪਤ ਲੋਕ, ਅਤਿ ਅਨੁਭਵੀ ਰਾਜਸੀ ਨੇਤਾ, ਬਹੁਤ ਲਗਨ ਵਾਲ਼ੇ ਸੋਸ਼ਲਿਸ਼ਟ, ਬੜੇ ਆਲਮ ਮਾਰਕਸਵਾਦੀ ਅਤੇ ਬੜੇ ਇਮਾਨਦਾਰ ਸ਼ਹਿਰੀ ਅਤੇ ਪਰਿਵਾਰਾਂ ਦੇ ਪਿਤਾ ਕਿਉਂ ਨਾ ਹੋਣ। ਪਰ ਖ਼ਤ ਦਾ ਲੇਖਕ ਇਹ ਸਵਾਲ ਤੱਕ ਨਹੀਂ ਉਠਾਉਂਦਾ — ਇਹ ਸਵਾਲ ਉਠਾਉਣ ਦੀ ਲੋੜ ਉਹਦੇ ਮਨ ਵਿੱਚ ਨਹੀਂ ਆਉਂਦੀ — ਕਿ ਕੀ ਸੋਵੀਅਤ ਰਾਜਸੀ ਨੇਤਾਵਾਂ ਨੂੰ ਪਾਰਲੀਮੈਂਟ **ਵਿੱਚ** ਭੇਜੇ ਬਿਨਾਂ, ਪਾਰਲੀਮਾਨੀਵਾਦ ਨੂੰ **ਅੰਦਰੋਂ** ਖੋਰੇ ਬਿਨਾਂ, ਪਾਰਲੀਮੈਂਟ ਨੂੰ ਖਿੰਡਾਉਣ ਦੇ ਭਾਵੀ ਕੰਮ ਵਿੱਚ ਸੋਵੀਅਤਾਂ ਦੀ ਸਫਲਤਾ ਲਈ ਪਾਰਲੀਮੈਂਟ ਦੇ ਅੰਦਰ ਕੰਮ ਕੀਤੇ ਬਿਨਾਂ ਪਾਰਲੀਮੈਂਟ ਉੱਤੇ ਸੋਵੀਅਤਾਂ ਦੀ ਜਿੱਤ ਲਿਆਉਣਾ ਸੰਭਵ ਹੈ ? ਇਹਦੇ ਬਾਵਜੂਦ ਖ਼ਤ ਦਾ ਲੇਖਕ ਇਹ ਉੱਕਾ ਹੀ ਠੀਕ ਵਿਚਾਰ ਪੇਸ਼ ਕਰਦਾ ਹੈ ਕਿ ਬਰਤਾਨੀਆ ਦੀ ਕਮਿਊਨਿਸਟ ਪਾਰਟੀ ਨੂੰ **ਵਿਗਿਆਨਕ** ਅਸੂਲਾਂ ਅਨੁਸਾਰ ਕੰਮ ਕਰਨਾ ਚਾਹੀਦਾ ਹੈ। ਵਿਗਿਆਨ ਇਸ ਗੱਲ ਦੀ ਮੰਗ ਕਰਦਾ ਹੈ ਕਿ ਪਹਿਲੇ, ਹੋਰਨਾਂ ਦੇਸ਼ਾਂ ਦੇ ਅਨੁਭਵ ਨੂੰ ਮੁੱਖ ਰੱਖਿਆ ਜਾਵੇ, ਵਿਸ਼ੇਸ਼ ਤੌਰ ’ਤੇ ਜੇ ਇਹ ਹੋਰ ਦੇਸ ਸਰਮਾਏਦਾਰ ਹੋਣ ਅਤੇ, ਬਹੁਤ ਮਿਲ਼ਦੇ ਜੁਲ਼ਦੇ ਅਨੁਭਵ ਵਿੱਚੋਂ ਲੰਘ ਰਹੇ ਹਨ ਜਾਂ ਪਿੱਛੇ ਜਿਹੇ ਹੀ ਲੰਘੇ ਹਨ; ਦੂਜੇ, ਉਹ ਇਹ ਮੰਗ ਕਰਦਾ ਹੈ ਕਿ ਕਿਸੇ ਵਿਸ਼ੇਸ਼ ਦੇਸ਼ ਵਿੱਚ ਅਮਲ ਵਿੱਚ ਆ ਰਹੀਆਂ ਸਭਨਾਂ ਸ਼ਕਤੀਆਂ, ਟੋਲੀਆਂ, ਪਾਰਟੀਆਂ, ਸ਼੍ਰੇਣੀਆਂ ਅਤੇ ਜਨਤਾ ਨੂੰ ਮੁੱਖ ਰੱਖਿਆ ਜਾਵੇ ਅਤੇ ਕੇਵਲ ਇੱਕ ਟੋਲੀ ਜਾਂ ਪਾਰਟੀ ਦੀਆਂ ਇੱਛਾਵਾਂ ਅਤੇ ਵਿਚਾਰਾਂ ਨੂੰ, ਉਹਦੀ ਸ਼੍ਰੇਣੀ-ਚੇਤੰਨਤਾ ਦੀ ਪੱਧਰ ਅਤੇ ਉਹਦੀ ਘੋਲ਼ ਲਈ ਤਿਆਰੀ ਨੂੰ ਹੀ ਅਧਾਰ ਬਣਾ ਕੇ ਹੀ ਨੀਤੀ ਤੈਅ ਨਾ ਕੀਤੀ ਜਾਵੇ।

ਇਹ ਠੀਕ ਹੈ ਕਿ ਹੈਂਡਰਸਨ, ਕਲਾਇਨ, ਮੈਕਡਾਨਲਡ ਅਤੇ ਸਨੋਡਨ ਜਿਹੇ ਲੋਕ ਅਤਿ ਦੇ ਪਿੱਛੇ-ਖਿੱਚੂ ਹਨ। ਇਹ ਵੀ ਠੀਕ ਹੈ ਕਿ ਉਹ ਸੱਤ੍ਹਾ ਪ੍ਰਾਪਤ ਕਰਨਾ ਚਾਹੁੰਦੇ ਹਨ (ਭਾਵੇਂ ਇਹ ਬੁਰਜੂਆਜ਼ੀ ਨਾਲ਼ ਕੋਲੀਸ਼ਨ ਪਸੰਦ ਕਰਨਗੇ), ਕਿ ਉਹ ਬੁਰਜੂਆ ਲੀਹਾਂ ਉੱਤੇ ਹੀ “ਰਾਜ ਕਰਨਾ” ਚਾਹੁੰਦੇ ਹਨ, ਜੇ ਸੱਤ੍ਹਾ ਉਹਨਾਂ ਦੇ ਹੱਥ ਆ ਗਈ ਤਾਂ ਉਹਨਾਂ ਦਾ ਵਤੀਰਾ ਸ਼ੀਦਮਾਨਾਂ ਅਤੇ ਨੋਸਕਿਆਂ ਜਿਹਾ ਹੀ ਹੋਵੇਗਾ। ਇਹ ਸਭ ਕੁਝ ਸੱਚ ਹੈ। ਪਰ ਇਹਦਾ ਸਿੱਟਾ ਇਹ ਨਹੀਂ ਨਿਕਲਦਾ ਕਿ ਉਹਨਾਂ ਦੀ ਹਮਾਇਤ ਕਰਨਾ ਇਨਕਲਾਬ ਨਾਲ਼ ਗ਼ੱਦਾਰੀ ਹੈ; ਇਸ ਤੋਂ ਸਿੱਟਾ ਇਹ ਨਿਕਲਦਾ ਹੈ ਕਿ ਕਿਰਤੀ ਸ਼੍ਰੇਣੀ ਦੇ ਇਨਕਲਾਬੀ ਇਹਨਾਂ ਭੱਦਰ-ਪੁਰਸ਼ਾਂ ਨੂੰ ਕੁਝ ਪਾਰਲੀਮਾਨੀ ਸਹਾਇਤਾ ਦੇਣ। ਇਸ ਵਿਚਾਰ ਦੀ ਵਿਆਖਿਆ ਲਈ ਮੈਂ ਦੋ ਸਮਕਾਲੀ ਬਰਤਾਨਵੀ ਰਾਜਸੀ ਦਸਤਾਵੇਜ਼ਾਂ ਨੂੰ ਲਵਾਂਗਾ: (1) ਪ੍ਰਧਾਨ ਮੰਤਰੀ ਲਾਇਡ ਜਾਰਜ ਦੀ 18 ਮਾਰਚ 1920 ਦੀ ਤਕਰੀਰ (ਜਿਵੇਂ ਇਹ 19 ਮਾਰਚ 1920 ´The Manchester Guardian[a] ਵਿੱਚ ਛਪੀ ਹੈ) ਅਤੇ (2) ਉਪਰੋਕਤ ਲੇਖ ਵਿੱਚ ਕਿ “ਖੱਬੇ-ਪੱਖੀ” ਕਮਿਊਨਿਸਟ ਸਾਥੀ ਸਿਲਵੀਆ ਪੈਂਕਹਰਸਟ ਦੀਆਂ ਦਲੀਲਾਂ।

ਆਪਣੀ ਤਕਰੀਰ ਵਿੱਚ ਲਾਇਡ ਜ਼ਾਰਜ ਐਸਕੁਇਥ ਨਾਲ਼ (ਐਸਕੁਇਥ ਨੂੰ ਇਸ ਇਕਤ੍ਰਤਾ ਵਿੱਚ ਆਉਣ ਦਾ ਵਿਸ਼ੇਸ਼ ਸੱਦਾ ਦਿੱਤਾ ਗਿਆ ਸੀ ਪਰ ਉਹਨੇ ਆਉਣੋਂ

ਨਾਂਹ ਕਰ ਦਿੱਤੀ) ਅਤੇ ਹੋਰ ਉਹਨਾਂ ਲਿਬਰਲਾਂ ਨਾਲ਼ ਬਹਿਸਦਾ ਹੈ ਜਿਹੜੇ ਕਨਜ਼ਰਵੇਟਿਵ ਪਾਰਟੀ ਨਾਲ਼ ਕੁਲੀਸ਼ਨ ਨਹੀਂ ਚਾਹੁੰਦੇ ਸਗੋਂ ਲੇਬਰ ਪਾਰਟੀ ਨਾਲ਼ ਨੇੜਵੇਂ ਸਬੰਧ ਚਾਹੁੰਦੇ ਹਨ। (ਉਪਰੋਕਤ ਖ਼ਤ ਵਿੱਚ ਸਾਥੀ ਗੈਲੇਕਰ ਵੀ ਕਹਿੰਦਾ ਹੈ ਕਿ ਲਿਬਰਲ ਲੇਬਰ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ)। ਲਾਇਡ ਜਾਰਜ ਨੇ ਦਲੀਲ ਦਿੱਤੀ ਕਿ ਲਿਬਰਲਾਂ ਅਤੇ ਕਨਜ਼ਰਵੇਟਵਾਂ ਵਿਚਕਾਰ ਕੁਲੀਸ਼ਨ ਅਤੇ ਉਹ ਵੀ **ਨੇੜਵੀਂ** ਕੁਲੀਸ਼ਨ ਬਹੁਤ ਜ਼ਰੂਰੀ ਹੈ, ਨਹੀਂ ਤਾਂ ਲੇਬਰ ਪਾਰਟੀ, ਜਿਸਨੂੰ ਉਹ ਸੋਸ਼ਲਿਸਟ ਕਹਿੰਦਾ ਹੈ ਅਤੇ ਜਿਹੜੀ ਉਪਜ ਦੇ ਸਾਧਨਾਂ ਦੀ "ਸਾਂਝੀ ਮਾਲਕੀ" ਲਈ ਕੰਮ ਕਰ ਰਹੀ ਹੈ, ਜਿੱਤ ਜਾਵੇਗੀ। "ਫਰਾਂਸ ਵਿੱਚ ਇਹਨੂੰ ਕਮਿਊਨਿਜ਼ਮ ਕਹਿੰਦੇ ਹਨ", ਬਰਤਾਨਵੀ ਬੁਰਜੂਆਜੀ ਦੇ ਨੇਤਾ ਨੇ ਆਪਣੇ ਸ੍ਰੋਤਿਆਂ, ਪਾਰਲੀਮੈਂਟ ਦੇ ਲਿਬਰਲ ਮੈਂਬਰਾਂ ਨੂੰ, ਜਿਨ੍ਹਾਂ ਨੂੰ ਸ਼ਾਇਦ ਪਹਿਲਾਂ ਇਸ ਗੱਲ ਦਾ ਪਤਾ ਨਹੀਂ ਸੀ, ਵਧੇਰੇ ਸੌਖੇ ਸ਼ਬਦ ਵਰਤ ਕੇ ਸਮਝਾਇਆ। "ਜਰਮਨੀ ਵਿੱਚ ਇਹਨੂੰ ਸੋਸ਼ਲਿਜ਼ਮ ਕਹਿੰਦੇ ਹਨ ਅਤੇ ਰੂਸ ਵਿੱਚ ਬਾਲਸ਼ਵਿਜ਼ਮ, "ਉਹਨੇ ਤਕਰੀਰ ਜਾਰੀ ਰੱਖਦਿਆ ਕਿਹਾ। ਅਸੂਲੀ ਤੌਰ 'ਤੇ ਲਿਬਰਲ ਇਸ ਨੂੰ ਕਬੂਲ ਨਹੀਂ ਕਰ ਸਕਦੇ ਕਿਉਂਕਿ ਉਹ ਨਿੱਜੀ ਜਾਇਦਾਦ ਦੇ ਹੱਕ ਵਿੱਚ ਹਨ, ਲਾਇਡ ਜਾਰਜ ਨੇ ਕਿਹਾ। "ਸੱਭਿਅਤਾ ਖਤਰੇ ਵਿੱਚ ਹੈ", ਵਕਤੇ ਨੇ ਕਿਹਾ, ਅਤੇ ਇਸ ਲਈ ਜ਼ਰੂਰੀ ਹੈ ਕਿ ਲਿਬਰਲ ਅਤੇ ਕਨਜ਼ਰਵੇਟਿਵ ਇੱਕਮੁੱਠ ਹੋ ਜਾਣ…

> "…ਜੇ ਤੁਸੀਂ ਜ਼ਰੱਈ ਇਲਾਕਿਆਂ ਵਿੱਚ ਜਾਓ", ਲਾਇਡ ਜਾਰਜ ਨੇ ਕਿਹਾ, "ਤਾਂ ਮੈਂ ਮੰਨਦਾ ਹਾਂ ਕਿ ਉੱਥੇ ਪੁਰਾਣੀਆਂ ਪਾਰਟੀ ਵੰਡਾਂ ਪਹਿਲਾਂ ਦੀ ਤਰ੍ਹਾਂ ਕਾਇਮ ਹਨ। ਇਹ ਖ਼ਤਰੇ ਤੋਂ ਦੂਰ ਹਨ। ਅਜੇ ਇਹ ਉਹਨਾਂ ਦੀਆਂ ਗ਼ਲੀਆਂ ਵਿੱਚ ਨਹੀਂ ਮੰਡਰਾ ਰਿਹਾ। ਪਰ ਜਦੋਂ ਉਹ ਇਹਨੂੰ ਵੇਖ ਲੈਣਗੇ ਤਾਂ ਉਹ ਕੁਝ ਸਨਅਤੀ ਹਲਕਿਆਂ ਵਾਂਗ ਪੱਕੇ ਹੋ ਜਾਣਗੇ। ਇਸ ਦੇਸ਼ ਦੇ ਪੰਜਾਂ ਵਿਚੋਂ ਚਾਰ ਹਿੱਸੇ ਸਨਅਤੀ ਅਤੇ ਵਪਾਰਕ ਹਨ ਅਤੇ ਕੇਵਲ ਇੱਕ ਹਿੱਸਾ ਹੀ ਜ਼ਰੱਈ ਹੈ। ਜਦੋਂ ਮੈਂ ਭਵਿੱਖ ਦੇ ਖ਼ਤਰਿਆਂ ਸਬੰਧੀ ਸੋਚਦਾ ਹਾਂ ਤਾਂ ਇਹ ਉਹਨਾਂ ਗੱਲਾਂ ਵਿੱਚੋਂ ਇੱਕ ਹੁੰਦੀ ਹੈ ਜਿਹੜੀ ਸਦਾ ਮੇਰੇ ਚੇਤੇ ਵਿੱਚ ਹੁੰਦੀ ਹੈ। ਫਰਾਂਸ ਵਿੱਚ ਵਸੋਂ ਜ਼ਰੱਈ ਹੈ ਅਤੇ ਉੱਥੇ ਇੱਕ ਬਹੁਤ ਠੋਸ ਲੋਕ ਰਾਏ ਹੈ ਜਿਹੜੀ ਸੌਖੇ ਨਹੀਂ ਹਿੱਲਦੀ ਅਤੇ ਇਨਕਲਾਬੀ ਲਹਿਰਾਂ ਲਈ ਸੌਖੇ ਉਕਸਾਈ ਨਹੀਂ ਜਾ ਸਕਦੀ। ਇੱਥੇ ਇਹ ਹਾਲਤ ਨਹੀਂ। ਇਹ ਦੇਸ਼ ਸੰਸਾਰ ਦੇ ਕਿਸੇ ਹੋਰ ਦੇਸ਼ ਨਾਲ਼ੋਂ ਵੱਧ ਸੰਤੁਲਣ-ਰਹਿਤ ਹੈ ਅਤੇ ਜੇ ਇਹ ਹਿੱਲਣਾ ਸ਼ੁਰੂ ਹੋ ਗਿਆ ਤਾਂ, ਇਸੇ ਲਈ ਇੱਥੇ ਧਮਾਕਾ ਕਿਸੇ ਹੋਰ ਵਧੇਰੇ ਭਿਆਨਕ ਹੋਵੇਗਾ।"

ਇਸ ਤੋਂ ਪਾਠਕ ਵੇਖ ਸਕਦਾ ਹੈ ਕਿ ਸ਼੍ਰੀ ਲਾਇਡ ਜਾਰਜ ਨਾ ਕੇਵਲ ਬਹੁਤ ਸਿਆਣੇ ਮਨੁੱਖ ਹਨ, ਸਗੋਂ ਮਨੁੱਖ ਵੀ ਹਨ ਜਿਨ੍ਹਾਂ ਕਮਿਊਨਿਜ਼ਮ ਸਬੰਧੀ ਬਹੁਤ ਕੁਝ ਸਿੱਖ ਲਿਆ ਹੈ। ਅਸਾਂ ਵੀ ਲਾਇਡ ਜਾਰਜ ਤੋਂ ਕੁਝ ਸਿੱਖਣਾ ਹੈ।

ਲਾਇਡ ਜਾਰਜ ਦੇ ਭਾਸ਼ਣ ਤੋਂ ਪਿੱਛੋਂ ਹੋਈ ਬਹਿਸ ਦੀ ਇਹ ਘਟਨਾ ਸੱਚ ਮੁੱਚ ਰੋਚਕ ਹੈ:

"ਸ਼੍ਰੀ ਵਾਲੇਸ (Wallace), ਮੈਂਬਰ ਪਾਰਲੀਮੈਂਟ: ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਪ੍ਰਧਾਨ ਮੰਤਰੀ ਦੇ ਖ਼ਿਆਲ ਅਨੁਸਾਰ ਸਨਅਤੀ ਹਲਕਿਆਂ ਵਿੱਚ ਸਨਅਤੀ ਕਾਮਿਆਂ ਉੱਤੇ, ਜਿਹੜੇ ਇਸ ਸਮੇਂ ਲਿਬਰਲ ਹਨ ਅਤੇ ਜਿਨ੍ਹਾਂ ਤੋਂ ਸਾਨੂੰ ਏਨੀ ਹਮਾਇਤ ਮਿਲ਼ਦੀ ਹੈ, ਇਹਦਾ ਅਸਰ ਕੀ ਹੋਵੇਗਾ। ਕੀ ਇਹਦਾ ਇੱਕ ਸੰਭਵ ਅਸਰ ਉਹਨਾਂ ਲੋਕਾਂ ਵੱਲੋਂ ਜਿਹੜੇ ਇਸ ਸਮੇਂ ਬੜੀ ਖੁਸ਼ੀ ਨਾਲ਼ ਸਾਡਾ ਸਾਥ ਦੇਂਦੇ ਹਨ, ਲੇਬਰ ਪਾਰਟੀ ਨੂੰ ਫ਼ੌਰੀ ਤੌਰ 'ਤੇ ਹਮਾਇਤ ਪ੍ਰਾਪਤ ਹੋ ਜਾਵੇਗੀ ?

"ਪ੍ਰਧਾਨ ਮੰਤਰੀ: ਮੇਰੀ ਰਾਏ ਉੱਕਾ ਹੀ ਹੋਰ ਹੈ। ਬਿਨਾਂ ਸ਼ੱਕ ਲਿਬਰਲਾਂ ਦੇ ਆਪੋ ਵਿੱਚ ਲੜਨ ਕਾਰਨ ਅਨੇਕ ਲਿਬਰਲ ਨਿਰਾਸ਼ ਹੋ ਕੇ ਲੇਬਰ ਪਾਰਟੀ ਵੱਲ ਧੱਕੇ ਜਾਂਦੇ ਹਨ, ਜਿਸ ਵਿੱਚ ਚੋਖੀ ਗਿਣਤੀ ਵਿੱਚ ਅਜਿਹੇ ਲਿਬਰਲ ਹਨ ਜਿਨ੍ਹਾਂ ਦਾ ਕੰਮ ਹਕੂਮਤ ਨੂੰ ਬਦਨਾਮ ਕਰਨਾ ਹੈ। ਬਿਨਾਂ ਸ਼ੱਕ ਇਹਦਾ ਸਿੱਟਾ ਲੇਬਰ ਪਾਰਟੀ ਦੀ ਸ਼ਕਤੀ ਵਿੱਚ ਵਾਧਾ ਹੁੰਦਾ ਹੈ। ਇਹ ਸ਼ਕਤੀ ਲੇਬਰ ਪਾਰਟੀ ਤੋਂ ਬਾਹਰ ਦੇ ਲਿਬਰਲਾਂ ਨੂੰ ਪ੍ਰਾਪਤ ਨਹੀਂ ਹੁੰਦੀ ਸਗੋਂ ਲੇਬਰ ਪਾਰਟੀ ਨੂੰ ਪ੍ਰਾਪਤ ਹੁੰਦੀ ਹੈ, ਜ਼ਿਮਨੀ ਚੋਣਾਂ ਤੋਂ ਇਹ ਗੱਲ ਸਪੱਸ਼ਟ ਹੋ ਗਈ ਹੈ।"

ਲੱਗੇ ਹੱਥ ਇਹ ਗੱਲ ਵੀ ਕਹਿ ਦਈਏ ਕਿ ਇਹ ਦਲੀਲ ਖ਼ਾਸ ਤੌਰ 'ਤੇ ਪ੍ਰਗਟ ਕਰਦੀ ਹੈ ਕਿ ਬੁਰਜੂਆਜੀ ਦੇ ਸਭ ਤੋਂ ਸਿਆਣੇ ਲੋਕ ਵੀ ਕਿਵੇਂ ਉਲਝ ਗਏ ਹਨ ਅਤੇ ਕਿਵੇਂ ਉਹ ਅਜਿਹੀਆਂ ਗ਼ਲਤੀਆਂ ਕਰਦੇ ਹਨ ਜਿਸ ਤੋਂ ਹੋਣ ਵਾਲ਼ਾ ਨੁਕਸਾਨ ਪੂਰਾ ਨਹੀਂ ਕੀਤਾ ਜਾ ਸਕਦਾ। ਸੱਚ ਮੁੱਚ ਇਹੋ ਕੁਝ ਬੁਰਜੂਆਜ਼ੀ ਦਾ ਤਖ਼ਤਾ ਉਲਟਾਏਗਾ। ਸਾਡੇ ਲੋਕ ਵੀ ਗ਼ਲਤੀਆਂ ਕਰ ਸਕਦੇ (ਜੇ ਉਹ ਬਹੁਤ ਗੰਭੀਰ ਨਾ ਹੋਣ ਅਤੇ ਸਮੇਂ ਸਿਰ ਸੋਧ ਲਈਆਂ ਜਾਣ) ਪਰ ਇਹਦੇ ਬਾਵਜੂਦ ਉਹ ਅੰਤ ਜੇਤੂ ਹੋਣਗੇ।

ਦੂਜੀ ਰਾਜਸੀ ਦਸਤਾਵੇਜ਼ ਇੱਕ "ਖੱਬ-ਪੱਖੀ" ਕਮਿਊਨਿਸਟ ਸਾਥੀ ਸਿਲਵੀਆ ਪੈਂਕਹਰਸਟ ਵੱਲੋਂ ਪੇਸ਼ ਕੀਤੀ ਗਈ ਦਲੀਲ ਹੈ ਜਿਸ ਵਿੱਚ ਕਿਹਾ ਗਿਆ ਹੈ:

" ...ਸਾਥੀ ਇੰਕਪਿਨ (ਬਰਤਾਨਵੀ ਸੋਸ਼ਲਿਸਟ ਪਾਰਟੀ ਦੇ ਜਨਰਲ ਸਕੱਤਰ) ਲੇਬਰ ਪਾਰਟੀ ਦਾ ਜ਼ਿਕਰ ਕਰਦੇ ਹੋਏ ਇਹਨੂੰ 'ਕਿਰਤੀ ਸ਼੍ਰੇਣੀ ਲਹਿਰ ਦੀ ਮੁੱਖ ਜਥੇਬੰਦੀ' ਕਹਿੰਦੇ ਹਨ। ਤੀਜੀ ਇੰਟਰਨੈਸ਼ਨਲ ਦਾ ਜਿਹੜਾ ਸਮਾਗਮ ਪਿੱਛੇ ਜਿਹੇ ਹੋਇਆ, ਉਸ ਵਿੱਚ ਬਰਤਾਨਵੀ ਸੋਸ਼ਲਿਸਟ ਪਾਰਟੀ ਦੇ ਇੱਕ ਹੋਰ ਸਾਥੀ ਨੇ ਹੋਰ ਮਜ਼ਬੂਤ ਸ਼ਬਦਾਂ ਵਿਚ ਬਰਤਾਨਵੀਂ ਸੋਸ਼ਲਿਸਟ ਪਾਰਟੀ ਦੀ ਪ੍ਰਸਥਿਤੀ ਨੂੰ ਪੇਸ਼ ਕੀਤਾ। ਉਹਨੇ ਕਿਹਾ: "ਅਸੀਂ ਲੇਬਰ ਪਾਰਟੀ ਨੂੰ ਜਥੇਬੰਦ ਕਿਰਤੀ ਸ਼੍ਰੇਣੀ ਸਮਝਦੇ ਹਾਂ।"

"ਲੇਬਰ ਪਾਰਟੀ ਸਬੰਧੀ ਸਾਡੇ ਵਿਚਾਰ ਇਹ ਨਹੀਂ। ਗਿਣਤੀ ਦੇ ਪੱਖੋਂ ਲੇਬਰ ਪਾਰਟੀ ਬਹੁਤ ਵੱਡੀ ਹੈ ਭਾਵੇਂ ਵੱਡੀ ਹੱਦ ਤੱਕ ਇਹਦੇ ਮੈਂਬਰ ਸਿਥੱਲ ਅਤੇ ਨਿਰਉਤਸ਼ਾਹ ਹਨ, ਜਿਸ ਵਿੱਚ ਉਹ ਮਰਦ ਅਤੇ ਇਸਤਰੀਆਂ ਸ਼ਾਮਲ ਹਨ ਜੋ

ਆਪਣੇ ਸਾਥੀਆਂ ਦੇ ਟਰੇਡ ਯੂਨੀਅਨਾਂ ਦਾ ਮੈਂਬਰ ਹੋਣ ਕਰਕੇ ਅਤੇ ਇਹਨਾਂ ਦੇ ਸਮਾਜੀ ਲਾਭ ਪ੍ਰਾਪਤ ਕਰਨ ਲਈ ਟਰੇਡ ਯੂਨੀਅਨਾਂ ਦੇ ਮੈਂਬਰ ਬਣੇ।

"ਪਰ ਅਸੀਂ ਇਸ ਤੱਥ ਨੂੰ ਕਬੂਲਦੇ ਹਾਂ ਕਿ ਲੇਬਰ ਪਾਰਟੀ ਦੇ ਏਡੇ ਵੱਡੇ ਆਕਾਰ ਦਾ ਇੱਕ ਕਾਰਨ ਇਹ ਵੀ ਹੈ ਕਿ ਇਹਨੂੰ ਵਿਚਾਰਾਂ ਦੀ ਇੱਕ ਅਜਿਹੀ ਪਰਪਾਈ ਦੇ ਲੋਕਾਂ ਨੇ ਖੜ੍ਹਾ ਕੀਤਾ ਹੈ ਜਿਸ ਤੋਂ ਅੱਗੇ ਬਰਤਾਨਵੀ ਕਿਰਤੀ ਸ਼੍ਰੇਣੀ ਦੀ ਵੱਡੀ ਬਹੁ-ਗਿਣਤੀ ਅਜੇ ਨਹੀਂ ਵਧੀ, ਭਾਵੇਂ ਲੋਕਾਂ ਦੇ ਮਨਾਂ ਵਿੱਚ ਮਹਾਨ ਤਬਦੀਲੀਆਂ ਹੋ ਰਹੀਆਂ ਹਨ ਜੋ ਛੇਤੀ ਹੀ ਹਾਲਤ ਤਬਦੀਲ ਕਰ ਦੇਣਗੀਆਂ..."

"ਹੋਰਨਾਂ ਦੇਸ਼ਾਂ ਵਿਚ ਸਮਾਜੀ-ਦੇਸ਼-ਭਗਤ ਪਾਰਟੀਆਂ ਵਾਂਗ ਬਰਤਾਨਵੀ ਲੇਬਰ ਪਾਰਟੀ ਵੀ ਸਮਾਜ ਦੇ ਕੁਦਰਤੀ ਵਿਕਾਸ ਦੇ ਨਾਲ਼ ਨਾਲ਼ ਲਾਜ਼ਮੀ ਤੌਰ 'ਤੇ ਤਾਕਤ ਵਿੱਚ ਆਵੇਗੀ। ਕਮਿਊਨਿਸਟਾਂ ਦਾ ਕੰਮ ਉਹਨਾਂ ਤਾਕਤਾਂ ਨੂੰ ਪੈਦਾ ਕਰਨਾ ਹੈ ਜੋ ਸਮਾਜੀ-ਦੇਸ਼-ਭਗਤੀ ਦਾ ਤਖ਼ਤਾ ਉਲਟ ਦੇਣਗੀਆਂ ਅਤੇ ਇਸ ਦੇਸ਼ ਵਿੱਚ ਸਾਨੂੰ ਇਸ ਕੰਮ ਵਿੱਚ ਦੇਰ ਨਹੀਂ ਕਰਨੀ ਚਾਹੀਦੀ।

"ਲੇਬਰ ਪਾਰਟੀ ਦੀ ਤਾਕਤ ਵਧਾਉਣ ਵਿੱਚ ਸਾਨੂੰ ਆਪਣੀ ਤਾਕਤ ਗਵਾਉਣੀ ਨਹੀਂ ਚਾਹੀਦੀ, ਉਹਨਾਂ ਦਾ ਹਕੂਮਤ ਬਣਾਉਣਾ ਲਾਜ਼ਮੀ ਹੈ। ਸਾਨੂੰ ਆਪਣੀ ਸ਼ਕਤੀ ਉਹ ਕਮਿਊਨਿਸਟ ਲਹਿਰ ਖੜ੍ਹੀ ਕਰਨ 'ਤੇ ਕੇਂਦਰਤ ਕਰਨੀ ਚਾਹੀਦੀ ਹੈ ਜੋ ਲੇਬਰ ਪਾਰਟੀ ਨੂੰ ਹਰਾਏਗੀ; ਇਨਕਲਾਬੀ ਵਿਰੋਧੀ-ਦਲ ਨੂੰ ਇਸ ਉੱਤੇ ਹਮਲਾ ਕਰਨ ਦੀ ਤਿਆਰੀ ਕਰਨੀ ਚਾਹੀਦੀ ਹੈ।"

ਸੋ ਉਦਾਰ-ਪੰਥੀ ਬੁਰਜੂਆਜ਼ੀ (ਲੁੱਟ-ਚੋਂਘ ਕਰਨ ਵਾਲ਼ਿਆਂ) ਦੀਆਂ ਪਾਰਟੀਆਂ ਦੀ ਇਤਿਹਾਸਿਕ ਬਣਤਰ ਨੂੰ, ਜਿਸਨੂੰ ਸਦੀਆਂ ਦੇ ਅਨੁਭਵ ਨੇ ਪਵਿੱਤਰ ਬਣਾ ਦਿੱਤਾ ਹੈ ਅਤੇ ਜੋ ਲੁੱਟ-ਚੋਂਘ ਕਰਨ ਵਾਲ਼ਿਆਂ ਲਈ ਬਹੁਤ ਲਾਭਦਾਇਕ ਸਿੱਧ ਹੋਈ ਹੈ, ਤਿਆਗ ਰਹੀ ਹੈ ਅਤੇ ਇਹ ਜ਼ਰੂਰੀ ਖ਼ਿਆਲ ਕਰਦੀ ਹੈ ਕਿ ਦੋਵੇਂ ਪਾਰਟੀਆਂ ਲੇਬਰ ਪਾਰਟੀ ਵਿਰੁੱਧ ਇਕੱਠੀਆਂ ਹੋ ਜਾਣ। ਅਨੇਕ ਲਿਬਰਲ ਡੁੱਬਦੇ ਜਹਾਜ਼ ਤੋਂ ਨੱਠਦੇ ਚੂਹਿਆਂ ਵਾਂਗ ਆਪਣੀ ਪਾਰਟੀ ਛੱਡ ਕੇ ਲੇਬਰ ਪਾਰਟੀ ਵਿੱਚ ਜਾ ਰਹੇ ਹਨ। ਖੱਬੇ-ਪੱਖੀ ਕਮਿਊਨਿਸਟਾਂ ਦੇ ਵਿਚਾਰ ਹੈ ਕਿ ਤਾਕਤ ਲੇਬਰ ਪਾਰਟੀ ਦੇ ਹੱਥ ਆਉਣਾ ਅਟੱਲ ਹੈ ਅਤੇ ਉਹ ਇਹ ਵੀ ਮੰਨਦੇ ਹਨ ਕਿ ਇਹ ਨੂੰ ਵਧੇਰੇ ਕਿਰਤੀਆਂ ਦੀ ਹਮਾਇਤ ਪ੍ਰਾਪਤ ਹੈ। ਇਸ ਤੋਂ ਉਹ ਅਜੀਬ ਸਿੱਟੇ ਕੱਢਦੇ ਹਨ ਜਿਨ੍ਹਾਂ ਨੂੰ ਸਾਥੀ ਸਿਲਵੀਆ ਪੈਂਕਹਰਸਟ ਇਉਂ ਸੂਤਰ-ਬੱਧ ਕਰਦੀ ਹੈ:

"ਕਮਿਊਨਿਸਟ ਪਾਰਟੀ ਨੂੰ ਉੱਕਾ ਹੀ ਸਮਝੌਤਾ ਨਹੀਂ ਕਰਨਾ ਚਾਹੀਦਾ... ਕਮਿਊਨਿਸਟ ਪਾਰਟੀ ਨੂੰ ਆਪਣੇ ਸਿਧਾਂਤ ਨੂੰ ਸ਼ੁੱਧ ਰੱਖਣਾ ਚਾਹੀਦਾ ਹੈ ਅਤੇ ਸੁਧਾਰਵਾਦ ਤੋਂ ਆਪਣੀ ਸੁਤੰਤਰਤਾ ਨੂੰ ਅਭੰਗ ਰੱਖਣਾ ਚਾਹੀਦਾ ਹੈ – ਇਹਦਾ ਮਿਸ਼ਨ ਰੁੱਕੇ ਜਾਂ ਮੁੜੇ ਬਿਨਾਂ, ਕਮਿਊਨਿਸਟ ਇਨਕਲਾਬ ਦੇ ਸਿੱਧੇ ਰਾਹ

ਉੱਤੇ ਅੱਗੇ ਵੱਧਣਾ ਹੈ।”

ਇਹਦੇ ਉਲਟ ਇਹ ਤੱਥ ਕਿ ਵਧੇਰੇ ਬਰਤਾਨਵੀ ਕਿਰਤੀ ਅਜੇ ਤੱਕ ਬਰਤਾਨਵੀ ਕੇਰੇਨਸਕੀਆਂ ਅਤੇ ਸ਼ੀਦੇਮਾਨਾਂ ਦੀ ਅਗਵਾਈ ਕਬੂਲ ਕਰਦੀ ਹਨ ਕਿ ਅਜੇ ਤੱਕ ਉਹਨਾਂ ਨੂੰ ਇਹਨਾਂ ਲੋਕਾਂ ਦੀ ਹਕੂਮਤ ਦਾ ਅਨੁਭਵ ਨਹੀਂ — ਇੱਕ ਅਜਿਹਾ ਅਨੁਭਵ ਜਿਹੜਾ ਕਿਰਤੀਆਂ ਦੀ ਜਨਤਕ ਪੱਧਰ ਉੱਤੇ ਕਮਿਊਨਿਜ਼ਮ ਵੱਲ ਤਬਦੀਲੀ ਲਿਆਉਣ ਲਈ ਰੂਸ ਅਤੇ ਜਰਮਨੀ ਵਿੱਚ ਜ਼ਰੂਰੀ ਸੀ — ਤਾਂ ਬਿਨਾਂ ਸ਼ੱਕ ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਬਰਤਾਨਵੀ ਕਮਿਊਨਿਸਟਾਂ ਨੂੰ ਜ਼ਰੂਰ ਹੀ **ਪਾਰਲੀਮੈਂਟ ਦੇ ਕੰਮ ਵਿੱਚ** ਹਿੱਸਾ ਲੈਣਾ **ਚਾਹੀਦਾ ਹੈ**, ਕਿ ਉਹਨਾਂ ਨੂੰ ਪਾਰਲੀਮੈਂਟ ਦੇ **ਅੰਦਰੋਂ** ਆਮ ਕਿਰਤੀ ਜਨਤਾ ਦੀ ਅਮਲ ਵਿੱਚ ਹੈਂਡਰਸਨ ਅਤੇ ਸਨੋਡਨ ਦੀ ਹਕੂਮਤ ਦੇ ਸਿੱਟੇ ਵੇਖਣ ਵਿੱਚ ਸਹਾਇਤਾ ਕਰਨੀ ਚਾਹੀਦੀ ਹੈ ਅਤੇ ਇਹ ਕਿ ਉਹਨਾਂ ਨੂੰ ਹੈਂਡਰਸਨਾਂ ਅਤੇ ਸਨੋਡਨਾਂ ਦੀ ਲਾਇਡ ਜਾਰਜ ਅਤੇ ਚਰਚਲ ਨੂੰ ਹਰਾਉਣ ਵਿੱਚ ਸਹਾਇਤਾ ਕਰਨੀ ਚਾਹੀਦੀ ਹੈ। ਇਹਦੇ ਉਲਟ ਅਮਲ ਕਰਨਾ ਇਨਕਲਾਬ ਦੇ ਆਸ਼ੇ ਵਿੱਚ ਰੋਕ ਪਾਉਣਾ ਹੋਵੇਗਾ ਕਿਉਂਕਿ ਕਿਰਤੀ ਸ਼੍ਰੇਣੀ ਦੀ ਬਹੁ-ਗਿਣਤੀ ਦੇ ਵਿਚਾਰਾਂ ਵਿੱਚ ਤਬਦੀਲੀ ਤੋਂ ਬਿਨਾਂ, ਅਜਿਹੀ ਤਬਦੀਲੀ ਤੋਂ ਬਿਨਾਂ, ਜਿਹੜੀ ਜਨਤਾ ਦਾ ਰਾਜਸੀ ਅਨੁਭਵ ਲਿਆਉਂਦੀ ਹੈ ਅਤੇ ਇਕੱਲਾ ਰਾਜਸੀ ਪ੍ਰਚਾਰ ਕਦੇ ਨਹੀਂ ਲਿਆ ਸਕਦਾ, ਇਨਕਲਾਬ ਅਸੰਭਵ ਹੈ। “ਸਮਝੌਤਿਆਂ ਤੋਂ ਬਿਨਾਂ ਮੁੜੇ ਬਿਨਾਂ ਅੱਗੇ ਵੱਧਣਾ” — ਜੇ ਇਹ ਨਾਹਰਾ ਸਪੱਸ਼ਟ ਤੌਰ ’ਤੇ ਕਿਰਤੀਆਂ ਦੀ ਉਸ ਖਸੀ ਘੱਟ-ਗਿਣਤੀ ਵੱਲੋਂ ਆਇਆ ਹੈ ਜਿਹੜੇ ਇਹ ਜਾਣਦੇ ਹਨ (ਜਾਂ ਜਿਨ੍ਹਾਂ ਨੂੰ ਜ਼ਰੂਰ ਹੀ ਜਾਣਨਾ ਚਾਹੀਦਾ ਹੈ) ਕਿ ਜਦੋਂ ਹੈਂਡਰਸਨ ਅਤੇ ਸਨੋਡਨ ਨੂੰ ਲਾਇਡ ਜਾਰਜ ਅਤੇ ਚਰਚਲ ਉੱਤੇ ਜਿੱਤ ਪ੍ਰਾਪਤ ਹੋ ਗਈ, ਬਹੁ-ਗਿਣਤੀ ਛੇਤੀ ਹੀ ਆਪਣੇ ਲੀਡਰਾਂ ਤੋਂ ਨਿਰਾਸ਼ ਹੋ ਜਾਵੇਗੀ ਅਤੇ ਕਮਿਊਨਿਜ਼ਮ ਦੀ ਹਮਾਇਤ ਸ਼ੁਰੂ ਕਰ ਦੇਵੇਗੀ (ਜਾਂ ਘੱਟੋ ਘੱਟ ਨਿਰਪੱਖਤਾ ਦਾ ਵਤੀਰਾ ਧਾਰਨ ਕਰ ਲਵੇਗੀ ਅਤੇ ਮੁੱਖ ਤੌਰ ’ਤੇ ਕਮਿਊਨਿਸਟਾਂ ਵੱਲ ਹਮਦਰਦੀ ਵਾਲ਼ੀ ਨਿਰਪੱਖਤਾ ਦਾ) ਤਾਂ ਇਹ ਸਪੱਸ਼ਟ ਤੌਰ ’ਤੇ ਗ਼ਲਤ ਹੈ। ਇਹ ਐਨ ਉਸੇ ਤਰ੍ਹਾਂ ਹੈ ਜਿਵੇਂ 10,000 ਸਿਪਾਹੀਆਂ ਦੀ ਫ਼ੌਜ ਦੁਸ਼ਮਣ ਦੀ 50,000 ਦੀ ਫ਼ੌਜ ਉੱਤੇ ਉਸ ਸਮੇਂ ਹੱਲਾ ਬੋਲ ਦੇਵੇ ਜਦੋਂ “ਰੁਕਣਾ”, “ਟਾਲ਼-ਮਟੋਲ਼ ਦੀ ਕਾਰਵਾਈ ਕਰਨਾ” ਜਾਂ ਇੱਥੋਂ ਤੱਕ ਕਿ “ਸਮਝੌਤਾ” ਕਰ ਲੈਣਾ ਯੋਗ ਹੈ ਤਾਂ ਜੁ 1,00,000 ਦੀ ਉਸ ਕੁਮਕ ਦੀ ਉਡੀਕ ਕੀਤੀ ਜਾ ਸਕੇ ਜਿਹੜੀ ਚੱਲ ਤਾਂ ਪਈ ਹੈ ਪਰ ਅਜੇ ਰਾਹ ਵਿੱਚ ਹੈ ਅਤੇ ਇੱਕ ਦਮ ਲੜਾਈ ਵਿੱਚ ਸ਼ਾਮਲ ਨਹੀਂ ਹੋ ਸਕਦੀ। ਇਹ ਇਨਕਲਾਬੀ ਸ਼੍ਰੇਣੀ ਦੇ ਗੰਭੀਰ ਦਾਅ-ਪੇਚ ਨਹੀਂ ਸਗੋਂ ਬੁੱਧੀਮਾਨ ਬਚਪਨਾ ਹੈ।

ਇਨਕਲਾਬ ਦੇ ਬੁਨਿਆਦੀ ਨੇਮ ਜਿਸਦੀ ਸਭਨਾਂ ਇਨਕਲਾਬਾਂ ਨੇ ਆਪਣੇ ਵਿਸ਼ੇਸ਼ ਤੌਰ ’ਤੇ ਵੀਹਵੀਂ ਸਦੀ ਵਿੱਚ ਤਿੰਨ ਰੂਸੀ ਇਨਕਲਾਬਾਂ ਨੇ ਪੁਸ਼ਟੀ ਕੀਤੀ ਹੈ ਇਹ ਹੈ: ਇਨਕਲਾਬ ਹੋਣ ਲਈ ਕੇਵਲ ਇਹੋ ਲਾਜ਼ਮੀ ਨਹੀਂ ਕਿ ਲੁੱਟੀ ਖਸੁੱਟੀ ਅਤੇ ਪਸਿਤੀ ਜਨਤਾ ਪੁਰਾਣੇ ਢੰਗ ਨਾਲ਼ ਜਿਉਣ ਦੀ ਅਸੰਭਵਤਾ ਅਨੁਭਵ ਕਰ ਲਵੇ ਅਤੇ ਤਬਦੀਲੀਆਂ ਦੀ ਮੰਗ ਕਰੇ; ਇਨਕਲਾਬ ਹੋਣ ਲਈ ਇਹ ਵੀ ਲਾਜ਼ਮੀ ਹੈ ਕਿ ਲੋਟੂ ਪੁਰਾਣੇ ਢੰਗ ਅਨੁਸਾਰ

ਜਿਊਣ ਅਤੇ ਰਾਜ ਕਰਨ ਦੇ ਯੋਗ ਨਾ ਰਹਿਣ। ਜਦੋਂ **ਨੀਵੀਂਆਂ** ਸ਼੍ਰੇਣੀਆਂ ਪੁਰਾਣੇ ਢੰਗ ਨਾਲ਼ ਜਿਊਣਾ **ਨਹੀਂ ਚਾਹੁੰਦੀਆਂ** ਅਤੇ "ਉੱਚੀਆਂ ਸ਼੍ਰੇਣੀਆਂ" **ਪੁਰਾਣੇ ਢੰਗ ਨਾਲ਼** ਕੰਮ ਨਹੀਂ ਚਲਾ **ਸਕਦੀਆਂ** ਕੇਵਲ ਤਾਂ ਹੀ ਇਨਕਲਾਬ ਜੇਤੂ ਹੋ ਸਕਦਾ ਹੈ। ਇਹ ਵਿਚਾਰ ਦੂਜੇ ਸ਼ਬਦਾਂ ਵਿੱਚ ਇਉਂ ਪੇਸ਼ ਕੀਤਾ ਜਾ ਸਕਦਾ ਹੈ: ਇਨਕਲਾਬ ਲਈ ਇਹ ਲਾਜ਼ਮੀ ਹੈ ਕਿ ਇੱਕ ਕੌਮ-ਵਿਆਪੀ ਸੰਕਟ ਹੋਵੇ (ਜਿਹੜਾ ਲੁੱਟੇ-ਖਸੁੱਟੇ ਜਾਂਦਿਆਂ ਅਤੇ ਲੋਟੂਆਂ ਦੁਹਾਂ ਉੱਤੇ ਅਸਰ ਪਾਵੇ)। ਇਸ ਤੋਂ ਇਹ ਸਿੱਟਾ ਨਿਕਲ਼ਦਾ ਹੈ ਕਿ ਇਨਕਲਾਬ ਹੋਣ ਲਈ ਲਾਜ਼ਮੀ ਹੈ ਕਿ ਪਹਿਲੇ ਕਿਰਤੀਆਂ ਦੀ ਬਹੁ-ਗਿਣਤੀ (ਜਾਂ ਘੱਟੋ-ਘੱਟ ਸ਼੍ਰੇਣੀ-ਚੇਤੰਨ, ਸੋਚਵਾਨ ਅਤੇ ਰਾਜਸੀ ਤੌਰ 'ਤੇ ਸਰਗਰਮ ਕਿਰਤੀਆਂ ਦੀ ਬਹੁ ਗਿਣਤੀ) ਪੂਰੀ ਤਰ੍ਹਾਂ ਇਹ ਅਨੁਭਵ ਕਰ ਲਵੇ ਕਿ ਇਨਕਲਾਬ ਲਾਜ਼ਮੀ ਹੈ ਅਤੇ ਇਹਦੇ ਲਈ ਜਾਨ ਦੇਣ ਨੂੰ ਤਿਆਰ ਹੋਵੇ; ਦੂਜੇ, ਹਾਕਮ ਸ਼੍ਰੇਣੀਆਂ ਹਕੂਮਤ ਸੰਕਟ ਵਿੱਚੋਂ ਲੰਘ ਰਹੀਆਂ ਹੋਣ ਜੋ ਅਤਿ ਪੱਛੜੀ ਜਨਤਾ ਨੂੰ ਵੀ ਰਾਜਨੀਤੀ ਵਿੱਚ ਖਿੱਚ ਲਿਆਉਂਦਾ ਹੈ (ਹਰ ਸੱਚੇ ਇਨਕਲਾਬ ਦੀ ਪਛਾਣ ਇਹ ਹੈ ਕਿ ਰਾਜਸੀ ਘੋਲ਼ ਕਰ ਸਕਣ ਦੇ ਯੋਗ ਕਿਰਤੀ ਜਨਤਾ ਦੀ ਗਿਣਤੀ — ਜਿਹੜੀ ਹੁਣ ਤੱਕ ਨਿਰਉਤਸ਼ਾਹ ਸੀ, ਦਸ ਗੁਣਾ ਅਤੇ ਇੱਥੋਂ ਤੱਕ ਸੌ ਗੁਣਾ ਵੱਧ ਜਾਂਦੀ ਹੈ), ਹਕੂਮਤ ਨੂੰ ਕਮਜ਼ੋਰ ਕਰਦਾ ਹੈ ਅਤੇ ਇਨਕਲਾਬੀਆਂ ਲਈ ਇਹ ਸੰਭਵ ਬਣਾਉਂਦਾ ਹੈ ਕਿ ਉਹ ਤੇਜ਼ੀ ਨਾਲ਼ ਇਹਦਾ ਤਖ਼ਤਾ ਉਲਟ ਦੇਣ।

ਲੱਗੇ ਹੱਥ, ਜਿਹਾ ਕਿ ਲਾਇਡ ਜਾਰਜ ਦੀ ਤਕਰੀਰ ਤੋਂ ਵੇਖਿਆ ਜਾ ਸਕਦਾ ਹੈ, ਸਫ਼ਲ ਪ੍ਰੋਲਤਾਰੀ ਇਨਕਲਾਬ ਲਈ ਲੋੜੀਂਦੀਆਂ ਇਹ ਦੋਵੇਂ ਪ੍ਰਸਥਿਤੀਆਂ ਬਰਤਾਨੀਆਂ ਵਿੱਚ ਤੇਜ਼ੀ ਨਾਲ਼ ਪੱਕ ਰਹੀਆਂ ਹਨ। ਇਸ ਸਮੇਂ ਖੱਬ-ਪੱਖੀ ਕਮਿਊਨਿਸਟਾਂ ਦੀਆਂ ਗ਼ਲਤੀਆਂ ਵਿਸ਼ੇਸ਼ ਤੌਰ 'ਤੇ ਖ਼ਤਰਨਾਕ ਹਨ ਕਿਉਂਕਿ ਕੁਝ ਇਨਕਲਾਬੀ ਇਹਨਾਂ ਦੁਹਾਂ ਪ੍ਰਸਥਿਤੀਆਂ ਵੱਲ ਚੋਖੀ ਗੰਭੀਰਤਾ, ਚੋਖੇ ਧਿਆਨ, ਚੋਖੀ ਸਿਆਣਪ ਅਤੇ ਚੋਖੀ ਹੁਸ਼ਿਆਰੀ ਵਾਲ਼ਾ ਵਤੀਰਾ ਨਹੀਂ ਵਿਖਾ ਰਹੇ। ਜੇ ਅਸੀਂ ਇੱਕ ਇਨਕਲਾਬੀ **ਸ਼੍ਰੇਣੀ** ਦੀ ਪਾਰਟੀ ਹਾਂ ਅਤੇ ਕੇਵਲ ਇੱਕ ਇਨਕਲਾਬੀ ਟੋਲੀ ਨਹੀਂ ਅਤੇ ਜੇ ਅਸੀਂ ਚਾਹੁੰਦੇ ਹਾਂ ਕਿ **ਜਨਤਾ** ਸਾਡੇ ਪਿੱਛੇ ਚੱਲੇ (ਅਤੇ ਜੇ ਅਸੀਂ ਇਹ ਕੁਝ ਪ੍ਰਾਪਤ ਨਹੀਂ ਕਰ ਸਕਦੇ ਤਾਂ ਸਾਡੇ ਬਸ ਲਫ਼ੌੜੀ ਬਣ ਕੇ ਹੀ ਰਹਿ ਜਾਣ ਦਾ ਖ਼ਤਰਾ ਹੈ) ਸਾਡੇ ਲਈ ਇਹ ਲਾਜ਼ਮੀ ਹੈ ਕਿ, ਪਹਿਲੇ, ਅਸੀਂ ਹੈਂਡਰਸਨ ਜਾਂ ਸਨੋਡਨ ਨੂੰ ਲਾਇਡ ਜਾਰਜ ਅਤੇ ਚਰਚਲ ਨੂੰ ਹਰਾਉਣ ਵਿੱਚ ਸਹਾਇਤਾ ਦੇਈਏ (ਜਾਂ, ਵਧੇਰੇ ਠੀਕ ਗੱਲ ਇਹ ਹੈ, ਕਿ ਪਹਿਲੇ ਨੂੰ ਦੂਜੇ ਨੂੰ ਹਰਾਉਣ ਵਿੱਚ ਸਹਾਇਤਾ ਦਈਏ ਕਿਉਂਕਿ ਉਹ **ਆਪਣੀ ਜਿੱਤ ਤੋਂ ਡਰਦੇ ਹਨ**!), ਦੂਜੇ ਇਹ ਜ਼ਰੂਰੀ ਹੈ ਕਿ ਅਸੀਂ ਕਿਰਤੀ ਜਨਤਾ ਨੂੰ ਖ਼ੁਦ ਆਪਣੇ ਅਨੁਭਵ ਰਾਹੀਂ ਇਹ ਸਮਝਣ ਵਿੱਚ ਸਹਾਇਤਾ ਦਈਏ ਕਿ ਹੈਂਡਰਸਨ ਅਤੇ ਸਨੋਡਨ ਉਕਾ ਹੀ ਨਾਕਾਰਾ ਹਨ, ਕਿ ਉਹਨਾਂ ਦਾ ਖ਼ਾਸਾ ਹੀ ਨਿੱਕ-ਬੁਰਜੂਆ ਅਤੇ ਵਿਸਾਹ-ਘਾਤਕ ਹੈ ਅਤੇ ਉਹਨਾਂ ਦਾ ਦਿਵਾਲ਼ਾ ਨਿਕਲ਼ਣਾ ਅਟੱਲ ਹੈ, ਤੀਜੇ ਸਾਨੂੰ ਉਸ ਸਮੇਂ ਨੂੰ ਨੇੜੇ ਲਿਆਉਣਾ ਚਾਹੀਦਾ ਹੈ ਜਦੋਂ ਵਧੇਰੇ ਕਿਰਤੀਆਂ ਦੇ ਹੈਂਡਰਸਨਾਂ ਤੋਂ ਨਿਰਾਸ਼ ਹੋ ਜਾਣ ਦੇ **ਅਧਾਰ ਉੱਤੇ** ਹੈਂਡਰਸਨ ਦੀ ਸਰਕਾਰ ਦਾ ਤਖ਼ਤਾ ਸਫ਼ਲਤਾ ਦੀ ਗੰਭੀਰ ਆਸ ਸਹਿਤ ਉਲਟਾ ਦੇਣਾ ਸੰਭਵ

ਹੋਵਗਾ; ਕਿਉਂਕਿ ਜੇ ਲਾਇਡ ਜਾਰਜ ਜਿਹਾ ਘਾਗ ਅਤੇ ਨਿੱਗਰ ਨਿੱਕ-ਬੁਰਜੂਆ ਨਹੀਂ ਸਗੋਂ ਵੱਡਾ ਬੁਰਜੂਆ ਘਬਰਾਹਟ ਵਿਖਾ ਰਿਹਾ ਹੈ ਅਤੇ ਅੱਜ ਚਰਚਲ ਅਤੇ ਕੱਲ੍ਹ ਐਸਕੁਇਥ ਨਾਲ਼ "ਝਗੜ" ਕੇ ਆਪਣੇ ਆਪ ਨੂੰ (ਅਤੇ ਸਮੁੱਚੀ ਬੁਰਜੂਆਜ਼ੀ ਨੂੰ) ਕਮਜ਼ੋਰ ਕਰ ਰਿਹਾ ਹੈ ਤਾਂ ਜ਼ਰਾ ਸੋਚੋ ਹੈਂਡਰਸਨ ਦੀ ਹਕੂਮਤ ਦੀ ਘਬਰਾਹਟ ਕਿਹੋ ਜਿਹੀ ਹੋਵੇਗੀ!

ਮੈਂ ਇਸ ਗੱਲ ਨੂੰ ਹੋਰ ਠੋਸ ਢੰਗ ਨਾਲ਼ ਪੇਸ਼ ਕਰਦਾ ਹਾਂ। ਮੇਰਾ ਵਿਚਾਰ ਇਹ ਹੈ ਕਿ ਬਰਤਾਨਵੀ ਕਮਿਊਨਿਸਟਾਂ ਨੂੰ ਚਾਹੀਦਾ ਹੈ ਕਿ ਉਹ ਆਪਣੀਆਂ ਚਾਰ ਪਾਰਟੀਆਂ ਅਤੇ ਟੋਲੀਆਂ ਨੂੰ (ਜੋ ਸਭੇ ਬਹੁਤ ਕਮਜ਼ੋਰ ਅਤੇ ਕੁਝ ਤਾਂ ਬਹੁਤ ਜ਼ਿਆਦਾ ਕਮਜ਼ੋਰ ਹਨ) ਤੀਜੀ ਇੰਟਰਨੈਸ਼ਨਲ ਦੇ ਅਸੂਲਾਂ ਅਤੇ ਪਾਰਲੀਮੈਂਟ ਵਿੱਚ **ਲਾਜ਼ਮੀ** ਸ਼ਮੂਲੀ ਦੇ ਅਸੂਲ ਦੇ ਆਧਾਰ ਉੱਤੇ ਇੱਕ ਕਰ ਲੈਣ। ਕਮਿਊਨਿਸਟ ਪਾਰਟੀ ਨੂੰ ਚਾਹੀਦਾ ਹੈ ਕਿ ਉਹ ਹੈਂਡਰਸਨਾਂ ਅਤੇ ਸਨੋਡਨਾਂ ਸਾਹਮਣੇ ਹੇਠ ਲਿਖਿਆ "ਸਮਝੌਤਾ", ਚੋਣਾਂ ਸਬੰਧੀ ਸਮਝੌਤਾ ਪੇਸ਼ ਕਰੇ: ਆਓ ਅਸੀਂ ਲਾਇਡ ਜਾਰਜ ਅਤੇ ਕਨਜ਼ਰਵੇਟਿਵਾਂ ਦੇ ਸਾਂਝੇ ਮੋਰਚੇ ਵਿਰੁੱਧ ਰੱਲ਼ ਕੇ ਲੜੀਏ; ਅਸੀਂ ਪਾਰਲੀਮੈਂਟ ਦੀਆਂ ਸੀਟਾਂ ਦੀ ਵੰਡ ਲੇਬਰ ਪਾਰਟੀ ਅਤੇ ਕਮਿਊਨਿਟ ਪਾਰਟੀ ਨੂੰ (ਪਾਰਲੀਮੈਂਟ ਦੀਆਂ ਚੋਣਾਂ ਵਿਚ ਨਹੀਂ ਸਗੋਂ ਵਿਸ਼ੇਸ਼ ਤੌਰ 'ਤੇ ਪਵਾਈਆਂ ਗਈਆਂ ਪਰਚੀਆਂ ਵਿੱਚ) ਮਿਲੀਆਂ ਵੋਟਾਂ ਦੇ ਆਧਾਰ ਉੱਤੇ ਕਰੀਏ ਅਤੇ ਸਾਨੂੰ ਦੁਹਾਂ ਨੂੰ ਐਜ਼ੀਟੇਸ਼ਨ, ਪ੍ਰਚਾਰ ਅਤੇ ਰਾਜਸੀ ਸਰਗਰਮੀ ਦੀ **ਪੂਰਨ ਅਜ਼ਾਦੀ** ਪ੍ਰਾਪਤ ਰਹੇ। ਨਿਸ਼ਚੇ ਹੀ ਅਖ਼ੀਰੀ ਸ਼ਰਤ ਤੋਂ ਬਿਨਾਂ ਅਸੀਂ ਸਾਂਝੇ ਮੋਰਚੇ ਲਈ ਰਜ਼ਾਮੰਦ ਨਹੀਂ ਹੋ ਸਕਦੇ ਕਿਉਂਕਿ ਇਹ ਗ਼ੱਦਾਰੀ ਹੋਵੇਗੀ; ਬਰਤਾਨਵੀ ਕਮਿਊਨਿਸਟਾਂ ਨੂੰ ਐਨ ਉਸੇ ਤਰ੍ਹਾਂ ਹੈਂਡਰਸਨਾਂ ਅਤੇ ਸਨੋਡਨਾਂ ਦਾ ਪੱਜ ਉਘੇੜਨ ਦੀ ਮੁਕੰਮਲ ਅਜ਼ਾਦੀ ਮੰਗਣੀ ਅਤੇ ਪ੍ਰਾਪਤ ਕਰਨੀ ਚਾਹੀਦੀ ਹੈ ਜਿਵੇਂ (**ਪੰਦਰਾ ਵਰ੍ਹਿਆਂ ਲਈ — 1903-17**) ਰੂਸੀ ਬਾਲਸ਼ਵਿਕਾਂ ਨੇ ਰੂਸੀ ਹੈਂਡਰਸਨਾਂ ਅਤੇ ਸਨੋਡਨਾਂ, ਅਰਥਾਤ ਮੈਨਸ਼ਵਿਕਾਂ ਵਿਰੁੱਧ ਅਜਿਹੀ ਅਜ਼ਾਦੀ ਮੰਗੀ ਅਤੇ ਪ੍ਰਾਪਤ ਕੀਤੀ।

ਹੈਂਡਰਸਨਾਂ ਅਤੇ ਸਨੋਡਨਾਂ ਨੇ ਇਹਨਾਂ ਸ਼ਰਤਾਂ ਉੱਤੇ ਸਾਂਝੇ ਮੋਰਚੇ ਦੀ ਤਜ਼ਵੀਜ਼ ਕਬੂਲ ਕਰ ਲਈ ਤਾਂ ਸਾਨੂੰ ਲਾਭ ਹੋਵੇਗਾ ਕਿਉਂਕਿ ਪਾਰਲੀਮੈਂਟ ਦੀਆਂ ਸੀਟਾਂ ਦੀ ਗਿਣਤੀ ਦਾ ਸਾਡੇ ਲਈ ਕੋਈ ਅਰਥ ਨਹੀਂ; ਅਸੀਂ ਸੀਟਾਂ ਮਗਰ ਨਹੀਂ ਦੌੜ ਰਹੇ। ਅਸੀਂ ਨੁਕਤੇ ਉੱਤੇ ਝੁੱਕ ਜਾਵਾਂਗੇ (ਜਿੱਥੇ ਕਿ ਹੈਂਡਰਸਨ ਅਤੇ ਉਹਦੇ ਨਵੇਂ ਮਿੱਤਰ —ਜਾਂ ਨਵੇਂ ਮਾਲਕ — ਇੰਡੀਪੈਂਡੈਂਟ ਲੇਬਰ ਪਾਰਟੀ ਵਿੱਚ ਸ਼ਾਮਲ ਹੋ ਗਏ ਲਿਬਰਲ ਸੀਟਾਂ ਪ੍ਰਾਪਤ ਕਰਨ ਲਈ ਬਹੁਤ ਹੀ ਉਤਾਵਲੇ ਹਨ)। ਸਾਨੂੰ ਲਾਭ ਹੋਵੇਗਾ ਕਿਉਂਕਿ ਅਸੀਂ **ਜਨਤਾ** ਵਿੱਚ **ਆਪਣੀ** ਐਜ਼ੀਟੇਸ਼ਨ ਉਸ ਸਮੇਂ ਲਿਜਾ ਰਹੇ ਹੋਵਾਂਗੇ ਜਦੋਂ **ਖੁਦ** ਲਾਇਡ ਜਾਰਜ ਨੇ ਉਹਨਾਂ ਨੂੰ "ਭੜਕਾ ਦਿੱਤਾ" ਹੈ ਅਤੇ ਅਸੀਂ ਨਾ ਕੇਵਲ ਲੇਬਰ ਪਾਰਟੀ ਨੂੰ ਉਹਦੀ ਹਕੂਮਤ ਜਲਦੀ ਬਣਾਉਣ ਵਿੱਚ ਸਹਾਇਤਾ ਦਿਆਂਗੇ ਸਗੋਂ ਅਸੀਂ ਹੈਂਡਰਸਨਾਂ ਵਿਰੁੱਧ ਬਿਨਾਂ ਕਿਸੇ ਰੱਖ ਰਖਾ ਜਾਂ ਛੋਟ ਦੇ ਜਿਹੜਾ ਕਮਿਊਨਿਸਟ ਪ੍ਰਚਾਰ ਕਰਾਂਗੇ ਉਹਨੂੰ ਜਲਦੀ ਸਮਝਣ ਵਿੱਚ ਜਨਤਾ ਦੀ ਸਹਾਇਤਾ ਕਰ ਰਹੇ ਹੋਵਾਂਗੇ।

ਜੇ ਹੈਂਡਰਸਨਾਂ ਅਤੇ ਸਨੋਡਨਾਂ ਨੇ ਇਹਨਾਂ ਸ਼ਰਤਾਂ ਉੱਤੇ ਸਾਂਝੇ ਮੋਰਚੇ ਤੋਂ ਇਨਕਾਰ

ਕਰ ਦਿੱਤਾ ਤਾਂ ਸਾਨੂੰ ਹੋਰ ਵਧੇਰੇ ਲਾਭ ਹੋਵੇਗਾ ਕਿਉਂਕਿ ਅਸੀਂ **ਜਨਤਾ** ਅੱਗੇ ਇੱਕਦਮ ਪ੍ਰਤੱਖ ਕਰ ਸਕੇ ਹੋਵਾਂਗੇ (ਇਸ ਗੱਲ ਦਾ ਧਿਆਨ ਰਹੇ ਕਿ ਖ਼ਾਲਸ ਮੈਨਸ਼ਵਿਕ ਅਤੇ ਮੁਕੰਮਲ ਤੌਰ 'ਤੇ ਮੌਕਾ-ਪ੍ਰਸਤ ਇੰਡੀਪੈਂਡੈਂਟ ਲੇਬਰ ਪਾਰਟੀ ਵਿੱਚ ਵੀ **ਆਮ ਮੈਂਬਰ** ਸੋਵੀਅਤਾਂ ਦੇ ਹੱਕ ਵਿੱਚ ਹਨ) ਕਿ ਹੈਂਡਰਸਨ ਕਿਰਤੀਆਂ ਦੀ ਏਕਤਾ ਨਾਲ਼ੋਂ ਸਰਮਾਏਦਾਰਾਂ ਨਾਲ਼ **ਆਪਣੇ** ਨੇੜਵੇਂ ਸਬੰਧਾਂ ਨੂੰ ਚੰਗੇਰਾ ਸਮਝਦੇ ਹਨ। ਆਮ **ਜਨਤਾ** ਦੀ ਨਜ਼ਰਾਂ ਵਿੱਚ ਫ਼ੌਰਨ ਸਾਡੀ ਕਦਰ ਵਧੇਗੀ, ਜਿਹੜੀ ਲਾਇਡ ਜਾਰਜ ਦੀ ਅਤਿ ਠੀਕ, ਸ਼ਾਨਦਾਰ ਅਤੇ (ਕਮਿਊਨਿਸਟਾਂ ਲਈ) ਏਨੀਂ ਲਾਹੇਵੰਦੀ ਵਿਆਖਿਆ ਤੋਂ ਪਿੱਛੋਂ ਲਾਇਡ ਜਾਰਜ-ਕਨਜ਼ਰਵੇਟਿਵ ਮੋਰਚੇ ਵਿਰੁੱਧ ਸਭਨਾਂ ਕਿਰਤੀਆਂ ਦੇ ਇੱਕਮੁੱਠ ਹੋਣ ਦੇ ਵਿਚਾਰ ਲਈ ਬਹੁਤ ਹਮਦਰਦੀ ਰੱਖਦੀ ਹੋਵੇਗੀ। ਸਾਨੂੰ ਇੱਕ-ਦਮ ਲਾਭ ਹੋਵੇਗਾ ਕਿਉਂਕਿ ਜਨਤਾ ਨੂੰ ਵਿਖਾ ਦਿੱਤਾ ਹੋਵੇਗਾ ਕਿ ਹੈਂਡਰਸਨਾਂ ਅਤੇ ਸਨੋਡਨਾਂ ਨੂੰ ਲਾਇਡ ਜਾਰਜ ਨੂੰ ਹਰਾਉਣ ਤੋਂ ਡਰ ਲੱਗਦਾ ਹੈ ਕਿ ਉਹ ਇਕੱਲੇ ਸੱਤ੍ਹਾ ਹੱਥ ਵਿੱਚ ਲੈਣੋਂ ਡਰਦੇ ਹਨ, ਕਿ ਲਾਇਡ ਜਾਰਜ ਦੀ ਗੁਪਤ ਸਹਾਇਤਾ ਪ੍ਰਾਪਤ ਕਰਨ ਦਾ ਯਤਨ ਕਰ ਰਹੇ ਹਨ ਜਿਹੜਾ **ਖੁੱਲ੍ਹਮ-ਖੁੱਲ੍ਹਾ** ਲੇਬਰ ਪਾਰਟੀ ਵਿਰੁੱਧ ਕਨਜ਼ਰਵੇਟਿਵਾਂ ਵੱਲ ਹੱਥ ਵਧਾ ਰਿਹਾ ਹੈ ਇਹ ਗੱਲ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਰੂਸ ਵਿੱਚ (ਪੁਰਾਣੇ ਕੈਲੰਡਰ ਅਨੁਸਾਰ) 27 ਫਰਵਰੀ 1917 ਦੇ ਇਨਕਲਾਬ ਤੋਂ ਪਿੱਛੋਂ ਮੈਨਸ਼ਵਿਕਾਂ ਅਤੇ ਸੋਸ਼ਲਿਸਟ-ਇਨਕਲਾਬੀਆਂ (ਰੂਸੀ ਹੈਂਡਰਸਨਾਂ ਅਤੇ ਸਨੋਡਨਾਂ) ਵਿਰੁੱਧ ਬਾਲਸ਼ਵਿਕਾਂ ਦੇ ਪ੍ਰਚਾਰ ਨੂੰ ਐਨ ਅਜਿਹੀਆਂ ਪ੍ਰਸਿਥੀਆਂ ਤੋਂ ਅਤਿ-ਅੰਤ ਲਾਭ ਹੋਇਆ। ਅਸੀਂ ਮੈਨਸ਼ਵਿਕਾਂ ਅਤੇ ਸੋਸ਼ਲਿਸਟ-ਇਨਕਲਾਬੀਆਂ ਨੂੰ ਕਿਹਾ ਹੈ ਕਿ ਤੁਸੀਂ ਬੁਰਜੂਆਜ਼ੀ ਤੋਂ ਬਿਨਾਂ ਸੱਤ੍ਹਾ ਆਪਣੇ ਹੱਥ ਵਿੱਚ ਲੈ ਲਓ ਕਿਉਂਕਿ ਸੋਵੀਅਤਾਂ ਵਿੱਚ ਤੁਸੀਂ ਬਹੁ-ਗਿਣਤੀ ਵਿੱਚ ਹੋ (ਜੂਨ, 1917 ਵਿੱਚ ਸੋਵੀਅਤਾਂ ਦੀ ਪਹਿਲੀ ਕੁੱਲ-ਰੂਸ ਕਾਂਗਰਸ ਵਿੱਚ ਬਾਲਸ਼ਵਿਕਾਂ ਨੂੰ ਕੁੱਲ 13 ਫ਼ੀਸਦੀ ਵੋਟਾਂ ਮਿਲੀਆਂ ਸਨ)। ਪਰ ਰੂਸੀ ਹੈਂਡਰਸਨਾਂ ਅਤੇ ਸਨੋਡਨਾਂ ਨੂੰ ਬੁਰਜੂਆਜ਼ੀ ਤੋਂ ਬਿਨਾਂ ਸੱਤ੍ਹਾ ਹੱਥ ਵਿੱਚ ਲੈਣੋਂ ਡਰ ਲੱਗਦਾ ਸੀ ਅਤੇ ਬੁਰਜੂਆਜ਼ੀ ਨੇ ਇਹ ਪੂਰੀ ਤਰ੍ਹਾਂ ਜਾਣਦੇ ਹੋਏ ਕਿ ਚੋਣਾਂ ਵਿੱਚ ਸੋਸ਼ਲਿਸਟ ਇਨਕਲਾਬੀਆਂ ਅਤੇ ਮੈਨਸ਼ਵਿਕਾਂ* ਨੂੰ (ਜਿਨ੍ਹਾਂ ਦਾ ਆਪੋ ਵਿੱਚ ਬਹੁਤ ਨੇੜਵਾਂ ਰਾਜਸੀ ਮੋਰਚਾ ਸੀ ਅਤੇ ਜਿਹੜੇ **ਕੇਵਲ** ਨਿੱਕ-ਬੁਰਜੂਆ ਜਮਹੂਰੀਅਤ ਦੇ ਪ੍ਰਤਿਨਿਧ ਸਨ) ਬਹੁ ਗਿਣਤੀ ਮਿਲ ਜਾਵੇਗੀ, ਵਿਧਾਨ-ਘੜ੍ਹਨੀ ਸਭਾ ਦੀਆਂ ਚੋਣਾਂ ਰੋਕ ਦਿੱਤੀਆਂ ਤਾਂ ਮੈਨਸ਼ਵਿਕ ਅਤੇ ਸੋਸ਼ਲਿਸਟ-ਇਨਕਲਾਬੀ ਇਹਨਾਂ ਦੋਹਾਂ ਦਾ ਜ਼ੋਰਦਾਰ ਅਤੇ ਲਗਾਤਾਰ ਵਿਰੋਧ ਕਰਨ ਵਿੱਚ ਅਸਫ਼ਲ ਰਹੇ।

ਜੇ ਹੈਂਡਰਸਨ ਅਤੇ ਸਨੋਡਨ ਕਮਿਊਨਿਸਟਾਂ ਨਾਲ਼ ਸਾਂਝਾ ਮੋਰਚਾ ਬਣਾਉਣੋਂ

---

*ਰੂਸ ਵਿੱਚ ਵਿਧਾਨ-ਘੜ੍ਹਨੀ ਸਭਾ ਦੀਆਂ ਨਵੰਬਰ 1917 ਦੀਆਂ ਚੋਣਾਂ ਵਿੱਚ 3,60,00,000 ਵੋਟਾਂ ਦੀ ਗਿਣਤੀ ਦੇ ਆਧਾਰ ਉੱਤੇ, ਪ੍ਰਸਥਿਤੀ ਇਸ ਪ੍ਰਕਾਰ ਸੀ, ਬਾਲਸ਼ਵਿਕਾਂ ਨੂੰ 25 ਫ਼ੀਸਦੀ ਤੋਂ ਵੱਧ ਵੋਟਾਂ ਮਿਲ਼ੀਆਂ, ਜਾਗੀਰਦਾਰਾਂ ਅਤੇ ਬੁਰਜੂਆਜ਼ੀ ਦੀਆਂ ਵੱਖ ਵੱਖ ਪਾਰਟੀਆਂ ਨੂੰ 13 ਫ਼ੀਸਦੀ ਵੋਟਾਂ ਮਿਲੀਆਂ ਅਤੇ ਨਿੱਕ-ਬੁਰਜੂਆ ਜਮਹੂਰੀ ਪਾਰਟੀਆਂ, ਅਰਥਾਤ ਸੋਸ਼ਲਿਸ਼ਟ-ਇਨਕਲਾਬੀਆਂ, ਮੈਨਸ਼ਵਿਕਾਂ ਅਤੇ ਕਈ ਹੋਰ ਅਜਿਹੀਆਂ ਨਿੱਕੀਆਂ ਟੋਲੀਆਂ ਨੂੰ 62 ਫ਼ੀਸਦੀ ਵੋਟਾਂ ਮਿਲੀਆਂ।

ਨਾਂਹ ਕਰ ਦੇਂਦੇ ਹਨ ਤਾਂ ਕਮਿਊਨਿਸਟ ਇੱਕਦਮ ਜਨਤਾ ਦੀ ਹਮਦਰਦੀ ਜਿੱਤਣ ਅਤੇ ਹੈਂਡਰਸਨਾਂ ਅਤੇ ਸਨੋਡਨਾਂ ਦਾ ਪਰਦਾ ਉਘੇੜਨ ਵਿੱਚ ਸਫ਼ਲ ਹੋ ਜਾਣਗੇ; ਜੇ ਇਹਦੇ ਸਿੱਟੇ ਵਜੋਂ ਅਸੀਂ ਪਾਰਲੀਮੈਂਟ ਦੀਆਂ ਕੁਝ ਸੀਟਾਂ ਹਾਰ ਜਾਂਦੇ ਹਾਂ ਤਾਂ ਸਾਡੇ ਲਈ ਇਹਦੀ ਕੋਈ ਮਹਤੱਤਾ ਨਹੀਂ। ਸਾਨੂੰ ਥੋੜ੍ਹੇ ਪਰ ਸੁਰੱਖਿਅਤ ਹਲਕਿਆਂ, ਅਰਥਾਤ ਅਜਿਹੇ ਹਲਕਿਆਂ ਵਿੱਚ ਜਿੱਥੇ ਸਾਡਾ ਉਮੀਦਵਾਰ ਖੜ੍ਹਾ ਹੋਣ ਕਾਰਨ ਲੇਬਰ ਉਮੀਦਵਾਰਾਂ ਦੀ ਕੀਮਤ ਉੱਤੇ ਲਿਬਰਲਾਂ ਨੂੰ ਕੋਈ ਮਦਦ ਨਹੀਂ ਮਿਲਦੀ, ਉਮੀਦਵਾਰ ਖੜ੍ਹੇ ਕਰਨੇ ਚਾਹੀਦੇ ਹਨ। ਅਸੀਂ ਚੋਣ ਮੁਹਿੰਮ ਵਿੱਚ ਹਿੱਸਾ ਲਵਾਂਗੇ, ਕਮਿਊਨਿਜ਼ਮ ਦੇ ਹੱਕ ਵਿੱਚ ਇਸ਼ਤਿਹਾਰ ਵੰਡਾਂਗੇ ਅਤੇ ਉਹਨਾਂ **ਸਭਨਾਂ** ਹਲਕਿਆਂ ਵਿੱਚ ਜਿੱਥੇ ਸਾਡੇ ਉਮੀਦਵਾਰ ਨਹੀਂ ਅਸੀਂ ਵੋਟਰਾਂ ਨੂੰ ਜ਼ੋਰ ਨਾਲ਼ ਕਹਾਂਗੇ ਕਿ ਉਹ **ਬੁਰਜੂਆ ਉਮੀਦਵਾਰ ਵਿਰੁੱਧ ਅਤੇ ਲੇਬਰ ਉਮੀਦਵਾਰ ਨੂੰ ਵੋਟ ਦੇਣ**। ਸਾਥੀ ਸਿਲਵੀਆ ਪੈਂਕਹਰਸਟ ਅਤੇ ਸਾਥੀ ਗੈਲੇਕਰ ਨੂੰ ਇਹ ਸੋਚਣ ਵਿੱਚ ਗ਼ਲਤੀ ਲੱਗੀ ਹੈ ਕਿ ਅਜਿਹਾ ਕਮਿਊਨਿਜ਼ਮ ਨਾਲ਼ ਗ਼ੱਦਾਰੀ ਜਾਂ ਸਮਾਜੀ ਗ਼ੱਦਾਰਾਂ ਵਿਰੁੱਧ ਘੋਲ਼ ਦਾ ਤਿਆਗ ਹੈ। ਇਹਦੇ ਉਲਟ, ਅਜਿਹਾ ਕਰਨ ਨਾਲ਼ ਹੀ, ਨਿਰਸੰਦੇਹ ਕਮਿਊਨਿਸਟ ਇਨਕਲਾਬ ਨੂੰ ਤਾਕਤ ਪੁੱਜੇਗੀ।

ਇਸ ਸਮੇਂ ਅਕਸਰ ਬਰਤਾਨਵੀ ਕਮਿਊਨਿਸਟਾਂ ਨੂੰ ਜਨਤਾ ਤੱਕ ਅਪੜਨ ਅਤੇ ਇੱਥੋਂ ਤੱਕ ਕਿ ਉਹਨਾਂ ਨੂੰ ਆਪਣੀ ਗੱਲ ਸੁਣਾਉਣ ਵਿੱਚ ਵੀ ਔਖ ਹੁੰਦਾ ਹੈ। ਜੇ ਮੈਂ ਇੱਕ ਕਮਿਊਨਿਸਟ ਵਜੋਂ ਸਾਹਮਣੇ ਆਉਂਦਾ ਹਾਂ ਅਤੇ ਉਹਨਾਂ ਨੂੰ ਕਹਿੰਦਾ ਹਾਂ ਕਿ ਉਹ ਹੈਂਡਰਸਨ ਦੇ ਹੱਕ ਵਿੱਚ ਅਤੇ ਲਾਇਡ ਜਾਰਜ ਵਿਰੁੱਧ ਵੋਟ ਦੇਣ ਤਾਂ ਉਹ ਨਿਸ਼ਚੇ ਹੀ ਮੇਰੀ ਗੱਲ ਸੁਣਨਗੇ। ਤਾਂ ਮੈਂ ਬੜੇ ਸੌਖ ਨਾਲ਼ ਉਹਨਾਂ ਨੂੰ ਕੇਵਲ ਇਹ ਨਹੀਂ ਸਮਝਾ ਸਕਾਂਗਾ ਕਿ ਸੋਵੀਅਤਾਂ ਪਾਰਲੀਮੈਂਟ ਤੋਂ ਕਿਉਂ ਚੰਗੇਰੀਆਂ ਹਨ ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਚਰਚਲ ਦੀ ਡਿਕਟੇਟਰਸ਼ਿਪ ਤੋਂ (ਜਿਸ ਉੱਤੇ "ਬੁਰਜੂਆ" ਜਮਹੂਰੀਅਤ ਦਾ ਫੱਟਾ ਲੱਗਾ ਹੋਇਆ ਹੈ) ਕਿਉਂ ਚੰਗੀ ਹੈ, ਸਗੋਂ ਮੈਂ ਉਹਨਾਂ ਨੂੰ ਇਹ ਵੀ ਦੱਸ ਸਕਾਂਗਾ ਕਿ ਮੈਂ ਆਪਣੇ ਵੋਟ ਰਾਹੀਂ ਹੈਂਡਰਸਨ ਨੂੰ ਉਸੇ ਤਰ੍ਹਾਂ ਸਹਾਰਾ ਦੇਣਾ ਚਾਹੁੰਦਾ ਹਾਂ ਜਿਸ ਤਰ੍ਹਾਂ ਰੱਸਾ ਫਾਹੇ ਦਿੱਤੇ ਮਨੁੱਖ ਨੂੰ ਸਹਾਰਾ ਦੇਂਦਾ ਹੈ— ਕਿ ਹੈਂਡਰਸਨ ਦੀ ਹਕੂਮਤ ਦੀ ਭਾਵੀ ਸਥਾਪਤੀ ਇਹ ਸਾਬਤ ਕਰ ਦੇਵੇਗੀ ਕਿ ਮੈਂ ਠੀਕ ਹਾਂ, ਜਨਤਾ ਨੂੰ ਮੇਰੇ ਵੱਲ ਖਿੱਚ ਲਿਆਵੇਗੀ ਅਤੇ ਹੈਂਡਰਸਨਾਂ ਅਤੇ ਸਨੋਡਨਾਂ ਦੀ ਰਾਜਸੀ ਮੌਤ ਨੂੰ ਉਸੇ ਤਰ੍ਹਾਂ ਨੇੜੇ ਲਿਆਏਗੀ ਜਿਸ ਤਰ੍ਹਾਂ ਰੂਸ ਅਤੇ ਜਰਮਨੀ ਵਿੱਚ ਉਹਨਾਂ ਦੇ ਹਮ-ਖਿਆਲਾਂ ਨਾਲ਼ ਹੋਇਆ।

ਜੇ ਇਹ ਇਤਰਾਜ਼ ਕੀਤਾ ਜਾਵੇ ਕਿ ਇਹ ਦਾਅ-ਪੇਚਾਂ ਜਨਤਾ ਦੀ ਸਮਝ ਲਈ ਬਹੁਤ "ਸੂਖ਼ਮ" ਅਤੇ ਪੇਚਦਾਰ ਹਨ, ਕਿ ਇਹ ਦਾਅ-ਪੇਚ ਸਾਡੀ ਸ਼ਕਤੀਆਂ ਵਿੱਚ ਫੁੱਟ ਪਾ ਦੇਣਗੇ ਅਤੇ ਉਹਨਾਂ ਨੂੰ ਖਿੰਡਾ ਦੇਣਗੇ, ਕਿ ਇਹ ਸਾਨੂੰ ਆਪਣਾ ਧਿਆਨ ਸੋਵੀਅਤ ਇਨਕਲਾਬ ਉੱਤੇ ਕੇਂਦਰਤ ਕਰਨੋਂ ਰੋਕਣਗੇ, ਆਦਿ, ਤਾਂ ਮੈਂ "ਖੱਬੇ-ਪੱਖੀ" ਇਤਰਾਜ਼ ਕਰਨ ਵਾਲ਼ਿਆਂ ਨੂੰ ਕਹਿੰਦਾ ਹਾਂ, ਆਪਣੀ ਮਸਲੇਬਾਜ਼ੀ ਜਨਤਾ ਸਿਰ ਨਾ ਮੜ੍ਹੋ। ਨਿਸ਼ਚੇ ਹੀ ਰੂਸ ਦੀ ਜਨਤਾ ਬਰਤਾਨੀਆ ਦੀ ਜਨਤਾ ਤੋਂ ਵਧੀ ਪੜ੍ਹੀ ਲਿਖੀ ਨਹੀਂ, ਸਗੋਂ ਕੁਝ ਘੱਟ ਹੀ

ਪੜ੍ਹੀ ਹੈ, ਪਰ ਜਨਤਾ ਬਾਲਸ਼ਵਿਕਾਂ ਨੂੰ ਸਮਝਦੀ ਸੀ ਅਤੇ ਇਸ ਤੱਥ ਨੇ ਕਿ ਸਤੰਬਰ 1917 ਵਿੱਚ, ਸੋਵੀਅਤ ਇਨਕਲਾਬ ਤੋਂ ਥੋੜ੍ਹਾ ਸਮਾਂ **ਪਹਿਲਾਂ** ਬਾਲਸ਼ਵਿਕਾਂ ਨੇ ਬੁਰਜੂਆ ਪਾਰਲੀਮੈਂਟ (ਵਿਧਾਨ-ਘੜ੍ਹਨੀ ਸਭਾ) ਲਈ ਆਪਣੇ ਉਮੀਦਵਾਰ ਖੜ੍ਹੇ ਕੀਤੇ ਅਤੇ ਇਨਕਲਾਬ ਦੇ **ਅਗਲੇ ਦਿਨ** ਨਵੰਬਰ, 1917 ਵਿੱਚ ਇਸ ਵਿਧਾਨ-ਘੜ੍ਹਨੀ ਸਭਾ ਦੀਆਂ ਚੋਣਾਂ ਵਿੱਚ ਹਿੱਸਾ ਲਿਆ, ਜਿਸ ਤੋਂ ਉਹਨਾਂ ਨੇ 5 ਜਨਵਰੀ 1918 ਨੂੰ ਛੁਟਕਾਰਾ ਪਾ ਲਿਆ — ਇਸ ਤੱਥ ਨੇ ਬਾਲਸ਼ਵਿਕਾਂ ਦੇ ਰਾਹ ਵਿੱਚ ਰੋਕ ਨਹੀਂ ਪਾਈ ਸਗੋਂ ਇਹਦੇ ਉਲਟ ਉਹਨਾਂ ਦੀ ਸਹਾਇਤਾ ਕੀਤੀ।

ਮੈਂ ਇੱਥੇ ਬਰਤਾਨਵੀ ਕਮਿਊਨਿਸਟਾਂ ਵਿਚਕਾਰ ਮੱਤ-ਭੇਦਾਂ ਦੇ ਦੂਜੇ ਨੁਕਤੇ — ਲੇਬਰ ਪਾਰਟੀ ਨਾਲ਼ ਸਬੰਧ ਰੱਖਣ ਜਾਂ ਨਾ ਰੱਖਣ — ਸਬੰਧੀ ਕੁਝ ਨਹੀਂ ਕਹਿ ਸਕਦਾ। ਮੈਨੂੰ ਇਸ ਸਵਾਲ ਸਬੰਧੀ, ਜੋ ਲੇਬਰ ਪਾਰਟੀ ਦੀ ਅਣੋਖੀ ਬਣਤਰ ਕਾਰਨ, ਜਿਸਦੀ ਬਣਤਰ ਯੂਰਪੀ ਮਹਾਂਦੀਪ ਦੀਆਂ ਸਧਾਰਨ ਪਾਰਟੀਆਂ ਨਾਲ਼ੋਂ ਉੱਕਾ ਹੀ ਵੱਖਰੀ ਹੈ, ਬਹੁਤ ਪੇਚਦਾਰ ਹੈ, ਬਹੁਤ ਘੱਟ ਸਮੱਗਰੀ ਪ੍ਰਾਪਤ ਹੈ। ਪਰ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜਿਹੜੇ ਇਨਕਲਾਬੀ ਪ੍ਰੋਲਤਾਰੀ ਦੀ ਨੀਤੀ ਨੂੰ ਹੇਠ ਲਿਖੇ ਸਿਧਾਂਤਾਂ ਅਨੁਸਾਰ ਘੜ੍ਹਨਗੇ ਉਹ ਅਵੱਸ਼ ਹੀ ਗ਼ਲਤੀ ਕਰਨਗੇ: "ਕਮਿਊਨਿਸਟ ਪਾਰਟੀ ਨੂੰ ਆਪਣੇ ਸਿਧਾਂਤ ਨੂੰ ਸ਼ੁੱਧ ਰੱਖਣਾ ਚਾਹੀਦਾ ਹੈ ਅਤੇ ਸੁਧਾਰਵਾਦ ਤੋਂ ਆਪਣੀ ਸੁਤੰਤਰਤਾ ਨੂੰ ਸਵੱਛ ਰੱਖਣਾ ਚਾਹੀਦਾ ਹੈ; ਇਹਦਾ ਮਿਸ਼ਨ ਰੁੱਕੇ ਜਾਂ ਮੁੜੇ ਬਿਨਾਂ ਕਮਿਊਨਿਸਟ ਇਨਕਲਾਬ ਦੇ ਸਿੱਧੇ ਰਾਹ ਉੱਤੇ ਅੱਗੇ ਵੱਧਣਾ ਹੈ।" ਅਜਿਹੇ ਅਸੂਲ ਕੇਵਲ ਫਰਾਂਸੀਸੀ ਬਲਾਂਕੀਵਾਦੀ ਕਮਿਊਨਾਰਦਾਂ ਵੱਲੋਂ ਕੀਤੀ ਗ਼ਲਤੀ ਨੂੰ ਦੁਹਰਾਉਣਾ ਹੀ ਹੈ ਜਿਨ੍ਹਾਂ 1874 ਵਿੱਚ ਸਭਨਾਂ ਸਮਝੌਤਿਆਂ ਅਤੇ ਸਭਨਾਂ ਦਰਮਿਆਨੇ ਪੜਾਵਾਂ ਨੂੰ ਰੱਦ ਕੀਤਾ। ਦੂਜੇ, ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਇਸ ਸਵਾਲ ਉੱਤੇ ਵੀ, ਹੋਰ ਸਵਾਲਾਂ ਵਾਂਗ, ਲੋੜ ਇਸ ਗੱਲ ਦੀ ਹੈ ਕਿ ਅਸੀਂ ਕਮਿਊਨਿਜ਼ਮ ਦੇ ਆਮ ਅਤੇ ਬੁਨਿਆਦੀ ਸਿਧਾਂਤਾਂ ਨੂੰ ਸ਼੍ਰੇਣੀ ਅਤੇ ਪਾਰਟੀਆਂ ਦੇ ਉਹਨਾਂ **ਖਾਸ ਕਿਸਮ** ਦੇ ਸਬੰਧਾਂ ਉੱਤੇ ਅਤੇ ਕਮਿਊਨਿਜ਼ਮ ਵੱਲ ਵਿਕਾਸ ਦੀਆਂ **ਖ਼ਾਸ ਗੱਲਾਂ** 'ਤੇ ਲਾਗੂ ਕਰਨਾ ਸਿੱਖੀਏ ਜਿਹੜੀਆਂ ਹਰ ਦੇਸ਼ ਵਿੱਚ ਵੱਖ ਵੱਖ ਹੁੰਦੀਆਂ ਹਨ ਅਤੇ ਜਿਨ੍ਹਾਂ ਦਾ ਅਧਿਅਨ ਕਰਨਾ, ਜਿਨ੍ਹਾਂ ਨੂੰ ਲੱਭਣਾ ਅਤੇ ਜਿਨ੍ਹਾਂ ਨੂੰ ਅਨੁਭਵ ਕਰਨਾ ਜ਼ਰੂਰੀ ਹੁੰਦਾ ਹੈ।

ਪਰ ਇਸ ਉੱਤੇ ਵਿਚਾਰ ਕੇਵਲ ਬਰਤਾਨਵੀ ਕਮਿਊਨਿਜ਼ਮ ਦੇ ਸਬੰਧ ਵਿੱਚ ਹੀ ਨਹੀਂ ਸਗੋਂ ਸਭਨਾਂ ਸਰਮਾਏਦਾਰ ਦੇਸ਼ਾਂ ਵਿੱਚ ਕਮਿਊਨਿਜ਼ਮ ਦੇ ਵਿਕਾਸ ਸਬੰਧੀ ਆਮ ਸਿੱਟਿਆਂ ਦੇ ਸਬੰਧ ਵਿੱਚ ਕੀਤਾ ਜਾਣਾ ਚਾਹੀਦਾ ਹੈ। ਅਸੀਂ ਹੁਣ ਇਸ ਵਿਸ਼ੇ ਉੱਤੇ ਵਿਚਾਰ ਕਰਾਂਗੇ।

## 10. ਕੁਝ ਨਤੀਜੇ

1905 ਦੇ ਰੂਸੀ ਬੁਰਜੂਆ ਇਨਕਲਾਬ ਦੇ ਸੰਸਾਰ ਦੇ ਇਤਿਹਾਸ ਵਿੱਚ ਇੱਕ ਬੜਾ ਅਨੋਖਾ ਮੋੜ ਪ੍ਰਗਟ ਕੀਤਾ: ਇੱਕ ਸਭ ਤੋਂ ਵੱਧ ਪੱਛੜੇ ਸਰਮਾਏਦਾਰ ਦੇਸ਼ ਵਿੱਚ ਹੜਤਾਲਾਂ ਦੀ ਲਹਿਰ ਨੇ ਇੱਕ ਅਜਿਹੀ ਵਿਸ਼ਾਲਤਾ ਅਤੇ ਬਲ ਪ੍ਰਾਪਤ ਕਰ ਲਿਆ ਜਿਸਦੀ ਸੰਸਾਰ ਵਿਚ ਕਿਧਰੇ ਮਿਸਾਲ ਨਹੀਂ ਮਿਲਦੀ ਕੇਵਲ 1905 ਦੇ **ਪਹਿਲੇ ਮਹੀਨੇ ਹੀ** ਹੜਤਾਲੀਆਂ

ਦੀ ਗਿਣਤੀ ਪਿਛਲੇ ਦਹਾਕੇ (1895-1904) ਵਿੱਚ **ਸਾਲਾਨਾ** ਔਸਤ ਨਾਲ਼ੋਂ ਵੱਧ ਸੀ; ਜਨਵਰੀ 1905 ਤੋਂ ਅਕਤੂਬਰ 1905 ਤੱਕ ਹੜਤਾਲਾਂ ਲਗਾਤਾਰ ਵੱਧਦੀਆਂ ਗਈਆਂ ਅਤੇ ਉਹਨਾਂ ਧੜਵੈਲ ਰੂਪ ਧਾਰਨ ਕਰ ਲਿਆ। ਕੁਝ ਵਿਲੱਖਣ ਇਤਿਹਾਸਕ ਪ੍ਰਸਥਿਤੀਆਂ ਕਾਰਨ ਪੱਛੜੇ ਹੋਏ ਰੂਸ ਨੇ ਦੁਨੀਆਂ ਨੂੰ ਨਾ ਕੇਵਲ ਇਹ ਵਿਖਾਇਆ ਕਿ ਇਨਕਲਾਬ ਦੇ ਸਮੇਂ ਪਸਿਤੀ ਜਨਤਾ ਦੀ ਸੁਤੰਤਰ ਸਰਗਰਮੀ ਕਿਵੇਂ ਛਾਲੀਂ ਵੱਧਦੀ ਹੈ (ਇਹ ਗੱਲ ਸਭਨਾਂ ਮਹਾਨ ਇਨਕਲਾਬਾਂ ਵਿੱਚ ਵਾਪਰੀ), ਸਗੋਂ ਇਹ ਵੀ ਵਿਖਾਇਆ ਕਿ ਪ੍ਰੋਲਤਾਰੀ ਦੀ ਮਹੱਤਤਾ ਕੁੱਲ ਵਸੋਂ ਵਿੱਚ ਉਹਦੀ ਨਿਸਬਤ ਨਾਲ਼ੋਂ ਕਿਤੇ ਵੱਧ ਹੈ; ਇਹਨੇ ਵਿਖਾਇਆ ਕਿ ਆਰਥਕ ਅਤੇ ਰਾਜਸੀ ਹੜਤਾਲਾਂ ਨੂੰ ਕਿਵੇਂ ਇੱਕ ਦੂਜੇ ਨਾਲ਼ ਮਿਲਾਇਆ ਜਾਂਦਾ ਹੈ ਅਤੇ ਕਿਵੇਂ ਰਾਜਸੀ ਹੜਤਾਲ ਹਥਿਆਰਬੰਦ ਬਗ਼ਾਵਤ ਵਿੱਚ ਵਿਕਸਤ ਹੋ ਜਾਂਦੀ ਅਤੇ ਸੋਵੀਅਤਾਂ ਦਾ ਜਨਮ ਹੁੰਦਾ ਹੈ, ਜੋ ਸਰਮਾਏਦਾਰੀ ਅਧੀਨ ਪਸਿਤੀਆਂ ਸ਼੍ਰੇਣੀਆਂ ਦੇ ਜਨਤਕ ਪੱਧਰ ਉੱਤੇ ਘੋਲ਼ ਅਤੇ ਜਨਤਕ ਜਥੇਬੰਦੀ ਦਾ ਨਵਾਂ ਰੂਪ ਹਨ।

ਫਰਵਰੀ ਅਤੇ ਅਕਤੂਬਰ ਇਨਕਲਾਬਾਂ ਦਾ ਸਿੱਟਾ ਕੌਮ-ਵਿਆਪੀ ਪੱਧਰ ਉੱਤੇ ਸੋਵੀਅਤਾਂ ਦੇ ਸਰਬੰਗੀ ਵਿਕਾਸ ਵਿੱਚ ਅਤੇ ਪ੍ਰੋਲਤਾਰੀ ਸੋਸ਼ਲਿਸਟ ਇਨਕਲਾਬ ਦੇ ਦੌਰਾਨ ਉਹਨਾਂ ਦੀ ਜਿੱਤ ਵਿੱਚ ਨਿਕਲਿਆ। ਦੋ ਵਰ੍ਹਿਆਂ ਤੋਂ ਘੱਟ ਸਮੇਂ ਵਿੱਚ ਸੋਵੀਅਤਾਂ ਦਾ ਕੌਮਾਂਤਰੀ ਖਾਸਾ, ਸੰਸਾਰ ਕਿਰਤੀ ਸ਼੍ਰੇਣੀ ਲਹਿਰ ਵਿੱਚ ਘੋਲ਼ ਅਤੇ ਜਥੇਬੰਦੀ ਦੇ ਇਸ ਰੂਪ ਦਾ ਫ਼ੈਲਾਅ ਅਤੇ ਬੁਰਜੂਆ ਪਾਰਲੀਮਾਨੀਵਾਦ ਅਤੇ ਆਮ ਤੌਰ 'ਤੇ ਬੁਰਜੂਆ ਜਮਹੂਰੀਅਤ ਦੇ ਕਬਰ-ਪੁੱਟ, ਵਾਰਸ ਅਤੇ ਉਤਰ-ਅਧਿਕਾਰੀ ਅਤੇ ਸੋਵੀਅਤਾਂ ਦਾ ਇਤਿਹਾਸਕ ਮਿਸ਼ਨ ਸਪੱਸ਼ਟ ਹੋ ਗਿਆ।

ਪਰ ਕੇਵਲ ਇਹੋ ਨਹੀਂ। ਕਿਰਤੀ-ਸ਼੍ਰੇਣੀ ਲਹਿਰ ਦੇ ਇਤਿਹਾਸ ਤੋਂ ਜਾਪਦਾ ਹੈ ਕਿ ਹੁਣ ਸਭਨਾਂ ਦੇਸ਼ਾਂ ਵਿੱਚ ਉੱਭਰ ਰਹੇ, ਬਲਵਾਨ ਹੋ ਰਹੇ ਅਤੇ ਜਿੱਤ ਵੱਲ ਵੱਧਦੇ ਹੋਏ ਕਮਿਊਨਿਜ਼ਮ ਦਾ ਘੋਲ਼ ਮੁੱਖ ਤੌਰ 'ਤੇ **ਆਪਣੇ** (ਹਰ ਵੱਖ ਵੱਖ ਦੇਸ਼ ਵਿੱਚ ਉੱਥੋਂ ਦੇ ਮਾਰਕੇ ਦੇ) ਮੈਨਸ਼ਵਿਜ਼ਮ, ਅਰਥਾਤ ਮੌਕਾ-ਪ੍ਰਸਤੀ ਅਤੇ ਸਮਾਜੀ-ਅੰਧਰਾਸ਼ਟਰਵਾਦ ਵਿਰੁੱਧ ਅਤੇ ਫੇਰ ਇਹਦੇ ਪੂਰਕ ਦੇ ਤੌਰ 'ਤੇ ਖੱਬ-ਪੱਖੀ ਕਮਿਊਨਿਜ਼ਮ ਵਿਰੁੱਧ ਹੋਣ ਵਾਲ਼ਾ ਹੈ (ਅਤੇ ਸ਼ੁਰੂ ਵੀ ਹੋ ਚੁੱਕਾ ਹੈ)। ਜਾਪਦਾ ਹੈ ਕਿ ਬਿਨਾਂ ਕਿਸੇ ਛੋਟ ਦੇ ਪਹਿਲਾਂ ਸੰਘਰਸ਼ ਦੂਜੀ ਇੰਟਰਨੈਸ਼ਨਲ (ਜੋ ਲਗਭਗ ਮਰ ਚੁੱਕੀ ਹੈ) ਅਤੇ ਤੀਜੀ ਇੰਟਰਨੈਸ਼ਨਲ ਵਿਚਕਾਰ ਘੋਲ਼ ਦੇ ਰੂਪ ਵਿੱਚ ਸ਼ੁਰੂ ਹੋ ਚੁੱਕਾ ਹੈ। ਦੂਜਾ ਘੋਲ਼ ਜਰਮਨੀ, ਬਰਤਾਨੀਆ, ਇਟਲੀ ਅਮਰੀਕਾ ਵਿੱਚ (ਜਿੱਥੇ ਸੰਸਾਰ ਦੇ ਸਨਅਤੀ ਕਾਮੇ ਨਾਂ ਦੀ ਸੰਸਥਾ ਦਾ ਇੱਕ **ਹਿੱਸਾ** ਅਤੇ ਅਰਾਜਕਤਾਵਾਦੀ-ਸੰਘਵਾਦੀ ਮੁਹਾਣਾਂ ਦਾ ਇੱਕ ਹਿੱਸਾ ਸੋਵੀਅਤ ਪ੍ਰਣਾਲੀ ਦੀ ਲਗ ਭਗ ਵਿਆਪਕ ਅਤੇ ਲਗ ਭਗ ਬਿਨਾਂ ਸ਼ਰਤ ਕਬੂਲੀ ਦੇ ਨਾਲ਼ ਨਾਲ਼ ਖੱਬੇ-ਪੱਖੀ ਕਮਿਊਨਿਜ਼ਮ ਦੀਆਂ ਗ਼ਲਤੀਆਂ ਦੀ ਹਮਾਇਤ ਕਰਦਾ ਹੈ) ਅਤੇ ਫ਼ਰਾਸ ਵਿੱਚ (ਪਹਿਲੀਆਂ ਦੇ ਸੰਘਵਾਦੀਆਂ ਦਾ ਸੋਵੀਅਤ ਪ੍ਰਣਾਲੀ ਦੀ ਪ੍ਰਵਾਨਗੀ ਦੇ ਨਾਲ਼ ਨਾਲ਼ ਰਾਜਸੀ ਪਾਰਟੀ ਅਤੇ ਪਾਰਲੀਮਾਨੀਵਾਦ ਵੱਲ ਦ੍ਰਿਸ਼ਟੀਕੋਣ) ਵੇਖਿਆ ਜਾ ਸਕਦਾ ਹੈ, ਦੂਜੇ ਸ਼ਬਦਾਂ ਵਿੱਚ ਇਹ ਘੋਲ਼ ਕੇਵਲ ਕੌਮਾਂਤਰੀ ਪੱਧਰ ਉੱਤੇ ਹੀ ਨਹੀਂ ਸਗੋਂ

ਸੰਸਾਰ-ਵਿਆਪੀ ਪੱਧਰ ਉੱਤੇ ਚੱਲ ਰਿਹਾ ਹੈ।

ਪਰ ਜਿੱਥੇ ਅਸਲ ਵਿੱਚ ਕਿਰਤੀ-ਸ਼੍ਰੇਣੀ ਲਹਿਰ ਹਰ ਥਾਂ ਬੁਰਜੂਆਜ਼ੀ ਉੱਤੇ ਜਿੱਤ ਲਈ ਇੱਕ ਤਰ੍ਹਾਂ ਦੀ ਸਿੱਖਿਆ ਪ੍ਰਾਪਤ ਕਰ ਰਹੀ ਹੈ, ਉੱਥੇ ਇਹ ਹਰ ਦੇਸ਼ ਵਿੱਚ ਇਹ ਵਿਕਾਸ **ਆਪਣੇ ਆਪਣੇ ਢੰਗ** ਨਾਲ਼ ਪ੍ਰਾਪਤ ਕਰ ਰਹੀ ਹੈ। ਵੱਡੇ ਅਤੇ ਉੱਨਤ ਸਰਮਾਏਦਾਰ ਦੇਸ਼ ਬਾਲਸ਼ਵਿਜ਼ਮ ਨਾਲ਼ੋਂ, ਜਿਸ ਨੂੰ ਇਤਿਹਾਸ ਨੇ ਇੱਕ ਜਥੇਬੰਦ ਰਾਜਸੀ ਮੁਹਾਣ ਵਜੋਂ ਜਿੱਤ ਲਈ ਤਿਆਰੀ ਕਰਨ ਵਾਸਤੇ ਪੰਦਰਾਂ ਵਰ੍ਹੇ ਦਿੱਤੇ, **ਕਿਤੇ ਵਧੇਰੇ ਤੇਜ਼ੀ ਨਾਲ਼** ਇਸ ਰਾਹ ਉੱਤੇ ਅੱਗੇ ਵੱਧ ਰਹੇ ਹਨ। ਇੱਕ ਵਰ੍ਹੇ ਦੀ ਛੋਟੀ ਜਿਹੀ ਮੁੱਦਤ ਵਿੱਚ ਤੀਜੀ ਇੰਟਰਨੈਸ਼ਨਲ ਨੇ ਪਹਿਲਾਂ ਹੀ ਇੱਕ ਨਿਰਣਾਇਕ ਜਿੱਤ ਪ੍ਰਾਪਤ ਕਰ ਲਈ ਹੈ; ਉਹਨੇ ਇਸ ਡਰਪੋਕ, ਸਮਾਜੀ-ਅੰਧਰਾਸ਼ਟਰਵਾਦੀ ਦੂਜੀ ਇੰਟਰਨੈਸ਼ਨਲ ਨੂੰ ਹਰਾ ਦਿੱਤਾ ਹੈ ਜੋ ਅਜੇ ਕੁੱਝ ਮਹੀਨੇ ਪਹਿਲਾਂ ਹੀ ਤੀਜੀ ਇੰਟਰਨੈਸ਼ਨਲ ਨਾਲ਼ੋਂ ਬੇਹੱਦ ਮਜ਼ਬੂਤ ਸੀ, ਸਥਿਰ ਅਤੇ ਬਲਵਾਨ ਜਾਪਦੀ ਸੀ ਅਤੇ ਜਿਸਨੂੰ ਸੰਸਾਰ ਦੀ ਬੁਰਜੂਆਜ਼ੀ ਤੋਂ ਹਰ ਸੰਭਵ ਸਿੱਧੀ ਅਤੇ ਅਣਸਿੱਧੀ ਪਦਾਰਥਕ (ਵਜ਼ਾਰਤੀ ਪਦਵੀਆਂ, ਪਾਸਪੋਰਟ, ਅਖ਼ਬਾਰ) ਅਤੇ ਵਿਚਾਰਧਾਰਕ ਹਮਾਇਤ ਪ੍ਰਾਪਤ ਸੀ।

ਹੁਣ ਇਹ ਲਾਜ਼ਮੀ ਹੈ ਕਿ ਹਰ ਦੇਸ਼ ਦੇ ਕਮਿਊਨਿਸਟ ਸੁਚੇਤ ਰੂਪ ਵਿੱਚ ਮੌਕਾ-ਪ੍ਰਸਤੀ ਅਤੇ “ਖੱਬੇ-ਪੱਖੀ” ਮਸਲੇਬਾਜ਼ੀ ਵਿਰੁੱਧ ਘੋਲ਼ ਦੇ ਬੁਨਿਆਦੀ ਮੰਤਵਾਂ ਨੂੰ ਵੀ ਮੁੱਖ ਰੱਖਣ ਅਤੇ ਉਹਨਾਂ **ਵਿਸ਼ੇਸ਼ ਲੱਛਣਾਂ ਨੂੰ** ਵੀ ਮੁੱਖ ਰੱਖਣ ਜਿਹੜਾ ਇਹ ਘੋਲ਼ ਹਰ ਦੇਸ ਦੀ ਆਰਥਕਤਾ, ਰਾਜਨੀਤੀ, ਸੱਭਿਆਚਾਰ, ਕੌਮੀ ਬਣਤਰ (ਆਇਰਲੈਂਡ , ਆਦਿ ਵਿੱਚ), ਇਹਦੀਆਂ ਬਸਤੀਆਂ, ਧਾਰਮਕ ਵੰਡਾਂ, ਇਤਿ-ਆਦਿ ਕਾਰਨ ਧਾਰਨ ਕਰ ਲੈਂਦਾ ਹੈ ਅਤੇ ਅਟੱਲ ਤੌਰ ’ਤੇ ਧਾਰਨ ਕਰੇਗਾ। ਦੂਜੀ ਇੰਟਰਨੈਸ਼ਨਲ ਵਿਰੁੱਧ ਨਾਰਾਜ਼ਗੀ ਹਰ ਥਾਂ ਅਨੁਭਵ ਕੀਤੀ ਜਾਂਦੀ ਹੈ ਅਤੇ ਫ਼ੈਲ ਅਤੇ ਵੱਧ ਰਹੀ ਹੈ। ਇਹਦਾ ਕਾਰਨ ਇੱਕ ਸੰਸਾਰ ਸੋਵੀਅਤ ਗਣ-ਰਾਜ ਲਈ ਇਨਕਲਾਬੀ ਪ੍ਰੋਲਤਾਰੀ ਦੇ ਕੌਮਾਂਤਰੀ ਦਾਅ-ਪੇਚਾਂ ਦੀ ਅਗਵਾਈ ਕਰਨ ਵਾਲ਼ਾ ਸੱਚਮੁੱਚ ਕੇਂਦਰਤ ਅਤੇ ਸੱਚਮੁੱਚ ਆਗੂ ਕੇਂਦਰ ਕਾਇਮ ਕਰਨ ਵਿੱਚ ਇਹਦੀ ਅਸਫ਼ਲਤਾ ਅਤੇ ਨਿਰਯੋਗਤਾ ਹੈ। ਇਹ ਗੱਲ ਸਾਫ਼ ਤੌਰ ’ਤੇ ਸਮਝ ਲੈਣੀ ਚਾਹੀਦੀ ਹੈ ਕਿ ਅਜਿਹਾ ਕੇਂਦਰ ਘੋਲ਼ ਦੇ ਘੜ੍ਹੇ-ਘੜਾਏ, ਇੱਕੋ ਸਾਂਚੇ ਵਿੱਚ ਢਲ਼ੇ ਅਤੇ ਇੱਕ-ਰੂਪ ਨਿਯਮਾਂ ਅਨੁਸਾਰ ਕਾਇਮ ਨਹੀਂ ਕੀਤਾ ਜਾ ਸਕਦਾ। ਜਿੰਨਾਂ ਚਿਰ ਕੌਮਾਂ ਅਤੇ ਦੇਸ਼ਾਂ ਵਿਚਕਾਰ ਕੌਮੀ ਅਤੇ ਰਿਆਸਤੀ ਵਖਰੇਵੇਂ ਹਨ — ਅਤੇ ਸੰਸਾਰ ਵਿਆਪੀ ਪੱਧਰ ਉੱਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਸਥਾਪਤ ਹੋ ਜਾਣ ਤੋਂ ਪਿਛੋਂ ਵੀ ਲੰਮੇ ਸਮੇਂ ਤੱਕ ਇਹਨਾਂ ਦੀ ਹੋਂਦ ਰਹੇਗੀ — ਸਭਨਾਂ ਦੇਸ਼ਾਂ ਵਿੱਚ ਕਮਿਊਨਿਸਟ ਕਿਰਤੀ-ਸ਼੍ਰੇਣੀ ਲਹਿਰ ਦੇ ਕੌਮਾਂਤਰੀ ਦਾਅ-ਪੇਚਾਂ ਦੀ ਏਕਤਾ ਇਹ ਮੰਗ ਨਹੀਂ ਕਰਦੀ ਕਿ ਵੰਨ ਸੁਵੰਨਤਾ ਨੂੰ ਖ਼ਤਮ ਕਰ ਦਿੱਤਾ ਜਾਵੇ ਜਾਂ ਕੌਮੀ ਵਖਰੇਵਿਆਂ ਨੂੰ ਦਬਾ ਦਿੱਤਾ ਜਾਵੇ (ਉਂਜ ਵੀ ਇਸ ਸਮੇਂ ਅਜਿਹਾ ਸੋਚਣਾ ਮੂਰਖ਼ਤਾ ਦੀ ਗੱਲ ਹੈ), ਸਗੋਂ ਇਹ ਇਸ ਗੱਲ ਦੀ ਮੰਗ ਕਰਦੀ ਹੈ ਕਿ ਕਮਿਊਨਿਜ਼ਮ ਦੇ **ਬੁਨਿਆਦੀ** ਅਸੂਲਾਂ (ਸੋਵੀਅਤ ਸੱਤ੍ਹਾ ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਨੂੰ ਲਾਗੂ ਕੀਤਾ ਜਾਵੇ, ਜੋ ਇਹਨਾਂ ਅਸੂਲਾਂ ਨੂੰ ਕੁਝ **ਵਿਸ਼ੇਸ਼ ਗੱਲਾਂ ਵਿੱਚ ਠੀਕ ਤਰ੍ਹਾਂ ਤਬਦੀਲ ਕਰ ਦੇਵੇਗਾ**, ਇਹਨਾਂ ਨੂੰ ਕੌਮੀ

ਅਤੇ ਕੌਮੀ ਰਿਆਸਤੀ ਵਖਰੇਵਿਆਂ ਲਈ ਠੀਕ ਰੂਪ ਦੇ ਸਕੇਗਾ ਅਤੇ ਉਹਨਾਂ ਉੱਤੇ ਠੀਕ ਤਰ੍ਹਾਂ ਲਾਗੂ ਕਰ ਸਕੇਗਾ। ਹਰ ਦੇਸ਼ ਅੰਦਰ **ਇੱਕੋ ਇੱਕ** ਕੌਮਾਂਤਰੀ ਕੰਮ: ਕਿਰਤੀ ਸ਼੍ਰੇਣੀ ਲਹਿਰ ਦੇ ਅੰਦਰ ਮੌਕਾਪ੍ਰਸਤੀ ਅਤੇ ਖੱਬੇ-ਪੱਖੀ ਮਸਲੇਬਾਜ਼ੀ ਉੱਤੇ ਜਿੱਤ ਪ੍ਰਾਪਤ ਕਰਨ; ਬੁਰਜੂਆਜ਼ੀ ਦਾ ਤਖ਼ਤਾ ਉਲਟਣ, ਇੱਕ ਸੋਵੀਅਤ ਗਣ-ਰਾਜ ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਕਾਇਮ ਕਰਨ ਦੇ ਪੂਰਾ ਕਰਨ ਦੇ **ਠੋਸ ਢੰਗਾਂ** ਵਿੱਚ ਕੀ ਕੁਝ ਕੌਮੀ ਤੌਰ 'ਤੇ ਵਿਸ਼ੇਸ਼ ਅਤੇ ਕੌਮੀ ਤੌਰ 'ਤੇ ਵੱਖਰਾ ਹੈ, ਉਸਦੀ ਭਾਲ਼ ਕਰਨਾ, ਅਧਿਅਨ ਕਰਨਾ, ਪਤਾ ਕੱਢਣਾ ਅਤੇ ਸਮਝਣਾ ਇਹ ਹੈ ਬੁਨਿਆਦੀ ਕੰਮ ਉਸ ਇਤਿਹਾਸਕ ਯੁੱਗ ਦਾ, ਜਿਸ ਵਿੱਚੋਂ ਸਭੇ ਉੱਨਤ ਦੇਸ਼ (ਅਤੇ ਕੇਵਲ ਉਹੋ ਨਹੀਂ) ਲੰਘ ਰਹੇ ਹਨ। ਮੁੱਖ ਗੱਲ ਪ੍ਰਾਪਤ ਕਰ ਲਈ ਹੈ — ਭਾਵੇਂ ਇਹ ਸਭ ਕੁਝ ਤਾਂ ਉੱਕਾ ਹੀ ਨਹੀਂ — ਮੁੱਖ ਗੱਲ ਪਹਿਲਾਂ ਹੀ ਪ੍ਰਾਪਤ ਕਰ ਲਈ ਗਈ ਹੈ: ਕਿਰਤੀ ਸ਼੍ਰੇਣੀ ਦਾ ਹਰਾਵਲ ਦਸਤਾ ਸਾਡੇ ਵੱਲ ਆ ਗਿਆ ਹੈ, ਉਹ ਸੋਵੀਅਤ ਹਕੂਮਤ ਦੇ ਹੱਕ ਵਿੱਚ, ਪਾਰਲੀਮਾਨੀਵਾਦ ਦੇ ਵਿਰੁੱਧ, ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਹੱਕ ਵਿੱਚ ਅਤੇ ਬੁਰਜੂਆ ਜਮਹੂਰੀਅਤ ਦੇ ਵਿਰੁੱਧ ਖੜ੍ਹਾ ਹੈ। ਹੁਣ ਸਾਰੇ ਯਤਨ **ਅਗਲੇ** ਕਦਮ ਉੱਤੇ ਕੇਂਦਰਤ ਹੋਣੇ ਚਾਹੀਦੇ ਹਨ, ਜਿਹੜਾ ਘੱਟ ਬੁਨਿਆਦੀ ਜਾਪਦਾ ਹੈ— ਅਤੇ ਇੱਕ ਖ਼ਾਸ ਦ੍ਰਿਸ਼ਟੀਕੋਣ ਤੋਂ ਘੱਟ ਬੁਨਿਆਦੀ ਹੈ ਵੀ। ਇਹ ਕਦਮ ਹੈ: ਪ੍ਰੋਲਤਾਰੀ ਇਨਕਲਾਬ ਵੱਲ **ਤਬਦੀਲੀ** ਦੇ ਰੂਪਾਂ ਦੀ ਜਾਂ ਇਹਦੇ ਵੱਲ **ਪਹੁੰਚ** ਦੇ ਰਾਹਾਂ ਦੀ ਭਾਲ਼ ਕਰਨਾ।

ਪ੍ਰੋਲਤਾਰੀ ਹਰਾਵਲ ਦਸਤਾ ਵਿਚਾਰਧਾਰਕ ਤੌਰ 'ਤੇ ਸਾਡੇ ਵੱਲ ਆ ਗਿਆ ਹੈ। ਇਹ ਮੁੱਖ ਗੱਲ ਹੈ। ਇਸ ਤੋਂ ਬਿਨਾਂ ਜਿੱਤ ਵੱਲ ਪਹਿਲਾ ਕਦਮ ਵੀ ਨਹੀਂ ਪੁੱਟਿਆ ਜਾ ਸਕਦਾ। ਪਰ ਅਜੇ ਜਿੱਤ ਬਹੁਤ ਦੂਰ ਹੈ। ਜਿੱਤ ਕੇਵਲ ਹਰਾਵਲ ਦਸਤੇ ਨਾਲ਼ ਹੀ ਨਹੀਂ ਜਿੱਤੀ ਜਾ ਸਕਦੀ। ਸਮੁੱਚੀ ਸ਼੍ਰੇਣੀ ਦੇ, ਆਮ ਜਨਤਾ ਦੇ ਹਰਾਵਲ ਦਸਤੇ ਦੀ ਸਿੱਧੀ ਹਮਾਇਤ ਵਿੱਚ ਜਾਂ ਘੱਟੋ-ਘੱਟ ਇਹਦੇ ਵੱਲ ਹਮਦਰਦੀ-ਭਰੀ ਨਿਰਪੱਖਤਾ ਅਤੇ ਦੁਸ਼ਮਣ ਤੋਂ ਹਮਾਇਤ ਰੋਕਣ ਦਾ ਪੈਂਤੜਾ ਅਪਨਾਉਣ ਤੋਂ ਪਹਿਲਾਂ ਕੇਵਲ ਹਰਾਵਲ ਦਸਤੇ ਨੂੰ ਨਿਰਣਾਇਕ ਯੁੱਧ ਵਿੱਚ ਧੱਕ ਦੇਣਾ ਨਾ ਕੇਵਲ ਮੂਰਖ਼ਤਾ-ਭਰਪੂਰ ਸਗੋਂ ਮੁਜ਼ਰਮਾਨਾ ਹੋਵੇਗਾ। ਇੱਕ ਸਮੁੱਚੀ ਸ਼੍ਰੇਣੀ, ਕਿਰਤੀ ਲੋਕਾਂ ਦੇ ਜਨ-ਸਮੂਹ ਦੇ, ਸਰਮਾਏਦਾਰੀ ਵੱਲੋਂ ਪਸਿਤੇ ਲੋਕਾਂ ਦੇ ਅਜਿਹਾ ਦ੍ਰਿਸ਼ਟੀਕੋਣ ਅਪਣਾਉਣ ਲਈ ਪ੍ਰਾਪੇਗੰਡਾ ਅਤੇ ਐਜ਼ੀਟੇਸ਼ਨ ਹੀ ਕਾਫ਼ੀ ਨਹੀਂ। ਇਹਦੇ ਲਈ ਇਹ ਲਾਜ਼ਮੀ ਹੈ ਕਿ ਆਮ ਜਨਤਾ ਨੂੰ ਖੁਦ ਆਪਣਾ ਰਾਜਸੀ ਅਨੁਭਵ ਪ੍ਰਾਪਤ ਹੋਵੇ। ਇਹ ਸਭਨਾਂ ਮਹਾਨ ਇਨਕਲਾਬਾਂ ਦਾ ਬੁਨਿਆਦੀ ਕਾਨੂੰਨ ਹੈ, ਜਿਸਦੀ ਕੇਵਲ ਰੂਸ ਵਿਚ ਹੀ ਨਹੀਂ ਸਗੋਂ ਜਰਮਨੀ ਵਿੱਚ ਵੀ ਬੜੇ ਜ਼ਬਰਦਸਤ ਬਲ ਅਤੇ ਸਪੱਸ਼ਟਤਾ ਨਾਲ਼ ਪੁਸ਼ਟੀ ਹੋ ਗਈ ਹੈ। ਦ੍ਰਿੜਤਾ ਨਾਲ਼ ਕਮਿਊਨਿਜ਼ਮ ਵੱਲ ਰੁਖ ਕਰਨ ਲਈ ਰੂਸ ਦੀ ਬੇਸਮਝ ਅਤੇ ਅਕਸਰ ਅਨਪੜ੍ਹ ਜਨਤਾ ਲਈ ਹੀ ਨਹੀਂ ਸਗੋਂ ਜਰਮਨੀ ਦੀ ਪੜ੍ਹੀ ਲਿਖੀ ਅਤੇ ਬਹੁਤ ਸਿੱਖਿਆ ਪ੍ਰਾਪਤ ਜਨਤਾ ਲਈ ਵੀ ਆਪਣੇ ਕੌੜੇ ਅਨੁਭਵ ਦੇ ਅਧਾਰ ਤੋਂ ਇਹ ਸਮਝਣਾ ਲਾਜ਼ਮੀ ਸੀ ਕਿ ਉੱਤੇ ਦੂਜੀ ਇੰਟਰਨੈਸ਼ਨਲ ਦੇ ਮਹਾਰਥੀਆਂ ਦੀ ਸਰਕਾਰ ਉੱਕਾ ਹੀ ਨਿਪੁੰਸਕ ਅਤੇ ਕਮਜ਼ੋਰ, ਉੱਕਾ ਹੀ ਲਚਾਰ ਅਤੇ ਬੁਰਜੂਆਜ਼ੀ ਦੀ ਦਾਸ ਅਤੇ ਉੱਕਾ ਹੀ ਕੀਰ ਹੁੰਦੀ ਹੈ;

ਉਹਨਾਂ ਨੂੰ ਇਹ ਅਨੁਭਵ ਕਰਨਾ ਪਿਆ ਕਿ ਅਤਿ ਦੇ ਪਿੱਛੇ-ਖਿੱਚੂਆਂ ਦੀ ਹਕੂਮਤ (ਰੂਸ[52] ਵਿੱਚ ਕੋਰਨੀਲੋਵ ਅਤੇ ਜਰਮਨੀ[53] ਵਿੱਚ ਕਾਪ ਅਤੇ ਉਹਦੇ ਸਾਥੀ) ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦਾ ਇੱਕ ਅਟੱਲ ਬਦਲ ਹੈ।

ਕੌਮਾਂਤਰੀ ਕਿਰਤੀ-ਸ਼੍ਰੇਣੀ ਲਹਿਰ ਦੇ ਸ਼੍ਰੇਣੀ ਚੇਤੰਨ ਹਰਾਵਲ ਦਸਤੇ, ਅਰਥਾਤ ਕਮਿਊਨਿਸਟ ਪਾਰਟੀਆਂ, ਟੋਲੀਆਂ ਅਤੇ ਮੁਹਾਣਾਂ ਦਾ ਫ਼ੌਰੀ ਮੰਤਵ ਹੈ ਆਮ ਜਨਤਾ ਦੀ (ਜਿਹੜੀ ਅਜੇ ਤੱਕ ਵਧੇਰੇ ਕਰਕੇ ਨਿਰਉਤਸ਼ਾਹ, ਬੇਹਰਕਤ, ਨਿੰਦ੍ਰਤ ਅਤੇ ਲਕੀਰ ਦੀ ਫ਼ਕੀਰ ਹੈ) ਨਵੀਂ ਸਥਿਤੀ ਤੱਕ **ਅਪੜਨ** ਵਿੱਚ ਅਗਵਾਈ ਕਰਨ ਦੇ ਯੋਗ ਹੋਣਾ ਜਾਂ ਸਗੋਂ ਆਪਣੀ ਪਾਰਟੀ **ਦੀ ਹੀ ਨਹੀਂ** ਸਗੋਂ ਇਸ ਜਨਤਾ ਦੀ ਵੀ ਨਵੀਂ ਸਥਿਤੀ ਵੱਲ ਵਾਧੇ ਅਤੇ ਤਬਦੀਲੀ ਵਿੱਚ ਅਗਵਾਈ ਕਰ ਸਕਣ ਯੋਗ ਹੋਣਾ। ਜਿੱਥੇ ਪਹਿਲਾ ਇਤਿਹਾਸਕ ਮੰਤਵ (ਪ੍ਰੋਲਤਾਰੀ ਦੇ ਸ਼੍ਰੇਣੀ-ਚੇਤੰਨ ਹਰਾਵਲ ਦਸਤੇ ਨੂੰ ਸੋਵੀਅਤ ਸੱਤ੍ਹਾ ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਹੱਕ ਵਿੱਚ ਕਰਨਾ) ਮੌਕਾ-ਪ੍ਰਸਤੀ ਅਤੇ ਸਮਾਜੀ-ਅੰਧਰਾਸ਼ਟਰਵਾਦ ਉੱਤੇ ਮੁਕੰਮਲ ਵਿਚਾਰਧਾਰਕ ਅਤੇ ਰਾਜਸੀ ਜਿੱਤ ਤੋਂ ਬਿਨਾਂ ਪ੍ਰਾਪਤ ਨਹੀਂ ਸੀ ਕੀਤਾ ਜਾ ਸਕਦਾ, ਦੂਜਾ ਅਤੇ ਫ਼ੌਰੀ ਮੰਤਵ, ਜੋ **ਜਨਤਾ** ਦੀ ਅਗਵਾਈ ਕਰਕੇ ਉਹਨੂੰ ਅਜਿਹੀ ਥਾਂ ਪੁਚਾਉਣਾ ਹੈ ਜਿੱਥੇ ਇਨਕਲਾਬ ਦੇ ਮੁਹਰੈਲ ਦਸਤੇ ਦੀ ਜਿੱਤ ਯਕੀਨੀ ਬਣਾਈ ਜਾ ਸਕੇ, ਖੱਬ-ਪੱਖੀ ਮਸਲੇਬਾਜ਼ੀ ਨੂੰ ਖ਼ਤਮ ਕਰਨ ਅਤੇ ਇਹਦੀਆਂ ਗ਼ਲਤੀਆਂ ਦਾ ਖੁਰਾ-ਖੋਜ ਮਿਟਾਏ ਬਿਨਾਂ ਪ੍ਰਾਪਤ ਨਹੀਂ ਹੋ ਸਕਦਾ।

ਜਿੰਨਾਂ ਚਿਰ ਸਵਾਲ ਪ੍ਰੋਲਤਾਰੀ ਦੇ ਹਰਾਵਲ ਦਸਤੇ ਨੂੰ ਕਮਿਊਨਿਜ਼ਮ ਦੇ ਪੱਖ ਵਿੱਚ ਕਰਨ ਦਾ ਸੀ (ਅਤੇ ਜਿੱਥੋਂ ਤੱਕ ਹੁਣ ਵੀ ਇਹ ਅਜਿਹਾ ਹੀ ਹੈ), ਪ੍ਰਾਪੇਗੰਡੇ ਦੇ ਕੰਮ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਸੀ ਅਤੇ ਹੁਣ ਵੀ ਦਿੱਤੀ ਜਾਣੀ ਚਾਹੀਦੀ ਸੀ; ਇਹਨਾਂ ਪ੍ਰਸਥਿਤੀਆਂ ਵਿੱਚ ਆਪਣੇ ਸਭਨਾਂ ਦੇਸ਼ਾਂ ਸਮੇਤ ਪ੍ਰਾਪੇਗੰਡਾ-ਮੰਡਲੀਆਂ ਨੇ ਲਾਭਦਾਇਕ ਕੰਮ ਕੀਤਾ। ਪਰ ਜਦੋਂ ਸਵਾਲ ਜਨਤਾ ਵੱਲੋਂ ਅਮਲੀ ਕਾਰਵਾਈ ਦਾ, ਜੇ ਅਜਿਹਾ ਕਿਹਾ ਜਾ ਸਕੇ, ਵਿਸ਼ਾਲ, ਫ਼ੌਜਾਂ ਨੂੰ ਮੈਦਾਨ ਵਿੱਚ ਉਤਾਰਨ ਦਾ ਅਤੇ ਕਿਸੇ ਇੱਕ ਸਮਾਜ ਵਿੱਚ **ਅੰਤਮ ਅਤੇ ਨਿਰਣਾਇਕ ਲੜਾਈ ਲਈ ਸਭਨਾਂ** ਸ਼੍ਰੇਣੀ-ਸ਼ਕਤੀਆਂ ਦੀ ਪਰ੍ਹੇ-ਬੰਦੀ ਦਾ ਹੋਵੇ ਕੇਵਲ ਪ੍ਰਾਪੇਗੰਡੇ ਦੇ ਢੰਗ, "ਖਾਲਸ" ਕਮਿਊਨਿਜ਼ਮ ਦੀਆਂ ਸੱਚਾਈਆਂ ਦੀ ਕੇਵਲ ਦੁਹਰਾਈ ਕਿਸੇ ਕੰਮ ਦੀ ਨਹੀਂ। ਅਜਿਹੀਆਂ ਪ੍ਰਸਥਿਤੀਆਂ ਵਿਚ ਮਨੁੱਖ ਨੂੰ ਇਕ ਅਜਿਹੀ, ਨਿੱਕੀ ਜਿਹੀ ਟੋਲੀ ਦੇ, ਜਿਸਨੇ ਅਜੇ ਜਨਤਾ ਦੀ ਅਗਵਾਈ ਨਹੀਂ ਕੀਤੀ, ਪ੍ਰਚਾਰਕ ਵਾਂਗ ਹਜ਼ਾਰਾਂ ਦੀ ਗਿਣਤੀ ਸਬੰਧੀ ਨਹੀਂ ਸਗੋਂ ਲੱਖਾਂ ਅਤੇ ਕਰੋੜਾਂ ਦੀ ਗਿਣਤੀ ਸਬੰਧੀ ਸੋਚਣਾ ਚਾਹੀਦਾ ਹੈ। ਅਜਿਹੀ ਪ੍ਰਸਥਿਤੀ ਵਿੱਚ ਸਾਨੂੰ ਆਪਣੇ ਆਪ ਤੋਂ ਕੇਵਲ ਇਹ ਸਵਾਲ ਨਹੀਂ ਕਰਨਾ ਚਾਹੀਦਾ ਕਿ ਅਸੀਂ ਇਨਕਲਾਬੀ ਸ਼੍ਰੇਣੀ ਦੇ ਹਰਾਵਲ ਦਸਤੇ ਨੂੰ ਆਪਣੀ ਗੱਲ ਮੰਨਾ ਲਈ ਹੈ ਜਾਂ ਨਹੀਂ ਸਗੋਂ ਇਹ ਕਿ ਕੀ **ਸਭਨਾਂ** ਸ਼੍ਰੇਣੀਆਂ ਦੀਆਂ ਇਤਿਹਾਸਕ ਤੌਰ 'ਤੇ ਕਾਰਗਰ ਸ਼ਕਤੀਆਂ- ਕਿਸੇ ਇੱਕ ਸਮਾਜ ਵਿੱਚ ਨਿਸ਼ਚੇ ਹੀ ਬਿਨਾਂ ਛੋਟ ਦੇ ਸਭੇ ਸ਼੍ਰੇਣੀਆਂ — ਇਸ ਢੰਗ ਨਾਲ਼ ਪਰ੍ਹੇ-ਬੰਦ ਹਨ ਕਿ ਨਿਰਣਾਇਕ ਯੁੱਧ ਸ਼ੁਰੂ ਹੋਣ ਹੀ ਵਾਲ਼ਾ ਹੈ-ਇਸ ਢੰਗ ਨਾਲ਼

ਕਿ (1) ਸਾਡੀਆਂ ਵਿਰੋਧੀ ਸਭੇ ਸ਼੍ਰੇਣੀ ਸ਼ਕਤੀਆਂ ਆਪੇ ਵਿੱਚ ਚੋਖੀਆਂ ਉਲਝ ਗਈਆਂ ਹਨ, ਆਪੋ ਵਿੱਚ ਚੋਖੀਆਂ ਟਕਰਾ ਰਹੀਆਂ ਹਨ, ਆਪਣੀ ਸ਼ਕਤੀ ਦੇ ਬਾਹਰੇ ਘੋਲ਼ ਵਿੱਚ ਹਿੱਸਾ ਲੈ ਕੇ ਆਪਣੇ ਆਪ ਨੂੰ ਕਾਫ਼ੀ ਕਮਜ਼ੋਰ ਕਰ ਚੁੱਕੀਆਂ ਹਨ (2) ਸਭਨਾਂ ਡਾਵਾਂਡੋਲ ਅਤੇ ਅਸਥਿਰ, ਦਰਮਿਆਨੇ ਅੰਸ਼ਾਂ — ਬੁਰਜੂਆਜ਼ੀ ਤੋਂ ਨਿੱਖੜ ਕੇ ਨਿੱਕੀ-ਬੁਰਜੂਆਜ਼ੀ ਅਤੇ ਨਿੱਕ-ਬੁਰਜੂਆ ਜਮਹੂਰੀਅਤ-ਪਸੰਦਾਂ — ਨੇ ਜਨਤਾ ਦੀਆਂ ਅੱਖਾਂ ਵਿੱਚ ਆਪਣੇ ਆਪ ਨੂੰ ਚੋਖਾ ਨੰਗਾ ਕਰ ਲਿਆ ਹੈ, ਆਪਣੇ ਰਾਜਸੀ ਦੀਵਾਲੀਆਪਣ ਕਾਰਨ ਆਪਣੇ ਆਪ ਨੂੰ ਕਾਫ਼ੀ ਬਦਨਾਮ ਕਰ ਲਿਆ ਹੈ ਅਤੇ (3) ਪ੍ਰੋਲਤਾਰੀ ਵਿੱਚ ਬੁਰਜੂਆਜ਼ੀ ਵਿਰੁੱਧ ਅਤਿ ਦ੍ਰਿੜ, ਦਲੇਰ ਅਤੇ ਲਗਨ ਵਾਲ਼ੇ ਇਨਕਲਾਬੀ ਅਮਲ ਲਈ ਜਨਤਕ ਭਾਵਨਾ ਉੱਭਰ ਆਈ ਹੈ ਅਤੇ ਜ਼ੋਰ ਨਾਲ਼ ਵੱਧ ਰਹੀ ਹੈ। ਤਾਂ ਸੱਚਮੁੱਚ ਇਨਕਲਾਬ ਲਈ ਪ੍ਰਸਥਿਤੀ ਪੈਦਾ ਹੋ ਗਈ ਹੈ। ਉਸ ਸਮੇਂ, ਨਿਸ਼ਚੇ ਹੀ, ਜੇ ਅਸਾਂ ਉੱਪਰ ਦੱਸੀਆਂ ਅਤੇ ਸੰਖੇਪ ਰੂਪ ਵਿੱਚ ਦਿੱਤੀਆਂ ਪ੍ਰਸਥਿਤੀਆਂ ਨੂੰ ਠੀਕ ਤਰ੍ਹਾਂ ਜੋਖਿਆ ਹੈ ਅਤੇ ਜੇ ਅਸਾਂ ਠੀਕ ਛਿਣ ਚੁਣਿਆ ਹੈ ਤਾਂ ਸਾਡੀ ਜਿੱਤ ਯਕੀਨੀ ਹੈ।

ਇੱਕ ਹੱਥ ਚਰਚਲਾਂ ਅਤੇ ਲਾਇਡ ਜਾਰਜਾਂ -ਨਿਗੂਣੇ ਜਿਹੇ ਕੁਝ ਵਖਰੇਵਿਆਂ ਨਾਲ਼ ਅਜਿਹੇ ਨਮੂਨੇ **ਹਰ** ਦੇਸ਼ ਵਿੱਚ ਹੁੰਦੇ ਹਨ-ਅਤੇ ਦੂਜੇ ਹੱਥ ਲਾਇਡ ਜਾਰਜਾਂ ਅਤੇ ਹੈਂਡਰਸਨਾਂ ਵਿਚਕਾਰ ਮੱਤ-ਭੇਦ ਖਾਲਸ (ਅਰਥਾਤ ਖ਼ਿਆਲੀ) ਕਮਿਊਨਿਜ਼ਮ ਦੇ ਦ੍ਰਿਸ਼ਟੀਕੋਣ ਦੇ, ਅਰਥਾਤ ਅਜਿਹੇ ਕਮਿਊਨਿਜ਼ਮ ਦੇ ਦ੍ਰਿਸ਼ਟੀਕੋਣ ਤੋਂ ਜਿਹੜਾ ਪੱਕ ਕੇ ਜਨਤਾ ਦੀ ਅਮਲੀ ਰਾਜਸੀ ਕਾਰਵਾਈ ਨਹੀਂ ਬਣਿਆ, ਉੱਕਾ ਹੀ ਮਾਮੂਲੀ ਅਤੇ ਗੈਰ-ਮਹੱਤਵਪੂਰਨ ਜਾਪਦੇ ਹਨ। ਪਰ ਜਨਤਾ ਵੱਲੋਂ ਇਸ ਅਮਲੀ ਕਾਰਵਾਈ ਦੇ ਦ੍ਰਿਸ਼ਟੀਕੋਣ ਤੋਂ ਇਹ ਅਤਿ-ਅੰਤ ਮਹੱਤਵਪੂਰਨ ਹਨ। ਇਹਨਾਂ ਮਤ-ਭੇਦਾਂ ਨੂੰ ਧਿਆਨ ਰੱਖਣਾ, ਉਸ ਛਿਣ ਨੂੰ ਮਿੱਥਣਾ ਜਦੋਂ ਇਹਨਾਂ "ਮਿੱਤਰਾਂ" ਵਿਚਕਾਰ ਅਟੱਲ ਟੱਕਰਾਂ **ਸਮੂਹਕ ਤੌਰ 'ਤੇ ਇਹਨਾਂ ਸਭਨਾਂ ਮਿੱਤਰਾਂ ਨੂੰ** ਕਮਜ਼ੋਰ ਕਰਦੀਆਂ ਹਨ, ਪੂਰੀ ਤਰ੍ਹਾਂ ਪੱਕ ਗਏ ਹਨ— ਇਹ ਉਹ ਕਮਿਊਨਿਸਟ ਫ਼ਰਜ ਹੈ ਜੋ ਕੇਵਲ ਵਿਚਾਰਾਂ ਦਾ ਸ਼੍ਰੇਣੀ ਚੇਤੰਨ ਅਤੇ ਨਿਸ਼ਚੇਵਾਨ ਪ੍ਰਚਾਰਕ ਨਹੀਂ ਸਗੋਂ ਇਨਕਲਾਬ ਵਿੱਚ ਜਨਤਾ ਦਾ ਅਮਲੀ ਲੀਡਰ ਵੀ ਬਣਨਾ ਚਾਹੁੰਦਾ ਹੈ। ਇਹ ਲਾਜ਼ਮੀ ਹੈ ਕਿ ਸਾਡੇ ਵਿੱਚ ਕਮਿਊਨਿਜ਼ਮ ਦੇ ਵਿਚਾਰਾਂ ਲਈ ਸੱਚੀ ਵਫ਼ਾਦਾਰੀ ਦੇ ਨਾਲ਼ ਹੀ ਨਾਲ਼ ਸਭਨਾਂ ਲੋੜੀਂਦੇ ਅਮਲੀ ਸਮਝੌਤੇ, ਦਾਅ-ਪੇਚਾਂ ਵਿੱਚ ਤਬਦੀਲੀ, ਸੁਲਹ ਸਫ਼ਾਈ, ਵੱਲ਼-ਵਲ਼ੇਵਿਆਂ, ਪਿੱਛੇ ਹਟਣ, ਆਦਿ, ਨੂੰ ਵਰਤਣ ਦੀ ਯੋਗਤਾ ਹੋਵੇ ਤਾਂ ਜੁ ਅਸੀਂ ਹੈਂਡਰਸਨਾਂ (ਜੇ ਆਪਣੇ ਆਪ ਨੂੰ ਸੋਸ਼ਲਿਸਟ ਕਹਿਣ ਵਾਲ਼ੇ ਨਿੱਕ-ਬੁਰਜੂਆ ਜਮਹੂਰੀਅਤ ਦੇ ਪ੍ਰਤੀਨਿਧ ਵਿਕੋਲਤ੍ਰੇ ਵਿਅਕਤੀਆਂ ਦੇ ਨਾਂ ਨਾ ਲਏ ਜਾਣ ਤਾਂ ਦੂਜੀ ਇੰਟਰਨੈਸ਼ਨਲ ਦੇ ਮਹਾਂ-ਰਥੀਆਂ) ਦੇ ਹੱਥਾਂ ਵਿੱਚ ਰਾਜਸੀ ਸੱਤ੍ਹਾ ਪਹਿਲਾਂ ਆਉਣ ਅਤੇ ਫੇਰ ਖੁਸ ਜਾਣ ਵਿੱਚ ਸਹਾਈ ਹੋ ਸਕਾਂਗੇ; ਤਾਂ ਹੀ ਅਸੀਂ ਅਮਲ ਇਚ ਉਹਨਾਂ ਦਾ ਅਟੱਲ ਦੀਵਾਲੀਆਪੁਣਾ ਸਾਬਤ ਕਰ ਸਕਾਂਗੇ ਜੋ ਜਨਤਾ ਨੂੰ ਸਾਡੇ ਵਿਚਾਰਾਂ ਦੀ ਭਾਵਨਾ ਅਨੁਸਾਰ, ਕਮਿਊਨਿਜ਼ਮ ਦੀ ਸੇਧ ਵਿਚ ਜਾਗ੍ਰਤ ਕਰੇਗਾ; ਤਾਂ ਹੀ ਅਸੀਂ ਹੈਂਡਰਸਨਾਂ, ਲਾਇਡ ਜਾਰਜਾਂ ਅਤੇ ਚਰਚਲਾਂ (ਮੈਨਸ਼ਵਿਕਾਂ,

ਸੋਸ਼ਲਿਸਟ–ਇਨਕਲਾਬੀਆਂ ਅਤੇ ਕੈਡਿਤਾਂ, ਸ਼ਾਹ–ਪ੍ਰਸਤਾਂ; ਸ਼ੀਦੇਮਾਨਾਂ, ਬੁਰਜੂਆਜ਼ੀ ਅਤੇ ਕਾਪਵਾਦੀਆਂ, ਆਦਿ) ਵਿਚਕਾਰ ਅਟੱਲ ਮੱਤ–ਭੇਦਾਂ, ਝਗੜਿਆਂ, ਟੱਕਰਾਂ ਅਤੇ ਡੂੰਘੀ ਫੁੱਟ ਦੇ ਅਮਲ ਨੂੰ ਤਿੱਖਾ ਕਰ ਸਕਾਂਗੇ; ਤਾਂ ਹੀ ਅਸੀਂ ਉਹ ਯੋਗ ਛਿਣ ਚੁਣ ਸਕਾਂਗੇ ਜਦੋਂ "ਪਵਿੱਤਰ ਨਿੱਜੀ ਜਾਇਦਾਦ ਦੇ ਇਹਨਾਂ ਥੰਮ੍ਹਾਂ" ਵਿਚਕਾਰ ਫੁੱਟ ਆਪਣੀ ਸਿਖਰ 'ਤੇ ਹੈ ਤਾਂ ਜੁ ਇੱਕ ਨਿਰਣਾਇਕ ਹਮਲੇ ਰਾਹੀਂ ਪ੍ਰੋਲਤਾਰੀ ਉਹਨਾਂ ਸਭਨਾਂ ਨੂੰ ਹਰਾ ਦੇਵੇਗਾ ਅਤੇ ਰਾਜਸੀ ਸੱਤ੍ਹਾ 'ਤੇ ਕਬਜ਼ਾ ਕਰ ਲਵੇਗਾ।

ਸਮੁੱਚੇ ਤੌਰ 'ਤੇ ਇਤਿਹਾਸ ਅਤੇ ਵਿਸ਼ੇਸ਼ ਤੌਰ 'ਤੇ ਇਨਕਲਾਬਾਂ ਦਾ ਇਤਿਹਾਸ, ਤੱਤ ਵਿੱਚ ਉਸ ਤੋਂ ਕਿਤੇ ਵੱਧ ਭਰਪੂਰ, ਵਧੇਰੇ ਵੰਨ ਸੁਵੰਨਾ, ਵਧੇਰੇ ਬਹੁ–ਰੂਪੀ, ਵਧੇਰੇ "ਚੁਸਤ" ਅਤੇ ਵਿਲੱਖਣ ਹੈ ਜਿਸਦੀ ਸਰਵਉੱਤਮ ਪਾਰਟੀਆਂ, ਸਭ ਤੋਂ ਉੱਨਤ ਸ਼੍ਰੇਣੀਆਂ ਦੇ ਸਭ ਤੋਂ ਵੱਧ ਸ਼੍ਰੇਣੀ ਚੇਤੰਨ ਹਰਾਵਲ ਦਸਤੇ ਵੀ ਕਲਪਨਾ ਕਰ ਸਕਦੇ ਹਨ। ਇਸ ਗੱਲ ਦੀ ਸੌਖੇ ਹੀ ਸਮਝ ਆ ਸਕਦੀ ਹੈ ਕਿਉਂਕਿ ਚੰਗੇ ਤੋਂ ਚੰਗੇ ਹਰਾਵਲ ਦਸਤੇ ਵੀ ਕੁਝ ਹਜ਼ਾਰ ਲੋਕਾਂ ਦੀ ਸ਼੍ਰੇਣੀ–ਚੇਤੰਨਤਾ, ਭਰਪੂਰ ਇੱਛਾ, ਭਾਵਨਾ ਅਤੇ ਕਲਪਨਾ ਨੂੰ ਪ੍ਰਗਟ ਕਰਦੇ ਹਨ ਪਰ ਮਹਾਨ ਉਭਾਰਾਂ ਅਤੇ ਸਭਨਾਂ ਮਨੁੱਖੀ ਸ਼ਕਤੀਆਂ ਦੀ ਵਰਤੋਂ ਦੇ ਸਮੇਂ ਸ਼੍ਰੇਣੀਆਂ ਦੇ ਜ਼ਬਰਦਸਤ ਘੋਲ਼ ਤੋਂ ਪ੍ਰੇਰਤ ਹੋਏ ਕਰੋੜਾਂ ਲੋਕਾਂ ਦੀ ਸ਼੍ਰੇਣੀ–ਚੇਤੰਨਤਾ, ਭਰਪੂਰ ਇੱਛਾ, ਭਾਵਨਾ ਅਤੇ ਕਲਪਨਾ ਇਨਕਲਾਬ ਲਿਆਉਂਦੇ ਹਨ। ਇਸ ਤੋਂ ਦੋ ਅਤਿਅੰਤ ਮਹੱਤਵ–ਪੂਰਨ ਅਮਲੀ ਸਿੱਟੇ ਨਿਕਲਦੇ ਹਨ: ਪਹਿਲੇ ਕਿ ਆਪਣਾ ਕੰਮ ਪੂਰਾ ਕਰਨ ਲਈ ਇਨਕਲਾਬੀ ਸ਼੍ਰੇਣੀ ਲਈ ਇਹ ਲਾਜ਼ਮੀ ਹੈ ਕਿ ਉਹ ਬਿਨਾਂ ਕਿਸੇ ਛੋਟ ਦੇ ਸਮਾਜੀ ਸਰਗਰਮੀ ਦੇ **ਜਨਤਕ** ਰੂਪਾਂ ਜਾਂ ਪੱਖਾਂ ਵਿੱਚ ਨਿਪੁੰਨਤਾ ਪ੍ਰਾਪਤ ਕਰੇ (ਜੋ ਕੁਝ ਇਹ ਰਾਜਸੀ ਸੱਤ੍ਹਾ ਉੱਤੇ ਕਬਜ਼ਾ ਕਰਨ ਤੋਂ ਪਹਿਲਾਂ ਮੁਕੰਮਲ ਨਹੀਂ ਕਰ ਸਕੀ ਉਹਨੂੰ ਰਾਜ ਸੱਤ੍ਹਾ ਉੱਤੇ ਕਬਜ਼ਾ ਹੋਣ ਪਿੱਛੇ — ਅਕਸਰ ਬਹੁਤ ਵੱਡੇ ਖ਼ਤਰੇ ਮੁੱਲ ਲੈ ਕੇ — ਮੁਕੰਮਲ ਕਰੇ); ਦੂਜੇ, ਇਨਕਲਾਬੀ ਸ਼੍ਰੇਣੀ ਨੂੰ ਬੜੀ ਤੇਜ਼ੀ ਨਾਲ਼ ਅਤੇ ਇੱਕਦਮ ਅਮਲ ਦੇ ਰੂਪ ਦੀ ਥਾਂ ਦੂਜੇ ਰੂਪ ਨੂੰ ਦੇਣ ਲਈ ਤਿਆਰ ਰਹਿਣਾ ਚਾਹੁੰਦਾ ਹੈ।

ਕੋਈ ਵੀ ਇਸ ਗੱਲ 'ਤੇ ਸੌਖੇ ਹੀ ਰਜ਼ਾਮੰਦ ਹੋ ਜਾਵੇਗਾ ਕਿ ਕੋਈ ਵੀ ਫ਼ੌਜ ਜਿਹੜੀ ਉਹਨਾਂ ਸਭਨਾਂ ਹਥਿਆਰਾਂ ਦੀ ਸਿੱਖਿਆ ਪ੍ਰਾਪਤ ਨਹੀਂ ਕਰਦੀ ਜਿਹੜੇ ਦੁਸ਼ਮਣ ਨੂੰ ਪ੍ਰਾਪਤ ਹਨ ਜਾਂ ਜਿਹੜੇ ਉਹ ਪ੍ਰਾਪਤ ਕਰ ਸਕਦਾ ਹੈ, ਮੂਰਖ਼ ਜਾਂ ਇੱਥੋਂ ਤੱਕ ਕਿ ਜ਼ੁਰਮੀ ਢੰਗ ਨਾਲ਼ ਅਮਲ ਕਰ ਰਹੀ ਹੈ। ਯੁੱਧ ਦੀ ਕਲਾ ਤੋਂ ਵੀ ਵੱਧ ਇਹ ਗੱਲ ਰਾਜਨੀਤੀ ਉੱਤੇ ਲਾਗੂ ਹੁੰਦੀ ਹੈ। ਰਾਜਨੀਤੀ ਵਿੱਚ ਇਹ ਗੱਲ ਅਗਾਊ ਜਾਣ ਲੈਣਾ ਕਿ ਭਵਿਖ ਵਿੱਚ ਕੁਝ ਵਿਸ਼ੇਸ਼ ਪ੍ਰਸਥਿਤੀਆਂ ਅਧੀਨ ਕਿਹੜੇ ਢੰਗ ਲਾਗੂ ਹੋ ਸਕਣਗੇ ਅਤੇ ਉਹਨਾਂ ਨਾਲ਼ ਸਾਨੂੰ ਲਾਭ ਪੁੱਜੇਗਾ, ਹੋਰ ਵੀ ਔਖਾ ਹੁੰਦਾ ਹੈ। ਜੇ ਅਸੀਂ ਘੋਲ਼ ਦੇ ਸਭੇ ਰੂਪ ਵਰਤਣਾ ਨਹੀਂ ਸਿੱਖਦੇ ਤਾਂ ਜੁ ਜਦੋਂ ਹੋਰਨਾਂ ਸ਼੍ਰੇਣੀਆਂ ਦੀ ਪ੍ਰਸਥਿਤੀ ਵਿੱਚ ਸਾਡੇ ਵਸੋਂ ਬਾਹਰੀਆਂ ਤਬਦੀਲੀਆਂ ਘੋਲ਼ ਦੇ ਇੱਕ ਅਜਿਹੇ ਰੂਪ ਨੂੰ ਸਾਹਮਣੇ ਲਿਆਉਂਦੀਆਂ ਹਨ ਜਿਸ ਵਿੱਚ ਅਸੀਂ ਵਿਸ਼ੇਸ਼ ਤੌਰ 'ਤੇ ਕਮਜ਼ੋਰ ਹਾਂ ਤਾਂ ਸਾਡੀ ਗੰਭੀਰ ਅਤੇ ਕਈ ਵਾਰੀ ਨਿਰਣਾਇਕ ਹਾਰ ਵੀ ਹੋ ਸਕਦੀ ਹੈ। ਪਰ ਜੇ ਅਸੀਂ ਸਾਰੇ

ਢੰਗ ਵਰਤਣੇ ਸਿੱਖ ਲਈਏ ਤਾਂ ਜੇ ਪ੍ਰਸਥਿਤੀਆਂ ਸਾਨੂੰ ਉਹ ਹਥਿਆਰ ਵਰਤਣ ਦੀ ਆਗਿਆ ਨਹੀਂ ਦੇਦੀਆਂ ਜੋ ਦੁਸ਼ਮਣ ਲਈ ਸਭ ਤੋਂ ਵੱਧ ਖ਼ਤਰਨਾਕ ਹਨ, ਹਥਿਆਰ ਜਿਹੜੇ ਸਭ ਤੋਂ ਤਿੱਖੀਆਂ ਮਾਰੂ ਸੱਟਾਂ ਲਾਉਂਦੇ ਹਨ, ਤਾਂ ਵੀ ਸਾਡੀ ਜਿੱਤ ਯਕੀਨੀ ਹੈ ਕਿਉਂਕਿ ਅਸੀਂ ਸੱਚਮੁੱਚ ਸਭ ਤੋਂ ਮੂਹਰੈਲ ਅਤੇ ਸੱਚ ਮੁੱਚ ਇਨਕਲਾਬੀ ਸ਼੍ਰੇਣੀ ਦੇ ਹਿੱਤਾਂ ਦੇ ਪ੍ਰਤੀਨਿਧ ਹਾਂ। ਨਾ-ਤਜ਼ਰਬੇਕਾਰ ਇਨਕਲਾਬੀ ਅਕਸਰ ਸਮਝਦੇ ਹਨ ਕਿ ਘੋਲ਼ ਦੇ ਕਾਨੂੰਨੀ ਢੰਗ ਮੌਕਾ-ਪ੍ਰਸਤ ਹਨ ਕਿਉਂਕਿ ਬੁਰਜੂਆਜ਼ੀ ਨੇ ਅਕਸਰ ਇਸੇ ਖੇਤਰ ਵਿੱਚ ਹੀ ਕਿਰਤੀਆਂ ਨੂੰ ਧੋਖਾ ਅਤੇ ਭੁਲਾਵਾ ਦਿੱਤਾ ਹੁੰਦਾ ਹੈ (ਵਿਸ਼ੇਸ਼ ਤੌਰ 'ਤੇ "ਅਮਨ-ਭਰੇ" ਅਤੇ ਗ਼ੈਰ-ਇਨਕਲਾਬੀ ਸਮਿਆਂ ਵਿੱਚ) ਅਤੇ ਘੋਲ਼ ਦੇ ਗ਼ੈਰ-ਕਾਨੂੰਨੀ ਢੰਗ ਇਨਕਲਾਬੀ ਹਨ। ਪਰ ਇਹ ਗੱਲ ਗ਼ਲਤ ਹੈ। ਸੱਚ ਤਾਂ ਇਹ ਹੈ ਕਿ ਜਿਹੜੀਆਂ ਪਾਰਟੀਆਂ ਅਤੇ ਲੀਡਰ ਉਹਨਾਂ ਪ੍ਰਸਥਿਤੀਆਂ ਵਿੱਚ, ਜਿਹੋ ਜਿਹੀਆਂ ਮਿਸਾਲ ਵਜੋਂ 1914-1918 ਦੇ ਸਾਮਰਾਜੀ ਯੁੱਧ ਸਮੇਂ ਪੈਦਾ ਹੋ ਗਈਆਂ ਸਨ, ਜਦੋਂ ਅਤਿ-ਅੰਤ ਅਜ਼ਾਦ ਜਮਹੂਰੀ ਬੁਰਜੂਆ ਦੇਸ਼ਾਂ ਦੀ ਬੁਰਜੂਆਜ਼ੀ ਨੇ ਬੜੀ ਢੀਠਤਾ ਅਤੇ ਨਿਰਦੈਤਾ ਨਾਲ਼ ਕਿਰਤੀਆਂ ਨੂੰ ਧੋਖਾ ਦਿੱਤਾ ਅਤੇ ਯੁੱਧ ਦੇ ਲੋਟੂ ਖ਼ਾਸੇ ਸਬੰਧੀ ਸੱਚ ਨੂੰ ਛੁਪਾਇਆ, ਘੋਲ਼ ਦੇ ਗ਼ੈਰ-ਕਾਨੂੰਨੀ ਢੰਗ ਵਰਤਣੋਂ ਅਸਮਰੱਥ ਹਨ ਜਾਂ ਜੋ ਇਹਨਾਂ ਨੂੰ ਵਰਤਣਾ ਨਹੀਂ ਚਾਹੁੰਦੇ (ਇਹ ਨਾ ਕਹੋ ਕਿ "ਮੈਂ ਕਰ ਨਹੀਂ ਸਕਦਾ" ਸਗੋਂ ਕਹੋ ਕਿ "ਮੈਂ ਕਰਨਾ ਨਹੀਂ ਚਾਹੁੰਦਾ"), ਉਹ ਮੌਕਾ-ਪ੍ਰਸਤ ਅਤੇ ਕਿਰਤੀ ਸ਼੍ਰੇਣੀ ਦੇ ਗ਼ੱਦਾਰ ਹਨ। ਪਰ ਜਿਹੜੇ ਇਨਕਲਾਬੀ ਘੋਲ਼ ਦੇ ਗ਼ੈਰ-ਜ਼ਰੂਰੀ ਰੂਪਾਂ ਨੂੰ ਘੋਲ਼ ਦੇ **ਹਰ** ਕਾਨੂੰਨੀ ਰੂਪ ਨਾਲ਼ ਮਿਲਾਉਣ ਦੇ ਨਿਰਯੋਗ ਹਨ ਉਹ ਨਿਕੰਮੇ ਇਨਕਲਾਬੀ ਹਨ। ਜਦੋਂ ਇਨਕਲਾਬ ਸ਼ੁਰੂ ਹੋ ਚੁੱਕਾ ਹੈ ਅਤੇ ਇਹਦਾ ਹੜ੍ਹ ਆਇਆ ਹੋਇਆ ਹੈ, ਜਦੋਂ ਸਭੇ ਲੋਕ ਇਨਕਲਾਬ ਵਿੱਚ ਸ਼ਾਮਲ ਹੋ ਚੁੱਕੇ ਹਨ ਕਿਉਂਕਿ ਉਹ ਇਹਦੇ ਵਹਾ ਵਿੱਚ ਵਹਿ ਗਏ ਹਨ, ਕਿਉਂਕਿ ਇਨਕਲਾਬ ਵਿੱਚ ਹਿੱਸਾ ਲੈਣਾ ਫ਼ੈਸ਼ਨ ਬਣ ਗਿਆ ਹੈ ਅਤੇ ਕਈ ਵਾਰ ਲੋਕ ਆਪਣੇ ਉੱਲੂ ਸਿੱਧਾ ਕਰਨ ਲਈ ਵੀ ਇਨਕਲਾਬ ਵਿੱਚ ਸ਼ਾਮਲ ਹੋ ਰਹੇ ਹਨ ਤਾਂ ਇਨਕਲਾਬੀ ਹੋਣਾ ਉੱਕਾ ਹੀ ਔਖਾ ਨਹੀਂ। ਆਪਣੀ ਜਿੱਤ ਤੋਂ ਪਿੱਛੋਂ ਪ੍ਰੋਲਤਾਰੀ ਨੂੰ ਆਪਣੇ ਆਪ ਨੂੰ ਅਜਿਹੇ ਨਕਲੀ ਇਨਕਲਾਬੀਆਂ ਤੋਂ "ਮੁਕਤ ਕਰਾਉਣ" ਲਈ ਜ਼ੋਰਦਾਰ ਅਤੇ ਇੱਥੋਂ ਤੱਕ ਕਿ ਅਤਿ-ਅੰਤ ਦੁਖਦਾਈ ਯਤਨ ਕਰਨੇ ਪੈਂਦੇ ਹਨ। ਜਦੋਂ ਸਿੱਧੇ, ਖੁੱਲ੍ਹੇ, ਸੱਚਮੁੱਚ ਜਨਤਕ ਅਤੇ ਸੱਚਮੁੱਚ ਇਨਕਲਾਬੀ ਘੋਲ਼ ਲਈ ਪ੍ਰਸਥਿਤੀਆਂ **ਅਜੇ ਹੋਂਦ ਵਿੱਚ ਨਹੀਂ ਹੁੰਦੀਆਂ** ਤਾਂ ਇਨਕਲਾਬੀ ਹੋਣਾ, ਅਜਿਹੀ ਪ੍ਰਸਥਿਤੀ ਵਿੱਚ ਗ਼ੈਰ-ਇਨਕਲਾਬੀ ਸੰਸਥਾਵਾਂ ਅਤੇ ਅਕਸਰ ਖ਼ਾਲਸ ਪਿੱਛੇ-ਖਿਚੂ ਸੰਸਥਾਵਾਂ ਵਿੱਚ, ਗ਼ੈਰ-ਇਨਕਲਾਬੀ ਪ੍ਰਸਥਿਤੀ ਵਿੱਚ, ਅਜਿਹੀ ਜਨਤਾ ਵਿੱਚ ਜਿਹੜੀ ਫੌਰੀ ਤੌਰ 'ਤੇ ਅਮਲ ਦੇ ਇਨਕਲਾਬੀ ਢੰਗਾਂ ਨੂੰ ਸਮਝਣੋਂ ਨਿਰਯੋਗ ਹੈ) ਪ੍ਰਾਪੇਗੰਡਾ, ਐਜ਼ੀਟੇਸ਼ਨ ਅਤੇ ਜਥੇਬੰਦੀ ਰਾਹੀਂ) ਇਨਕਲਾਬ ਦੇ ਹਿੱਤਾਂ ਦੀ ਹਮਾਇਤ ਕਰਨਾ ਕਿਤੇ ਵੱਧ ਔਖਾ ਅਤੇ ਕਿਤੇ ਵੱਧ ਵੱਡਮੁਲਾ ਹੈ। ਉਹ ਵਿਸ਼ੇਸ਼ ਰਾਹ ਜਾਂ ਘਟਨਾਵਾਂ ਜਾਂ ਮੋੜ ਲੱਭਣਾ, ਖੋਜਣਾ ਅਤੇ ਠੀਕ ਤਰ੍ਹਾਂ ਮਿੱਥਣਾ, ਜਿਹੜਾ ਜਨਤਾ ਨੂੰ ਅਸਲੀ, ਨਿਰਣਾਇਕ ਅਤੇ ਅੰਤਮ ਜਿੱਤ ਵੱਲ **ਲੈ ਆਵੇਗਾ** - ਇਹ ਹੈ ਅੱਜ ਪੱਛਮੀ ਯੂਰਪ ਅਤੇ ਅਮਰੀਕਾ ਵਿੱਚ ਕਮਿਊਨਿਜ਼ਮ ਦਾ ਮੁੱਖ

ਆਸ਼ਾ।

ਬਰਤਾਨੀਆ ਇੱਕ ਮਿਸਾਲ ਹੈ। ਅਸੀਂ ਨਹੀਂ ਕਹਿ ਸਕਦੇ— ਕੋਈ ਵੀ ਅਗਾਊਂ ਨਹੀਂ ਕਹਿ ਸਕਦਾ — ਕਿ ਕਿੰਨੀ ਛੇਤੀ ਉੱਥੇ ਅਸਲੀ ਪ੍ਰੋਲਤਾਰੀ ਇਨਕਲਾਬ ਭੜਕ ਉੱਠੇਗਾ ਅਤੇ **ਕਿਹੜੇ ਫੌਰੀ ਕਾਰਨ** ਇਸ ਸਮੇਂ ਨਿੰਦ੍ਰਤ ਬਹੁਤ ਵਿਸ਼ਾਲ ਜਨਤਾ ਨੂੰ ਉਭਾਰਨ, ਉਹਨਾਂ ਵਿੱਚ ਭਾਂਬੜ ਮਚਾਉਣ ਅਤੇ ਉਹਨਾਂ ਨੂੰ ਘੋਲ਼ ਵੱਲ ਪ੍ਰੇਰਨ ਵਿੱਚ ਸਭ ਤੋਂ ਵੱਧ ਹਿਸਾ, ਪਾਉਣਗੇ। ਸਾਡਾ ਕੰਮ ਆਪਣੀ ਤਿਆਰੀ ਇਉਂ ਕਰਨਾ ਹੈ ਕਿ ਅਸੀਂ "ਚਹੁਈ ਪੈਰੀਂ ਨਾਅਲਬੰਦ ਰਹੀਏ" (ਜਿਹਾ ਕਿ ਸਵਰਗਵਾਸੀ ਪਲੈਖਾਨੋਵ ਉਦੋਂ ਕਿਹਾ ਕਰਦੇ ਸਨ ਜਦੋਂ ਉਹ ਮਾਰਕਸਵਾਦੀ ਅਤੇ ਇਨਕਲਾਬੀ ਸਨ)। ਇਹ ਸੰਭਵ ਹੈ ਕਿ ਕੋਈ ਪਾਰਲੀਮਾਨੀ ਸੰਕਟ ਤਾਂ ਬਹੁਤ ਹੀ ਬੁਰੀ ਤਰ੍ਹਾਂ ਉਲਝੇ ਅਤੇ ਸਦਾ ਵਧੇਰੇ ਦੁੱਖਦਾਈ ਅਤੇ ਗੰਭੀਰ ਹੁੰਦੇ ਆ ਰਹੇ ਬਸਤੀਵਾਦੀ ਅਤੇ ਸਾਮਰਾਜੀ ਵਿਰੋਧ ਜਾਂ ਕੋਈ ਹੋਰ ਤੀਜਾ ਕਾਰਨ, ਆਦਿ, ਦਰਾੜ ਪੈਦਾ ਕਰ ਦੇਵੇ, ਤਲ 'ਤੇ ਜੰਮੀ ਬਰਫ਼ ਵਿੱਚ ਮਘੋਰਾ ਕਰ ਦੇਵੇ। ਇੱਥੇ ਅਸੀਂ ਇਸ ਗੱਲ ਉੱਤੇ ਵਿਚਾਰ ਨਹੀਂ ਕਰ ਰਹੇ ਕਿ ਘੋਲ਼ ਦੀ ਕਿਸ ਕਿਸਮ ਰਾਹੀਂ ਬਰਤਾਨੀਆ ਵਿੱਚ ਪ੍ਰੋਲਤਾਰੀ ਇਨਕਲਾਬ ਦੀ ਹੋਣੀ ਦਾ **ਨਿਰਣਾ ਹੋਵੇਗਾ** (ਕਿਸੇ ਕਮਿਊਨਿਸਟ ਨੂੰ ਇਸ ਸਬੰਧੀ ਕੋਈ ਸ਼ੱਕ ਨਹੀਂ; ਸਾਡੇ ਸਭਨਾਂ ਲਈ ਇਹ ਪਹਿਲਾਂ ਹੀ ਤੈਅ ਹੋ ਚੁੱਕਿਆ ਹੈ): ਅਸੀਂ ਇਸ ਗੱਲ ਉੱਤੇ ਵਿਚਾਰ ਕਰ ਰਹੇ ਹਾਂ ਕਿ ਕਿਹੜਾ **ਫ਼ੌਰੀ ਕਾਰਨ** ਇਸ ਸਮੇਂ ਨਿੰਦ੍ਰਤ ਪ੍ਰੋਲਤਾਰੀ ਜਨਤਾ ਨੂੰ ਹਰਕਤ ਵਿੱਚ ਲਿਆਏਗਾ ਅਤੇ ਉਹਨਾਂ ਨੂੰ ਐਨ ਇਨਕਲਾਬ ਤੱਕ ਲੈ ਜਾਵੇਗਾ। ਮਿਸਾਲ ਵਜੋਂ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਫ਼ਰਾਂਸੀਸੀ ਬੁਰਜੂਆ ਗਣ-ਰਾਜ ਵਿੱਚ ਇੱਕ ਅਜਿਹੀ ਪ੍ਰਸਥਿਤੀ ਵਿੱਚ ਜਿਹੜੀ ਕੌਮਾਂਤਰੀ ਅਤੇ ਕੌਮੀ ਦ੍ਰਿਸ਼ਟੀਕੋਣ ਤੋਂ ਅੱਜ ਨਾਲ਼ੋਂ ਸੌ ਗੁਣਾ ਘੱਟ ਇਨਕਲਾਬੀ ਸੀ, ਪਿੱਛੇ-ਖਿੱਚੂ ਫ਼ੌਜੀ ਗੁੱਟ ਵੱਲੋਂ ਕੀਤੀਆਂ ਜਾਂਦੀਆਂ ਹਜ਼ਾਰਾਂ **ਧੋਖੇਬਾਜ਼ ਚਾਲਾਂ** ਵਿੱਚੋਂ ਇੱਕ (ਡਰੇਫ਼ਸ ਦੇ ਮੁਕੱਦਮੇ[54] ) ਜਿਹੇ "ਅਕਸਮਾਤ" ਅਤੇ ਨਿਗੂਣੇ ਕਾਰਨ ਨੇ ਦੇਸ਼ ਨੂੰ ਖ਼ਾਨਾ-ਜੰਗੀ ਦੀ ਦੰਦੀ 'ਤੇ ਪੁਚਾ ਦਿੱਤਾ।

ਬਰਤਾਨੀਆ ਵਿਚ ਕਮਿਊਨਿਸਟਾਂ ਨੂੰ ਲਗਾਤਾਰ, ਬਰਾਬਰ ਅਤੇ ਥਿੜਕੇ ਬਿਨਾਂ ਪਾਰਲੀਮਾਨੀ ਚੋਣਾਂ ਨੂੰ, ਬਰਤਾਨਵੀ ਹਕੂਮਤ ਦੀ ਆਇਰਲੈਂਡ ਸਬੰਧੀ ਬਸਤੀਵਾਦੀ ਅਤੇ ਸੰਸਾਰ ਸਾਮਰਾਜੀ ਨੀਤੀ ਦੇ ਸਭਨਾਂ ਉਤਾਰ-ਚੜ੍ਹਾਆਂ ਨੂੰ, ਸਰਵਜਨਕ ਜੀਵਨ ਦੇ ਹੋਰ ਸਭਨਾਂ ਖੇਤਰਾਂ, ਹਲਕਿਆਂ ਅਤੇ ਪੱਖਾਂ ਨੂੰ ਇੱਕ ਨਵੇਂ ਢੰਗ ਨਾਲ਼, ਕਮਿਊਨਿਸਟ ਢੰਗ ਨਾਲ਼, ਦੂਜੀ ਇੰਟਰਨੈਸ਼ਨਲ ਦੇ ਢੰਗ ਨਾਲ਼ ਨਹੀਂ ਸਗੋਂ ਤੀਜੀ ਇੰਟਰਨੈਸ਼ਨਲ ਦੇ ਢੰਗ ਨਾਲ਼ ਵਰਤਣਾ ਚਾਹੀਦਾ ਹੈ। ਮੇਰੇ ਕੋਲ਼ ਪਾਰਲੀਮਾਨੀ ਚੋਣਾਂ ਅਤੇ ਪਾਰਲੀਮਾਨੀ ਘੋਲ਼ ਵਿੱਚ ਸ਼ਮੂਲੀ ਦੇ "ਰੂਸੀ", ਬਾਲਸ਼ਵਿਕ ਢੰਗ ਬਿਆਨ ਕਰਨ ਦਾ ਨਾਂ ਤਾਂ ਸਮਾਂ ਹੈ ਅਤੇ ਨਾ ਥਾਂ ਪਰ ਮੈਂ ਵਿਦੇਸ਼ਾਂ ਦੇ ਕਮਿਊਨਿਸਟਾਂ ਨੂੰ ਨਿਸ਼ਚਾ ਦਿਵਾ ਸਕਦਾ ਹਾਂ ਕਿ ਉਹ ਪੱਛਮੀ-ਯੂਰਪ ਦੇ ਸਧਾਰਨ ਪਾਰਲੀਮਾਨੀ ਮੁਹਿੰਮਾਂ ਨਾਲ਼ੋਂ ਉੱਕਾ ਵੱਖਰੇ ਸਨ। ਇਸ ਤੋਂ ਅਕਸਰ ਇਹ ਸਿੱਟਾ ਕੱਢਿਆ ਜਾਂਦਾ ਹੈ, "ਹਾਂ, ਉਹ ਰੂਸ ਦੀ ਗੱਲ ਹੈ; ਸਾਡੇ ਦੇਸ਼ ਵਿੱਚ ਪਾਰਲੀਮਾਨੀਵਾਦ ਵੱਖਰੀ ਤਰ੍ਹਾਂ ਦਾ ਹੈ।" ਇਹ ਸਿੱਟਾ ਗ਼ਲਤ ਹੈ। ਵੱਖ ਵੱਖ ਦੇਸ਼ਾਂ ਵਿੱਚ ਕਮਿਊਨਿਸਟਾਂ, ਤੀਜੀ

ਇੰਟਰਨੈਸ਼ਨਲ ਦੇ ਹਾਮੀਆਂ ਦੀ ਹੋਂਦ ਇਸ ਲਈ ਹੈ ਕਿ ਉਹ ਪੁਰਾਣੇ, ਟਰੇਡ ਯੂਨੀਅਨੀ, ਸੰਘਵਾਦੀ ਅਤੇ ਪਾਰਲੀਮਾਨੀ ਕਿਸਮ ਦੇ ਕੰਮ ਨੂੰ — ਪੂਰੇ ਦਾ ਪੂਰਾ ਅਤੇ ਜੀਵਨ ਦੇ ਸਭਨਾਂ ਖੇਤਰਾਂ ਵਿੱਚ — ਇੱਕ **ਨਵੀਂ** ਕਿਸਮ ਦੇ, ਕਮਿਊਨਿਸਟ ਕੰਮ ਵਿੱਚ **ਤਬਦੀਲ ਕਰ ਦੇਣ**। ਰੂਸ ਵਿੱਚ ਵੀ ਚੋਣ ਵਿੱਚ ਸਦਾ ਮੌਕਾ-ਪ੍ਰਸਤੀ, ਖ਼ਾਲਸ ਬੁਰਜੂਆ ਹੱਥ-ਕੰਡਿਆਂ ਅਤੇ ਸਰਮਾਏਦਾਰਾਨਾ ਹੇਰਾ-ਫੇਰੀ ਦੀ ਬਹੁਲਤਾ ਰਹੀ ਹੈ। ਪੱਛਮੀ ਯੂਰਪ ਅਤੇ ਅਮਰੀਕਾ ਵਿਚ ਕਮਿਊਨਿਸਟਾਂ ਨੂੰ ਇੱਕ ਨਵੀਂ ਕਿਸਮ ਦਾ, ਅਸਧਾਰਨ, ਗੈਰ-ਮੌਕਾਪ੍ਰਸਤ ਅਤੇ ਸਵਾਰਥ-ਰਹਿਤ ਪਾਰਲੀਮਾਨੀਵਾਦ ਰਚਣ ਦੀ ਜਾਂਚ ਸਿੱਖਣੀ ਚਾਹੀਦੀ ਹੈ; ਕਮਿਊਨਿਸਟ ਪਾਰਟੀਆਂ ਨੂੰ ਆਪਣੇ ਨਾਹਰੇ ਜਾਰੀ ਕਰਨੇ ਚਾਹੀਦੇ ਹਨ; ਸੱਚੇ ਪ੍ਰੋਲਤਾਰੀਆਂ ਨੂੰ ਗ਼ੈਰ-ਜਥੇਬੰਦ ਅਤੇ ਪਸਿਤੇ ਗ਼ਰੀਬਾਂ ਦੀ ਸਹਾਇਤਾ ਨਾਲ਼ ਇਸ਼ਤਿਹਾਰ ਵੰਡਣੇ ਚਾਹੀਦੇ ਹਨ, ਕਿਰਤੀਆਂ ਦੇ ਘਰਾਂ ਅਤੇ ਦੁਰਾਡੇ ਪਿੰਡਾਂ ਵਿੱਚ ਪੇਂਡੂ ਕਿਰਤੀਆਂ ਅਤੇ ਕਿਸਾਨਾਂ ਦੇ ਘਰਾਂ ਵਿੱਚ ਜਾ ਕੇ ਵੋਟ ਮੰਗਣੇ ਚਾਹੀਦੇ ਹਨ (ਚੰਗੇ ਭਾਗੀਂ ਯੂਰਪ ਵਿੱਚ ਦੁਰਾਡੇ ਪਿੰਡਾਂ ਦੀ ਗਿਣਤੀ ਰੂਸ ਨਾਲ਼ੋਂ ਕਈ ਗੁਣਾ ਘੱਟ ਹੈ ਅਤੇ ਬਰਤਾਨੀਆ ਵਿੱਚ ਤਾਂ ਇਹ ਗਿਣਤੀ ਬਹੁਤ ਹੀ ਥੋੜ੍ਹੀ ਹੈ) ਉਹਨਾਂ ਨੂੰ ਆਮ ਸ਼ਰਾਬਖ਼ਾਨਿਆਂ ਵਿੱਚ ਜਾਣਾ ਚਾਹੀਦਾ ਹੈ, ਆਮ ਜਨਤਾ ਦੀ ਯੂਨੀਅਨਾਂ, ਸਭਾਵਾਂ ਅਤੇ ਸੁਭੌਕੀ ਇੱਕਠਾਂ ਵਿਚ ਘੁੱਸਣਾ ਚਾਹੀਦਾ ਹੈ ਅਤੇ ਜਨਤਾ ਨਾਲ਼ ਬਹੁਤ "ਸਿਆਣੀ" (ਜਾਂ ਪਾਰਲੀਮਾਨੀ) ਬੋਲੀ ਵਿੱਚ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ; ਉਹਨਾਂ ਨੂੰ ਪਾਰਲੀਮੈਂਟ ਵਿਚ ਸੀਟਾਂ ਪ੍ਰਾਪਤ ਕਰਨ ਦਾ ਯਤਨ ਉੱਕਾ ਹੀ ਨਹੀਂ ਕਰਨਾ ਚਾਹੀਦਾ, ਸਗੋਂ ਹਰ ਥਾਂ ਜਨਤਾ ਨੂੰ ਸੋਚਣ ਲਈ ਮਜ਼ਬੂਰ ਕਰਨ ਦਾ, ਉਹਨੂੰ ਘੋਲ਼ ਵਿੱਚ ਖਿੱਚਣ ਦਾ ਯਤਨ ਕਰਨਾ ਚਾਹੀਦਾ ਹੈ, ਬੁਰਜੂਆਜ਼ੀ ਦਾ ਐਲਾਨਾਂ ਦਾ, ਉਹਨਾਂ ਜਿਹੜਾ ਢਾਂਚਾ ਖੜ੍ਹਾ ਕੀਤਾ ਹੈ, ਜਿਹੜੀਆਂ ਚੋਣਾਂ ਦਾ ਐਲਾਨ ਕੀਤਾ ਹੈ ਅਤੇ ਜਨਤਾ ਨੂੰ ਜਿਹੜੀਆਂ ਅਪੀਲਾਂ ਕੀਤੀਆਂ ਹਨ, ਉਹਨਾਂ ਦਾ ਲਾਭ ਉਠਾਉਣਾ ਚਾਹੀਦਾ ਹੈ, ਇੱਕ ਅਜਿਹੇ ਢੰਗ ਨਾਲ਼ ਜੋ (ਬੁਰਜੂਆ ਹਕੂਮਤ ਅਧੀਨ) ਚੋਣਾਂ ਦੇ ਸਮੇਂ ਤੋਂ ਬਿਨਾਂ (ਰੂਸ ਵਿੱਚ ਵੱਡੀਆਂ ਹੜਤਾਲਾਂ ਦੇ ਸਮੇਂ ਨੂੰ ਛੱਡ ਕੇ ਜਦੋਂ ਜਨਤਕ ਐਜੀਟੇਸ਼ਨ ਲਈ **ਅਜਿਹਾ ਹੀ** ਢਾਂਚਾ ਕਿਤੇ ਵਧੇਰੇ ਜ਼ੋਰ ਨਾਲ਼ ਕੰਮ ਕਰਦਾ ਸੀ) ਕਦੇ ਸੰਭਵ ਨਹੀਂ ਹੋਇਆ। ਪੱਛਮੀ ਯੂਰਪ ਅਤੇ ਅਮਰੀਕਾ ਵਿੱਚ ਇਹ ਕੰਮ ਕਰਨਾ ਬਹੁਤਾ ਔਖਾ ਹੈ, ਪਰ ਇਹ ਕੀਤਾ ਜਾ ਸਕਦਾ ਹੈ ਅਤੇ ਜ਼ਰੂਰ ਹੀ ਕੀਤਾ ਜਾਣਾ ਚਾਹੀਦਾ ਹੈ, ਕਿਉਂਕਿ ਕਮਿਊਨਿਜ਼ਮ ਦੇ ਆਸ਼ੇ ਯਤਨ ਤੋਂ ਬਿਨਾਂ ਪ੍ਰਾਪਤ ਨਹੀਂ ਕੀਤੇ ਜਾ ਸਕਦੇ। ਸਾਨੂੰ **ਅਮਲੀ** ਕੰਮ ਮੁਕੰਮਲ ਕਰਨ ਲਈ ਕੰਮ ਕਰਨਾ ਚਾਹੀਦਾ ਹੈ, ਜਿਹੜੇ ਅਤਿ ਵੰਨ-ਸਵੰਨੇ ਅਤੇ ਸਮਾਜੀ ਜੀਵਨ ਦੀਆਂ ਸਭਨਾਂ ਸ਼ਾਖਾ ਨਾਲ਼ ਸਦਾ ਵਧੇਰੇ ਨੇੜਿਉਂ ਜੁੜੇ ਹੋਏ ਹੋਣ ਅਤੇ **ਬੁਰਜੂਆਜ਼ੀ ਤੋਂ** ਇੱਕ ਤੋਂ ਪਿੱਛੋਂ ਦੂਜੀ ਸ਼ਾਖ਼ ਅਤੇ ਇੱਕ ਤੋਂ ਪਿੱਛੋਂ ਦੂਜਾ ਖੇਤਰ **ਜਿੱਤਣਾ** ਚਾਹੀਦਾ ਹੈ।

ਇਸ ਤੋਂ ਬਿਨਾਂ ਬਰਤਾਨੀਆ ਵਿੱਚ ਫੌਜਾਂ ਅੰਦਰ ਅਤੇ ਉਹਨਾਂ ਦੀ "**ਆਪਣੀ**" ਰਿਆਸਤ ਦੀਆਂ ਪਸਿਤੀਆਂ ਅਤੇ ਅਧਿਕਾਰਹੀਣ ਕੌਮੀਅਤਾਂ (ਆਇਰਲੈਂਡ, ਬਸਤੀਆਂ) ਵਿੱਚ ਪ੍ਰਚਾਰ, ਐਜ਼ੀਟੇਸ਼ਨ ਅਤੇ ਜਥੇਬੰਦੀ ਦਾ ਕੰਮ ਇੱਕ ਨਵੇਂ ਢੰਗ ਨਾਲ਼ ਕੀਤਾ ਜਾਣਾ

ਚਾਹੀਦਾ ਹੈ (ਇੱਕ ਅਜਿਹੇ ਢੰਗ ਨਾਲ਼ ਜਿਹੜਾ ਸੋਸ਼ਲਿਸ਼ਟ ਨਹੀਂ ਕਮਿਊਨਿਸਟ ਹੈ, ਜਿਹੜਾ ਸੁਧਾਰਵਾਦੀ ਨਹੀਂ ਸਗੋਂ ਇਨਕਲਾਬੀ ਹੈ)। ਇਹਦਾ ਕਾਰਨ ਇਹ ਹੈ ਕਿ ਸਾਮਰਾਜਵਾਦ ਦੇ ਯੁੱਗ ਵਿਚ ਆਮ ਤੌਰ 'ਤੇ ਅਤੇ ਅੱਜ ਵਿਸ਼ੇਸ਼ ਤੌਰ 'ਤੇ ਇੱਕ ਅਜਿਹੇ ਯੁੱਧ ਪਿੱਛੋਂ ਜਿਸਨੇ ਕੌਮਾਂ 'ਤੇ ਮੁਸੀਬਤਾਂ ਦੇ ਪਹਾੜ ਤੋੜੇ ਅਤੇ ਬੜੀ ਤੇਜ਼ੀ ਨਾਲ਼ ਉਹਨਾਂ ਨੂੰ ਸੱਚਾਈ ਦਾ ਅਨੁਭਵ ਕਰਵਾ ਦਿੱਤਾ (ਅਰਥਾਤ, ਯੁੱਧ ਵਿੱਚ ਕਰੋੜਾਂ ਲੋਕ ਕੇਵਲ ਇਸ ਗੱਲ ਦਾ ਫ਼ੈਸਲਾ ਕਰਨ ਲਈ ਮਾਰੇ ਗਏ ਜਾਂ ਨਕਾਰਾ ਹੋ ਗਏ ਕਿ ਵੱਧ ਤੋਂ ਵੱਧ ਗਿਣਤੀ ਵਿੱਚ ਦੇਸ਼ਾਂ ਨੂੰ ਜਰਮਨ ਡਕੈਤ ਲੁੱਟਣ ਜਾਂ ਬਰਤਾਨਵੀ ਡਕੈਤ), ਸਮਾਜੀ ਜੀਵਨ ਦੇ ਸਭੇ ਖੇਤਰ ਵਿਸਫੋਟਕ ਮਸਾਲੇ ਨਾਲ਼ ਭਰੇ ਹੋਏ ਹਨ ਅਤੇ ਟੱਕਰਾਂ, ਸੰਕਟਾਂ ਅਤੇ ਸ਼੍ਰੇਣੀ ਘੋਲ਼ ਦੇ ਤਿੱਖੇ ਹੋਣ ਦੇ ਅਨੇਕ ਕਾਰਨ ਪੈਦਾ ਕਰ ਰਹੇ ਹਨ। ਅਸੀਂ ਇਹ ਨਹੀਂ ਕਹਿ ਸਕਦੇ ਕਿ ਸੰਸਾਰ-ਵਿਆਪੀ ਆਰਥਕ ਅਤੇ ਰਾਜਸੀ ਸੰਕਟ ਕਾਰਨ ਸੰਕਟ ਦੇਸ਼ਾਂ ਵਿੱਚ ਜਿਹੜੀਆਂ ਅਨੇਕ ਚੰਗਿਆੜੀਆਂ ਉੱਡ ਰਹੀਆਂ ਹਨ, ਉਹਨਾਂ ਵਿੱਚੋਂ ਕਿਹੜੀ ਚੰਗਿਆੜੀ ਜਨਤਾ ਦੇ ਉਭਾਰ ਦੇ ਅਰਥਾਂ ਵਿੱਚ ਭਾਂਬੜ ਮਚਾ ਦੇਵੇਗੀ, ਇਸ ਲਈ ਇਹ ਲਾਜ਼ਮੀ ਹੈ ਕਿ ਸਾਨੂੰ ਆਪਣੀ ਨਵੇਂ, ਕਮਿਊਨਿਸਟ ਨਿਯਮਾਂ ਦੀ ਸਹਾਇਤਾ ਨਾਲ਼ ਸਭਨਾਂ ਖੇਤਰਾਂ ਵਿੱਚ, ਇੱਥੋਂ ਤੱਕ ਕਿ ਪੁਰਾਣੇ ਤੋਂ ਪੁਰਾਣੇ, ਅਤਿ-ਅੰਤ ਜ਼ੰਗ ਲੱਗੇ ਅਤੇ ਵੇਖਣ ਨੂੰ ਉੱਕਾ ਹੀ ਨਾਕਾਰਾ ਖੇਤਰਾਂ ਵਿੱਚ ਹਲਚਲ ਪੈਦਾ ਕਰਨੀ ਚਾਹੀਦੀ ਹੈ, ਕਿਉਂਕਿ ਜੇ ਅਸੀਂ ਅਜਿਹਾ ਨਹੀਂ ਕਰਦੇ ਤਾਂ ਅਸੀਂ ਆਪਣੇ ਕੰਮ ਪੂਰੇ ਨਹੀਂ ਕਰ ਸਕਾਂਗੇ, ਵਿਆਪਕ ਢੰਗ ਨਾਲ਼ ਤਿਆਰੀ ਨਹੀਂ ਕਰ ਸਕਾਂਗੇ, ਸਾਡੇ ਕੋਲ਼ ਸਭੇ ਲੋੜੀਂਦੇ ਹਥਿਆਰ ਨਹੀਂ ਹੋਣਗੇ ਅਤੇ ਅਸੀਂ ਬੁਰਜੂਆਜ਼ੀ ਉੱਤੇ (ਜਿਸਨੇ ਪਹਿਲਾਂ ਸਮਾਜੀ ਜੀਵਨ ਦੇ ਸਭਨਾਂ ਪੱਖਾਂ ਨੂੰ ਤਰਤੀਬ ਦਿੱਤੀ ਅਤੇ ਹੁਣ — ਆਪਣੇ ਬੁਰਜੂਆ ਢੰਗ ਨਾਲ਼ —ਇਹਨੂੰ ਵਿਗਾੜ ਦਿੱਤਾ ਹੈ) ਜਿੱਤ ਪ੍ਰਾਪਤ ਕਰਨ ਲਈ ਜਾਂ ਇਸ ਜਿੱਤ ਪਿੱਛੋਂ ਜੀਵਨ ਦੇ ਹਰ ਖੇਤਰ ਦੀ ਕਮਿਊਨਿਸਟ ਢੰਗ ਨਾਲ਼ ਮੁੜ-ਜਥੇਬੰਦੀ ਕਰਨ ਲਈ ਆਪਣੇ ਆਪ ਨੂੰ ਤਿਆਰ ਨਹੀਂ ਕਰ ਸਕਾਂਗੇ।

ਰੂਸ ਵਿੱਚ ਪ੍ਰੋਲਤਾਰੀ ਇਨਕਲਾਬ ਅਤੇ ਕੌਮਾਂਤਰੀ ਪੱਧਰ ਉੱਤੇ ਇਹ ਦੀ ਜਿੱਤ ਪਿੱਛੋਂ, ਜਿਸਦੀ ਨਾਂ ਤਾਂ ਬੁਰਜੂਆਜ਼ੀ ਨੂੰ ਆਸ ਸੀ ਅਤੇ ਨਾਂ ਅਸਭਿਅ ਲੋਕਾਂ ਨੂੰ, ਸਾਰੀ ਦੁਨੀਆ ਤਬਦੀਲ ਹੋ ਗਈ ਹੈ ਅਤੇ ਹਰ ਥਾਂ ਬੁਰਜੂਆਜ਼ੀ ਵੀ ਤਬਦੀਲ ਹੋ ਗਈ ਹੈ। ਇਹ "ਬਾਲਸ਼ਵਿਜ਼ਮ" ਤੋਂ ਡਰਦੀ ਹੈ, ਗ਼ੁਸੇ ਨਾਲ਼ ਲਗਭਗ ਝਲਿਆ ਗਈ ਹੈ ਅਤੇ ਕਿਸੇ ਕਾਰਨ ਇਹ ਇੱਕ ਪਾਸੇ ਤਾਂ ਘਟਨਾਵਾਂ ਦੇ ਵਿਕਾਸ ਵਿੱਚ ਤੇਜ਼ੀ ਲਿਆ ਰਹੀ ਹੈ ਅਤੇ ਦੂਜੇ ਪਾਸੇ ਬਾਲਸ਼ਵਿਕਵਾਦ ਨੂੰ ਤਸ਼ੱਦਦ ਨਾਲ਼ ਦਬਾਉਣ ਉੱਤੇ ਜ਼ੋਰ ਲਾ ਰਹੀ ਹੈ ਅਤੇ ਇਉਂ ਅਨੇਕ ਹੋਰ ਖੇਤਰਾਂ ਵਿੱਚ ਆਪਣੀ ਪ੍ਰਸਥਿਤੀ ਕਮਜ਼ੋਰ ਕਰ ਰਹੀ ਹੈ। ਸਭਨਾਂ ਉੱਨਤ ਦੇਸ਼ਾਂ ਵਿੱਚ ਆਪਣੇ ਦਾਅ-ਪੇਚ ਘੜ੍ਹਨ ਸਮੇਂ ਕਮਿਊਨਿਸਟਾਂ ਨੂੰ ਇਹਨਾਂ ਦੂਹਾਂ ਪ੍ਰਸਥਿਤੀਆਂ ਨੂੰ ਮੁੱਖ ਰੱਖਣਾ ਚਾਹੀਦਾ ਹੈ।

ਜਦੋਂ ਰੂਸੀ ਕੈਡਿਟਾਂ ਅਤੇ ਕੇਰੇਨਸਕੀ ਨੇ ਬਾਲਸ਼ਵਿਕਾਂ ਵਿਰੁੱਧ ਜ਼ੋਰਦਾਰ ਮੁਹਿੰਮ ਚਲਾਈ-ਖ਼ਾਸ ਤੌਰ 'ਤੇ ਅਪ੍ਰੈਲ 1917 ਤੋਂ ਪਿੱਛੋਂ ਅਤੇ ਵਧੇਰੇ ਵਿਸ਼ੇਸ਼ਤਾ ਨਾਲ਼ ਜੂਨ ਅਤੇ

ਜੁਲਾਈ 1917 ਵਿਚ –ਤਾਂ ਉਹ "ਹੱਦ ਤੋਂ ਅੱਗੇ ਲੰਘ ਗਏ"। ਹਰ ਸੁਰ ਵਿੱਚ ਬਾਲਸ਼ਵਿਕਾਂ ਵਿਰੁੱਧ ਚੀਕ–ਚਿਹਾੜਾ ਪਾਉਂਦੀਆਂ ਬੁਰਜੂਆ ਅਖ਼ਬਾਰਾਂ ਦੇ ਕਰੋੜਾਂ ਪਰਚਿਆਂ ਨੇ ਜਨਤਾ ਨੂੰ ਬਾਲਸ਼ਵਿਕਾਂ ਦਾ ਮੁਲੰਗਣ ਕਰਨ ਵਿਚ ਸਹਾਇਤਾ ਦਿੱਤੀ; ਬੁਰਜੂਆਜ਼ੀ ਦੇ "ਉਤਸ਼ਾਹ" ਕਾਰਨ ਅਖ਼ਬਾਰਾਂ ਤੋਂ ਬਿਨਾਂ ਸਮੁੱਚਾ ਸਰਵਜਨਕ ਜੀਵਨ ਬਾਲਸ਼ਵਿਕਾਂ ਸਬੰਧੀ ਬਹਿਸ ਨਾਲ਼ ਭਰਪੂਰ ਸੀ। ਅੱਜ ਸਭਨਾਂ ਦੇਸ਼ਾਂ ਦੇ ਕਰੋੜਪਤੀ ਕੌਮਾਂਤਰੀ ਪੱਧਰ ਉਤੇ ਜਿਸ ਤਰ੍ਹਾਂ ਵਿਚਰ ਰਹੇ ਹਨ, ਉਸ ਲਈ ਉਹ ਸਾਡੇ ਹਾਰਦਕ ਧੰਨਵਾਦ ਦੇ ਹੱਕਦਾਰ ਹਨ। ਉਹ ਵੀ ਬਾਲਸ਼ਵਿਜ਼ਮ ਵਿਰੁੱਧ ਉਸੇ ਜੋਸ਼ ਨਾਲ਼ ਮੁਹਿੰਮ ਚਲਾ ਰਹੇ ਹਨ ਜਿਸ ਨਾਲ਼ ਕੇਰੇਨਸਕੀ ਅਤੇ ਉਹਦੇ ਸਾਥੀਆਂ ਨੇ ਚਲਾਈ ਸੀ; ਉਹ ਵੀ ਹੱਦ ਤੋਂ ਅੱਗੇ ਲੰਘ ਰਹੇ ਹਨ ਅਤੇ ਸਾਡੀ **ਸਹਾਇਤਾ ਕਰ ਰਹੇ ਹਨ**, ਐਨ ਉਸੇ ਤਰ੍ਹਾਂ ਜਿਵੇਂ ਕੇਰੇਨਸਕੀ ਨੇ ਕੀਤੀ ਸੀ। ਜਦੋਂ ਫ਼ਰਾਂਸੀਸੀ ਬੁਰਜੂਆਜ਼ੀ ਬਾਲਸ਼ਵਿਜ਼ਮ ਨੂੰ ਚੋਣਾਂ ਦਾ ਕੇਂਦਰੀ ਵਿਸ਼ਾ ਬਣਾ ਦੇਂਦੀ ਹੈ ਅਤੇ ਮੁਕਾਬਲਤਨ ਨਰਮ–ਖਿਆਲ ਜਾਂ ਡਾਵਾਂਡੋਲ ਸੋਸ਼ਲਿਸ਼ਟਾਂ ਉੱਤੇ ਬਾਲਸ਼ਵਿਕ ਹੋਣ ਦਾ ਦੋਸ਼ ਲਾਉਂਦੀ ਹੈ; ਜਦੋਂ ਅਮਰੀਕੀ ਬੁਰਜੂਆਜ਼ੀ, ਜਿਹੜੀ ਪੂਰੀ ਤਰ੍ਹਾਂ ਹੋਸ਼ ਗਵਾ ਬੈਠੀ ਹੈ, ਹਜ਼ਾਰਾਂ ਲੋਕਾਂ ਨੂੰ ਬਾਲਸ਼ਵਿਕ ਹੋਣ ਦੇ ਸ਼ੱਕ ਵਿੱਚ ਗ੍ਰਿਫ਼ਤਾਰ ਕਰ ਲੈਂਦੀ ਹੈ, ਚਾਰੇ ਪਾਸੇ ਹਫ਼ੜਾ ਦਫ਼ੜੀ ਦਾ ਵਾਯੂ–ਮੰਡਲ ਪੈਦਾ ਕਰ ਦੇਂਦੀ ਹੈ ਅਤੇ ਬਾਲਸ਼ਵਿਕ ਸਾਜ਼ਸ਼ਾਂ ਦੀਆਂ ਕਹਾਣੀਆਂ ਫੈਲਾਉਂਦੀ ਹੈ; ਜਦੋਂ ਬਰਤਾਨਵੀ ਬੁਰਜੂਆਜ਼ੀ — ਜੋ ਸੰਸਾਰ ਵਿੱਚ ਸਭ ਤੋਂ ਵੱਧ "ਨਿੱਗਰ" ਹੈ — ਆਪਣੀ ਸਾਰੀ ਸਿਆਣਪ ਅਤੇ ਅਨੁਭਵ ਸਮੇਤ ਅਣਮੰਨਵੀਆਂ ਗ਼ਲਤੀਆਂ ਕਰਦੀ ਹੈ, ਵੱਡੇ ਖ਼ਜਾਨਿਆਂ ਵਾਲ਼ੀਆਂ "ਬਾਲਸ਼ਵਿਕ–ਵਿਰੋਧੀ ਸਭਾਵਾਂ" ਖੜ੍ਹੀਆਂ ਕਰਦੀ ਹੈ, ਬਾਲਸ਼ਵਿਕਾਂ ਸਬੰਧੀ ਵਿਸ਼ੇਸ਼ ਸਾਹਿਤ ਤਿਆਰ ਕਰਦੀ ਹੈ ਅਤੇ ਉਹਦਾ ਮੁਕਾਬਲਾ ਕਰਨ ਲਈ ਬਹੁਤ ਸਾਰੇ ਹੋਰ ਵਿਗਿਆਨੀ, ਐਜੀਟੇਟਰ ਅਤੇ ਪ੍ਰਚਾਰਕ ਭਰਤੀ ਕਰਦੀ ਹੈ– ਤਾਂ ਸਾਨੂੰ ਸਰਮਾਏਦਾਰਾਂ ਨੂੰ ਸਲਾਮ ਕਰਨਾ ਅਤੇ ਉਹਨਾਂ ਦਾ ਧੰਨਵਾਦ ਕਰਨਾ ਚਾਹੀਦਾ ਹੈ। ਉਹ ਸਾਡੇ ਲਈ ਕੰਮ ਕਰ ਰਹੇ ਹਨ। ਉਹ ਜਨਤਾ ਅੰਦਰ ਬਾਲਸ਼ਵਿਜ਼ਮ ਦੇ ਤੱਤ ਅਤੇ ਮਹੱਤਤਾ ਸਬੰਧੀ ਦਿਲਚਸਪੀ ਪੈਦਾ ਕਰਨ ਵਿੱਚ ਸਾਡੀ ਸਹਾਇਤਾ ਕਰ ਰਹੇ ਹਨ ਅਤੇ ਉਹ ਹੋਰ ਕੁਝ ਕਰ ਵੀ ਨਹੀਂ ਸਕਦੇ ਕਿਉਂਕਿ ਉਹ ਬਾਲਸ਼ਵਿਜ਼ਮ ਨੂੰ ਅੱਖੋਂ ਪਰੋਖਾ ਕਰਨ ਅਤੇ ਇਹਦਾ ਗਲ਼ਾ ਘੁੱਟਣ ਵਿੱਚ **ਪਹਿਲਾਂ ਹੀ** ਅਸਫ਼ਲ ਰਹਿ ਚੁੱਕੇ ਹਨ।

ਪਰ ਇਹਦੇ ਨਾਲ਼ ਹੀ ਨਾਲ਼ ਬੁਰਜੂਆਜ਼ੀ ਅਮਲੀ ਤੌਰ 'ਤੇ ਬਾਲਸ਼ਵਿਜ਼ਮ ਦਾ ਇੱਕੋ ਪੱਖ ਵੇਖਦੀ ਹੈ, ਬਗ਼ਾਵਤ, ਹਿੰਸਾ ਅਤੇ ਜ਼ਬਰ; ਇਸੇ ਲਈ ਇਹ ਆਪਣੇ ਆਪ ਨੂੰ ਮੁੱਖ ਤੌਰ 'ਤੇ **ਇਸੇ** ਖੇਤਰ ਵਿੱਚ ਮੁਕਾਬਲੇ ਅਤੇ ਵਿਰੋਧ ਲਈ ਤਿਆਰ ਕਰਦੀ ਹੈ। ਇਹ ਸੰਭਵ ਹੈ ਕਿ ਕੁਝ ਥਾਈਂ, ਕੁਝ ਦੇਸ਼ਾਂ ਵਿੱਚ ਅਤੇ ਕੁਝ ਛੋਟੇ ਦੌਰਾਂ ਲਈ ਇਹ ਇਸ ਵਿੱਚ ਸਫ਼ਲ ਹੋ ਜਾਵੇ। ਸਾਨੂੰ ਅਜਿਹੀ ਸੰਭਾਵਨਾ ਲਈ ਤਿਆਰ ਰਹਿਣਾ ਚਾਹੀਦਾ ਹੈ ਅਤੇ ਜੇ ਇਹ ਸਫ਼ਲ ਹੋ ਵੀ ਜਾਵੇ ਤਾਂ ਸਾਡੇ ਲਈ ਡਰਨ ਦਾ ਉੱਕਾ ਹੀ ਕੋਈ ਕਾਰਨ ਨਹੀਂ। ਕਮਿਊਨਿਜ਼ਮ ਸਰਵਜਨਕ ਜੀਵਨ ਦੇ ਹਰ ਖੇਤਰ ਵਿੱਚ ਨਿਸ਼ਚਿਤ ਰੂਪ ਵਿੱਚ ਉਭਰ ਰਿਹਾ ਹੈ; ਇਹਦੇ ਆਦਿ ਸੱਚਮੁੱਚ ਸਭ ਪਾਸੇ ਵੇਖੇ ਜਾ ਸਕਦੇ ਹਨ। (ਬੁਰਜੂਆਜ਼ੀ ਅਤੇ ਬੁਰਜੂਆ ਪੁਲਸ ਦਾ

ਮਨ-ਪਸੰਦ ਰੂਪਕ ਵਰਤਦੇ ਹੋਏ, ਉਹ ਰੂਪਕ ਵਰਤਦੇ ਹੋਏ ਜਿਹੜਾ ਉਹਨਾਂ ਨੂੰ ਸਭ ਤੋਂ ਵੱਧ ਪਸੰਦ ਹੈ) "ਲਾਗ" ਸਰੀਰ ਵਿੱਚ ਪੂਰੀ ਤਰ੍ਹਾਂ ਘੁੱਸ ਗਈ ਹੈ ਅਤੇ ਇਹਦੇ ਵਿੱਚ ਪੂਰੀ ਤਰ੍ਹਾਂ ਫ਼ੈਲ ਗਈ ਹੈ। ਜੇ ਇੱਕ ਰਾਹ ਰੋਕਣ ਦੇ ਵਿਸ਼ੇਸ਼ ਯਤਨ ਕੀਤੇ ਜਾਣਗੇ ਤਾਂ "ਲਾਗ" ਹੋਰ ਰਾਹ ਲੱਭ ਲਵੇਗੀ ਅਤੇ ਕਈ ਵਾਰ ਅਜਿਹਾ ਰਾਹ ਜਿਸਦੀ ਆਸ ਨਹੀਂ ਸੀ। ਜੀਵਨ ਦਾ ਤਕਾਜ਼ਾ ਪੂਰਾ ਹੋ ਕੇ ਰਹੇਗਾ। ਬੁਰਜੂਆਜ਼ੀ ਦੇ ਚੀਕ-ਚਿਹਾੜਾ ਪਾਉਣ, ਝਲਿਆਉਣ, ਅਤਿ ਕਰ ਦੇਣ, ਮੂਰਖਤਾਈਆਂ ਕਰਨ, ਬਾਲਸ਼ਵਿਕਾਂ ਤੋਂ ਅਗਾਊ ਬਦਲਾ ਲੈਣ, ਸੈਂਕੜੇ, ਹਜ਼ਾਰਾਂ ਅਤੇ ਲੱਖਾਂ ਪੁਰਾਣੇ ਅਤੇ ਭਾਵੀ ਬਾਲਸ਼ਵਿਕਾਂ ਨੂੰ ਕਤਲ ਕਰਨ ਦੇ ਯਤਨ ਕਰਨ (ਜਿਹਾ ਕਿ ਹਿੰਦ, ਹੰਗਰੀ, ਜਰਮਨੀ, ਆਦਿ ਵਿੱਚ ) ਨਾਲ਼, ਕੋਈ ਫ਼ਰਕ ਨਹੀਂ ਪੈਂਦਾ। ਅਜਿਹਾ ਕਰਦੇ ਹੋਏ ਬੁਰਜੂਆਜ਼ੀ ਐਨ ਉਸੇ ਤਰ੍ਹਾਂ ਅਮਲ ਕਰ ਰਹੀ ਹੈ ਜਿਵੇਂ ਉਹਨਾਂ ਸਭਨਾਂ ਸ਼੍ਰੇਣੀਆਂ ਨੇ ਕੀਤਾ ਜਿਨ੍ਹਾਂ ਨੂੰ ਇਤਿਹਾਸ ਨੇ ਮੌਤ ਦੀ ਸਜ਼ਾ ਦੇ ਦਿੱਤੀ ਸੀ। ਕਮਿਊਨਿਸਟਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਭਾਵੇਂ ਕੁਝ ਹੋ ਜਾਵੇ, ਭਵਿੱਖ ਉਹਨਾਂ ਦਾ ਹੈ; ਇਸੇ ਲਈ ਅਸੀਂ ਮਹਾਨ ਇਨਕਲਾਬੀ ਘੋਲ਼ ਨੂੰ ਬੁਰਜੂਆਜ਼ੀ ਦੀ ਝਲਿਆਈ ਬਕਵਾਹੜ ਦੇ ਅਤਿ ਹੋਸ਼ਮੰਦ ਮਲੰਗਣ ਨਾਲ਼ ਮਿਲ਼ਾ ਸਕਦੇ ਹਾਂ (ਅਤੇ ਜ਼ਰੂਰ) ਮਿਲਾਉਣਾ ਚਾਹੀਦਾ ਹੈ। 1905 ਦਾ ਰੂਸੀ ਇਨਕਲਾਬ ਬੜੀ ਨਿਰਦੈਤਾ ਨਾਲ਼ ਹਰਾ ਦਿੱਤਾ ਗਿਆ ਸੀ, ਜੁਲਾਈ 1917 ਵਿੱਚ ਬਾਲਸ਼ਵਿਕਾਂ ਦੀ ਹਾਰ ਹੋਈ; ਬੁਰਜੂਆਜ਼ੀ ਅਤੇ ਸ਼ਾਹਪਸੰਦ ਜਰਨੈਲਾਂ ਨਾਲ਼ ਘਿਊ-ਖਿਚੜੀ ਹੋ ਕੇ ਕੰਮ ਕਰ ਰਹੇ ਸ਼ੀਦੇਮਾਨ ਅਤੇ ਨੋਸਕੇ ਦੀ ਚਾਲਬਾਜ਼ ਭੜਕਾਹਟ ਅਤੇ ਮਕਰੀ ਚਾਲਾਂ ਕਾਰਨ 15,000 ਜਰਮਨ ਕਮਿਊਨਿਸਟ ਮਾਰੇ ਗਏ, ਫ਼ਿਨਲੈਂਡ ਅਤੇ ਹੰਗਰੀ ਵਿੱਚ ਅੱਜ ਵੀ ਅੰਨ੍ਹੀ ਹਿੰਸਾ ਦਾ ਚੱਕਰ ਚੱਲ ਰਿਹਾ ਹੈ। ਪਰ ਹਰ ਹਾਲਤ ਅਤੇ ਹਰ ਦੇਸ਼ ਵਿੱਚ ਕਮਿਊਨਿਜ਼ਮ ਅਸਪਾਤੀ ਬਣ ਰਿਹਾ ਹੈ ਅਤੇ ਵੱਧ ਰਿਹਾ ਹੈ; ਇਹਦੀਆਂ ਜੜ੍ਹਾਂ ਏਨੀਆਂ ਡੂੰਘੀਆਂ ਹਨ ਕਿ ਜ਼ਬਰ ਇਹਨੂੰ ਕਮਜ਼ੋਰ ਜਾਂ ਨਿਤਾਣਾ ਨਹੀਂ ਕਰ ਸਕਦਾ; ਸਗੋਂ ਇਹਨੂੰ ਮਜ਼ਬੂਤ ਹੀ ਕਰਦਾ ਹੈ। ਸਾਨੂੰ ਹੋਰ ਵੀ ਨਿਸ਼ਚੇ ਅਤੇ ਦ੍ਰਿੜਤਾ ਨਾਲ਼ ਜਿੱਤ ਵੱਲ ਵੱਧਣ-ਯੋਗ ਬਣਾਉਣ ਵਿੱਚ ਇੱਕੋ ਇੱਕ ਗੱਲ ਦੀ ਘਾਟ ਹੈ, ਅਰਥਾਤ ਸਭਨਾਂ ਦੇਸ਼ਾਂ ਵਿੱਚ ਸਭਨਾਂ ਦੇਸ਼ਾਂ ਵਿੱਚ ਸਭਨਾਂ ਕਮਿਊਨਿਸਟਾਂ ਵੱਲੋਂ ਇਸ ਗੱਲ ਦੀ ਵਿਆਪਕ ਅਤੇ ਪੂਰੀ ਪੂਰੀ ਸੋਝੀ ਕਿ ਉਹਨਾਂ ਨੂੰ ਆਪਣੇ ਦਾਅ-ਪੇਚਾਂ ਵਿਚ ਅਤਿ-ਅੰਤ **ਲਚਕ** ਤੋਂ ਕੰਮ ਲੈਣਾ ਚਾਹੀਦਾ ਹੈ। ਕਮਿਊਨਿਸਟ ਲਹਿਰ ਸ਼ਾਨ ਨਾਲ਼ ਵੱਧ ਰਹੀ ਹੈ ਪਰ ਅਜੇ ਇਹਦੇ ਵਿੱਚ, ਵਿਸ਼ੇਸ਼ ਤੌਰ 'ਤੇ ਉਨੱਤ ਦੇਸ਼ਾਂ ਵਿੱਚ, ਇਹ ਸੋਝੀ ਅਤੇ ਇਹਨੂੰ ਅਮਲ ਵਿਚ ਲਾਗੂ ਕਰਨ ਦੀ ਯੋਗਤਾ ਦੀ ਥੁੜ੍ਹ ਹੈ।

ਦੂਜੀ ਇੰਟਰਨੈਸ਼ਨਲ ਦੇ ਨੇਤਾਵਾਂ, ਕਾਊਟਸਕੀ, ਓਟੋ ਬਾਵੇਰ ਅਤੇ ਉਹਨਾਂ ਜਿਹੇ ਹੋਰ ਸੋਸ਼ਲਿਜ਼ਮ ਨਾਲ਼ ਲਗਨ ਰੱਖਣ ਵਾਲ਼ੇ ਅਤਿ ਗਿਆਨੀ ਮਾਰਕਸਵਾਦੀਆਂ ਨਾਲ਼ ਜੋ ਕੁਝ ਵਾਪਰਿਆ ਹੈ, ਉਸ ਤੋਂ ਸਬਕ ਸਿੱਖਿਆ ਜਾ ਸਕਦਾ ਹੈ ਤੇ ਸਿੱਖਿਆ ਜਾਣਾ ਚਾਹੀਦਾ ਹੈ। ਇਹ ਲੋਕ ਲਚਕ ਵਾਲ਼ੇ ਦਾਅ-ਪੇਚਾਂ ਦੀ ਲੋੜ ਨੂੰ ਚੰਗੀ ਤਰ੍ਹਾਂ ਸਮਝਦੇ ਸਨ; ਉਹਨਾਂ ਆਮ ਮਾਰਕਸਵਾਦੀ ਦਵੰਦਵਾਦ ਸਿੱਖਿਆ ਅਤੇ ਹੋਰਨਾਂ ਨੂੰ ਸਿਖਾਇਆ (ਅਤੇ ਇਸ ਖੇਤਰ ਵਿੱਚ ਉਹਨਾਂ ਜੋ ਕੁਝ ਕੀਤਾ ਹੈ, ਉਹਨਾਂ ਵਧੇਰੇ ਹਿੱਸਾ ਸਦਾ ਸੋਸ਼ਲਿਸ਼ਟ ਸਾਹਿਤ ਨੂੰ ਕਿ

ਵੱਡਮੁਲੀ ਦੇਣ ਰਹੇਗਾ); ਪਰ ਇਸ ਦਵੰਦਵਾਦ ਨੂੰ **ਲਾਗੂ ਕਰਨ** ਵਿੱਚ ਉਹਨਾਂ ਅਜਿਹੀ ਗ਼ਲਤੀ ਕੀਤੀ ਜਾਂ ਅਮਲ ਵਿੱਚ ਏਨੇ **ਅਣ**-ਦਵੰਦਵਾਦੀ ਸਾਬਿਤ ਹੋਏ ਅਤੇ ਰੂਪਾਂ ਵਿੱਚ ਤੇਜ਼ੀ ਨਾਲ਼ ਆਉਂਦੀ ਤਬਦੀਲੀ ਅਤੇ ਪੁਰਾਣੇ ਰੂਪਾਂ ਵੱਲੋਂ ਨਵਾਂ ਤੱਤ ਤੇਜ਼ੀ ਨਾਲ਼ ਪ੍ਰਾਪਤ ਕਰਨ ਨੂੰ ਸਮਝਣੋਂ ਏਨੇ ਨਿਰਯੋਗ ਰਹੇ ਕਿ ਉਹਨਾਂ ਦੀ ਹੋਣੀ ਵੀ ਹਾਈਂਡਮੈਨ, ਗੇਦ ਅਤੇ ਪਲੈਖ਼ਾਨੋਵ ਤੋਂ ਕੋਈ ਬਹੁਤਾ ਵੱਖਰੀ ਨਹੀਂ ਹੋ ਸਕਦੀ। ਉਹਨਾਂ ਦੇ ਦੀਵਾਲੀਆਪੁਣੇ ਦਾ ਮੁੱਖ ਕਾਰਨ ਇਹ ਸੀ ਕਿ ਉਹਨਾਂ ਨੂੰ ਕਿਰਤੀ-ਸ਼੍ਰੇਣੀ ਲਹਿਰ ਅਤੇ ਸੋਸ਼ਲਿਜ਼ਮ ਦੇ ਵਾਧੇ ਦੇ ਇੱਕ ਵਿਸ਼ੇਸ਼ ਰੂਪ ਨੇ ਕੀਲ ਲਿਆ ਸੀ, ਉਹ ਇਸ ਰੂਪ ਦੇ ਇੱਕ-ਪੱਖੀ ਹੋਣ ਨੂੰ ਭੁੱਲ ਗਏ, ਉਹ ਇਹ ਵੇਖਣੋਂ ਅਸਮਰੱਥ ਰਹੇ ਕਿ ਬਾਹਰ-ਮੁੱਖੀ ਪ੍ਰਸਥਿਤੀਆਂ ਨੇ ਇਸ ਰੂਪ ਨਾਲ਼ ਤੋੜ-ਵਿਛੋੜਾ ਲਾਜ਼ਮੀ ਹੋਣਾ ਬਣਾ ਦਿੱਤਾ ਹੈ ਅਤੇ ਉਹ ਸਾਦੇ ਅਤੇ ਪਹਿਲੀ ਨਜ਼ਰੇ ਅਵਿਵਾਦੀ ਦੁਹਰਾਉਂਦੇ ਰਹੇ, ਜਿਨ੍ਹਾਂ ਦਾ ਉਹਨਾਂ ਘੋਟਾ ਲਾਇਆ ਹੋਇਆ ਸੀ, ਜਿਵੇਂ ਕਿ "ਤਿੰਨ ਦੋ ਤੋਂ ਵੱਧ ਹੁੰਦੇ ਹਨ, "। ਪਰ ਰਾਜਨੀਤੀ ਅੰਕ-ਗਣਿਤ ਨਾਲ਼ੋਂ ਵਧੇਰੇ ਬੀਜ-ਗਣਿਤ ਨਾਲ਼ ਮਿਲ਼ਦੀ ਹੈ ਅਤੇ ਸਾਧਾਰਨ ਗਣਿਤ ਨਾਲ਼ੋਂ ਵਧੇਰੇ ਉਚੇਰੇ ਗਣਿਤ ਨਾਲ਼ ਮਿਲ਼ਦੀ ਹੈ। ਤੱਥ ਤਾ ਇਹ ਹੈ ਕਿ ਸੋਸ਼ਲਿਜ਼ਮ ਲਹਿਰ ਦੇ ਸਭਨਾਂ ਪੁਰਾਣੇ ਰੂਪਾਂ ਨੇ ਨਵਾਂ ਤੱਤ ਪ੍ਰਾਪਤ ਕਰ ਲਿਆ ਹੈ ਅਤੇ ਇਹਦੇ ਸਿੱਟੇ ਵਜੋਂ ਇੱਕ ਨਵਾਂ ਚਿੰਨ੍ਹ "ਨਫ਼ੀ" ਦਾ ਨਿਸ਼ਾਨ ਸਭਨਾਂ ਅੰਕਾਂ ਦੇ ਸਾਹਮਣੇ ਆ ਗਿਆ ਹੈ ਪਰ ਸਾਡੇ ਇਹ ਮਹਾਂ-ਮੰਡਤ ਅੜੀ ਨਾਲ਼ ਆਪਣੇ ਆਪ ਨੂੰ ਅਤੇ ਹੋਰਨਾਂ ਨੂੰ ਇਹੋ ਮਨਾਉਣ ਦਾ ਯਤਨ ਕਰੀ ਜਾ ਰਹੇ ਸਨ (ਅਤੇ ਹੁਣ ਵੀ ਕਰੀ ਜਾ ਰਹੇ ਹਨ) "ਨਫ਼ੀ ਤਿੰਨ" "ਨਫ਼ੀ ਦੋ" ਤੋਂ ਵੱਡਾ ਹੈ।

ਸਾਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਕਿਤੇ ਕਮਿਊਨਿਸਟ ਉਲਟੀ ਦਿਸ਼ਾ ਵਿੱਚ **ਇਹੋ ਗ਼ਲਤੀ** ਨਾ ਕਰ ਲੈਣ ਜਾਂ ਸ਼ੈਦ ਸਾਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ "ਖੱਬੇ-ਪੱਖੀ"ਕਮਿਊਨਿਸਟਾਂ ਨੇ ਉਲਟੀ ਦਿਸ਼ਾ ਵਿੱਚ ਜਿਹੜੀ ਅਜਿਹੀ ਹੀ ਗ਼ਲਤੀ ਕੀਤੀ ਹੈ ਉਹ ਛੇਤੀ ਤੋਂ ਛੇਤੀ ਅਤੇ ਘੱਟ ਤੋਂ ਘੱਟ ਨੁਕਸਾਨ ਨਾਲ਼ ਠੀਕ ਕਰ ਦਿੱਤੀ ਜਾਵੇ। ਕੇਵਲ ਸੱਜੇ-ਪੱਖੀ ਮਸਲੇਬਾਜੀ ਹੀ ਨਹੀਂ ਸਗੋਂ ਖੱਬੇ-ਪੱਖੀ ਮਸਲੇਬਾਜ਼ੀ ਵੀ ਗ਼ਲਤ ਹੁੰਦੀ ਹੈ। ਨਿਰਸੰਦੇਹ, ਇਸ ਸਮੇਂ ਕਮਿਊਨਿਜ਼ਮ ਵਿੱਚ ਖੱਬੇ-ਪੱਖੀ ਮਸਲੇਬਾਜੀ ਸੱਜੇ-ਪੱਖੀ ਮਸਲੇਬਾਜੀ (ਅਰਥਾਤ ਸਮਾਜੀ-ਅੰਧਰਾਸ਼ਟਰਵਾਦ ਅਤੇ ਕਾਊਟਸਕੀਵਾਦ ਤੋਂ ) ਹਜ਼ਾਰ ਗੁਣਾ ਘੱਟ ਖਤਰਨਾਕ ਅਤੇ ਘੱਟ ਮਹੱਤਵਪੂਰਨ ਹੈ, ਪਰ ਇਹਦਾ ਕਾਰਨ ਕੇਵਲ ਇਹ ਹੈ ਕਿ ਖੱਬੇ-ਪੱਖੀ ਕਮਿਊਨਿਜ਼ਮ ਬੜਾ ਨਵਾਂ ਮੁਹਾਣ ਹੈ, ਅਜੇ ਹੋਂਦ ਵਿੱਚ ਆ ਹੀ ਰਿਹਾ ਹੈ। ਇਹੋ ਕਾਰਨ ਹੈ ਕਿ ਕੁਝ ਪ੍ਰਸਥਿਤੀਆਂ ਵਿੱਚ ਇਹ ਬਿਮਾਰੀ ਸੌਖੀ ਹੀ ਖ਼ਤਮ ਕੀਤੀ ਜਾ ਸਕਦੀ ਹੈ ਅਤੇ ਸਾਨੂੰ ਪੂਰੇ ਜ਼ੋਰ ਅਤੇ ਉਤਸ਼ਾਹ ਨਾਲ਼ ਇਹਨੂੰ ਖ਼ਤਮ ਕਰਨ ਵੱਲ ਲੱਗ ਜਾਣਾ ਚਾਹੀਦਾ ਹੈ।

ਪੁਰਾਣੇ ਰੂਪ ਫੱਟ ਕੇ ਖਿੱਲਰ ਗਏ ਕਿਉਂਕਿ ਉਹਨਾਂ ਦਾ ਨਵਾਂ ਤੱਤ — ਪ੍ਰੋਲਤਾਰੀ ਵਿਰੋਧੀ ਅਤੇ ਪਿੱਛੇ-ਖਿੱਚੂ — ਬਹੁਤ ਜ਼ਿਆਦਾ ਵਿਕਸਤ ਹੋ ਗਿਆ ਸੀ। ਕੋਮਾਂਤਰੀ ਕਮਿਊਨਿਜ਼ਮ ਦੇ ਵਿਕਾਸ ਦੇ ਦ੍ਰਿਸ਼ਟੀਕੋਣ ਤੋਂ ਅੱਜ ਸਾਡੇ ਕੰਮ ਦਾ ਤੱਤ (ਸੋਵੀਅਤ ਸੱਤ੍ਹਾ

ਅਤੇ ਪ੍ਰੋਲਤਾਰੀ ਦੀ ਡਿਕਟੇਟਰੀ ਦੀ ਸਥਾਪਤੀ) ਏਨਾ ਪਾਏਦਾਰ ਅਤੇ ਬਲਵਾਨ ਹੈ ਕਿ ਉਹ ਨਵੇਂ ਅਤੇ ਪੁਰਾਣੇ ਦੁਹਾਂ ਰੂਪਾਂ ਵਿਚ ਪ੍ਰਗਟ ਹੋ ਸਕਦਾ ਹੈ ਅਤੇ **ਹੋਣਾ ਚਾਹੀਦਾ ਹੈ**; ਇਹ ਨਵੇਂ ਹੀ ਨਹੀਂ ਪੁਰਾਣੇ ਵੀ, ਸਭਨਾਂ ਰੂਪਾਂ ਨੂੰ ਸੁਰਜੀਤ ਕਰ ਸਕਦਾ, ਜਿੱਤ ਸਕਦਾ ਅਤੇ ਆਪਣੇ ਅਸਰ ਅਧੀਨ ਕਰ ਸਕਦਾ ਹੈ ਅਤੇ ਇਹਨੂੰ ਕਰਨਾ ਚਾਹੀਦਾ ਹੈ — ਆਪਣੇ ਆਪ ਨੂੰ ਪੁਰਾਣੇ ਨਾਲ਼ ਅਨੁਕੂਲਣ ਲਈ ਨਹੀਂ ਸਗੋਂ ਸਭਨਾਂ ਰੂਪਾਂ — ਪੁਰਾਣੇ ਅਤੇ ਨਵੇਂ — ਨੂੰ ਕਮਿਊਨਿਜ਼ਮ ਦੀ ਮੁਕੰਮਲ ਅਤੇ ਨਿਰਣਾਇਕ ਅਤੇ ਅਟੱਲ ਜਿੱਤ ਦਾ ਹਥਿਆਰ ਬਣਾਉਣ ਲਈ।

ਕਮਿਊਨਿਸਟਾਂ ਨੂੰ ਇਸ ਗੱਲ ਦਾ ਪੂਰਾ ਯਤਨ ਕਰਨਾ ਚਾਹੀਦਾ ਹੈ ਕਿ ਕਿਰਤੀ ਸ਼੍ਰੇਣੀ ਲਹਿਰ ਅਤੇ ਆਮ ਤੌਰ ’ਤੇ ਸਮਾਜੀ ਵਿਕਾਸ ਨੂੰ ਸੋਵੀਅਤ ਸੱਤ੍ਹਾ ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਵੱਲ ਜਾਂਦੇ ਸਿੱਧੇ ਤੋਂ ਸਿੱਧੇ ਅਤੇ ਛੋਟੇ ਤੋਂ ਛੋਟੇ ਰਾਹ ਉੱਤੇ ਪਾਇਆ ਜਾਵੇ। ਇਹ ਇੱਕ ਅਵਿਵਾਦੀ ਸੱਚਾਈ ਹੈ। ਪਰ ਇਕ ਕਦਮ ਹੋਰ ਅੱਗੇ ਵੱਧਣਾ— ਇੱਕ ਅਜਿਹਾ ਕਦਮ ਜਿਹੜੇ ਉਸੇ ਪਾਸੇ ਜਾਂਦਾ ਜਾਪਦਾ ਹੈ — ਸਚਾਈ ਨੂੰ ਗ਼ਲਤੀ ਵਿੱਚ ਤਬਦੀਲ ਕਰ ਦੇਵੇਗਾ। ਇਹ ਕਾਫ਼ੀ ਹੈ ਕਿ ਜਰਮਨ ਅਤੇ ਬਰਤਾਨਵੀ ਖੱਬ-ਪੱਖੀ ਕਮਿਊਨਿਸਟਾਂ ਵਾਂਗ ਅਸੀਂ ਇਹ ਕਹੀਏ ਕਿ ਅਸੀਂ ਇੱਕੋ ਇੱਕ ਰਾਹ ਪਛਾਣਦੇ ਹਾਂ, ਕੇਵਲ ਸਿੱਧਾ ਰਾਹ ਜਿਸ ਵਿੱਚ ਦਾਅ-ਪੇਚਾਂ, ਸਮਝੌਤੇ ਦੀਆਂ ਚਾਲਾਂ ਜਾਂ ਸਮਝੌਤੇ ਦੀ ਕੋਈ ਥਾਂ ਨਹੀਂ —ਅਤੇ ਇਹ ਇੱਕ ਅਜਿਹੀ ਗਲਤੀ ਹੋਵੇਗੀ ਜਿਹੜੀ ਕਮਿਊਨਿਜ਼ਮ ਨੂੰ ਗੰਭੀਰ ਨੁਕਸਾਨ ਪੁਚਾ ਸਕਦੀ ਹੈ ਅਤੇ ਕਿਸੇ ਹੱਦ ਤੱਕ ਇਹਨੇ ਨੁਕਸਾਨ ਪੁਚਾਇਆ ਹੈ ਅਤੇ ਪੁਚਾ ਰਹੀ ਹੈ। ਸੱਜੇ-ਪੱਖੀ ਮਸਲੇਬਾਜ਼ੀ ਕੇਵਲ ਪੁਰਾਣੇ ਰੂਪ ਮੰਨਣ ’ਤੇ ਅੜੀ ਰਹੀ ਅਤੇ ਉੱਕਾ ਹੀ ਦੀਵਾਲੀਆ ਹੋ ਗਈ ਕਿਉਂਕਿ ਇਹਨੇ ਨਵੇਂ ਤੱਤ ਨੂੰ ਨਾ ਪਛਾਣਿਆ। ਖੱਬੇ-ਪੱਖੀ ਮਸਲੇਬਾਜੀ ਕੁਝ ਪੁਰਾਣੇ ਰੂਪਾਂ ਨੂੰ ਬਿਨਾਂ-ਸ਼ਰਤ ਰੱਦ ਕਰਨ ਉਤੇ **ਅੜੀ** ਹੋਈ ਹੈ ਅਤੇ ਇਹ ਵੇਖਣੋਂ ਅਸਮੱਰਥ ਹੈ ਕਿ ਨਵਾਂ ਤੱਤ ਸਭਨਾਂ ਅਤੇ ਹਰ ਇੱਕ ਰੂਪ ਵਿੱਚ ਘੁਸ ਰਿਹਾ ਹੈ, ਕਿ ਕਮਿਊਨਿਸਟਾਂ ਦੇ ਤੌਰ ’ਤੇ ਇਹ ਸਾਡਾ ਫ਼ਰਜ ਹੈ ਕਿ ਅਸੀਂ ਸਭਨਾਂ ਰੂਪਾਂ ਦੇ ਉਸਤਾਦ ਬਣ ਜਾਈਏ ਅਤੇ ਵੱਧ ਤੋਂ ਵੱਧ ਤੇਜ਼ੀ ਨਾਲ਼ ਇੱਕ ਰੂਪ ਵਿੱਚ ਦੂਜਾ ਮਿਲਾਉਣ, ਇੱਕ ਦੀ ਥਾਂ ਦੂਜੇ ਨੂੰ ਦੇਣ ਅਤੇ ਆਪਣੇ ਦਾਅ-ਪੇਚਾਂ ਨੂੰ ਅਜਿਹੀ ਤਬਦੀਲੀ ਦੇ ਅਨੁਸਾਰੀ ਬਣਾਉਣ ਯੋਗ ਬਣੀਏ ਜਿਹੜਾ ਸਾਡੀ ਸ਼੍ਰੇਣੀ ਜਾਂ ਸਾਡੇ ਯਤਨਾਂ ਕਾਰਨ ਨਹੀਂ ਆਇਆ।

ਸੰਸਾਰ-ਵਿਆਪੀ ਸਾਮਰਾਜੀ ਯੁੱਧ ਦੀਆਂ ਭਿਆਨਕਤਾਵਾਂ, ਬੁਰਾਈਆਂ ਅਤੇ ਲਾਅਨਤਾਂ ਨੇ ਅਤੇ ਉਸ ਤੋਂ ਪੈਦਾ ਹੋਈ ਨਿਰਾਸ਼ਾ ਪੈਦਾ ਕਰਨ ਵਾਲ਼ੀ ਪ੍ਰਸਥਿਤੀ ਨੇ ਸੰਸਾਰ ਇਨਕਲਾਬ ਨੂੰ ਏਨਾ ਬਲਵਾਨ ਉਤਸ਼ਾਹ ਦਿੱਤਾ ਹੈ ਅਤੇ ਇਹਦੀ ਰਫ਼ਤਾਰ ਏਨੀ ਤੇਜ਼ ਕਰ ਦਿੱਤੀ ਹੈ, ਇਹ ਇਨਕਲਾਬ ਏਨੀ ਸ਼ਾਨਦਾਰ ਤੇਜ਼ੀ ਨਾਲ਼, ਹਰ ਤਰ੍ਹਾਂ ਦੀ ਮਸਲੇਬਾਜ਼ੀ ਨੂੰ ਏਨੇ ਸਿੱਖਿਆਦਾਇਕ ਢੰਗ ਨਾਲ਼ ਰੱਦ ਕਰਦਾ ਹੋਇਆ, ਵੱਧ ਰਿਹਾ ਹੈ ਕਿ ਕੌਮਾਂਤਰੀ ਕਮਿਊਨਿਸਟ ਲਹਿਰ ਦੇ “ਖੱਬੇ-ਪੱਖੀ” ਕਮਿਊਨਿਜ਼ਮ ਦੇ ਬਚਗਾਨਾ ਰੋਗ ਤੋਂ ਛੇਤੀ ਅਤੇ ਪੂਰੀ ਤਰ੍ਹਾਂ ਰਾਜ਼ੀ ਹੋ ਜਾਣ ਦੀ ਆਸ ਕਰਨ ਦਾ ਹਰ ਸੰਭਵ ਕਾਰਨ ਹੈ।

**27 ਅਪ੍ਰੈਲ, 1920.**

# ਜ਼ਮੀਮੇ

ਇਸ ਤੋਂ ਪਹਿਲਾਂ ਕਿ ਸਾਡੇ ਦੇਸ਼ ਦੇ–ਜਿਸਨੂੰ ਪ੍ਰੋਲੇਤਾਰੀ ਇਨਕਲਾਬ ਦਾ ਬਦਲਾ ਲੈਣ ਲਈ ਸੰਸਾਰ ਭਰ ਦੇ ਸਾਮਰਾਜੀਆਂ ਨੇ ਲੁੱਟਿਆ ਹੈ ਅਤੇ ਆਪਣੇ ਦੇਸ਼ਾਂ ਦੇ ਕਿਰਤੀਆਂ ਨਾਲ਼ ਕੀਤੇ ਸਭਨਾਂ ਇਕਰਾਰਾਂ ਨੂੰ ਭੁਲਾ ਕੇ ਹੁਣ ਵੀ ਲੁੱਟ ਰਹੇ ਅਤੇ ਇਹਦੀ ਨਾਕਾਬੰਦੀ ਕਰ ਰਹੇ ਹਨ — ਪ੍ਰਕਾਸ਼ਨ–ਘਰ ਮੇਰਾ ਪੈਂਫਲਟ ਛਾਪ ਸਕਦੇ, ਵਿਦੇਸ਼ਾਂ ਤੋਂ ਕੁਝ ਹੋਰ ਸਮੱਗਰੀ ਮੈਨੂੰ ਮਿਲ਼ੀ ਹੈ। ਆਪਣੇ ਪੈਂਫ਼ਲਟ ਵਿੱਚ ਇੱਕ ਪ੍ਰਚਾਰਕ ਵੱਲੋਂ ਕਾਹਲ ਨਾਲ਼ ਲਿਖੀਆਂ ਕੁਝ ਟੂਕਾਂ ਤੋਂ ਵੱਧ ਕੁਝ ਹੋਣ ਦਾ ਦਾਅਵਾ ਨਾ ਕਰਦਾ ਹੋਇਆ, ਮੈਂ ਇੱਥੇ ਕੁਝ ਹੋਰ ਗੱਲਾਂ ਸਬੰਧੀ ਸੰਖੇਪ ਤੌਰ ’ਤੇ ਕੁੱਝ ਕਹਾਂਗਾ।

# 1

## ਜਰਮਨ ਕਮਿਊਨਿਸਟਾਂ ਵਿੱਚ ਫੁੱਟ

ਜਰਮਨੀ ਦੇ ਕਮਿਊਨਿਸਟਾਂ ਵਿੱਚ ਫੁੱਟ ਇੱਕ ਮੰਨੀ ਹੋਈ ਗੱਲ ਬਣ ਗਈ ਹੈ। "ਖੱਬੇ-ਪੱਖੀਆਂ" ਜਾਂ "ਅਸੂਲੀ ਅਧਾਰ 'ਤੇ ਵਿਰੋਧ" ਨੇ ਕਮਿਊਨਿਸਟ ਪਾਰਟੀ ਤੋਂ ਵੱਖ ਇੱਕ "ਕਮਿਊਨਿਸਟ ਕਿਰਤੀ ਪਾਰਟੀ" ਸਥਾਪਤ ਕਰ ਲਈ ਹੈ। ਇਉਂ ਜਾਪਦਾ ਹੈ ਕਿ ਇਟਲੀ ਵਿੱਚ ਵੀ ਫੁੱਟ ਪੈਣ ਵਾਲ਼ੀ ਹੈ — ਮੈਂ "ਜਾਪਦਾ ਹੈ" ਇਸ ਲਈ ਵਰਤਿਆ ਹੈ ਕਿ ਮੈਨੂੰ ਖੱਬੇ-ਪੱਖੀ ਅਖ਼ਬਾਰ ´ Il soviet[a] (ਸੋਵੀਅਤ ) ਦੇ ਕੇਵਲ ਦੋ ਹੋਰ ਪਰਚੇ (ਨੰ. 7 ਅਤੇ 8) ਮਿਲੇ ਹਨ, ਜਿਨ੍ਹਾਂ ਵਿੱਚ ਫੁੱਟ ਦੀ ਸੰਭਾਵਨਾ ਅਤੇ ਲੋੜ ਉੱਤੇ ਖੁੱਲ੍ਹੀ ਵਿਚਾਰ ਕੀਤੀ ਗਈ ਹੈ, ਅਤੇ "ਵੱਖਵਾਦੀ" ਟੋਲੀ (ਜਾਂ ਬਾਈਕਾਟਵਾਦੀਆਂ ਅਰਥਾਤ ਪਾਰਲੀਮੈਂਟ ਵਿੱਚ ਹਿੱਸਾ ਲੈਣ ਦੇ ਵਿਰੋਧੀਆਂ ) ਦੀ, ਜੋ ਅਜੇ ਤੱਕ ਇਟਲੀ ਦੀ ਸੋਸ਼ਲਿਸ਼ਟ ਪਾਰਟੀ ਦਾ ਹਿੱਸਾ ਹਨ, ਇੱਕ ਕਾਂਗਰਸ ਦਾ ਜ਼ਿਕਰ ਹੈ।

ਕੁਝ ਅਜਿਹੇ ਕਾਰਨ ਹਨ ਜਿਨ੍ਹਾਂ ਤੋਂ ਇਹ ਤੌਖਲਾ, ਪੈਦਾ ਹੁੰਦਾ ਹੈ ਕਿ "ਖੱਬੇ-ਪੱਖੀਆਂ" ਪਾਰਲੀਮਾਨੀਵਾਦ-ਵਿਰੋਧੀਆਂ (ਕੁਝ ਹੱਦ ਤੱਕ ਰਾਜਨੀਤੀ ਵਿਰੋਧੀ ਵੀ, ਜਿਹੜੇ ਰਾਜਸੀ ਪਾਰਟੀ ਦੀ ਹੋਂਦ ਅਤੇ ਟਰੇਡ ਯੂਨੀਅਨਾਂ ਵਿੱਚ ਕੰਮ ਦੇ ਵਿਰੁੱਧ ਹਨ) ਨਾਲ਼ ਇਹ ਤੋੜ-ਵਿਛੋੜਾ "ਕੇਂਦਰਵਾਦੀਆਂ" (ਅਰਥਾਤ ਕਾਊਟਸਕੀਵਾਦੀਆਂ, ਲੋਂਗੇਵਾਦੀਆਂ, ਨਿਰਦਲੀਆਂ, ਆਦਿ) ਨਾਲ਼ ਹੋਏ ਤੋੜ-ਵਿਛੋੜੇ ਵਾਂਗ ਇੱਕ ਕੌਮਾਂਤਰੀ ਵਰਤਾਰਾ ਬਣ ਜਾਵੇਗਾ। ਅਜਿਹਾ ਹੋਣ ਦਿਓ। ਭਾਵੇਂ ਕੁਝ ਹੋਵੇ, ਫੁੱਟ ਗੜਬੜ ਨਾਲ਼ੋਂ ਚੰਗੇਰੀ ਹੈ ਜਿਹੜੇ ਪਾਰਟੀ ਦੇ ਵਿਚਾਰਧਾਰਕ, ਸਿਧਾਂਤਕ ਅਤੇ ਇਨਕਲਾਬੀ ਵਾਧੇ ਵਿੱਚ ਅਤੇ ਇਹਦੇ ਸੁਮੇਲੇ, ਸੱਚਮੁੱਚ ਜਥੇਬੰਦ ਅਸਲੀ ਕੰਮ ਵਿੱਚ, ਜਿਹੜਾ ਸੱਚਮੁੱਚ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਲਈ ਰਾਹ ਤਿਆਰ ਕਰਦਾ ਹੈ, ਰੋਕ ਪਾਉਂਦੀ ਹੈ।

"ਖੱਬੇ-ਪੱਖੀ" ਕੌਮੀ ਅਤੇ ਕੌਮਾਂਤਰੀ ਪੱਧਰ ਉੱਤੇ ਆਪਣੀ ਇੱਕ ਅਮਲੀ ਪਰਖ ਕਰਨ। ਉਹ ਅਸਪਾਤੀ ਡਸਿਪਲਨ ਵਾਲ਼ੀ ਸਖ਼ਤੀ ਨਾਲ਼ ਕੇਂਦਰਤ ਪਾਰਟੀ ਤੋਂ ਬਿਨਾਂ, ਰਾਜਸੀ ਅਤੇ ਸੱਭਿਆਚਾਰਕ ਕੰਮ ਦੇ ਹਰ ਖੇਤਰ, ਹਰ ਸ਼ਾਖ਼ ਅਤੇ ਹਰ ਰੂਪ ਵਿੱਚ ਮਹਾਰਤ ਪ੍ਰਾਪਤ ਕੀਤੇ ਬਿਨਾਂ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਲਈ (ਅਤੇ ਫੇਰ ਇਹਨੂੰ ਲਾਗੂ ਕਰਨ ਲਈ) ਤਿਆਰੀ ਕਰਨ। ਅਮਲੀ ਤਜ਼ਰਬਾ ਉਹਨਾਂ ਨੂੰ ਛੇਤੀ ਹੀ ਸਬਕ ਸਿਖਾ ਦੇਵੇਗਾ।

ਕੇਵਲ ਇਸ ਗੱਲ ਦਾ ਪੂਰਾ ਯਤਨ ਕਰਨਾ ਚਾਹੀਦਾ ਹੈ ਕਿ "ਖੱਬ-ਪੱਖੀਆਂ" ਨਾਲ਼ ਤੋੜ-ਵਿਛੋੜਾ ਕਿਰਤੀ ਸ਼੍ਰੇਣੀ ਲਹਿਰ ਵਿੱਚ ਸ਼ਾਮਲ ਉਹਨਾਂ ਸਭਨਾਂ ਲੋਕਾਂ ਦੇ ਜਿਹੜੇ, ਸੋਵੀਅਤ ਸੱਤ੍ਹਾ ਅਤੇ ਪ੍ਰੋਲਤਾਰੀ ਦੀ ਡਿਕਟੇਟਰੀ ਉੱਤੇ ਸੱਚੇ ਦਿਲੋਂ ਯਕੀਨ ਰੱਖਦੇ ਹਨ,

ਇੱਕੋ-ਇੱਕ ਪਾਰਟੀ ਵਿੱਚ ਇਕੱਠਾ ਹੋਣ ਉੱਤੇ — ਜੋ ਨੇੜੇ ਦੇ ਭਵਿੱਖ ਵਿੱਚ ਅਟੱਲ ਹੈ— ਅਸਰ ਨਾ ਪਾਵੇ ਅਤੇ ਜੋ ਪਾਵੇ ਤਾਂ ਘੱਟ ਤੋਂ ਘੱਟ ਪਾਵੇ। ਰੂਸ ਵਿੱਚ ਬਾਲਸ਼ਵਿਕਾਂ ਦਾ ਇਹ ਸੁਭਾਗ ਸੀ ਕਿ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਲਈ ਸਿੱਧਾ ਜਨਤਕ ਘੋਲ਼ ਸ਼ੁਰੂ ਕਰਨ ਤੋਂ ਪਹਿਲਾਂ ਉਹਨਾਂ ਨੂੰ ਮੈਨਸ਼ਵਿਕਾਂ (ਅਰਥਾਤ ਮੌਕਾ-ਪ੍ਰਸਤਾਂ ਅਤੇ "ਕੇਂਦਰਵਾਦੀਆਂ") ਅਤੇ "ਖੱਬੇ-ਪੱਖੀਆਂ" ਵਿਰੁੱਧ ਬਾਕਾਇਦਾ ਅਤੇ ਯੋਗਤਾ-ਭਰਪੂਰ ਘੋਲ਼ ਲੜਨ ਲਈ ਪੰਦਰਾਂ ਵਰ੍ਹੇ ਦਾ ਸਮਾਂ ਮਿਲ਼ਿਆ। ਯੂਰਪ ਅਤੇ ਅਮਰੀਕਾ ਵਿੱਚ ਇਹ ਕੰਮ ਤੇਜ਼ੀ ਨਾਲ਼ ਕਦਮ ਵਧਾ ਕੇ ਪੂਰਾ ਕਰਨਾ ਪੈ ਰਿਹਾ ਹੈ। ਇਹ ਸੰਭਵ ਹੈ ਕਿ ਨੇਤਾ ਬਣਨ ਦੇ ਦਾਹਵੇਦਾਰਾਂ ਵਿੱਚੋਂ ਕੁਝ ਲੋਕ (ਜੇ ਉਹਨਾਂ ਵਿੱਚ ਪ੍ਰੋਲਤਾਰੀ ਡਸਿਪਲਿਨ ਨਾ ਹੋਵੇ ਅਤੇ ਉਹ ਆਪਣੇ ਆਪ ਨਾਲ਼ ਈਮਾਨਦਾਰ ਨਾ ਹੋਣ) ਲੰਮੇ ਸਮੇਂ ਤੱਕ ਆਪਣੀ ਗ਼ਲਤੀ ਉੱਤੇ ਆੜੇ ਰਹਿਣ; ਪਰ ਜਦੋਂ ਯੋਗ ਸਮਾਂ ਆਵੇਗਾ, ਆਮ ਕਿਰਤੀਆਂ ਦੀ ਵੱਡੀ ਬਹੁ-ਗਿਣਤੀ ਖ਼ੁਦ ਸੌਖੇ ਹੀ ਅਤੇ ਤੇਜ਼ੀ ਨਾਲ਼ ਸਭ ਸੁਹਿਰਦ ਕਮਿਊਨਿਸਟਾਂ ਨੂੰ ਅਜਿਹੀ ਇੱਕੋ ਇੱਕ ਪਾਰਟੀ, ਜਿਹੜੀ ਸੋਵੀਅਤ ਪ੍ਰਣਾਲੀ ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਸਥਾਪਤ ਕਰਨ ਦੇ ਯੋਗ ਹੋਵੇ, ਬਣਾਉਣ ਲਈ ਇੱਕ-ਮੁੱਠ ਕਰ ਦੇਵੇਗੀ।*

---

* ਜਿੱਥੋਂ ਤੱਕ "ਖੱਬ-ਪੱਖੀ" ਕਮਿਊਨਿਸਟਾਂ, ਪਾਰਲੀਮੈਂਟਾਂ ਵਿੱਚ ਸ਼ਾਮਲ ਹੋਣ ਦੇ ਵਿਰੋਧੀਆਂ ਦੇ ਭਵਿੱਖ ਵਿੱਚ ਕਮਿਊਨਿਸਟਾਂ ਨਾਲ਼ ਮਿਲ਼ਣ ਦਾ ਸਬੰਧ ਹੈ, ਮੈਂ ਹੇਠ ਲਿਖੀਆਂ ਹੋਰ ਗੱਲਾਂ ਕਹਿਣਾ ਚਾਹੁੰਦਾ ਹਾਂ। ਜਿੱਥੋਂ ਤੱਕ ਮੈਂ ਜਰਮਨੀ ਵਿਚ "ਖੱਬ-ਪੱਖੀ" ਕਮਿਊਨਿਸਟਾਂ ਅਤੇ ਆਮ ਤੌਰ 'ਤੇ ਕਮਿਊਨਿਸਟਾਂ ਦੇ ਅਖ਼ਬਾਰਾਂ ਤੋਂ ਜਾਣੂ ਹੋ ਸਕਿਆ ਹਾਂ , ਮੈਂ ਵੇਖਦਾ ਹਾਂ ਕਿ "ਖੱਬ-ਪੱਖੀ" ਕਮਿਊਨਿਸਟ ਆਮ ਕਮਿਊਨਿਸਟਾਂ ਨਾਲ਼ੋਂ ਚੰਗੇਰੀ ਤਰ੍ਹਾਂ ਜਨਤਾ ਵਿੱਚ ਐਜੀਟੇਸ਼ਨ ਚਲਾ ਸਕੇ ਹਨ। ਮੈਂ ਅਕਸਰ ਬਾਲਸ਼ਵਿਕ ਪਾਰਟੀ ਦੇ ਇਤਿਹਾਸ ਵਿੱਚ ਵੀ ਕੁਝ ਅਜਿਹੀ ਹੀ ਗੱਲ ਵੇਖੀ ਹੈ, ਭਾਵੇਂ ਉਹ ਛੋਟੀ ਪੱਧਰ ਉੱਤੇ, ਵਿਕੋਲਤ੍ਰੀਆਂ ਸਥਾਨਕ ਜਥੇਬੰਦੀਆਂ ਵਿੱਚ ਹੀ ਵੇਖੀ ਜਾਂਦੀ ਸੀ ਅਤੇ ਕੌਮੀ ਪੱਧਰ ਉੱਤੇ ਨਹੀਂ। ਮਿਸਾਲ ਵਜੋਂ 1907-1908 ਵਿੱਚ ਕਈ ਅਵਸਰਾਂ ਉੱਤੇ ਅਤੇ ਕਈ ਥਾਵਾਂ ਉੱਤੇ "ਖੱਬ-ਪੱਖੀ" ਬਾਲਸ਼ਵਿਕ ਸਾਡੇ ਨਾਲ਼ੋਂ ਵਧੇਰੇ ਸਫ਼ਲਤਾ ਨਾਲ਼ ਜਨਤਾ ਵਿੱਚ ਐਜੀਟੇਸ਼ਨ ਚਲਾ ਸਕੇ। ਸ਼ੈਦ ਇਹਦਾ ਕਾਰਨ ਇਹ ਵੀ ਸੀ ਹੈ ਕਿ ਕਿਸੇ ਇਨਕਲਾਬੀ ਛਿਣ ਜਾਂ ਅਜਿਹੇ ਸਮੇਂ ਜਦੋਂ ਇਨਕਲਾਬੀ ਯਾਦਾਂ ਅਜੇ ਸੱਜਰੀਆਂ ਹੁੰਦੀਆਂ ਹਨ ਖਾਲਸ ਨਨਕਾਰੀ ਦਾਅਪੇਚ ਲੈ ਕੇ ਜਨਤਾ ਤੱਕ ਅਪੜਨਾ ਸੌਖੇਰਾ ਹੁੰਦਾ ਹੈ। ਪਰ ਇਹ ਅਜਿਹੇ ਦਾਅਪੇਚਾਂ ਨੂੰ ਠੀਕ ਸਿੱਧ ਕਰਨ ਲਈ ਦਲੀਲ ਨਹੀਂ। ਕਿਸੇ ਵੀ ਹਾਲਤ ਵਿੱਚ, ਇਸ ਗੱਲ ਵਿੱਚ ਰੱਤੀ ਭਰ ਵੀ ਸ਼ੱਕ ਨਹੀਂ ਕਿ ਜੇ ਕੋਈ ਕਮਿਊਨਿਸਟ **ਪਾਰਟੀ** ਇਨਕਲਾਬੀ **ਸ਼੍ਰੇਣੀ** ਦਾ, ਪ੍ਰੋਲਤਾਰੀ ਦਾ, ਸੱਚਮੁੱਚ ਹਰਾਵਲ ਦਸਤਾ ਬਣਨਾ ਚਾਹੁੰਦੀ ਹੈ — ਅਤੇ ਜਿਹੜੀ ਆਮ ਜਨਤਾ ਦੀ, ਕਿਰਤੀ ਅਤੇ ਲੁੱਟੇ-ਪੁੱਟੇ ਲੋਕਾਂ ਦੀ, ਪ੍ਰੋਲਤਾਰੀ ਦੀ ਹੀ ਨਹੀਂ ਸਗੋਂ ਗ਼ੈਰ-ਪ੍ਰੋਲਤਾਰੀ ਜਨਤਾ ਦੀ ਵੀ, ਅਗਵਾਈ ਕਰਨਾ ਸਿੱਖਣਾ ਚਾਹੁੰਦੀ ਹੈ — ਤਾਂ ਇਹ ਲਾਜ਼ਮੀ ਹੈ ਕਿ ਉਹ ਸਿੱਖੇ ਕਿ ਅਜਿਹੇ ਢੰਗ ਨਾਲ ਸ਼ਹਿਰੀ ਕਾਰਖ਼ਾਨਿਆਂ ਵਿੱਚ ਕੰਮ ਕਰਨ ਵਾਲ਼ੀ ਜਨਤਾ ਅਤੇ ਪੇਂਡੂ ਜਨਤਾ ਦੁਹਾਂ ਲਈ ਸਾਦਾ ਅਤੇ ਸਮਝ ਆਉਣ ਵਾਲ਼ੇ, ਸਾਫ਼ ਅਤੇ ਸਪੱਸ਼ਟ ਢੰਗ ਨਾਲ਼ ਪ੍ਰਾਪੇਗੰਡਾ, ਜਥੇਬੰਦੀ ਅਤੇ ਆਜ਼ੀਟੇਸ਼ਨ ਦਾ ਕੰਮ ਕਿਵੇਂ ਕਰਨਾ ਚਾਹੀਦਾ ਹੈ।

## 2. ਜਰਮਨੀ ਵਿਚ ਕਮਿਊਨਿਸਟ ਅਤੇ ਨਿਰਦਲੀਏ

ਮੈਂ ਇਸ ਪੈਂਫ਼ਲਟ ਵਿੱਚ ਇਹ ਵਿਚਾਰ ਪ੍ਰਗਟ ਕੀਤਾ ਹੈ ਕਿ ਕਮਿਊਨਿਸਟਾਂ ਅਤੇ ਨਿਰਦਲੀਆਂ ਦੇ ਖੱਬੇ–ਪੱਖ ਵਿਚਕਾਰ ਸਮਝੌਤਾ ਕਮਿਊਨਿਜ਼ਮ ਲਈ ਜ਼ਰੂਰੀ ਅਤੇ ਲਾਭਦਾਇਕ ਹੈ, ਪਰ ਅਜਿਹਾ ਸਮਝੌਤਾ ਸੌਖੇ ਹੀ ਨਹੀਂ ਹੋ ਸਕੇਗਾ। ਪਿੱਛੋਂ ਜਾ ਕੇ ਮੈਨੂੰ ਜਿਹੜੇ ਅਖ਼ਬਾਰ ਮਿਲ਼ੇ ਹਨ ਉਹ ਇਹਨਾਂ ਦੁਹਾਂ ਨੁਕਤਿਆਂ ਉੱਤੇ ਇਸ ਵਿਚਾਰ ਦੀ ਪੁਸ਼ਟੀ ਕਰਦੇ ਹਨ। ਜਰਮਨ ਦੀ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਦੇ ਤਰਜ਼ਮਾਨ, "ਲਾਲ ਝੰਡਾ" (´Die Rote Fahnes[a], Zentralorgan der Kommunistischen Partei Deutschlands, Spartakusbund 26.III.1920) ਨੰ. 32 ਵਿੱਚ ਕਾਪ–ਲੁਟਵਿਟਜ਼ ਫ਼ੌਜੀ ਬਗ਼ਾਵਤ ਅਤੇ "ਸੋਸ਼ਲਿਸਟ ਹਕੂਮਤ" ਸਬੰਧੀ ਕੇਂਦਰੀ ਕਮੇਟੀ ਦਾ ਇੱਕ ਬਿਆਨ ਛਾਪਿਆ ਹੈ। ਇਹ ਬਿਆਨ ਆਪਣੀਆਂ ਬੁਨਿਆਦੀ ਪੂਰਬ–ਮਿੱਥਾਂ ਅਤੇ ਅਮਲੀ ਸਿੱਟਿਆਂ ਦੁਹਾਂ ਦੇ ਪੱਖੋਂ ਬਿਲਕੁੱਲ ਠੀਕ ਹੈ। ਬੁਨਿਆਦੀ ਪੂਰਬ–ਮਿੱਥ ਇਹ ਹੈ ਕਿ ਇਸ ਸਮੇਂ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਲਈ ਕੋਈ "ਬਾਹਰਮੁਖੀ ਅਧਾਰ" ਨਹੀਂ ਕਿਉਂਕਿ "ਸ਼ਹਿਰੀ ਕਿਰਤੀਆਂ ਦੀ ਵੱਡੀ ਬਹੁ–ਗਿਣਤੀ" ਨਿਰਦਲੀਆਂ ਦੇ ਅਸਰ ਅਧੀਨ ਹੈ। ਸਿੱਟਾ ਇਹ ਹੈ ਕਿ "ਜੇ ਉਸ ਵਿੱਚ ਬੁਰਜੂਆ–ਸਰਮਾਏਦਾਰ ਪਾਰਟੀਆਂ ਸ਼ਾਮਲ ਨਾ ਹੋਣ" ਤਾਂ "ਇੱਕ ਸੋਸ਼ਲਿਸਟ ਹਕੂਮਤ" ਦਾ "ਵਫ਼ਾਦਾਰ ਵਿਰੋਧ" ਬਣੇ ਰਹਿਣ ਦਾ ਇਕਰਾਰ (ਅਰਥਾਤ 'ਜ਼ਬਰਦਸਤੀ ਤਖ਼ਤਾ–ਉਲਟਣ" ਦੀਆਂ ਤਿਆਰੀਆਂ ਦਾ ਤਿਆਗ)।

ਨਿਰਸੰਦੇਹ ਇਹ ਦਾਅਪੇਚ ਮੁੱਖ ਤੌਰ 'ਤੇ ਠੀਕ ਹੈ। ਪਰ ਜੇ ਮਸਲੇ ਨੂੰ ਸੂਤਰ–ਬਧ ਕਰਨ ਦੇ ਢੰਗ ਵਿੱਚ ਕੀਤੀਆਂ ਨਿੱਕੀਆਂ ਮੋਟੀਆਂ ਗ਼ਲਤੀਆਂ ਵੱਲ ਧਿਆਨ ਨਾ ਵੀ ਦਿੱਤਾ ਜਾਵੇ ਤਾਂ ਵੀ ਇਸ ਗੱਲ ਨੂੰ ਚੁੱਪ–ਚਾਪ ਨਹੀਂ ਸਹਾਰਿਆ ਜਾ ਸਕਦਾ ਕਿ (ਕਮਿਊਨਿਸਟ ਪਾਰਟੀ ਦੀ ਇੱਕ ਸਰਕਾਰੀ ਦਸਤਾਵੇਜ਼ ਵਿੱਚ) ਸਮਾਜੀ–ਵਿਸਾਹ–ਘਾਤੀਆਂ ਦੀ ਹਕੂਮਤ ਨੂੰ "ਸੋਸ਼ਲਿਸਟ" ਨਹੀਂ ਕਿਹਾ ਜਾ ਸਕਦਾ; ਕਿ ਬੰਦਾ "ਬੁਰਜੂਆ–ਸਰਮਾਏਦਾਰ ਪਾਰਟੀਆਂ" ਨੂੰ ਵੱਖ ਰੱਖਣ ਦੀ ਗੱਲ ਨਹੀਂ ਕਰ ਸਕਦਾ ਜਦੋਂ ਕਿ ਸ਼ੀਦੇਮਾਨਾਂ ਅਤੇ ਕਾਊਟਸਕੀਆਂ ਅਤੇ ਕ੍ਰਿਸਪਿਨ ਦੁਹਾਂ ਦੀਆਂ ਪਾਰਟੀਆਂ ਨਿੱਕ–ਬੁਰਜੂਆ–ਜਮਹੂਰੀ ਪਾਰਟੀਆਂ ਹਨ; ਕਿ ਬਿਆਨ ਦੇ ਚੌਥੇ ਪੈਰ੍ਹੇ ਵਿੱਚ ਕਹੀ ਗੱਲ ਅਨੁਸਾਰ ਲਿਖਣਾ ਅਯੋਗ ਹੈ, ਇਸ ਵਿੱਚ ਕਿਹਾ ਗਿਆ ਹੈ।"

> "...ਅਜਿਹੀ ਪ੍ਰਸਥਿਤੀ ਪੈਦਾ ਹੋਣਾ ਜਿਸ ਵਿੱਚ ਬਿਨਾਂ ਰੋਕ ਟੋਕ ਰਾਜਸੀ ਅਜ਼ਾਦੀ ਮਾਣੀ ਜਾ ਸਕਦੀ ਹੈ ਅਤੇ ਬੁਰਜੂਆ ਜਮਹੂਰੀਅਤ ਸਰਮਾਏ ਦੀ ਡਿਕਟੇਟਰਸ਼ਿਪ ਦੇ ਤੌਰ 'ਤੇ ਨਹੀਂ ਵਿਚਰ ਸਕਦੀ, ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਵਿਕਾਸ ਦੇ ਦ੍ਰਿਸ਼ਟੀਕੋਣ ਤੋਂ ਪ੍ਰੋਲਤਾਰੀ ਜਨਤਾ ਨੂੰ ਕਮਿਊਨਿਜ਼ਮ ਦਾ ਵਧੇਰੇ ਹਾਮੀ ਬਣਾਉਣ ਲਈ ਅਤਿ–ਅੰਤ ਮਹੱਤਤਾ ਰੱਖਦਾ ਹੈ।"

ਅਜਿਹੀ ਪ੍ਰਸਥਿਤੀ ਕਦੇ ਪੈਦਾ ਨਹੀਂ ਹੋ ਸਕਦੀ। ਨਿੱਕ–ਬੁਰਜੂਆ ਲੀਡਰ, ਜਰਮਨ ਹੈਂਡਰਸਨ (ਸ਼ੀਦੇਮਾਨ) ਅਤੇ ਸਨੋਡਨ (ਕ੍ਰਿਸਪਿਨ ) ਬੁਰਜੂਆ ਜਮਹੂਰੀਅਤ ਦੀ ਹੱਦ ਤੋਂ ਬਾਹਰ ਨਹੀਂ ਜਾਂਦੇ ਅਤੇ ਨਹੀਂ ਜਾ ਸਕਦੇ ਅਤੇ ਆਪਣੀ ਵਾਰੀ ਬੁਰਜੂਆ ਜਮਹੂਰੀਅਤ

ਸਰਮਾਏ ਦੀ ਡਿਕਟੇਟਰਸ਼ਿਪ ਤੋਂ ਬਿਨਾਂ ਕੁਝ ਨਹੀਂ ਹੋ ਸਕਦੀ। ਉਹ ਸਿੱਟੇ ਪ੍ਰਾਪਤ ਕਰ ਲਈ, ਜਿਨ੍ਹਾਂ ਲਈ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਬਿਲਕੁੱਲ ਠੀਕ ਤਰ੍ਹਾਂ ਕੰਮ ਕਰਦੀ ਰਹੀ ਹੈ, ਅਜਿਹੀਆਂ ਗੱਲਾਂ ਲਿਖਣ ਦੀ ਕੋਈ ਲੋੜ ਨਹੀਂ ਸੀ, ਜਿਹੜੀਆਂ ਅਸੂਲੀ ਤੌਰ 'ਤੇ ਗ਼ਲਤ ਅਤੇ ਰਾਜਸੀ ਤੌਰ 'ਤੇ ਹਾਨੀਕਾਰਕ ਹਨ। (ਜੇ ਪਾਰਲੀਮਾਨੀ ਢੰਗ ਤਰੀਕਿਆਂ ਦਾ ਖ਼ਿਆਲ ਰੱਖਣਾ ਲਾਜ਼ਮੀ ਸੀ) ਏਨਾ ਕਹਿਣਾ ਕਾਫ਼ੀ ਹੁੰਦਾ: "ਜਿਨਾਂ ਚਿਰ ਸ਼ਹਿਰੀ ਕਿਰਤੀਆਂ ਦੀ ਬਹੁ-ਗਿਣਤੀ ਨਿਰਦਲੀਆਂ ਦੇ ਪਿੱਛੇ ਚੱਲਦੀ ਹੈ ਉਨਾਂ ਚਿਰ ਇਹਨਾਂ ਕਿਰਤੀਆਂ ਦੇ "ਆਪਣੀ" ਹਕੂਮਤ ਦੇ ਅਨੁਭਵ ਵਿੱਚ ਲੰਘ ਕੇ ਆਪਣੇ ਅਸੱਭਿਅ-ਜਮਹੂਰੀ (ਅਰਥਾਤ 'ਬੁਰਜੂਆ ਜਮਹੂਰੀ') ਭਰਮਾਂ ਤੋਂ ਛੁਟਕਾਰਾ ਪਾਉਣ ਦੇ ਰਾਹ ਵਿੱਚ ਕਮਿਊਨਿਸਟ ਪਾਰਟੀ ਕੋਈ ਰੋਕ ਨਹੀਂ ਪਾਉਣਾ ਚਾਹੁੰਦੀ"। ਇਹ ਅਜਿਹੇ ਸਮਝੌਤੇ ਲਈ ਚੋਖਾ ਅਧਾਰ ਹੈ ਜਿਹੜਾ ਸੱਚਮੁੱਚ ਜ਼ਰੂਰੀ ਹੈ ਅਤੇ ਜਿਸਦਾ ਰੂਪ ਕੁਝ ਸਮੇਂ ਲਈ ਅਜਿਹੀ ਹਕੂਮਤ ਦਾ ਤਖ਼ਤਾ ਜ਼ਬਰੀ ਤੌਰ 'ਤੇ ਉਲਟਣ ਤੋਂ ਪਰਹੇਜ਼ ਕਰਨਾ ਹੈ, ਜਿਸਨੂੰ ਸ਼ਹਿਰੀ ਕਿਰਤੀਆਂ ਦੀ ਬਹੁ-ਗਿਣਤੀ ਦਾ ਵਿਸ਼ਵਾਸ ਪ੍ਰਾਪਤ ਹੈ। ਪਰ ਨਿੱਤਾ-ਪ੍ਰਤੀ ਐਜੀਟੈਸ਼ਨ ਵਿੱਚ, ਜਿੱਥੇ ਪਾਰਲੀਮਾਨੀ ਢੰਗ ਤਰੀਕਿਆਂ ਦਾ ਖ਼ਿਆਲ ਰੱਖਣਾ ਉੱਕਾ ਹੀ ਜ਼ਰੂਰੀ ਨਹੀਂ, ਸਾਨੂੰ ਜ਼ਰੂਰ ਹੀ ਇਹ ਵਾਧਾ ਕਰਨਾ ਚਾਹੀਦਾ ਹੈ: "ਸ਼ੀਦੇਮਾਨ ਜਿਹੇ ਬਦਮਾਸ਼ਾਂ ਅਤੇ ਕਾਊਟਸਕੀ ਅਤੇ ਕ੍ਰਿਸਪਿਨ ਜਿਹੇ ਪਖੰਡੀਆਂ ਨੂੰ ਆਪਣੇ ਕੰਮਾਂ ਤੋਂ ਇਹ ਗੱਲ ਸਪੱਸ਼ਟ ਕਰਨ ਦਿਓ ਕਿ ਉਹ ਆਪ ਕਿਵੇਂ ਬੇਵਕੂਫ਼ ਬਣੇ ਅਤੇ ਕਿਰਤੀਆਂ ਨੂੰ ਬੇਵਕੂਫ਼ ਬਣਾ ਰਹੇ ਹਨ; ਉਹਨਾਂ ਦੀ ਇਹ "ਸਾਫ਼" ਹਕੂਮਤ, ਸਭ ਤੋਂ "ਸਾਫ਼ ਤਰ੍ਹਾਂ" ਇਹ ਕੰਮ ਕਰ ਦੇਵੇਗੀ ਕਿ ਸੋਸ਼ਲਿਜ਼ਮ, ਸੋਸ਼ਲ-ਡੈਮੋਕਰੇਸੀ ਅਤੇ ਸਮਾਜੀ ਵਿਸਾਹ-ਘਾਤ ਦੇ ਹੋਰ ਰੂਪਾਂ ਦੇ ਸ਼ਾਹ ਅਵਗੀ ਦੇ ਅਸਤਬਲਾਂ[55] ਨੂੰ ਸਾਫ਼ ਕਰ ਦੇਵੇਗੀ।

ਜਰਮਨੀ ਦੀ ਇੰਡੀਪੈਂਡੈਂਟ ਸੋਸ਼ਲ-ਡੈਮੋਕਰੈਟਿਕ ਪਾਰਟੀ ਦੇ ਅਜੋਕੇ ਲੀਡਰਾਂ ਦਾ ਅਸਲੀ ਖ਼ਾਸਾ (ਲੀਡਰ ਜਿਨ੍ਹਾਂ ਸਬੰਧੀ ਗ਼ਲਤ ਤੌਰ 'ਤੇ ਇਹ ਕਿਹਾ ਗਿਆ ਹੈ ਕਿ ਉਹ ਆਪਣਾ ਸਾਰਾ ਅਸਰ ਪਹਿਲਾਂ ਹੀ ਗਵਾ ਬੈਠੇ ਹਨ, ਪਰ ਅਸਲ ਵਿੱਚ ਉਹ ਪ੍ਰੋਲਤਾਰੀ ਲਈ ਹੰਗਰੀ ਦੇ ਸੋਸ਼ਲ-ਡੈਮੋਕਰੇਟਾਂ ਨਾਲੋਂ, ਜਿਹੜੇ ਆਪਣੇ ਆਪ ਨੂੰ ਕਮਿਊਨਿਸਟ ਕਹਿੰਦੇ ਸਨ ਅਤੇ ਜਿਨ੍ਹਾਂ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦੀ "ਹਮਾਇਤ" ਦਾ ਐਲਾਨ ਕੀਤਾ ਸੀ, ਵਧੇਰੇ ਖ਼ਤਰਨਾਕ ਹੈ) ਜਰਮਨੀ ਵਿੱਚ ਕੋਰਨੀਲੋਵ ਦੀ ਬਗ਼ਾਵਤ ਜਿਹੀ ਬਗ਼ਾਵਤ, ਅਰਥਾਤ ਕਾਪ-ਲੁਟਵਿਟਜ਼ ਫੌਜ਼ੀ ਬਗਾਵਤ* ਸਮੇਂ ਇੱਕ ਵਾਰ ਫੇਰ ਸਪੱਸ਼ਟ ਹੋ ਗਿਆ। ਦੋ ਸੰਖੇਪ ਲੇਖ ਇਹਦੀ ਛੋਟੀ ਪਰ ਬੜੀ ਉੱਘੜਵੀਂ ਮਿਸਾਲ ਹਨ-ਇੱਕ ਕਾਰਲ ਕਾਊਟਸਕੀ ਦਾ ਲੇਖ

---

* ਇੱਥੇ ਲੱਗੇ ਹੱਥ ਇਹ ਵੀ ਕਹਿ ਦਈਏ ਕਿ ਆਸਟਰੀਆ ਦੀ ਕਮਿਊਨਿਸਟ ਪਾਰਟੀ ਦੇ ਸ਼ਾਨਦਾਰ ਤਰਜਮਾਨ "ਲਾਲ ਝੰਡਾ" ਦੇ 28 ਅਤੇ 30 ਮਾਰਚ ਦੇ ਅੰਕਾਂ ਵਿੱਚ ਇਸ ਘਟਨਾ ਦੀ ਬਹੁਤ ਹੀ ਸਪੱਸ਼ਟ, ਸੰਖੇਪ, ਠੀਕ ਅਤੇ ਮਾਰਕਸਵਾਦੀ ਢੰਗ ਨਾਲ ਪੜਚੋਲ ਕੀਤੀ ਗਈ ਹੈ। ´Die Rote Fahne[a] Wein, 1920, N. N. 266, 267 L.L. ´Ein neuer Abschitt der deutshen Revolution[a])-ਲ.ਲ. "ਜਰਮਨ ਇਨਕਲਾਬ ਦੀ ਇੱਕ ਨਵੀਂ ਮੰਜਲ"-**ਸੰਪਾਦਕ**

"ਨਿਰਣਾਇਕ ਘੜੀਆਂ" (´ Entscheidende Stunden[a] ), ਜਿਹੜਾ ਨਿਰਦਲੀਆਂ ਦੇ ਅਖਬਾਰ ´ Freiheit[a] ਅਜ਼ਾਦੀ ਦੇ 30 ਮਾਰਚ 1920 ਦੇ ਅੰਕ ਵਿੱਚ ਛਪਿਆ ਅਤੇ ਦੂਜਾ ਆਰਥਰ ਕ੍ਰਿਸਪਿਨ ਦਾ ਲੇਖ "ਰਾਜਨੀਤਕ ਪ੍ਰਸਥਿਤੀ ਬਾਰੇ" (ਜਿਹੜਾ ਉਸੇ ਅਖਬਾਰ ਵਿੱਚ 14 ਅਪ੍ਰੈਲ 1920 ਦੇ ਅੰਕ ਵਿੱਚ ਛਪਿਆ)। ਇਹ ਭੱਦਰ-ਪੁਰਸ਼ ਇਨਕਲਾਬੀਆਂ ਵਾਂਗ ਸੋਚਣ ਅਤੇ ਦਲੀਲ ਦੇਣ ਦੇ ਉੱਕਾ ਹੀ ਨਿਰਯੋਗ ਹਨ। ਇਹ ਡੁਮਕੂ ਪਖੰਡੀ ਜਮਹੂਰੀਅਤ-ਪਸੰਦ ਹਨ, ਜਿਹੜੇ ਉਸ ਸਮੇਂ ਪ੍ਰੋਲਤਾਰੀ ਲਈ ਹਜ਼ਾਰ ਗੁਣਾ ਵਧੇਰੇ ਖ਼ਤਰਨਾਕ ਬਣ ਜਾਂਦੇ ਹਨ, ਜਦੋਂ ਉਹ ਕਹਿੰਦੇ ਹਨ ਕਿ ਉਹ ਸੋਵੀਅਤ ਹਕੂਮਤ ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਹਾਮੀ ਹਨ ਕਿਉਂਕਿ, ਅਸਲੀਅਤ ਇਹ ਹੈ ਕਿ, ਕਿ ਜਦੋਂ ਕਦੇ ਖ਼ਤਰਨਾਕ ਪ੍ਰਸਥਿਤੀ ਪੈਦਾ ਹੋਵੇਗੀ ਇਹ ਵਿਸਾਹ-ਘਾਤ ਕਰਨਗੇ... ਅਤੇ ਅਜਿਹਾ ਕਰਦੇ ਹੋਏ ਉਹਨਾਂ ਨੂੰ "ਸੱਚੇ ਦਿਲੋਂ" ਇਹ ਵਿਸ਼ਵਾਸ ਹੋਵੇਗਾ ਕਿ ਉਹ ਪ੍ਰੋਲਤਾਰੀ ਦੀ ਸਹਾਇਤਾ ਕਰ ਰਹੇ ਹਨ! ਕੀ ਹੰਗਰੀ ਦੇ ਸੋਸ਼ਲ-ਡੈਮੋਕਰੈਟ, ਆਪਣੇ ਆਪ ਨੂੰ ਕਮਿਊਨਿਸਟ ਦਾ ਨਵਾਂ ਨਾਂ ਦੇ ਕੇ ਪ੍ਰੋਲਤਾਰੀ ਦੀ "ਸਹਾਇਤਾ" ਨਹੀਂ ਕਰਨਾ ਚਾਹੁੰਦੇ ਜਦੋਂ ਕਿ ਆਪਣੀ ਕਾਇਰਤਾ ਅਤੇ ਕਮਜ਼ੋਰੀ ਕਾਰਨ ਉਹਨਾਂ ਇਹ ਸਮਝਿਆ ਕਿ ਹੰਗਰੀ ਵਿੱਚ ਸੋਵੀਅਤ ਸੱਤ੍ਹਾ ਦੀ ਪ੍ਰਸਥਿਤੀ ਨਿਰਾਸ਼ ਹੋ ਗਈ ਹੈ ਅਤੇ ਉਹ ਡੁਸਕਦੇ ਹੋਏ ਐਨਟੇਂਟੇ ਦੇ ਸਰਮਾਏਦਾਰਾਂ ਦੇ ਏਜੰਟਾਂ ਅਤੇ ਐਨਟੇਂਟੇ ਦੇ ਜਲਾਦਾਂ ਦੀ ਸ਼ਰਨ ਜਾ ਪਏ?

## 3. ਇਟਲੀ ਵਿੱਚ ਤੁਰਾਤੀ ਅਤੇ ਉਹਦੀ ਟੋਲੀ

ਉੱਪਰ ਮੈਂ ਇਟਲੀ ਦੇ ਜਿਸ ਅਖ਼ਬਾਰ 'ਸੋਵੀਅਤ' ਦਾ ਜ਼ਿਕਰ ਮੈਂ ਕੀਤਾ ਹੈ, ਉਹਦੇ ਅੰਕ ਪੂਰੀ ਤਰ੍ਹਾਂ ਉਹ ਗੱਲ ਸਾਬਤ ਕਰਦੇ ਹਨ ਜਿਹੜੀ ਮੈਂ ਪੈਂਫਲਟ ਵਿਚ ਅਜਿਹੇ ਮੈਂਬਰਾਂ ਅਤੇ ਇੱਥੋਂ ਤੱਕ ਕਿ ਪਾਰਲੀਮਾਨੀਵਾਦੀਆਂ ਦੀ ਇੱਕ ਟੋਲੀ ਨੂੰ ਆਪਣੀਆਂ ਸਫ਼ਾਂ ਅੰਦਰ ਸਹਾਰਨ ਦੀ ਇਟਲੀ ਦੀ ਸੋਸ਼ਲਿਸਟ ਪਾਰਟੀ ਦੀ ਗ਼ਲਤੀ ਸਬੰਧੀ ਕਹੀ ਹੈ। ਇਕ ਵਿਦੇਸ਼ੀ ਨਿਰੀਖਕ ਇਹਦੀ ਹੋਰ ਪੁਸ਼ਟੀ ਕਰਦਾ ਹੈ ਜਿਵੇਂ ਕਿ ਬਰਤਾਨੀਆ ਦੀ ਉਦਾਰ-ਪੰਥੀ ਬੁਰਜੂਆਜ਼ੀ ਦੇ ਤਰਜਮਾਨ ´ The Manchester Guardian[a] ਦੇ ਰੋਮ ਦੇ ਪੱਤਰ-ਪ੍ਰੇਰਕ ਨਾਲ਼ ਤੁਰਾਤੀ ਦਾ ਇੰਟਰਵੀਊ, ਜਿਹੜਾ ਅਖ਼ਬਾਰ ਦੇ 12 ਮਾਰਚ 1920 ਦੇ ਅੰਕ ਵਿੱਚ ਛਪਿਆ ਹੈ। ਪੱਤਰ-ਪ੍ਰੇਰਕ ਲਿਖਦਾ ਹੈ:

> "...ਸ਼੍ਰੀ ਤੁਰਾਤੀ ਦਾ ਵਿਚਾਰ ਹੈ ਕਿ ਇਟਲੀ ਵਿੱਚ ਇਨਕਲਾਬੀ ਖ਼ਤਰਾ ਏਨਾ ਵੱਡਾ ਨਹੀਂ ਕਿ ਕੋਈ ਫ਼ਿਕਰ ਪੈਦਾ ਕਰੇ। ਮੈਕਸਮਲਵਾਦੀ ਕੇਵਲ ਜਨਤਾ ਨੂੰ ਜਾਗ੍ਰਤ ਰੱਖਣ ਅਤੇ ਉਤੇਜਤ ਰੱਖਣ ਲਈ ਸੋਵੀਅਤ ਸਿਧਾਂਤਾਂ ਦੀ ਅੱਗ ਭੜਕਾਈ ਰੱਖ ਰਹੇ ਹਨ। ਪਰ ਇਹ ਸਿਧਾਂਤ ਕੇਵਲ ਪੁਰਾਣਕ ਵਿਚਾਰ, ਕੱਚੇ ਪ੍ਰੋਗਰਾਮ ਹਨ, ਜਿਹਨਾਂ ਨੂੰ ਅਮਲੀ ਵਰਤੋਂ ਵਿੱਚ ਨਹੀਂ ਲਿਆਂਦਾ ਜਾ ਸਕਦਾ। ਇਹ ਤਾਂ ਕੇਵਲ ਕਿਰਤੀ ਸ਼੍ਰੇਣੀ ਨੂੰ ਆਸ ਦੀ ਪ੍ਰਸਥਿਤੀ ਵਿੱਚ ਹੀ ਰੱਖ ਸਕਦੇ ਹਨ। ਜਿਹੜੇ ਲੋਕ ਪ੍ਰੋਲਤਾਰੀ ਦੀਆਂ ਅੱਖਾਂ ਚੁੰਧਿਆਉਣ ਲਈ ਇਹਨਾਂ

ਵਿਚਾਰਾਂ ਦੀ ਚਮਕ ਵਰਤਦੇ ਹਨ, ਉਹਨਾਂ ਨੂੰ ਵੀ ਨਿੱਤਾ-ਪ੍ਰਤੀ ਦੇ ਕਿਸੇ ਨਾ ਕਿਸੇ, ਅਕਸਰ ਨਿਗੂਣੇ ਆਰਥਕ ਲਾਭ ਲਈ ਘੋਲ਼ ਚਲਾਉਣਾ ਪੈਂਦਾ ਹੈ ਤਾਂ ਜੂ ਉਹ ਘੜੀ ਟਲ਼ ਜਾਵੇ, ਜਦੋਂ ਕਿਰਤੀ ਸ਼੍ਰੇਣੀ ਦੇ ਭਰਮ ਖੁੱਲ੍ਹ ਜਾਣਗੇ ਅਤੇ ਆਪਣੀਆਂ ਚਿਰਾਂ ਤੋਂ ਪਿਆਰੀਆਂ ਕਲਪਨਾਵਾਂ ਤੋਂ ਉਹਨਾਂ ਦਾ ਭਰੋਸਾ ਉੱਠ ਜਾਵੇਗਾ। ਇਸੇ ਲਈ ਹਰ ਤਰ੍ਹਾਂ ਦੇ ਬਹਾਨੇ ਦਾ ਸਹਾਰਾ ਲੈ ਕੇ ਛੋਟੀਆਂ ਵੱਡੀਆਂ ਹਰ ਤਰ੍ਹਾਂ ਦੀਆਂ ਹੜਤਾਲਾਂ ਦੀ ਇੱਕ ਲੜੀ ਬੱਝ ਗਈ ਹੈ, ਜਿਨ੍ਹਾਂ ਵਿੱਚੋਂ ਡਾਕਖ਼ਾਨੇ ਅਤੇ ਰੇਲਵੇ ਦੀਆਂ ਹੜਤਾਲਾਂ ਸਭ ਤੋਂ ਤਾਜ਼ਾ ਮਿਸਾਲਾਂ ਹਨ— ਇਹ ਹੜਤਾਲਾਂ ਦੇਸ਼ ਦੀ ਪਹਿਲਾਂ ਹੀ ਔਖੀ ਪ੍ਰਸਥਿਤੀ ਨੂੰ ਹੋਰ ਔਖਾ ਬਣਾਉਂਦੀਆਂ ਹਨ। ਦੇਸ਼ ਐਡਰਿਆਟਕ ਦੇ ਮਸਲੇ ਤੋਂ ਪੈਦਾ ਹੋਈਆਂ ਔਖਿਆਈਆਂ ਕਾਰਨ ਪ੍ਰੇਸ਼ਾਨ ਹੈ, ਵਿਦੇਸ਼ੀ ਕਰਜ਼ੇ ਥੱਲੇ ਪੀਸਿਆ ਜਾ ਰਿਹਾ ਹੈ ਅਤੇ ਨੋਟਾਂ ਦੇ ਪਸਾਰ ਤੋਂ ਪ੍ਰੇਸ਼ਾਨ ਹੈ ਪਰ ਅਜੇ ਤਕ ਕੰਮ ਵਿੱਚ ਉਹ ਡਸਿਪਲਿਨ ਪੈਦਾ ਕਰਨ ਦੀ ਲੋੜ ਨੂੰ ਅਨੁਭਵ ਨਹੀਂ ਕਰਦਾ ਜਿਸ ਤੋਂ ਬਿਨਾਂ ਨਾ ਤਾਂ ਵਿਵਸਥਾ ਕਾਇਮ ਹੋ ਸਕਦੀ ਹੈ ਅਤੇ ਨਾ ਖ਼ੁਸ਼ਹਾਲੀ ਆ ਸਕਦੀ ਹੈ...।"

ਇਹ ਚਿੱਟੇ ਦਿਨ ਵਾਂਗ ਸਪੱਸ਼ਟ ਹੈ ਕਿ ਬਰਤਾਨਵੀ ਪੱਤਰ-ਪ੍ਰੇਰਕ ਨੇ ਉਹ ਸਭ ਉਗਲ਼ ਦਿੱਤਾ ਹੈ ਜਿਹੜਾ ਇਟਲੀ ਵਿੱਚ ਖ਼ੁਦ ਤੁਰਾਤੀ ਅਤੇ ਉਹਦੇ ਬੁਰਜੂਆ ਹਮਾਇਤੀ, ਸਾਥੀ ਅਤੇ ਪ੍ਰੇਰਕ, ਦੋਵੇ ਸ਼ੈਦ ਇਟਲੀ ਵਿੱਚ ਲੁਕਾ ਰਹੇ ਅਤੇ ਕੱਜ ਕੇ ਰੱਖ ਰਹੇ ਹਨ। ਉਹ ਤੱਥ ਇਹ ਹੈ ਕਿ ਤੁਰਾਤੀ, ਤਰੇਵੇਜ਼, ਮੋਦੀਗਲੀਆਨੀ, ਦੁਗੋਨੀ ਅਤੇ ਉਹਨਾਂ ਦੇ ਸਾਥੀਆਂ ਦੀਆਂ ਸਰਗਰਮੀਆਂ ਦਰਅਸਲ ਅਤੇ ਇੰਨ ਬਿੰਨ ਉਹੋ ਜਿਹੀਆਂ ਹਨ ਜਿਹੋ ਜਿਹੀਆਂ ਬਰਤਾਨਵੀ ਪੱਤਰ-ਪ੍ਰੇਰਕ ਨੇ ਦੱਸੀਆਂ ਹਨ। ਇਹ ਨਿਰੋਲ ਵਿਸਾਹ—ਘਾਤ ਹੈ। ਜ਼ਰਾ ਕਿਰਤੀਆਂ ਅੰਦਰ ਵਿਵਸਥਾ ਅਤੇ ਡਸਿਪਲਿਨ ਦੀ ਇਸ ਹਮਾਇਤ ਨੂੰ ਵੇਖੋ, ਕਿਰਤੀ ਜੋ ਸਰਮਾਏਦਾਰਾਂ ਨੂੰ ਧਨੀ ਬਣਾਉਣ ਲਈ ਮਿਹਨਤ ਕਰਦੇ ਉਜਰਤੀ ਗ਼ੁਲਾਮ ਹਨ! ਅਤੇ ਸਾਨੂੰ, ਰੂਸੀਆਂ ਨੂੰ ਇਹ ਮੈਨਸ਼ਵਿਕ ਤਕਰੀਰਾਂ ਕਿੰਨੀਆਂ ਜਾਣੀਆਂ ਪਛਾਣੀਆਂ ਲੱਗਦੀਆਂ ਹਨ। ਇਹ ਕਿੰਨੀ ਵੱਡਮੁਲੀ ਕਬੂਲੀ ਹੈ ਕਿ ਜਨਤਾ ਸੋਵੀਅਤ ਹਕੂਮਤ ਦੇ ਪੱਖ ਵਿੱਚ ਹੈ! ਆਪ ਮੁਹਾਰੇ ਫੈਲ ਰਹੀਆਂ ਹੜਤਾਲਾਂ ਦੇ ਇਨਕਲਾਬੀ ਰੋਲ ਨੂੰ ਸਮਝਣੋਂ ਅਸਮੱਰਥਾ ਕਿੰਨੀ ਮੂਰਖ ਅਤੇ ਸਪੱਸ਼ਟ ਤੌਰ 'ਤੇ ਬੁਰਜੂਆ ਹੈ! ਨਿਸ਼ਚੇ ਹੀ, ਬਰਤਾਨਵੀ ਉਦਾਰਪੰਥੀ ਬੁਰਜੂਆ ਅਖ਼ਬਾਰ ਦੇ ਪੱਤਰ-ਪ੍ਰੇਰਕ ਨੇ ਤੁਰਾਤੀ ਅਤੇ ਉਹਦੇ ਸਾਥੀਆਂ ਦੀ ਕੁਸੇਵਾ ਕੀਤੀ ਹੈ ਅਤੇ ਸਾਥੀ ਬੋਰਦਿਗਾ ਅਤੇ ਅਖਬਾਰ "ਸੋਵੀਅਤ" ਉੱਤੇ ਉਹਦੇ ਨਾਲ਼ ਕੰਮ ਕਰਨ ਵਾਲ਼ੇ ਹੋਰ ਸਾਥੀਆਂ ਦੀ ਇਸ ਮੰਗ ਨੂੰ ਬਿਲਕੁੱਲ ਠੀਕ ਸਾਬਤ ਕਰ ਦਿੱਤਾ ਹੈ ਕਿ ਜੇ ਇਟਲੀ ਦੀ ਸੋਸ਼ਲਿਸਟ ਪਾਰਟੀ ਸੱਚਮੁੱਚ ਤੀਜੀ ਇੰਟਰਨੈਸ਼ਨਲ ਦੇ **ਹੱਕ ਵਿੱਚ** ਹੈ ਤਾਂ ਇਹਨੂੰ ਤੁਰਾਤੀ ਅਤੇ ਉਹਦੇ ਸਾਥੀਆਂ ਨੂੰ ਆਪਣੀਆਂ ਸਫ਼ਾਂ ਵਿੱਚੋਂ ਬਾਹਰ ਸੁੱਟ ਦੇਣਾ ਚਾਹੀਦਾ ਹੈ ਅਤੇ ਆਪਣੇ ਨਾਂ ਅਤੇ ਕਰਨੀ ਦੁਹਾਂ

ਵਿੱਚ ਕਮਿਊਨਿਸਟ ਪਾਰਟੀ ਬਣ ਜਾਣਾ ਚਾਹੀਦਾ ਹੈ।

## 4. ਠੀਕ ਪੂਰਬ-ਮਿੱਥਾਂ ਤੋਂ ਗਲਤ ਸਿੱਟੇ

ਪਰ ਸਾਥੀ ਬੋਰਦਿਗਾ ਅਤੇ ਉਹਦੇ "ਖੱਬੇ-ਪੱਖੀ" ਸਾਥੀ ਤੁਰਾਤੀ ਅਤੇ ਉਹਦੇ ਸਾਥੀਆਂ ਉੱਤੇ ਕੀਤੀ ਆਪਣੀ ਠੀਕ ਪੜਚੋਲ਼ 'ਤੇ ਇਹ ਗ਼ਲਤ ਸਿੱਟਾ ਕੱਢਦੇ ਹਨ ਕਿ ਪਾਰਲੀਮੈਂਟ ਵਿੱਚ ਕੋਈ ਵੀ ਸ਼ਮੂਲੀ ਅਸੂਲੀ ਤੌਰ 'ਤੇ ਹਾਨੀਕਾਰਕ ਹੈ। ਇਟਲੀ ਦੇ "ਖੱਬੇ-ਪੱਖੀ" ਆਪਣੇ ਇਸ ਵਿਚਾਰ ਦੇ ਹੱਕ ਵਿੱਚ ਰੱਤੀ ਬਰਾਬਰ ਗੰਭੀਰ ਦਲੀਲ ਨਹੀਂ ਦੇ ਸਕਦੇ। ਉਹਨਾਂ ਨੂੰ ਬੁਰਜੂਆ ਪਾਰਲੀਮੈਂਟਾਂ ਦੀ ਸੱਚ ਮੁੱਚ ਇਨਕਲਾਬੀ ਅਤੇ ਕਮਿਊਨਿਸਟ ਵਰਤੋਂ ਦੀਆਂ ਕੌਮਾਂਤਰੀ ਮਿਸਾਲਾਂ ਦਾ ਉੱਕਾ ਹੀ ਪਤਾ ਨਹੀਂ (ਜਾਂ ਭੁੱਲ ਜਾਣ ਦਾ ਯਤਨ ਕਰਦੇ ਹਨ), ਜਿਨ੍ਹਾਂ ਤੋਂ ਪ੍ਰੋਲਤਾਰੀ ਇਨਕਲਾਬ ਦੀ ਤਿਆਰੀ ਲਈ ਅਥਾਹ ਸਹਾਇਤਾ ਪ੍ਰਾਪਤ ਹੋਈ ਹੈ। ਉਹ ਅਜਿਹੀ ਵਰਤੋਂ ਦੇ ਕੋਈ "ਨਵੇਂ" ਢੰਗ ਸੋਚਣੋਂ ਅਸਮੱਰਥ ਹਨ ਅਤੇ ਘੜੀ ਮੁੜੀ ਅਤੇ ਲਗਾਤਾਰ ਪੁਰਾਣੇ ਗ਼ੈਰ-ਬਾਲਸ਼ਵਿਕ ਢੰਗ ਵਿਰੁੱਧ ਚੀਕ-ਚਿਹਾੜਾ ਪਾਈ ਜਾਂਦੇ ਹਨ। ਇਹੋ ਉਹਨਾਂ ਦੀ ਬੁਨਿਆਦੀ ਗ਼ਲਤੀ ਹੈ। ਨਾ ਕੇਵਲ ਪਾਰਲੀਮਾਨੀ ਖੇਤਰ ਵਿੱਚ ਹੀ ਸਗੋਂ ਸਰਗਰਮੀ ਦੇ **ਸਭਨਾਂ** ਖੇਤਰਾਂ ਵਿੱਚ ਕਮਿਊਨਿਜ਼ਮ ਨੂੰ ਅਸੂਲੀ ਤੌਰ 'ਤੇ ਕੁਝ ਨਵਾਂ **ਦਾਖਲ ਕਰਨਾ ਚਾਹੀਦਾ ਹੈ** ਲੰਮੇ ਅਤੇ ਸਿਰੜੀ ਘੋਲ਼ ਤੋਂ ਬਿਨਾਂ ਉਹ ਦਾਖ਼ਲ **ਨਹੀਂ ਕਰ ਸਕੇਗਾ** ਜੋ ਦੂਜੀ ਇੰਟਰਨੈਸ਼ਨਲ ਦੀਆਂ ਰਵਾਇਤਾਂ ਨਾਲ਼ ਬੁਨਿਆਦੀ ਤੋੜ-ਵਿਛੋੜਾ ਹੋਵੇ (ਪਰ ਉਹਦੇ ਵਿੱਚ ਜੋ ਕੁਝ ਚੰਗਾ ਸੀ ਉਹਨੂੰ ਕਾਇਮ ਰੱਖੇ ਅਤੇ ਉਹਨੂੰ ਵਿਕਸਿਤ ਕਰੇ)।

ਮਿਸਾਲ ਵਜੋਂ ਪੱਤਰਕਾਰੀ ਦੇ ਕੰਮ ਨੂੰ ਹੀ ਲਓ। ਅਖ਼ਬਾਰ, ਪੈਂਫਲਟ ਅਤੇ ਇਸ਼ਤਿਹਾਰ ਪ੍ਰਾਪੇਗੰਡਾ, ਐਜੀਟੇਸ਼ਨ ਅਤੇ ਜਥੇਬੰਦ ਕਰਨ ਦਾ ਜ਼ਰੂਰੀ ਕੰਮ ਕਰਦੇ ਹਨ। ਕਿਸੇ ਜ਼ਰਾ ਵੀ ਸਭਿਅ ਦੇਸ ਵਿੱਚ ਕੋਈ ਜਨਤਕ ਲਹਿਰ ਪੱਤਰਕਾਰੀ ਦੇ ਸਾਧਨਾਂ ਬਿਨਾਂ ਨਹੀਂ ਚੱਲ ਸਕਦੀ। "ਲੀਡਰਾਂ" ਵਿਰੁੱਧ ਕਿੰਨੀ ਡੰਡ ਕਿਉਂ ਨਾ ਪਾਈ ਜਾਵੇ, ਜਨਤਾ ਨੂੰ ਲੀਡਰਾਂ ਦੇ ਅਸਰ ਦੀ ਲਾਗ ਲੱਗਣੋਂ ਰੋਕਣ ਦੀਆਂ ਕਿੰਨੀਆਂ ਸੌਂਹਾਂ ਕਿਉਂ ਨਾ ਖਾਧੀਆਂ ਜਾਣ, ਤੁਸੀਂ ਇਸ ਕੰਮ ਲਈ ਉਹਨਾਂ ਲੋਕਾਂ ਨੂੰ ਵਰਤਣ ਦੀ ਲੋੜ ਤੋਂ ਨਹੀਂ ਬਚ ਸਕਦੇ ਜਿਹੜੇ ਬੁਰਜੂਆ-ਜਮਹੂਰੀ ਵਾਤਾਵਰਨ ਤੋਂ ਆਏ ਹਨ, ਨਾ ਹੀ ਅਸੀਂ ਉਹ ਬੁਰਜੂਆ-ਜਮਹੂਰੀ "ਨਿੱਕੀ-ਮਾਲਕੀ" ਦੇ ਵਾਤਾਵਰਨ ਤੋਂ ਛੁਟਕਾਰਾ ਪਾ ਸਕਦੇ ਹਾਂ ਜਿਸ ਵਿੱਚ ਇਹ ਕੰਮ ਸਰਮਾਏਦਾਰੀ ਅਧੀਨ ਹੁੰਦਾ ਹੈ। ਬੁਰਜੂਆਜ਼ੀ ਦਾ ਤਖ਼ਤਾ ਉਲਟਣ ਤੋਂ, ਪ੍ਰੋਲਤਾਰੀ ਦੇ ਰਾਜਸੀ ਸੱਤ੍ਹਾ ਪ੍ਰਾਪਤ ਕਰ ਲੈਣ ਤੋਂ ਢਾਈ ਵਰ੍ਹੇ ਪਿੱਛੋਂ ਅਜੇ ਤੱਕ ਇਹ ਵਾਯੂ-ਮੰਡਲ ਸਾਡੇ ਦਵਾਲ਼ੇ ਹੈ, ਬੁਰਜੂਆ-ਜਮਹੂਰੀ ਜਾਇਦਾਦ ਦੀ ਨਿੱਕੀ ਮਾਲਕੀ ਦੇ ਸਬੰਧਾਂ ਦਾ ਇਹ ਜਨਤਕ (ਕਿਸਾਨ, ਕਾਰੀਗਰ) ਵਾਯੂ-ਮੰਡਲ।

ਪਾਰਲੀਮਾਨੀਵਾਦ ਸਰਗਰਮੀ ਦਾ ਇੱਕ ਰੂਪ ਹੈ, ਪੱਤਰਕਾਰੀ ਇੱਕ ਹੋਰ ਰੂਪ ਹੈ। ਜੇ ਇਹਨਾਂ ਖੇਤਰਾਂ ਵਿੱਚ ਲੱਗੇ ਲੋਕ ਸੱਚੇ ਕਮਿਊਨਿਸਟ, ਸੱਚਮੁੱਚ, ਇੱਕ ਪ੍ਰੋਲਤਾਰੀ ਜਨਤਕ ਪਾਰਟੀ ਦੇ ਮੈਂਬਰ ਹਨ ਤਾਂ ਦੂਹਾਂ ਦਾ ਤੱਤ ਕਮਿਊਨਿਸਟ ਹੋ ਸਕਦਾ ਹੈ ਅਤੇ ਹੋਣਾ ਚਾਹੀਦਾ ਹੈ। ਤਾਂ ਵੀ ਇਹਨਾਂ ਦੂਹਾਂ ਵਿੱਚੋਂ ਕਿਸੇ ਇੱਕ ਖੇਤਰ ਵਿੱਚ — ਜਾਂ ਸਰਮਾਏਦਾਰੀ ਅਧੀਨ ਅਤੇ

ਸਰਮਾਏਦਾਰੀ ਤੋਂ ਸੋਸ਼ਲਿਜ਼ਮ ਵੱਲ ਤਬਦੀਲੀ ਦੇ ਦੌਰ ਵਿੱਚ **ਸਰਗਰਮੀ ਦੇ ਕਿਸੇ ਹੋਰ ਖੇਤਰ ਵਿੱਚ ਵੀ** — ਇਹ ਸੰਭਵ ਨਹੀਂ ਹੈ ਕਿ ਉਹਨਾਂ ਔਕੜਾਂ ਤੋਂ ਬਚਿਆ ਜਾਵੇ ਜਿਨਾਂ ਨੂੰ ਦੂਰ ਕਰਨਾ ਪ੍ਰੋਲਤਾਰੀ ਲਈ ਲਾਜ਼ਮੀ ਹੈ। ਉਹਨਾਂ ਵਿਸ਼ੇਸ਼ ਸਵਾਲਾਂ ਤੋਂ ਬਚਿਆ ਜਾਵੇ ਜਿਨ੍ਹਾਂ ਨੂੰ ਹੱਲ ਕਰਨਾ ਪ੍ਰੋਲਤਾਰੀ ਲਈ ਲਾਜ਼ਮੀ ਹੈ ਤਾਂ ਜੁ ਉਹ ਆਪਣੇ ਮੰਤਵਾਂ ਲਈ ਬੁਰਜੂਆਜ਼ੀ ਦੀਆਂ ਸਫ਼ਾਂ ਵਿੱਚੋਂ ਲੋਕਾਂ ਦੀ ਸੇਵਾਵਾਂ ਨੂੰ ਵਰਤ ਸਕੇ, ਬੁਰਜੂਆ-ਬੌਧਕ ਤਅੱਸਬਾਂ ਅਤੇ ਅਸਰਾਂ ਨੂੰ ਦੂਰ ਕਰ ਸਕੇ ਨਿੱਕ-ਬੁਰਜੂਆ ਵਾਯੂ-ਮੰਡਲ ਦੇ ਵਿਰੋਧ ਨੂੰ ਘੱਟ ਕਰ ਸਕੇ (ਅਤੇ ਅੰਤ ਵਿੱਚ ਇਹਨੂੰ ਉੱਕਾ ਖਤਮ ਕਰ ਸਕੇ)।

ਕੀ ਅਸਾਂ 1914-18 ਦੇ ਯੁੱਧ ਦੇ ਦੌਰਾਨ ਸਭਨਾਂ ਦੇਸਾਂ ਵਿੱਚ ਅਤਿ ਦੇ "ਖੱਬੇ-ਪੱਖੀ" ਅਰਾਜਕਤਾਵਾਦੀਆਂ, ਸੰਘਵਾਦੀਆਂ ਅਤੇ ਹੋਰਨਾਂ ਦੀਆਂ ਅਜਿਹੀਆਂ ਮਿਸਾਲਾਂ ਨਹੀਂ ਵੇਖੀਆਂ ਜੋ ਪਾਰਲੀਮਾਨੀਵਾਦ ਵਿਰੁੱਧ ਗਰਜਦੇ, ਬੁਰਜੂਆਜ਼ੀ ਜਿਹਾ ਅਸੱਭਿਅ ਵਤੀਰਾ ਧਾਰਨ ਕਰਨ ਵਾਲ਼ੇ ਪਾਰਲੀਮਾਨੀ ਸੋਸ਼ਲਿਸਟਾਂ ਦਾ ਠੱਠਾ ਉਡਾਉਂਦੇ, ਉਹਨਾਂ ਦੇ ਆਪਣਾ ਨਿੱਜੀ ਜੀਵਨ ਚੰਗੇਰਾ ਬਣਾਉਣ ਦੇ ਯਤਨਾਂ ਨੂੰ ਚੰਡਦੇ ਪਰ ਖ਼ੁਦ ਅਖਬਾਰਾਂ **ਰਾਹੀਂ** ਅਤੇ ਸੰਘਾਂ (ਟਰੇਡ ਯੂਨੀਅਨਾਂ) ਵਿੱਚ ਕੰਮ **ਰਾਹੀ** ਐਨ ਉਸੇ ਤਰ੍ਹਾਂ ਆਪਣਾ ਨਿੱਜੀ ਜੀਵਨ ਚੰਗੇਰਾ ਬਣਾਉਣ ਦਾ ਯਤਨ ਕਰਦੇ ? ਅਸੀਂ ਕੇਵਲ ਫ਼ਰਾਸ ਨੂੰ ਹੀ ਲਈਏ ਤਾਂ ਕੀ ਇਸ ਸਬੰਧ ਵਿੱਚ ਜੂਹੂ ਅਤੇ ਮੇਰਹੀਮ ਦੀ ਮਿਸਾਲ ਲਖਾਇਕ ਨਹੀਂ ?

ਪਾਰਲੀਮੈਂਟ ਵਿੱਚ ਹਿੱਸਾ ਲੈਣ ਦਾ "ਵਿਰੋਧ" ਕਰਨ ਵਾਲ਼ਿਆਂ ਦਾ ਬਚਪਨਾ ਇਸੇ ਗੱਲ ਵਿੱਚ ਹੈ ਕਿ ਉਹ ਸਮਝਦੇ ਹਨ ਕਿ ਉਹ ਕਿਰਤੀ ਸ਼੍ਰੇਣੀ ਲਹਿਰ **ਵਿੱਚ** ਬੁਰਜੂਆ ਪ੍ਰਭਾਵਾਂ ਦਾ ਮੁਕਾਬਲਾ ਕਰਨ ਦਾ ਔਖਾ ਮਸਲਾ ਏਨੇ "ਸਾਦੇ" , "ਸੌਖੇ" ਅਤੇ ਅਖੌਤੀ ਤੌਰ 'ਤੇ ਇਨਕਲਾਬੀ ਢੰਗ ਨਾਲ਼, **"ਹੱਲ" ਕਰ ਲੈਣਗੇ**, ਪਰ ਅਸਲੀਅਤ ਇਹ ਹੈ ਕਿ ਉਹ ਕੇਵਲ ਆਪਣੇ ਪਰਛਾਵੇਂ ਤੋਂ ਨੱਠ ਰਹੇ ਹਨ, ਔਕੜਾਂ ਵੱਲੋਂ ਅੱਖਾਂ ਬੰਦ ਕਰ ਰਹੇ ਹਨ ਅਤੇ ਖਾਲੀ ਗੱਲਾਂ ਨਾਲ਼ ਉਹਨਾਂ ਨੂੰ ਆਪਣੇ ਰਾਹ ਤੋਂ ਹਟਾਉਣ ਦਾ ਯਤਨ ਕਰਦੇ ਹਨ। ਅਤਿ ਬੇਸ਼ਰਮੀ ਨਾਲ਼ ਆਪਣਾ ਨਿੱਜੀ ਜੀਵਨ ਚੰਗੇਰਾ ਬਣਾਉਣ ਦਾ ਯਤਨ, ਪਾਰਲੀਮਾਨੀ ਸੀਟਾਂ ਦੀ ਬੁਰਜੂਆ ਢੰਗ ਨਾਲ਼ ਵਰਤੋਂ ਅਤੇ ਅਸਭਿਅ ਨਿੱਕ-ਬੁਰਜੂਆ ਪੁਰਾਤਨਵਾਦ ਨਿਰਸੰਦੇਹ ਉਹ ਸਾਂਝੇ ਅਤੇ ਪ੍ਰਚਲਤ ਲੱਛਣ ਹਨ ਜਿਨ੍ਹਾਂ ਨੂੰ ਹਰ ਥਾਂ ਸਰਮਾਏਦਾਰੀ ਜਨਮ ਦੇਂਦੀ ਹੈ, ਕਿਰਤੀ ਸ਼੍ਰੇਣੀ ਲਹਿਰ ਦੇ ਬਾਹਰ ਹੀ ਨਹੀਂ ਸਗੋਂ ਇਹਦੇ ਅੰਦਰ ਵੀ। ਪਰ ਐਨ ਇਹੋ ਸਰਮਾਏਦਾਰੀ ਅਤੇ ਇਸ ਤੋਂ ਪੈਦਾ ਹੋਣ ਵਾਲ਼ਾ ਆਲ਼ਾ-ਦੁਆਲ਼ਾ (ਜਿਹੜਾ ਬੁਰਜੂਆਜ਼ੀ ਦੇ ਖ਼ਤਮ ਹੋਣ ਤੋਂ ਪਿੱਛੋਂ ਵੀ ਬਹੁਤ ਹੌਲ਼ੀ ਖਤਮ ਹੁੰਦਾ ਹੈ ਕਿਉਂਕਿ ਕਿਸਾਨੀ ਸਦਾ ਬੁਰਜੂਆਜ਼ੀ ਨੂੰ ਸੁਰਜੀਤ ਕਰਦੀ ਰਹਿੰਦੀ ਹੈ) ਜੀਵਨ ਦੇ ਹਰ ਖੇਤਰ ਵਿੱਚ ਕੇਵਲ ਥੋੜ੍ਹਾ ਬਹੁਤ ਰੂਪ ਬਦਲ ਕੇ ਪਰ ਨਿਸ਼ਚੇ ਹੀ ਐਨ ਇਸੇ ਤਰ੍ਹਾਂ ਆਪਣਾ ਨਿੱਜੀ ਜੀਵਨ ਚੰਗੇਰਾ ਬਣਾਉਣ ਦੇ ਯਤਨਾਂ, ਕੌਮੀ, ਅੰਧ-ਰਾਸ਼ਟਰਵਾਦ, ਨਿੱਕ-ਬੁਰਜੂਆ ਅਸਭਿਅ ਵਤੀਰੇ, ਆਦਿ ਨੂੰ ਜਨਮ ਦੇਂਦੀ ਹੈ।

ਮੇਰੇ ਪਿਆਰੇ ਬਾਇਕਾਟੀਓ, ਅਤੇ ਪਾਰਲੀਮੈਂਟ ਵਿਚ ਹਿੱਸਾ ਲੈਣ ਦੇ ਵਿਰੋਧੀਓ ! ਤੁਸੀਂ ਆਪਣੇ ਆਪ ਨੂੰ "ਅਤਿ ਦੇ ਇਨਕਲਾਬੀ" ਸਮਝਦੇ ਹੋ ਪਰ ਅਸਲੀਅਤ ਇਹ ਹੈ ਕਿ

ਕਿਰਤੀ ਸ਼੍ਰੇਣੀ ਲਹਿਰ ਵਿੱਚ ਬੁਰਜੂਆ ਅਸਰਾਂ ਵਿਰੁੱਧ ਘੋਲ਼ ਦੀਆਂ ਮੁਕਾਬਲਤਨ ਨਿੱਕੀਆਂ ਔਕੜਾਂ ਤੋਂ ਤੁਸੀਂ **ਡਰ ਗਏ** ਹੋ, ਪਰ ਤੁਹਾਡੀ ਜਿੱਤ — ਅਰਥਾਤ ਬੁਰਜੂਆਜ਼ੀ ਦਾ ਤਖ਼ਤਾ ਉਲਟੇ ਜਾਣ ਅਤੇ ਪ੍ਰੋਲਤਾਰੀ ਦਾ ਰਾਜਸੀ ਸੱਤ੍ਹਾ ਜਿੱਤ ਲੈਣ — ਨਾਲ਼ **ਐਨ ਇਹੋ** ਔਕੜਾਂ ਕਿਤੇ ਵਡੇਰੀ, ਅਤਿ-ਅੰਤ ਵੱਡੇਰੀ ਪੱਧਰ 'ਤੇ ਪੈਦਾ ਹੋਣਗੀਆਂ। ਬੱਚਿਆਂ ਵਾਂਗ ਤੁਸੀਂ ਉਸ ਨਿੱਕੀ ਜਿਹੀ ਔਕੜ ਤੋਂ ਡਰ ਗਏ ਜਿਹੜੀ ਅੱਜ ਤੁਹਾਡੇ ਸਾਹਮਣੇ ਹੈ ਪਰ ਤੁਸੀਂ ਇਹ ਨਹੀਂ ਸਮਝਦੇ ਕਿ ਭਲ਼ਕੇ ਅਤੇ ਪਰਸੋਂ ਤੁਹਾਨੂੰ ਐਨ ਅਜਿਹੀਆਂ ਔਕੜਾਂ ਉੱਤੇ, ਕੇਵਲ ਅਤਿਅੰਤ ਵੱਡੇ ਪੈਮਾਨੇ ਉੱਤੇ, ਕਾਬੂ ਪਾਉਣਾ ਸਿੱਖਣਾ ਪਵੇਗਾ ਅਤੇ ਪੂਰੀ ਤਰ੍ਹਾਂ ਸਿੱਖਣਾ ਪਵੇਗਾ।

ਸੋਵੀਅਤ ਹਕੂਮਤ ਸਥਾਪਤ ਹੋ ਜਾਣ ਪਿੱਛੋਂ ਹੋਰ ਵਡੇਰੀ ਗਿਣਤੀ ਵਿੱਚ ਬੁਰਜੂਆ-ਬੁੱਧੀਮਾਨ ਤੁਹਾਡੀ ਪ੍ਰੋਲਤਾਰੀ ਪਾਰਟੀ ਉੱਤੇ ਅਤੇ ਸਾਡੀ ਪ੍ਰੋਲਤਾਰੀ ਪਾਰਟੀ ਉੱਤੇ ਹੱਲਾ ਬੋਲ ਦੇਣਗੇ। ਉਹ ਸੋਵੀਅਤਾਂ ਵਿੱਚ, ਅਦਾਲਤਾਂ ਵਿੱਚ ਅਤੇ ਰਾਜ-ਪ੍ਰਬੰਧ ਵਿੱਚ ਘੁੱਸ ਆਉਣਗੇ ਕਿਉਂਕਿ ਸਰਮਾਏਦਾਰੀ ਨੇ ਜਿਹੜੀ ਮਨੁੱਖੀ ਸਮੱਗਰੀ ਤਿਆਰ ਕੀਤੀ ਹੈ ਉਹਨੂੰ ਵਰਤੇ ਬਿਨਾਂ ਕਮਿਊਨਿਜ਼ਮ ਦੀ ਸਿਰਜਣਾ ਸੰਭਵ ਨਹੀਂ, ਕਿਉਂਕਿ ਹੋਰ ਕੋਈ ਸਮੱਗਰੀ ਸਾਡੇ ਕੋਲ਼ ਹੈ ਨਹੀਂ ਅਤੇ ਬੁਰਜੂਆ ਬੁੱਧੀਮਾਨਾਂ ਨੂੰ ਅਸੀਂ ਕੱਢ ਨਹੀਂ ਸਕਦੇ, ਤਬਾਹ ਨਹੀਂ ਕਰ ਸਕਦੇ, ਸਗੋਂ ਉਹਨਾਂ ਨੂੰ ਜਿੱਤਣਾ ਪਵੇਗਾ, ਨਵੇਂ ਸਾਂਚੇ ਵਿੱਚ ਢਾਲ਼ਣਾ ਪਵੇਗਾ, ਆਪਣੇ ਆਪ ਵਿੱਚ ਸਮੋਣਾ ਅਤੇ ਨਵੇਂ ਸਿਰਿਉਂ ਸਿੱਖਿਅਤ ਬਣਾਉਣਾ ਪਵੇਗਾ, ਐਨ ਉਸੇ ਤਰ੍ਹਾਂ ਜਿਵੇਂ ਖ਼ੁਦ ਪ੍ਰੋਲਤਾਰੀਆਂ ਨੂੰ ਵੀ — ਕਿਰਤੀ ਸ਼੍ਰੇਣੀ ਦੀ ਡਿਕਟੇਟਰਸ਼ਿਪ ਦੇ ਆਧਾਰ ਉੱਤੇ ਇੱਕ ਲੰਮਾਂ ਘੋਲ਼ ਚਲਾ ਕੇ — ਨਵੇਂ ਸਿਰਿਉਂ ਸਿੱਖਿਅਤ ਕਰਨਾ ਪਵੇਗਾ ਕਿਉਂਕਿ ਉਹ ਇੱਕੋ ਵਾਰ ਹੀ ਨਹੀਂ, ਕਿਸੇ ਚਮਤਕਾਰ ਰਾਹੀਂ ਨਹੀਂ, ਕੰਵਾਰੀ ਮਰੀਅਮ ਦੇ ਹੁਕਮ ਤੋਂ ਨਹੀਂ, ਕਿਸੇ ਨਾਹਰੇ, ਪ੍ਰਸਤਾਵ ਜਾਂ ਫ਼ਰਮਾਨ ਕਾਰਨ ਨਹੀਂ ਸਗੋਂ ਜਨਤਕ ਪੱਧਰ ਉੱਤੇ ਨਿੱਕ-ਬੁਰਜੂਆ ਤਅੱਸਬਾਂ ਵਿਰੁੱਧ ਇੱਕ ਲੰਮੇ ਅਤੇ ਔਖੇ ਜਨਤਕ ਘੋਲ਼ ਰਾਹੀਂ ਹੀ ਆਪਣੇ ਨਿੱਕ-ਬੁਰਜੂਆ ਤਅੱਸਬ ਤਿਆਗਦੇ ਹਨ। ਸੋਵੀਅਤ ਹਕੂਮਤ ਅਧੀਨ ਐਨ ਇਹੋ ਮਸਲੇ, ਜਿਨ੍ਹਾਂ ਨੂੰ ਹੁਣ ਪਾਰਲੀਮਾਨੀਵਾਦ-ਵਿਰੋਧੀ ਏਨੀ ਹੈਂਕੜ, ਏਨੇ ਘੁਮੰਡ, ਏਨੇ ਸੌਖ ਨਾਲ਼ ਅਤੇ ਏਨੇ ਬਚਗਾਨਾ ਢੰਗ ਨਾਲ਼ ਹੱਥ ਦੇ ਇੱਕ ਇਸ਼ਾਰੇ ਨਾਲ਼ ਰਾਹ ਤੋਂ ਹਟਾ ਦੇਣਾ ਚਾਹੁੰਦੇ ਹਨ, **ਐਨ ਇਹੋ** ਮਸਲੇ ਸੋਵੀਅਤਾਂ ਦੇ **ਅੰਦਰ**, ਸੋਵੀਅਤ ਰਾਜ-ਪ੍ਰਬੰਧ ਵਿੱਚ, ਸੋਵੀਅਤ "ਵਕੀਲਾਂ" ਵਿੱਚ ਪੈਦਾ ਹੋ ਰਹੇ ਹਨ (ਰੂਸ ਵਿੱਚ ਅਸਾਂ ਬੁਰਜੂਆ ਵਕਾਲਤ ਦੇ ਪ੍ਰਬੰਧ ਨੂੰ ਖਤਮ ਕਰ ਦਿੱਤਾ ਹੈ ਅਤੇ ਅਜਿਹਾ ਕਰਕੇ ਠੀਕ ਹੀ ਕੀਤਾ ਹੈ ਪਰ ਸੋਵੀਅਤ "ਵਕੀਲਾਂ"[56] ਦੇ ਰੂਪ ਵਿੱਚ ਇਹ ਫੇਰ ਪੈਦਾ ਹੋ ਰਹੀ ਹੈ)। ਸੋਵੀਅਤ, ਇੰਜੀਨੀਅਰਾਂ, ਸੋਵੀਅਤ ਅਧਿਆਪਕਾਂ ਅਤੇ ਵਿਸ਼ੇਸ਼ ਅਧਿਕਾਰ ਵਾਲ਼ਿਆਂ, ਅਰਥਾਤ ਸੋਵੀਅਤ ਕਾਰਖ਼ਾਨਿਆਂ ਦੇ ਸਭ ਤੋਂ ਸੁਯੋਗ ਅਤੇ ਸਭ ਤੋਂ ਵੱਧ ਤਨਖ਼ਾਹ ਆਦਿ ਵਾਲ਼ੇ ਕਿਰਤੀਆਂ ਵਿੱਚ ਅਸੀਂ ਉਹ ਸਭੇ ਨਾਂਹ-ਪੱਖੀ ਖ਼ਾਸੇ ਪੈਦਾ ਹੁੰਦੇ ਵੇਖ ਰਹੇ ਹਾਂ ਜਿਹੜੇ ਬੁਰਜੂਆ ਪਾਰਲੀਮਾਨੀਵਾਦ ਦੇ ਵਿਸ਼ੇਸ਼ ਲੱਛਣ ਹਨ ਅਤੇ ਅਸੀਂ ਇਸ ਬੁਰਾਈ ਉੱਤੇ ਪ੍ਰੋਲਤਾਰੀ ਜਥੇਬੰਦੀ ਅਤੇ ਡਸਿਪਲਿਨ ਉੱਤੇ ਅਧਾਰਤ ਇੱਕ ਅਣਥੱਕ, ਲੰਮੇ ਅਤੇ ਸਿਰੜੀ ਘੋਲ਼ ਪਿੱਛੋਂ ਹੀ — ਹੌਲ਼ੀ-ਹੌਲ਼ੀ-ਕਾਬੂ ਪਾ ਰਹੇ ਹਾਂ।

ਨਿਸ਼ਚੇ ਹੀ ਬੁਰਜੂਆਜ਼ੀ ਦੀ ਹਕੂਮਤ ਅਧੀਨ ਸਾਡੀ ਆਪਣੀ, ਅਰਥਾਤ ਕਿਰਤੀਆਂ ਦੀ ਪਾਰਟੀ ਵਿੱਚ ਬੁਰਜੂਆ ਆਦਤਾਂ ਖ਼ਤਮ ਕਰਨਾ "ਔਖਾ" ਹੁੰਦਾ ਹੈ, ਉਹਨਾਂ ਜਾਣੇ ਪਛਾਣੇ ਪਾਰਲੀਮਾਨੀ ਨੇਤਾਵਾਂ ਨੂੰ ਪਾਰਟੀ ਵਿੱਚੋਂ ਕੱਢਣਾ "ਔਖਾ" ਹੁੰਦਾ ਹੈ ਜਿਹੜੇ ਬੁਰਜੂਆ ਤਅੱਸਬਾਂ ਨਾਲ਼ ਬਹੁਤ ਬੁਰੀ ਤਰ੍ਹਾਂ ਭ੍ਰਿਸ਼ਟ ਹੋ ਗਏ ਹਨ, ਬੁਰਜੂਆਜ਼ੀ ਤੋਂ ਆਉਣ ਵਾਲ਼ੇ ਉਹਨਾਂ ਲੋਕਾਂ ਨੂੰ (ਜਿਨ੍ਹਾਂ ਦੀ ਗਿਣਤੀ ਭਾਵੇਂ ਥੋੜ੍ਹੀ ਹੀ ਹੁੰਦੀ ਹੈ) ਪਰ ਜਿਹੜੇ ਸਾਡੇ ਲਈ ਉੱਕਾ ਲੋੜੀਂਦੇ ਹਨ ਪ੍ਰੋਲਤਾਰੀ ਡਸਿਪਲਿਨ ਦੇ ਅਧੀਨ ਕਮਿਊਨਿਸਟ ਦਲ ਬਣਾਉਣਾ ਜਿਹੜਾ ਸੱਚਮੁੱਚ ਕਿਰਤੀ ਸ਼੍ਰੇਣੀ ਦੇ ਯੋਗ ਹੋਵੇ "ਔਖਾ" ਹੁੰਦਾ ਹੈ; ਇਹ ਯਕੀਨੀ ਬਣਾਉਣਾ "ਔਖਾ" ਹੁੰਦਾ ਹੈ ਕਿ ਪਾਰਲੀਮੈਂਟ ਦੇ ਕਮਿਊਨਿਸਟ ਮੈਂਬਰ ਬੁਰਜੂਆ ਪਾਰਲੀਮਾਨੀ ਯੱਕੜਾਂ ਵਿੱਚ ਨਾ ਰੁੱਝ ਜਾਣ ਸਗੋਂ ਜਨਤਾ ਵਿੱਚ ਪ੍ਰਾਪੇਗੰਡਾ, ਐਜੀਟੇਸ਼ਨ ਅਤੇ ਜਥੇਬੰਦੀ ਦੇ ਕੰਮ ਦਾ ਬਹੁਤ ਹੀ ਫ਼ੌਰੀ ਕੰਮ ਕਰਨ। ਨਿਸ਼ਚੇ ਹੀ ਇਹ ਸਭ ਕੁਝ "ਔਖਾ" ਹੈ, ਇਹ ਰੂਸ ਵਿੱਚ ਔਖਾ ਸੀ ਅਤੇ ਪੱਛਮੀ ਯੂਰਪ ਅਤੇ ਅਮਰੀਕਾ ਵਿੱਚ ਜਿੱਥੇ ਬੁਰਜੂਆ-ਜਮਹੂਰੀ ਰਵਾਇਤਾਂ ਵਧੇਰੇ ਬਲਵਾਨ ਹਨ, ਇਹ ਔਖੇਰਾ ਹੈ।

ਪਰ ਇਹ ਸਭ "ਔਖਿਆਈਆਂ" ਇਸੇ ਤਰ੍ਹਾਂ ਦੇ ਉਹਨਾਂ ਮਸਲਿਆਂ ਦੇ ਮੁਕਾਬਲੇ ਉੱਤੇ ਜਿਨ੍ਹਾਂ ਦਾ ਮੁਕਾਬਲਾ ਪ੍ਰੋਲਤਾਰੀ ਨੂੰ — ਪ੍ਰੋਲਤਾਰੀ ਇਨਕਲਾਬ ਦੇ ਸਮੇਂ ਵੀ ਅਤੇ ਸੱਤ੍ਹਾ 'ਤੇ ਕਬਜ਼ਾ ਕਰ ਲੈਣ ਪਿੱਛੋਂ ਵੀ — ਲਾਜ਼ਮੀ ਤੌਰ 'ਤੇ ਜਿਤ ਪ੍ਰਾਪਤ ਕਰਨ ਲਈ ਹੱਲ ਕਰਨਾ ਪਵੇਗਾ ਕੇਵਲ ਬੱਚਿਆਂ ਦੀ ਖੇਡ ਹਨ। ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਕਾਇਮ ਹੋ ਜਾਣ ਪਿੱਛੋਂ ਸਾਨੂੰ ਕਰੋੜਾਂ ਕਿਸਾਨਾਂ ਅਤੇ ਛੋਟੇ ਮਾਲਕਾਂ, ਲੱਖਾਂ ਦਫ਼ਤਰੀ ਮੁਲਾਜ਼ਮਾਂ, ਅਧਿਕਾਰੀਆਂ ਅਤੇ ਬੁਰਜੂਆ ਬੁੱਧੀਮਾਨਾਂ ਨੂੰ ਫੇਰ ਤੋਂ ਸਿੱਖਿਆ ਦੇਣ, ਉਹਨਾਂ ਨੂੰ ਪ੍ਰੋਲਤਾਰੀ ਰਿਆਸਤ ਅਤੇ ਪ੍ਰੋਲਤਾਰੀ ਲੀਡਰਸ਼ਿਪ ਅਧੀਨ ਲਿਆਉਣ, ਉਹਨਾਂ ਦੀਆਂ ਬੁਰਜੂਆ ਆਦਤਾਂ ਅਤੇ ਰਵਾਇਤਾਂ ਨੂੰ ਖਤਮ ਕਰਨ ਦੇ ਇਹਨਾਂ ਸੱਚਮੁੱਚ ਧੜਵੈਲ ਮਸਲਿਆਂ ਦੇ ਮੁਕਾਬਲੇ ਉੱਤੇ — ਇਹਨਾਂ ਧੜਵੈਲ ਮਸਲਿਆਂ ਦੇ ਮੁਕਾਬਲੇ ਉੱਤੇ ਬੁਰਜੂਆਜ਼ੀ ਦੀ ਹਕੂਮਤ ਅਧੀਨ ਅਤੇ ਇੱਕ ਬੁਰਜੂਆ ਪਾਰਲੀਮੈਂਟ ਵਿੱਚ ਇੱਕ ਸੱਚੀ ਪ੍ਰੋਲਤਾਰੀ ਪਾਰਟੀ ਦਾ ਇੱਕ ਸੱਚਮੁੱਚ ਕਮਿਊਨਿਸਟ ਦਲ ਖੜ੍ਹਾ ਕਰਨਾ ਬੱਚਿਆਂ ਦੀ ਖੇਡ ਜਿਹਾ ਹੈ।

ਜੇ ਸਾਡੇ "ਖੱਬੇ-ਪੱਖੀ" ਪਾਰਲੀਮਾਨੀਵਾਦ-ਵਿਰੋਧੀ ਸਾਥੀ ਅੱਜ ਏਨੀ ਨਿੱਕੀ ਜਿਹੀ ਔਕੜ ਉੱਤੇ ਕਾਬੂ ਪਾਉਣਾ ਨਹੀਂ ਸਿੱਖ ਸਕਦੇ, ਤਾਂ ਅਸੀਂ ਬਿਨਾਂ ਖਟਕੇ ਕਹਿ ਸਕਦੇ ਹਾਂ ਕਿ ਜਾਂ ਤਾਂ ਉਹ ਪ੍ਰੋਲਤਾਰੀ ਦੀ ਡਿਕਟੇਟਰੀ ਪ੍ਰਾਪਤ ਕਰਨ ਦੇ ਨਿਰਯੋਗ ਸਾਬਤ ਹੋਣਗੇ ਅਤੇ ਬੁਰਜੂਆ ਬੁੱਧੀਮਾਨਾਂ ਅਤੇ ਬੁਰਜੂਆ ਸੰਸਥਾਵਾਂ ਨੂੰ ਅਧੀਨ ਨਹੀਂ ਕਰ ਸਕਣਗੇ ਅਤੇ ਨਵੇਂ ਸਾਂਚੇ ਵਿਚ ਨਹੀਂ ਢਾਲ਼ ਸਕਣਗੇ ਜਾਂ ਉਹਨਾਂ ਨੂੰ ਕਾਹਲੀ ਨਾਲ਼ ਆਪਣੀ ਸਿੱਖਿਆ ਪੂਰੀ ਕਰਨੀ ਪਵੇਗੀ ਅਤੇ ਇਉਂ ਉਹ ਪ੍ਰੋਲਤਾਰੀ ਦੇ ਕਾਜ਼ ਨੂੰ ਸਖ਼ਤ ਨੁਕਸਾਨ ਪੁਚਾਉਣਗੇ, ਸਧਾਰਨ ਨਾਲ਼ੋਂ ਵਧੇਰੇ ਗ਼ਲਤੀਆਂ ਕਰਨਗੇ, ਔਸਤ ਨਾਲ਼ੋਂ ਵਧੇਰੇ ਕਮਜ਼ੋਰੀ ਅਤੇ ਨਿਕੰਮਾਪੁਣਾ ਪ੍ਰਗਟ ਕਰਨਗੇ, ਇਤਿ-ਆਦਿ।

ਜਦੋਂ ਤੱਕ ਬੁਰਜੂਆਜ਼ੀ ਦਾ ਤਖ਼ਤਾ ਉਲਟਿਆ ਨਹੀਂ ਜਾਂਦਾ ਅਤੇ ਉਸ ਤੋਂ ਪਿੱਛੋਂ,

ਜਦੋਂ ਤੱਕ ਨਿੱਕੀ ਪੱਧਰ ਦੀ ਆਰਥਕਤਾ ਅਤੇ ਨਿੱਕੀ ਪੱਧਰ ’ਤੇ ਵਸਤਾਂ ਦੀ ਉਪਜ ਉੱਕਾ ਹੀ ਖ਼ਤਮ ਨਹੀਂ ਹੋ ਜਾਂਦੇ, ਬੁਰਜੂਆ ਵਾਯੂ-ਮੰਡਲ, ਮਾਲਕੀ ਦੀਆਂ ਆਦਤਾਂ ਅਤੇ ਨਿੱਕ-ਬੁਰਜੂਆ ਰਵਾਇਤੀ ਕਿਰਤੀ ਸ਼੍ਰੇਣੀ ਲਹਿਰ ਦੇ ਅੰਦਰ ਵੀ ਅਤੇ ਬਾਹਰ ਵੀ, ਸਰਗਰਮੀ ਦੇ ਇੱਕ ਖੇਤਰ — ਪਾਰਲੀਮਾਨੀ — ਵਿੱਚ ਹੀ ਨਹੀਂ ਸਗੋਂ ਅਟੱਲ ਤੌਰ ’ਤੇ ਸਮਾਜੀ ਸਰਗਰਮੀ ਦੇ ਹਰ ਖੇਤਰ ਵਿੱਚ, ਬਿਨਾਂ ਛੋਟ ਸਭਨਾਂ ਸੱਭਿਆਚਾਰਕ ਅਤੇ ਰਾਜਸੀ ਖੇਤਰਾਂ ਵਿੱਚ ਪ੍ਰੋਲਤਾਰੀ ਕੰਮ ਵਿੱਚ ਰੋਕ ਪਾਉਣਗੇ। ਸਰਗਰਮੀ ਦੇ ਇੱਕ ਖੇਤਰ ਵਿੱਚ “ਅਸੁਖਾਵੇ” ਮਸਲਿਆਂ ਜਾਂ ਔਕੜਾਂ ਵਿਚੋਂ ਇੱਕ ਨੂੰ ਅੱਖੋਂ ਓਹਲਾ ਕਰਨ ਜਾਂ ਉਸ ਵੱਲੋਂ ਧਿਆਨ ਹਟਾ ਲੈਣ ਦਾ ਯਤਨ ਇੱਕ ਗੰਭੀਰ ਗ਼ਲਤੀ ਹੈ ਜਿਸਦਾ ਪਿੱਛੋਂ ਜਾਂ ਕੇ ਜ਼ਰੂਰ ਹੀ ਮੁੱਲ ਤਾਰਨਾ ਪਵੇਗਾ। ਸਾਨੂੰ ਬਿਨਾਂ ਛੋਟ ਕੰਮ ਅਤੇ ਸਰਗਰਮੀ ਦੇ ਹਰ ਖੇਤਰ ਵਿਚ ਮੁਹਾਰਤ ਹਾਸਲ ਕਰਨਾ, ਹਰ ਥਾਂ ਸਭਨਾਂ ਔਕੜਾਂ ਉੱਤੇ ਕਾਬੂ ਪਾਉਣਾ ਅਤੇ ਸਭਨਾਂ ਬੁਰਜੂਆ ਆਦਤਾਂ, ਰਿਵਾਜਾਂ ਅਤੇ ਰਵਾਇਤਾਂ ਨੂੰ ਖ਼ਤਮ ਕਰਨਾ ਸਿੱਖਣਾ ਚਾਹੀਦਾ ਹੈ। ਮਸਲੇ ਨੂੰ ਪੇਸ਼ ਕਰਨ ਦਾ ਕੋਈ ਹੋਰ ਢੰਗ ਠੱਠਾ ਹੈ। ਕੇਵਲ ਬਚਪਨਾ ਹੈ।

12 ਮਈ 1920,

ਇਸ ਕਿਤਾਬ ਦੀ ਰੂਸੀ ਛਾਪ ਵਿੱਚ ਮੈਂ ਕੌਮਾਂਤਰੀ ਇਨਕਲਾਬੀ ਨੀਤੀ ਦੇ ਖੇਤਰ ਵਿਚ ਸਮੁੱਚੇ ਤੌਰ ’ਤੇ ਹਾਲੈਂਡ ਦੀ ਕਮਿਊਨਿਸਟ ਪਾਰਟੀ ਦੇ ਵਤੀਰੇ ਨੂੰ ਕੁਝ ਗ਼ਲਤ ਪੇਸ਼ ਕੀਤਾ। ਇਸ ਲਈ ਇਸ ਮੌਕੇ ਦਾ ਲਾਭ ਉਠਾ ਕੇ ਮੈਂ ਆਪਣੇ ਡੱਚ ਸਾਥੀਆਂ ਦਾ ਇਕ ਖ਼ਤ ਛਾਪ ਰਿਹਾ ਹਾਂ ਅਤੇ ਰੂਸੀ ਲਿਖਤ ਵਿੱਚ ਵਰਤੇ ਗਏ ਸ਼ਬਦਾਂ “ਡੱਚ ਟ੍ਰੀਬਿਊਨਵਾਦੀਆਂ” ਦੀ ਥਾਂ ਹੁਣ “ਹਾਲੈਂਡ ਦੀ ਕਮਿਊਨਿਸਟ ਪਾਰਟੀ ਦੇ ਕੁਝ ਮੈਂਬਰ”[57] ਦੇ ਸ਼ਬਦ ਵਰਤਦਾ ਹਾਂ।

ਨ. ਲੈਨਿਨ

## ਵਾਇਨਕੂਪ ਦਾ ਪੱਤਰ

ਮਾਸਕੋ 30 ਜੂਨ 1920

ਪਿਆਰੇ ਸਾਥੀ ਲੈਨਿਨ,

ਤੁਹਾਡੀ ਕ੍ਰਿਪਾ ਕਾਰਨ ਅਸੀਂ, ਕਮਿਊਨਿਸਟ ਇੰਟਰਨੈਸ਼ਨਲ ਦੀ ਦੂਜੀ ਕਾਂਗਰਸ ਵਿੱਚ ਹਿੱਸਾ ਲੈਣ ਵਾਲ਼ੇ ਡੱਚ ਪ੍ਰਤਿਨਿਧੀ-ਮੰਡਲ ਦੇ ਮੈਂਬਰ ਤੁਹਾਡੀ ਪੁਸਤਕ “ਖੱਬੇ-ਪੱਖੀ ਕਮਿਊਨਿਜ਼ਮ — ਇੱਕ ਬਚਗਾਨਾ ਰੋਗ” ਹੋਰਨਾਂ ਯੂਰਪੀ ਭਾਸ਼ਾਵਾਂ ਵਿੱਚ ਛਪਣ ਤੋਂ ਪਹਿਲਾਂ ਪੜ੍ਹ ਸਕੇ। ਇਸ ਪੁਸਤਕ ਵਿੱਚ ਕਈ ਥਾਂ ਤੁਸੀਂ ਕੌਮਾਂਤਰੀ ਰਾਜਨੀਤੀ ਵਿੱਚ ਹਾਲੈਂਡ ਦੀ ਕਮਿਊਨਿਸਟ ਪਾਰਟੀ ਦੇ ਕੁਝ ਮੈਂਬਰਾਂ ਵੱਲੋਂ ਪਾਏ ਗਏ ਹਿੱਸੇ ਦੀ ਅਪ੍ਰਸੰਸਾ ਕੀਤੀ ਹੈ।

ਫੇਰ ਵੀ ਅਸੀਂ ਇਹ ਅਨੁਭਵ ਕਰਦੇ ਹਾਂ ਕਿ ਸਾਨੂੰ ਉਹਨਾਂ ਦੇ ਅਮਲਾਂ ਦੀ ਜ਼ਿਮੇਵਾਰੀ ਕਮਿਊਨਿਸਟ ਪਾਰਟੀ ਸਿਰ ਪਾਉਣ ਵਿਰੁੱਧ ਰੋਸ ਪ੍ਰਗਟ ਕਰਨਾ ਚਾਹੀਦਾ ਹੈ। ਇਹ ਬਹੁਤ ਗ਼ਲਤ ਗੱਲ ਹੈ। ਨਾਲ਼ੇ ਇਹ ਅਣ-ਮੁਨਸਫ਼ੀ ਵੀ ਹੈ ਕਿਉਂਕਿ ਹਾਲੈਂਡ ਦੀ ਕਮਿਊਨਿਸਟ ਪਾਰਟੀ ਦੇ ਇਹ ਮੈਂਬਰ ਪਾਰਟੀ ਦੀਆਂ ਚਾਲੂ ਸਰਗਰਮੀਆਂ ਵਿਚ ਉੱਕਾ ਹੀ ਨਿਗੂਣਾ ਹਿੱਸਾ ਲੈਂਦੇ ਹਨ ਜਾਂ ਉੱਕਾ ਹੀ ਹਿੱਸਾ ਨਹੀਂ ਲੈਂਦੇ ਅਤੇ ਉਹ ਸਿੱਧੇ ਜਾਂ ਅਣ-ਸਿੱਧੇ ਢੰਗ ਨਾਲ਼ ਹਾਲੈਂਡ ਦੀ ਕਮਿਊਨਿਸਟ ਪਾਰਟੀ ਅੰਦਰ ਵਿਰੋਧੀ-ਦਲ ਦੇ ਉਹਨਾਂ ਨਾਹਰਿਆਂ ਨੂੰ ਲਾਗੂ ਕਰਨ ਦਾ ਯਤਨ ਕਰ ਰਹੇ ਹਨ ਜਿਨ੍ਹਾਂ ਵਿਰੁੱਧ ਹਾਲੈਂਡ ਦੀ ਕਮਿਊਨਿਸਟ ਪਾਰਟੀ ਅਤੇ ਇਹਦੇ ਸਭਨਾਂ ਅੰਗਾਂ ਨੇ ਅਤਿ-ਅੰਤ ਜ਼ੋਰਦਾਰ ਘੋਲ਼ ਕੀਤਾ ਹੈ ਅਤੇ ਅੱਜ ਤੱਕ ਕਰ ਰਹੇ ਹਨ।

ਤੁਹਾਡਾ ਸਾਥੀ,

**ਡੀ. ਜੇ ਵਾਇਨਕੂਪ**

(ਡੱਚ ਪ੍ਰਤੀਨਿਧੀ-ਮੰਡਲ ਵੱਲੋਂ)

ਅਪ੍ਰੈਲ-ਮਈ 1920 ਵਿੱਚ ਲਿਖੀ ਗਈ।
ਕਿਤਾਬੀ ਸ਼ਕਲ ਵਿੱਚ ਸਭ ਤੋਂ ਪਹਿਲਾਂ
1920 ਵਿੱਚ ਪੀਤਰੋਗਰਾਦ ਦੇ ਰਿਆਸਤੀ
ਪ੍ਰਕਾਸ਼ਨ-ਘਰ ਰਾਹੀਂ ਪ੍ਰਕਾਸ਼ਤ

# ਨੋਟ

1. **ਦੂਜੀ ਇੰਟਰਨੈਸ਼ਨਲ** — 1889 ਵਿੱਚ ਕਾਇਮ ਕੀਤੀ ਗਈ ਸੋਸ਼ਲਿਸਟ ਪਾਰਟੀਆਂ ਦੀ ਇੰਟਰਨੈਸ਼ਨਲ। 1914-18 ਦਾ ਪਹਿਲਾਂ ਸੰਸਾਰ ਯੁੱਧ ਸ਼ੁਰੂ ਹੋਣ ਪਿੱਛੋਂ ਦੂਜੀ ਇੰਟਰਨੈਸ਼ਨਲ ਦੇ ਲੀਡਰਾਂ ਨੇ ਸੋਸ਼ਲਿਜ਼ਮ ਨਾਲ਼ ਗ਼ੱਦਾਰੀ ਕੀਤੀ ਅਤੇ ਆਪਣੀਆਂ ਸਾਮਰਾਜੀ ਹਕੂਮਤਾਂ ਦੇ ਪੱਖ ਵਿੱਚ ਹੋ ਗਏ ਅਤੇ ਦੂਜੀ ਇੰਟਰਨੈਸ਼ਨਲ ਖੇਰੂੰ-ਖੇਰੂੰ ਹੋ ਗਈ। ਜਿਹੜੀਆਂ ਖੱਬੇ-ਪੱਖੀ ਪਾਰਟੀਆਂ ਅਤੇ ਦਲ ਪਹਿਲਾਂ ਦੂਜੀ ਇੰਟਰਨੈਸ਼ਨਲ ਵਿੱਚ ਸ਼ਾਮਲ ਸਨ ਉਹ 1919 ਵਿਚ ਮਾਸਕੋ ਵਿਖੇ ਸਥਾਪਤ ਕੀਤੀ ਕਮਿਊਨਿਸਟ (ਤੀਜੀ) ਇੰਟਰਨੈਸ਼ਨਲ ਵਿੱਚ ਸ਼ਾਮਲ ਹੋ ਗਏ। 1919 ਵਿੱਚ ਬਰਨ ਦੀ ਕਾਨਫਰੰਸ ਵਿੱਚ ਦੂਜੀ ਇੰਟਰਨੈਸ਼ਨਲ ਨੂੰ ਮੁੜ ਸੁਰਜੀਤ ਕੀਤਾ ਗਿਆ। ਕੇਵਲ ਉਹ ਪਾਰਟੀਆਂ ਇਸ ਵਿੱਚ ਸ਼ਾਮਲ ਹੋਈਆਂ ਜਿਹੜੀਆਂ ਸੋਸ਼ਲਿਸਟ ਲਹਿਰ ਦਾ ਸੱਜੇ-ਪੱਖੀ ਮੌਕਾ-ਪ੍ਰਸਤ ਹਿੱਸਾ ਸਨ।

ਸਫ਼ਾ-6

2. **"ਇਸਕਰਾ"** (ਚੰਗਿਆੜੀ) — ਦਸੰਬਰ 1900 ਵਿੱਚ ਵ. ਇ. ਲੈਨਿਨ ਵੱਲੋਂ ਵਿਦੇਸ ਵਿੱਚ ਸਥਾਪਤ ਕੀਤਾ ਪਹਿਲਾ ਕੁੱਲ-ਰੂਸ ਗੈਰ-ਕਾਨੂੰਨੀ ਮਾਰਕਸਵਾਦੀ ਅਖ਼ਬਾਰ। ਇਹ ਚੋਰੀ ਛੁਪੇ ਰੂਸ ਪੁਚਾਇਆ ਜਾਂਦਾ ਸੀ। "ਇਸਕਰਾ" ਨੇ ਰੂਸੀ ਸੋਸ਼ਲ-ਡੈਮੋਕਰੈਟਾਂ ਨੂੰ ਇੱਕ-ਮੁੱਠ ਕਰਨ ਅਤੇ ਖਿੰਡੀਆਂ ਹੋਈਆਂ ਸਥਾਨਕ ਜਥੇਬੰਦੀਆਂ ਨੂੰ ਇੱਕ ਇਨਕਲਾਬੀ ਪਾਰਟੀ ਵਿੱਚ ਇੱਕ-ਮੁੱਠ ਕਰਨ ਵਿੱਚ ਮਹਾਨ ਰੋਲ ਅਦਾ ਕੀਤਾ।

1903 ਵਿਚ ਰੂਸੀ ਸੋਸ਼ਲ-ਡੈਮੋਕਰੈਟਿਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਅਤੇ ਪਾਰਟੀ ਦੇ ਬਾਲਸ਼ਵਿਕਾਂ ਅਤੇ ਮੈਨਸ਼ਵਿਕਾਂ ਵਿਚ ਵੰਡੇ ਜਾਣ ਪਿਛੋਂ "ਇਸਕਰਾ" (ਆਪਣੇ 42ਵੇਂ ਅੰਕ ਤੋਂ) ਮੈਨਸ਼ਵਿਕਾਂ ਦੇ ਹੱਥ ਚਲਾ ਗਿਆ ਅਤੇ ਇਹਦਾ ਨਾਂ **ਪੁਰਾਣੇ** ਲੈਨਿਨਵਾਦੀ "ਇਸਕਰਾ" ਦੀ ਥਾਂ **ਨਵਾਂ** "ਇਸਕਰਾ" ਪੈ ਗਿਆ। ਨਵਾਂ "ਇਸਕਰਾ" ਇਨਕਲਾਬੀ ਮਾਰਕਸਵਾਦ ਦਾ ਲੜਾਕੂ ਤਰਜਮਾਨ ਨਾ ਰਿਹਾ। ਮੈਨਸ਼ਵਿਕਾਂ ਨੇ ਇਹਨੂੰ ਮਾਰਕਸਵਾਦ ਵਿਰੁੱਧ, ਪਾਰਟੀ ਵਿਰੁੱਧ ਘੋਲ਼ ਦਾ ਅਤੇ ਮੌਕਾ-ਪ੍ਰਸਤੀ ਦੇ ਪ੍ਰਚਾਰ ਦਾ ਤਰਜ਼ਮਾਨ ਬਣਾ ਦਿੱਤਾ।

ਸਫ਼ਾ-6

3. **ਮੈਨਸ਼ਵਿਕ**- ਰੂਸੀ ਸੋਸ਼ਲ-ਡੈਮੋਕਰੇਸੀ ਵਿੱਚ ਮੌਕਾ-ਪ੍ਰਸਤ ਮੁਹਾਣ ਪੇਸ਼ ਕਰਨ ਵਾਲ਼ੇ। ਉਹਨਾਂ ਨੂੰ ਇਹ ਨਾਂ ਰੂਸੀ ਸੋਸ਼ਲ-ਡੈਮੋਕਰੈਟਿਕ ਪਾਰਟੀ ਦੀ ਦੂਜੀ ਕਾਂਗਰਸ ਪਿੱਛੋਂ ਮਿਲਿਆ ਜਦੋਂ ਉਹ ਪਾਰਟੀ ਦੀਆਂ ਆਗੂ ਇਕਾਈਆਂ ਦੀ ਚੋਣ ਵਿੱਚ ਘੱਟ-ਗਿਣਤੀ ਵਿੱਚ ਰਹਿ ਗਏ (ਰੂਸੀ ਵਿੱਚ "ਘੱਟ-ਗਿਣਤੀ" ਲਈ ਸ਼ਬਦ ਹੈ "ਮੈਨਸ਼ਿਨਸਤਵੋ-**ਅਨੁ**:) ਅਤੇ ਵ. ਇ. ਲੈਨਿਨ ਦੀ ਅਗਵਾਈ ਹੇਠ ਇਨਕਲਾਬੀ ਸੋਸ਼ਲ-ਡੈਮੋਕਰੈਟ

ਬਹੁ-ਗਿਣਤੀ ਵਿੱਚ ਆ ਗਏ (ਰੂਸੀ ਵਿੱਚ "ਬਹੁ-ਗਿਣਤੀ" ਲਈ ਸ਼ਬਦ ਹੈ "ਬਾਲਸ਼ਿਨਸਤਵੋ" - **ਅਨੁ:**)। ਇੱਥੋਂ ਉਹਨਾਂ ਦੇ ਨਾਂ —ਮੇਨਸ਼ਵਿਕ ਅਤੇ ਬਾਲਸ਼ਵਿਕ ਪਏ। 1905-7 ਦੇ ਇਨਕਲਾਬ ਵਿੱਚ ਮੈਨਸ਼ਵਿਕਾਂ ਨੇ ਪ੍ਰੋਲਤਾਰੀ ਦੀ ਸਰਦਾਰੀ ਦੀ ਅਤੇ ਕਿਰਤੀ ਸ਼੍ਰੇਣੀ ਅਤੇ ਕਿਸਾਨੀ ਦੇ ਏਕੇ ਦੀ ਵਿਰੋਧਤਾ ਕੀਤੀ। ਇਨਕਲਾਬ ਦੀ ਹਾਰ ਅਤੇ ਪਿਛਾਖੜ ਦੇ ਜ਼ੋਰ ਦੇ ਵਰ੍ਹਿਆਂ (1907-10 ਵਿੱਚ) ਮੈਨਸ਼ਵਿਕਾਂ ਨੇ ਖਾਤਮੇਵਾਦ ਦਾ ਪ੍ਰਚਾਰ ਕੀਤਾ ਅਤੇ ਪ੍ਰੋਲਤਾਰੀ ਦੀ ਗ਼ੈਰ-ਕਾਨੂੰਨੀ ਇਨਕਲਾਬੀ ਪਾਰਟੀ ਨੂੰ ਖ਼ਤਮ ਕਰ ਦੇਣ ਦੇ ਯਤਨ ਕੀਤੇ। 1914-18 ਦੇ ਪਹਿਲੇ ਸੰਸਾਰ ਯੁੱਧ ਸਮੇਂ ਉਹਨਾਂ ਸਮਾਜੀ-ਅੰਧਰਾਸ਼ਟਰਵਾਦ ਦੇ ਦ੍ਰਿਸ਼ਟੀਕੋਣ ਅਪਣਾਏ। 1917 ਦੇ ਫ਼ਰਵਰੀ ਦੇ ਬੁਰਜੂਆ-ਜਮਹੂਰੀ ਇਨਕਲਾਬ ਤੋਂ ਪਿੱਛੋਂ ਮੈਨਸ਼ਵਿਕ ਹਕੂਮਤ ਵਿੱਚ ਸ਼ਾਮਲ ਹੋ ਗਏ, ਇਹ ਸਾਮਰਾਜੀ ਨੀਤੀ ਦੀ ਹਮਾਇਤ ਕੀਤੀ ਅਤੇ ਆਉਣ ਵਾਲ਼ੇ ਪ੍ਰੋਲਤਾਰੀ ਇਨਕਲਾਬ ਵਿਰੁੱਧ ਲੜੇ ।

ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿਛੋਂ ਮੈਨਸ਼ਵਿਕ ਖੁੱਲ੍ਹੀ ਉਲਟ-ਇਨਕਲਾਬੀ ਪਾਰਟੀ ਬਣ ਗਏ ਅਤੇ ਉਹਨਾਂ ਸਾਜ਼ਸ਼ਾਂ ਕੀਤੀਆਂ ਅਤੇ ਬਗ਼ਾਵਤਾਂ ਜਥੇਬੰਦ ਕੀਤੀਆਂ ਜਿਨ੍ਹਾਂ ਦਾ ਮੰਤਵ ਸੋਵੀਅਤ ਹਕੂਮਤ ਦਾ ਤਖ਼ਤਾ ਉਲਟਣਾ ਸੀ।

**ਸੋਸ਼ਲਿਸਟ-ਇਨਕਲਾਬੀ-** 1901 ਦੇ ਅੰਤ ਅਤੇ 1902 ਦੇ ਸ਼ੁਰੂ ਵਿੱਚ ਜਥੇਬੰਦ ਕੀਤੀ ਨਿੱਕ-ਬੁਰਜੂਆ ਜਮਹੂਰੀਅਤਪੰਸਦਾਂ ਦੀ ਪਾਰਟੀ। ਪਹਿਲੇ ਸੰਸਾਰ ਯੁੱਧ ਸਮੇਂ ਸੋਸ਼ਲਿਸਟ-ਇਨਕਲਾਬੀਆਂ ਦੀ ਬਹੁ-ਗਿਣਤੀ ਨੇ ਸਮਾਜ ਅੰਧਰਾਸ਼ਟਰਵਾਦ ਦੇ ਦ੍ਰਿਸ਼ਟੀਕੋਣ ਅਪਣਾਏ। 1917 ਦੇ ਫ਼ਰਵਰੀ ਦੇ ਬੁਰਜੂਆ-ਜਮਹੂਰੀ ਇਨਕਲਾਬ ਤੋਂ ਪਿਛੋਂ ਮੈਨਸ਼ਵਿਕਾਂ ਅਤੇ ਕੈਡਟਾਂ ਨਾਲ਼ ਰੱਲ਼ ਕੇ ਸੋਸ਼ਲਿਸਟ-ਇਨਕਲਾਬੀ ਬੁਰਜੂਆ-ਜਾਗੀਰਦਾਰ ਆਰਜ਼ੀ ਹਕੂਮਤ ਦੀ ਮੁੱਖ ਟੇਕ ਸਨ ਅਤੇ ਉਹਨਾਂ ਦੇ ਮੈਂਬਰ ਵਜ਼ਾਰਤ ਵਿੱਚ ਸ਼ਾਮਲ ਸਨ। ਵਿਦੇਸ਼ੀ ਫ਼ੌਜੀ ਦਖ਼ਲ ਅਤੇ ਖ਼ਾਨਾ-ਜੰਗੀ ਦੇ ਸਮੇਂ ਸੋਸ਼ਲਿਸਟ-ਇਨਕਲਾਬੀਆਂ ਨੇ ਉਲਟਇਨਕਲਾਬੀ ਸਾਜ਼ਸ਼ੀ ਘੋਲ਼ ਚਲਾਇਆ, ਦਖਲਅੰਦਾਜ਼ਾਂ ਅਤੇ ਸਫ਼ੈਦ ਗਾਰਡ ਜਰਨੈਲਾਂ ਦੀ ਖੁੱਲ੍ਹੀ ਹਮਾਇਤ ਕੀਤੀ ਅਤੇ ਸੋਵੀਅਤ ਰਿਆਸਤ ਅਤੇ ਕਮਿਊਨਿਸਟ ਪਾਰਟੀ ਦੇ ਨੇਤਾਵਾਂ ਵਿਰੁੱਧ ਯਰਕਾਊ ਕਾਰਵਾਈਆਂ ਕੀਤੀਆਂ।

ਸਫ਼ਾ-10

4. 1905-7 ਦੇ ਇਨਕਲਾਬ ਸਮੇਂ ਅਨੇਕ ਰੂਸੀ ਸ਼ਹਿਰਾਂ ਅਤੇ ਕਸਬਿਆਂ ਵਿੱਚ ਕਿਰਤੀਆਂ ਦੇ ਪ੍ਰਤਿਨਿਧਾਂ ਦੀਆਂ ਸੋਵੀਅਤਾਂ ਹੋਂਦ ਵਿੱਚ ਆਈਆਂ। ਪਹਿਲਾਂ ਉਹ ਆਰਥਕ ਅਤੇ ਰਾਜਸੀ ਹੜਤਾਲਾਂ ਦੀ ਅਗਵਾਈ ਕਰਨ ਲਈ ਜਥੇਬੰਦ ਕੀਤੀਆਂ ਗਈਆਂ ਪਰ ਘੋਲ਼ ਦੇ ਦੌਰਾਨ ਬਾਲਸ਼ਵਿਕਾਂ ਦੀ ਅਗਵਾਈ ਹੇਠ ਸੋਵੀਅਤਾਂ ਹਥਿਆਰਬੰਦ ਬਗ਼ਾਵਤ ਦੀ ਤਿਆਰੀ ਦਾ ਸਾਧਨ ਅਤੇ ਨਵੀਂ ਸੱਤ੍ਹਾ ਦਾ ਭਰੂਣ ਰੂਪ ਬਣ ਗਈਆਂ। ਇਨਕਲਾਬ ਦੀ ਹਾਰ ਨਾਲ ਸੋਵੀਅਤਾਂ ਦਾ ਅੰਤ ਹੋ ਗਿਆ ਪਰ 1917 ਦੇ ਫਰਵਰੀ ਦੇ ਬੁਰਜੂਆ-ਜਮਹੂਰੀ ਇਨਕਲਾਬ ਸਮੇਂ ਉਹ ਫੇਰ ਹੋਂਦ ਵਿੱਚ ਆ ਗਈਆਂ।

ਸਫ਼ਾ–11

5. ਇੱਥੇ ਇਸ਼ਾਰਾ 4 (17) ਅਪ੍ਰੈਲ 1912 ਨੂੰ ਸਾਇਬੇਰੀਆ ਵਿਖੇ ਲੇਨਾ ਦੀਆਂ ਸੋਨੇ ਦੀਆਂ ਖਾਣਾਂ ਦੇ ਨਿਹੱਥੇ ਮਜ਼ਦੂਰਾਂ ਉੱਤੇ ਗੋਲ਼ੀ ਚਲਾਏ ਜਾਣ ਵੱਲ। ਇਸ ਖ਼ੂਨੀ ਜ਼ੁਲਮ ਦੀ ਖਬਰ ਨੇ ਰੂਸ ਦੀ ਕਿਰਤੀ ਸ਼੍ਰੇਣੀ ਵਿੱਚ ਤਰਥਲੀ ਪੈਦਾ ਕਰ ਦਿੱਤੀ ਅਤੇ ਦੇਸ਼ ਭਰ ਵਿੱਚ ਪ੍ਰਦਰਸ਼ਨਾਂ, ਇੱਕਤਰਤਾਵਾਂ ਅਤੇ ਪ੍ਰੋਟੈਸਟ ਹੜਤਾਲਾਂ ਦੀ ਇੱਕ ਲਹਿਰ ਫ਼ੈਲ਼ ਗਈ।

ਸਫ਼ਾ–12

6. **ਰਾਜ ਦੂਮਾ —** ਇੱਕ ਪ੍ਰਤੀਨਿਧ ਸੰਸਥਾ ਜਿਹੜੀ 1905 ਦੀਆਂ ਘਟਨਾਵਾਂ ਤੋਂ ਮਜ਼ਬੂਰ ਹੋ ਕੇ ਜ਼ਾਰਸ਼ਾਹੀ ਹਕੂਮਤ ਨੂੰ ਸੱਦਣੀ ਪਈ। ਰਸਮੀ ਤੌਰ 'ਤੇ ਰਾਜ ਦੂਮਾ ਕਾਨੂੰਨ-ਘੜਨੀ ਸਭਾ ਸੀ ਪਰ ਅਸਲ ਵਿੱਚ ਇਹਨੂੰ ਕੋਈ ਅਧਿਕਾਰ ਪ੍ਰਾਪਤ ਨਹੀਂ ਸਨ।

ਦੂਮਾ ਦੀਆਂ ਚੋਣਾਂ ਦਾ ਅਧਾਰ ਸਿੱਧੀਆਂ, ਸਮਾਨ ਅਤੇ ਆਮ ਵੋਟਾਂ ਨਹੀਂ ਸੀ। ਕਿਰਤੀਆਂ ਅਤੇ ਰੂਸ ਵਿੱਚ ਰਹਿੰਦੀਆਂ ਗ਼ੈਰ-ਰੂਸੀ ਕੌਮੀਅਤਾਂ ਦੇ ਵੋਟ ਦੇ ਹੱਕ ਬਹੁਤ ਘੱਟ ਕਰ ਦਿੱਤੇ ਗਏ ਹਨ। ਕਿਰਤੀਆਂ ਅਤੇ ਕਿਸਾਨਾਂ ਦੇ ਚੋਖੇ ਹਿੱਸੇ ਨੂੰ ਵੋਟ ਦਾ ਹੱਕ ਹੈ ਹੀ ਨਹੀਂ ਸੀ।

ਜ਼ਾਰਸ਼ਾਹੀ ਹਕੂਮਤ ਨੇ ਪਹਿਲੀ ਰਾਜ ਦੂਮਾ (ਅਪ੍ਰੈਲ-ਜੁਲਾਈ 1906) ਅਤੇ ਦੂਜੀ ਦੂਮਾ (ਫ਼ਰਵਰੀ-ਜੂਨ 1907) ਨੂੰ ਤੋੜ ਦਿੱਤਾ।

3 ਜੂਨ 1907 ਨੂੰ ਇੱਕ ਰਾਜ-ਪਲਟਾ ਕਰਕੇ ਹਕੂਮਤ ਨੇ ਇੱਕ ਨਵਾਂ ਚੋਣ ਕਾਨੂੰਨ ਜਾਰੀ ਕੀਤਾ ਜਿਹੜਾ ਕਿਰਤੀਆਂ, ਕਿਸਾਨਾਂ ਅਤੇ ਸ਼ਹਿਰੀ ਨਿੱਕੀ ਬੁਰਜੂਆਜ਼ੀ ਦਾ ਵੋਟ ਦਾ ਹੱਕ ਹੋਰ ਵੀ ਘੱਟ ਕਰਦਾ ਸੀ ਅਤੇ ਇਹ ਗੱਲ ਯਕੀਨੀ ਬਣਾਉਂਦਾ ਸੀ ਕਿ ਤੀਜੀ ਦੂਮਾ (1907-12) ਅਤੇ ਚੌਥੀ ਦੂਮਾ (1912-17) ਵਿੱਚ ਜਾਗੀਰਦਾਰ ਅਤੇ ਸਰਮਾਏਦਾਰ ਦੇ ਕਾਲ਼ਾ ਸੈਂਕੜਾ ਜੁੱਟ ਦਾ ਪੂਰਾ ਗ਼ਲਬਾ ਰਹੇ।

ਸਫ਼ਾ–13

7. ਦੂਮਾ ਦੇ 26 ਜੁਲਾਈ (8 ਅਗਸਤ) 1914 ਦੀ ਬੈਠਕ ਵਿੱਚ ਜਦੋਂ ਸਭ ਬੁਰਜੂਆ-ਜਾਗੀਰਦਾਰ ਟੋਲੀਆਂ ਨੇ ਜ਼ਾਰਸ਼ਾਹੀ ਰੂਸ ਦੇ ਸਾਮਰਾਜੀ ਯੁੱਧ ਵਿੱਚ ਸ਼ਾਮਲ ਹੋਣ ਦੀ ਪੁਸ਼ਟੀ ਕਰ ਦਿੱਤੀ ਤਾਂ ਬਾਲਸ਼ਵਿਕ ਦਲ ਨੇ ਆਪਣਾ ਦ੍ਰਿੜ੍ਹ ਰੋਸ ਪ੍ਰਗਟ ਕੀਤਾ, ਯੁੱਧ ਲਈ ਰਕਮਾਂ ਦੇ ਹੱਕ ਵਿੱਚ ਵੋਟ ਦੇਣੋਂ ਨਾਂਹ ਕਰ ਦਿੱਤੀ ਅਤੇ ਜਨਤਾ ਵਿੱਚ ਇਨਕਲਾਬੀ ਪ੍ਰਾਪੇਗੰਡਾ ਸ਼ੁਰੂ ਕਰ ਦਿਤਾ। ਨਵੰਬਰ 1914 ਵਿੱਚ ਬਾਲਸ਼ਵਿਕ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਕੇ ਪੂਰਬੀ ਸਾਇਬੇਰੀਆ ਵਿੱਚ ਉਮਰ ਭਰ ਲਈ ਜਲਾਵਤਨ ਕਰ ਦਿੱਤਾ ਗਿਆ। ਬਾਲਸ਼ਵਿਕ ਦਲ ਨੇ ਮੁਕੱਦਮੇ ਦੇ ਦੌਰਾਨ ਇਕ-ਪੁਰਖੀ ਰਾਜ ਦਾ ਪਰਦਾ ਉਘੇੜਨ ਦੇ ਜਿਹੜੇ ਦਲੇਰ ਅਮਲ ਕੀਤੇ ਉਹਨਾਂ ਫੌਜ਼-ਸ਼ਾਹੀ ਵਿਰੋਧੀ ਪ੍ਰਾਪੇਗੰਡੇ ਵਿੱਚ ਅਤੇ ਆਮ ਕਿਰਤੀ ਜਨਤਾ ਨੂੰ ਇਨਕਲਾਬੀ ਬਣਾਉਣ ਵਿੱਚ ਮਹਾਨ ਰੋਲ ਅਦਾ ਕੀਤਾ।

ਸਫ਼ਾ–13

8. **ਲੌਂਗੇਇਤਵਾਦ** — ਫਰਾਂਸੀਸੀ ਸੋਸ਼ਲਿਸਟ ਪਾਰਟੀ ਵਿੱਚ, ਜਿਸਦਾ ਮੁਖੀ ਜਾਨ ਲਾਂਗੇ ਸੀ, ਇੱਕ ਕੇਂਦਰਵਾਦੀ ਮੁਹਾਣ। ਪਹਿਲੇ ਸੰਸਾਰ ਯੁੱਧ ਸਮੇਂ ਉਹਨਾਂ ਸਮਾਜੀ-ਅੰਧਰਾਸ਼ਟਰਵਾਦੀਆਂ ਨਾਲ਼ ਮੇਲ਼ਮਿਲਾਪ ਦੀ ਨੀਤੀ ਅਪਣਾਈ; ਉਹਨਾਂ ਇਨਕਲਾਬੀ ਘੋਲ਼ ਨੂੰ ਰੱਦ ਕੀਤਾ ਅਤੇ ਸਾਮਰਾਜੀ ਯੁੱਧ **ਵਿੱਚ** "ਪਿਤਰ-ਭੂਮੀ" ਦੀ ਰੱਖਿਆ ਦਾ ਦ੍ਰਿਸ਼ਟੀਕੋਣ ਅਪਣਾਇਆ। ਲੈਨਿਨ ਨੇ ਲੌਂਗੇਇਤਵਾਦੀਆਂ ਨੂੰ ਨਿੱਕ-ਬੁਰਜੂਆ ਦੇਸ਼-ਭਗਤ ਕਿਹਾ। ਅਕਤੂਬਰ ਸੋਸ਼ਲਿਸਟ ਇਨਕਲਾਬ ਦੀ ਜਿੱਤ ਪਿੱਛੋਂ ਲਾਂਗੇਵਾਦੀਆਂ ਨੇ ਐਲਾਨ ਕੀਤਾ ਕਿ ਉਹ ਪ੍ਰੋਲਤਾਰੀ ਡਿਕਟੇਟਰਸ਼ਿਪ ਦੇ ਹਾਮੀ ਹਨ ਪਰ ਅਸਲ ਵਿੱਚ ਉਹ ਇਹਦੇ ਵਿਰੋਧੀ ਰਹੇ। ਦਸਬੰਰ 1920 ਵਿੱਚ ਲਾਂਗੇਵਾਦੀ, ਖੁੱਲ੍ਹੇ ਸੁਧਾਰਵਾਦ ਨਾਲ ਰੱਲ ਕੇ, ਪਾਰਟੀ ਤੋਂ ਵੱਖ ਹੋ ਗਏ ਅਤੇ ਅਖੌਤੀ ਢਾਈਵੀਂ ਇੰਟਰਨੈਸ਼ਨਲ ਵਿੱਚ ਸ਼ਾਮਲ ਹੋ ਗਏ।

ਸਫ਼ਾ-13

9. **ਇੰਡੀਪੈਂਡੈਂਟ ਲੇਬਰ ਪਾਰਟੀ Independent Labour Party** (ਆਈ. ਐਲ. ਪੀ) — ਹੜਤਾਲੀ ਘੋਲ਼ਾਂ ਦੀ ਸੁਰਜੀਤਤਾ ਅਤੇ ਬਰਤਾਨਵੀ ਕਿਰਤੀ ਸ਼੍ਰੇਣੀ ਦੀ ਬੁਰਜੂਆ ਪਾਰਟੀਆਂ ਤੋਂ ਸੁਤੰਤਰਤਾ ਦੀ ਲਹਿਰ ਦੇ ਤਿੱਖਾ ਹੋਣ ਦੀਆਂ ਪ੍ਰਸਥਿਤੀਆਂ ਵਿੱਚ "ਨਵੀਂ ਟਰੇਡ ਯੂਨੀਅਨਾਂ" ਦੇ ਲੀਡਰਾਂ ਵੱਲੋਂ 1893 ਵਿੱਚ ਸਥਾਪਤ ਕੀਤੀ ਇੱਕ ਸੁਧਾਰਵਾਦੀ ਜਥੇਬੰਦੀ। ਆਈ.ਐਲ.ਪੀ. ਵਿੱਚ "ਨਵੀਂਆਂ" ਟਰੇਡ ਯੂਨੀਅਨਾਂ ਦੇ ਮੈਂਬਰ, ਕਈ ਪੁਰਾਣੀਆਂ ਟਰੇਡ ਯੂਨੀਅਨਾਂ ਦੇ ਮੈਂਬਰ ਅਤੇ ਫੇਬੀਅਨਾਂ ਦੇ ਪ੍ਰਭਾਵ ਹੇਠ ਆਏ ਬੁੱਧੀਮਾਨਾਂ ਅਤੇ ਨਿੱਕੀ ਬੁਰਜੂਆਜ਼ੀ ਦੇ ਪ੍ਰਤਿਨਿਧ ਸ਼ਾਮਲ ਸਨ। ਇਸ ਪਾਰਟੀ ਦੇ ਮੁਖੀ ਸਨ ਕ.ਹਾਰਡੀ ਅਤੇ ਰ. ਮੈਕਡਾਨਲਡ। ਆਪਣੇ ਮੁੱਢ ਤੋਂ ਹੀ ਆਈ. ਐਲ.ਪੀ. ਨੇ ਬੁਰਜੂਆ-ਸੁਧਾਰਵਾਦੀ ਦ੍ਰਿਸ਼ਟੀਕੋਣ ਅਪਣਾਇਆ ਅਤੇ ਆਪਣਾ ਵਧੇਰੇ ਧਿਆਨ ਘੋਲ਼ ਦੇ ਪਾਰਲੀਮਾਨੀ ਰੂਪਾਂ ਅਤੇ ਲਿਬਰਲ ਪਾਰਟੀ ਨਾਲ ਪਾਰਲੀਮਾਨੀ ਸਮਝੌਤਿਆਂ ਵੱਲ ਦਿੱਤਾ। 1920 ਵਿੱਚ ਆਈ.ਐਲ.ਪੀ. ਦੂਜੀ ਇੰਟਰਨੈਸ਼ਨਲ ਛੱਡ ਗਈ ਅਤੇ ਢਾਈਵੀਂ ਇੰਟਰਨੈਸ਼ਨਲ ਵਿੱਚ ਸ਼ਾਮਲ ਹੋ ਗਈ।

ਸਫ਼ਾ-13

10. **ਫ਼ੇਬੀਅਨ** — ਫ਼ੇਬੀਅਨ ਸੋਸਾਇਟੀ, 1884 ਵਿੱਚ ਸਥਾਪਤ ਹੋਈ ਇੱਕ ਬਰਤਾਨਵੀ ਸੁਧਾਰਵਾਦੀ ਸੰਸਥਾ ਦੇ ਮੈਂਬਰ। ਸਭਾ ਦੇ ਵਧੇਰੇ ਮੈਂਬਰ ਬਰਤਾਨਵੀ ਬੁਰਜੂਆਜ਼ੀ ਦੇ ਪ੍ਰਤਿਨਿਧ ਸਨ (ਸਿਡਨੀ ਅਤੇ ਬੀਟਰਸ, ਵੈਬ, ਰੈਮਜ਼ੇ ਮੈਕਡਾਨਲਡ, ਬਰਨਾਰਡ ਸ਼ਾਅ ਅਤੇ ਹੋਰ), ਉਹ ਪ੍ਰੋਲਤਾਰੀ ਦੇ ਸ਼੍ਰੇਣੀ ਅਤੇ ਸੋਸ਼ਲਿਸਟ ਇਨਕਲਾਬ ਦੀ ਲੋੜ ਨੂੰ ਰੱਦ ਕਰਦੇ ਅਤੇ ਕਹਿੰਦੇ ਕਿ ਕੇਵਲ ਸੁਧਾਰਾਂ ਅਤੇ ਹੌਲ਼ੀ ਹੌਲ਼ੀ ਸਮਾਜ ਦੀ ਕਾਇਆ-ਪਲਟ ਰਾਹੀਂ ਸਰਮਾਏਦਾਰੀ ਤੋਂ ਸੋਸ਼ਲਿਜ਼ਮ ਵੱਲ ਤਬਦੀਲੀ ਸੰਭਵ ਹੈ। 1900 ਵਿੱਚ ਫ਼ੇਬੀਅਨ ਸੋਸਾਇਟੀ ਲੇਬਰ ਪਾਰਟੀ ਵਿੱਚ ਸ਼ਾਮਲ ਹੋ ਗਈ।

ਸਫ਼ਾ-13

11. **"ਵਜ਼ਾਰਤਵਾਦ"** (ਜਾਂ "ਵਜ਼ਾਰਤੀ ਸੋਸ਼ਲਿਜ਼ਮ" ਉੱਤੇ ਕੁਝ ਜੋ ਕੁਝ ਮਿਲੇਰਾਂਦਵਾਦ ਹੈ) — ਸੋਸ਼ਲਿਸਟਾਂ ਦੇ ਬੁਰਜੂਆ ਹਕੂਮਤਾਂ ਵਿੱਚ ਸ਼ਾਮਲ ਹੋਣ ਦੇ ਮੌਕਾਪ੍ਰਸਤ ਦਾਅਪੇਚ। ਇਹ ਸ਼ਬਦ ਉਦੋਂ ਘੜਿਆ ਗਿਆ ਜਦੋਂ 1899 ਵਿੱਚ ਮਿਲੇਰਾਂਦ ਵਾਲਦੇਕ-ਰੂਸੋ ਬੁਰਜੂਆ ਹਕੂਮਤ ਵਿੱਚ ਸ਼ਾਮਲ ਹੋਇਆ।

ਸਫ਼ਾ-14

12. **ਜਰਮਨੀ ਦੀ ਇੰਡੀਪੈਂਡੈਂਟ ਸੋਸ਼ਲ-ਡੈਮੋਕਰੇਟਿਕ ਪਾਰਟੀ** — ਇੱਕ ਕੇਂਦਰਵਾਦੀ ਪਾਰਟੀ ਜਿਹੜੀ ਅਪ੍ਰੈਲ 1917 ਵਿਚ ਆਪਣੀ ਉਦਘਾਟਨੀ ਕਾਂਗਰਸ ਸਮੇਂ ਗੋਥਾ ਵਿੱਚ ਕਾਇਮ ਕੀਤੀ ਗਈ। ਇੰਡੀਪੈਂਡੈਂਟ ਸਮਾਜੀ-ਅੰਧਰਾਸ਼ਟਰਵਾਦੀਆਂ ਨਾਲ਼ "ਏਕੇ" ਦੀ ਹਮਾਇਤ ਕਰਦੇ ਸਨ ਅਤੇ ਤਿਲ਼ਕ ਕੇ ਸ਼੍ਰੇਣੀ ਘੋਲ਼ ਤਿਆਗਣ ਦੀ ਹੱਦ ਤੱਕ ਅੱਪੜ ਗਏ। ਕਮਿਊਨਿਸਟ ਇੰਟਰਨੈਸ਼ਨਲ ਦੀ ਸਥਾਪਤੀ (1919) ਤੋਂ ਪਿੱਛੋਂ "ਇੰਡੀਪੈਂਡੈਂਟ" ਦੂਜੀ ਇੰਟਰਨੈਸ਼ਨਲ ਛੱਡ ਗਏ। ਅਕਤੂਬਰ 1920 ਵਿਚ ਹਾਲੇ ਵਿਖੇ ਹੋਈ ਕਾਂਗਰਸ ਵਿੱਚ ਇਸ ਪਾਰਟੀ ਵਿੱਚ ਫੁੱਟ ਪੈ ਗਈ। ਪਾਰਟੀ ਦਾ ਇੱਕ ਚੋਖ਼ਾ ਵੱਡਾ ਹਿੱਸਾ ਦਸੰਬਰ 1920 ਵਿੱਚ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋ ਗਿਆ। ਸੱਜੇ-ਪੱਖੀ ਅੰਸ਼ਾਂ ਨੇ ਇੱਕ ਵੱਖ ਪਾਰਟੀ ਬਣਾ ਲਈ ਅਤੇ ਪੁਰਾਣਾ ਨਾਂ-ਜਰਮਨੀ ਦੀ ਇੰਡੀਪੈਂਡੈਂਟ ਸੋਸ਼ਲ-ਡੈਮੋਕਰੇਟਿਕ ਪਾਰਟੀ ਅਪਣਾ ਲਿਆ, ਇਹ ਪਾਰਟੀ 1922 ਤੱਕ ਹੋਂਦ ਵਿੱਚ ਸੀ।

ਸਫ਼ਾ-14

13. ਸ਼ੈਦ ਇੱਥੇ ਇਸ਼ਾਰਾ ਹੈ ਲੈਨਿਨ ਦੇ ਲੇਖ "ਜਰਮਨ ਕਿਰਤੀ ਲਹਿਰ ਤੋਂ ਕੀ ਨਕਲ ਨਹੀਂ ਕਰਨਾ ਚਾਹੀਦਾ" ਵੱਲ, ਜਿਹੜਾ ਬਾਲਸ਼ਵਿਕ ਅਖਬਾਰ "ਪ੍ਰੋਸਵੇਸ ਚੇਨੀਯੇ"(ਜਾਗ੍ਰਤੀ) ਵਿੱਚ ਅਪ੍ਰੈਲ 1914 ਵਿੱਚ ਛਪਿਆ। ਇਹ ਲੇਖ ਜਰਮਨ ਸੋਸ਼ਲ-ਡੈਮੋਕਰੇਟ ਕ.ਲੈਗਿਨ ਦੇ ਵਿਸਾਹ-ਘਾਤਕ ਵਤੀਰੇ ਦਾ ਪਰਦਾ ਉਘੇੜਦਾ ਸੀ, ਜਿਸਨੇ 1912 ਵਿੱਚ ਆਪਣੇ ਅਮਰੀਕਾ ਦੇ ਦੌਰੇ ਸਮੇਂ ਸਰਕਾਰੀ ਹਲਕਿਆਂ ਅਤੇ ਅਮਰੀਕੀ ਕਾਂਗਰਸ ਵਿੱਚ ਬੁਰਜੂਆ ਪਾਰਟੀਆਂ ਸਾਹਮਣੇ ਸ਼ੁੱਭ ਇੱਛਾਵਾਂ ਦੀ ਇਕ ਤਕਰੀਰ ਕੀਤੀ।

ਸਫ਼ਾ-18

14. **ਸਪਾਰਤਾਕਵਾਦੀ** — ਜਰਮਨ ਸੋਸ਼ਲ-ਡੈਮੋਕਰੈਟਾਂ ਦੀ ਇਨਕਲਾਬੀ ਜਥੇਬੰਦੀ ਦੇ ਮੈਂਬਰ ਜਿਹੜੀ ਪਹਿਲੇ ਸੰਸਾਰ ਯੁੱਧ ਦੇ ਸ਼ੁਰੂ ਤੇ ਕਾਰਲ ਲੀਬਕਨੇਖ਼ਤ, ਰੋਜ਼ਾ ਲੁਕਸਮਬਰਗ, ਫਰਾਂਜ਼ ਮੇਹਰਿੰਗ, ਕਲਾਰਾ ਜੈਟਕਿਨ ਅਤੇ ਹੋਰਨਾਂ ਨੇ ਸਥਾਪਤ ਕੀਤੀ। ਸਪਾਰਤਾਕਵਾਦੀ ਜਨਤਾ ਵਿੱਚ ਇਨਕਲਾਬੀ ਪ੍ਰਚਾਰ ਕਰਦੇ, ਜਨਤਕ ਪੱਧਰ 'ਤੇ ਯੁੱਧ-ਵਿਰੋਧੀ ਕਾਰਵਾਈਆਂ ਜਥੇਬੰਦ ਕਰਦੇ, ਹੜਤਾਲਾਂ ਦੀ ਅਗਵਾਈ ਕਰਦੇ ਅਤੇ ਸੰਸਾਰ ਯੁੱਧ ਦੇ ਸਾਮਰਾਜੀ ਖ਼ਾਸੇ ਅਤੇ ਅਤੇ ਸੋਸ਼ਲ-ਡੈਮੋਕਰੈਟਾਂ ਵਿਚੋਂ ਮੌਕਾ-ਪ੍ਰਸਤ ਦੇ ਵਿਸਾਹ-ਘਾਤ ਨੰਗਾ ਕਰਦੇ। 30 ਦਸੰਬਰ 1918 – ਪਹਿਲੀ ਜਨਵਰੀ 1919 ਨੂੰ ਹੋਈ ਉਦਘਾਟਨੀ ਕਾਂਗਰਸ ਸਮੇਂ ਸਪਾਰਕਤਾਵਾਦੀਆਂ ਨੇ ਜਰਮਨੀ ਦੀ ਕਮਿਊਨਿਸਟ

ਪਾਰਟੀ ਦੀ ਸਥਾਪਨਾ ਕੀਤੀ।

ਸਫ਼ਾ–18

15. **ਪੈਰਿਸ ਕਮਿਊਨ** — 1871 ਵਿੱਚ ਪ੍ਰੋਲਤਾਰੀ ਇਨਕਲਾਬ ਤੋਂ ਪਿੱਛੋਂ ਪੈਰਿਸ ਵਿਖੇ ਸਥਾਪਤ ਕੀਤੀ ਗਈ ਕਿਰਤੀ ਸ਼੍ਰੇਣੀ ਦੀ ਇਨਕਲਾਬੀ ਹਕੂਮਤ। ਇਤਿਹਾਸ ਵਿੱਚ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਸਥਾਪਤ ਕਰਨ ਦਾ ਪਹਿਲਾ ਤਜ਼ਰਬਾ। ਪੈਰਿਸ ਕਮਿਊਨ 73 ਦਿਨ –18 ਮਾਰਚ 1871 ਤੋਂ 28 ਮਈ 1871 ਤੱਕ – ਹੋਂਦ ਵਿੱਚ ਰਹੀ।

ਸਫ਼ਾ–18

16. ਇੱਥੇ ਇਸ਼ਾਰਾ ਹੈ ਏ.ਬੇਬਲ ਵੱਲ ਫ਼ਰੈਡਰਿਕ ਏਂਗਲਜ਼ ਦੇ 18–28 ਮਾਰਚ 1875 ਦੇ ਖ਼ਤ ਵੱਲ ।

ਸਫ਼ਾ–18

17. **ਬ੍ਰੈਸਤ ਅਮਨ** — ਸੋਵੀਅਤ ਰੂਸ ਅਤੇ ਚੌਧਿਰੀ ਏਕੇ (ਜਰਮਨੀ, ਆਸਟਰੀਆ, ਹੰਗਰੀ, ਬਲਗੇਰੀਆ ਅਤੇ ਤੁਰਕੀ) ਵਿਚਕਾਰ ਬ੍ਰੈਸਤ–ਲਿਤੋਵਸਕ ਵਿਖੇ 3 ਮਾਰਚ 1918 ਨੂੰ ਸਹੀਬੰਦ ਹੋਈ ਅਤੇ 15 ਮਾਰਚ ਨੂੰ ਸੋਵੀਅਤਾਂ ਦੀ ਚੌਥੀ ਅਸਾਧਾਰਨ ਕੁੱਲ–ਰੂਸ ਕਾਂਗਰਸ ਵੱਲੋਂ ਤਸਦੀਕ ਕੀਤੀ ਅਮਨ ਸੰਧੀ। ਇਸ ਅਮਨ ਦੀਆਂ ਸ਼ਰਤਾਂ ਸੋਵੀਅਤ ਰੂਸ ਲਈ ਬਹੁਤ ਕਰੜੀਆਂ ਸਨ। ਇਸ ਸੰਧੀ ਅਨੁਸਾਰ ਪੋਲੈਂਡ, ਬਾਲਟਕ ਦਾ ਲਗਭਗ ਸਾਰਾ ਇਲਾਕਾ ਅਤੇ ਬੇਲੋਰੂਸ ਦਾ ਕੁਝ ਹਿੱਸਾ ਜਰਮਨੀ ਅਤੇ ਆਸਟਰੀਆ–ਹੰਗਰੀ ਅਧੀਨ ਕਰ ਦਿੱਤਾ ਜਾਣਾ ਸੀ। ਯੂਕਰੇਨ ਸੋਵੀਅਤ ਰੂਸ ਤੋਂ ਵੱਖ ਕਰਦੇ ਜਰਮਨੀ ਅਧੀਨ ਇੱਕ ਵੱਖਰੀ ਰਿਆਸਤ ਬਣਾ ਦਿੱਤਾ ਜਾਣਾ ਸੀ। ਕਾਰਸ, ਬਾਤੂਮੀ ਅਤੇ ਅਰਦਾਗਾਨ ਦੇ ਕਸਬੇ ਤੁਰਕੀ ਨੂੰ ਦੇ ਦਿੱਤੇ ਜਾਣੇ ਸਨ। ਅਗਸਤ 1918 ਵਿੱਚ ਜਰਮਨੀ ਨੇ ਸੋਵੀਅਤ ਰੂਸ ਉੱਤੇ ਇੱਕ ਹੋਰ ਸੰਧੀ ਅਤੇ ਵਿੱਤ ਸਮਝੌਤਾ ਠੋਸ ਦਿੱਤਾ ਜਿਸ ਵਿੱਚ ਨਵੀਂਆਂ ਲੋਟੂ ਸ਼ਰਤਾਂ ਸਨ।

ਬ੍ਰੈਸਤ ਦੀ ਅਮਨ ਸੰਧੀ ਦਾ ਸਬੰਧ ਟਰਾਟਸਕੀ ਅਤੇ ਪਾਰਟੀ ਵਿਰੋਧੀ "ਖੱਬੇ-ਪੱਖੀ ਕਮਿਊਨਿਸਟਾਂ" ਦੀ ਇੱਕ ਟੋਲੀ ਵਿਰੁੱਧ ਘੋਲ਼ ਨਾਲ਼ ਹੈ (ਵੇਖੋ ਨੋਟ ਨੰ.21) ਲੈਨਿਨ ਦੇ ਮਹਾਨ ਯਤਨਾਂ ਸਦਕਾ ਹੀ ਅਮਨ ਸੰਧੀ ਉੱਤੇ ਦਸਤਖ਼ਤ ਕੀਤੇ ਜਾ ਸਕੇ। ਬ੍ਰੈਸਤ ਦੀ ਅਮਨ ਸੰਧੀ ਲੈਨਿਨ ਦੇ ਦਾਅ–ਪੇਚਾਂ ਦੀ ਸਿਆਣਪ ਅਤੇ ਲਚਕ ਦੀ, ਉਹਦੀ ਅਸਾਧਾਰਨ ਤੌਰ 'ਤੇ ਗੁੰਝਲਦਾਰ ਪ੍ਰਸਥਿਤੀਆਂ ਵਿੱਚ ਇੱਕੋ ਇੱਕ ਨੀਤੀ ਘੜ ਸਕਣ ਦੀ ਯੋਗਤਾ ਦੀ ਇੱਕ ਉੱਘੜਵੀਂ ਮਿਸਾਲ ਸੀ। ਬ੍ਰੈਸਤ ਸੰਧੀ ਉੱਤੇ ਦਸਤਖ਼ਤ ਕਰਨਾ ਇੱਕ ਸਿਆਣਾ ਰਾਜਸੀ ਸਮਝੌਤਾ ਸੀ।

ਬ੍ਰੈਸਤ ਸੰਧੀ ਨੇ ਸੋਵੀਅਤ ਰਿਆਸਤ ਨੂੰ ਸਾਹ ਲੈਣ ਦਾ ਸਮਾਂ ਦਿੱਤਾ, ਇਹਨੂੰ ਇਸ ਯੋਗ ਬਣਾਇਆ ਕਿ ਪੁਰਾਣੀ, ਖੇਰੂੰ ਖੇਰੂੰ ਹੋ ਰਹੀ ਫੌਜ ਨੂੰ ਤੋੜ ਕੇ ਉਹਦੀ ਥਾਂ ਨਵੀਂ–ਲਾਲ ਫੌਜ ਖੜ੍ਹੀ ਕਰੇ, ਸੋਸ਼ਲਿਸ਼ਟ ਉਸਾਰੀ ਸ਼ੁਰੂ ਕਰੇ ਅਤੇ ਦੇਸ਼ ਅੰਦਰਲੇ ਉਲਟ–ਇਨਕਲਾਬੀਆਂ ਅਤੇ ਵਿਦੇਸ਼ੀ ਦਖ਼ਲਅੰਦਾਜ਼ਾਂ ਵਿਰੁੱਧ ਫ਼ੌਜਾਂ ਇੱਕਠੀਆਂ ਕਰੇ। ਬ੍ਰੈਸਤ

ਸੰਧੀ ਹੋਣ ਨਾਲ਼ ਸਭਨਾਂ ਲੜ ਰਹੇ ਦੇਸ਼ਾਂ ਦੀਆਂ ਫ਼ੌਜਾਂ ਅਤੇ ਸਹਿਰੀ ਵਸੋਂ ਵਿਚਕਾਰ ਅਮਨ ਲਈ ਘੋਲ਼ ਵਧੇਰੇ ਉਤੇਜਤ ਹੋਇਆ ਅਤੇ ਇਨਕਲਾਬੀ ਰੌਂ ਵਧਿਆ। ਜਰਮਨੀ ਵਿੱਚ ਨਵੰਬਰ 1918 ਦੇ ਇਨਕਲਾਬ ਤੋਂ ਪਿੱਛੋਂ ਜਿਸਨੇ ਉਥੋਂ ਦੀ ਸ਼ਾਹ-ਪ੍ਰਸਤ ਹਕੂਮਤ ਦਾ ਤਖਤਾ ਉਲਟ ਦਿੱਤਾ, ਕੁੱਲ-ਰੂਸ ਕਾਰਜ-ਕਾਰੀ ਨੇ 13 ਨਵੰਬਰ ਨੂੰ ਲੋਟੂ ਬ੍ਰੈਸਤ ਸੰਧੀ ਨੂੰ ਰੱਦ ਕਰ ਦਿੱਤਾ।

ਸਫ਼ਾ-18

18. ਇੱਥੇ ਇਸ਼ਾਰਾ ਹੈ ਓਤੋਜੋਵਵਾਦੀਗਾਂ ਅਤੇ ਅਲਟੀਮੇਟਮਵਾਦੀਆਂ ਵੱਲ, ਜਿਨ੍ਹਾਂ ਵਿਰੁੱਧ ਘੋਲ਼ 1908 ਵਿੱਚ ਸ਼ੁਰੂ ਹੋਇਆ ਅਤੇ ਜਿਸਦੇ ਸਿੱਟੇ ਵਜੋਂ 1909 ਵਿੱਚ ਓਤੋਜ਼ੋਵਾਦੀਆਂ ਦਾ ਇੱਕ ਲੀਡਰ ਅ.ਬਗਦਾਨੋਵ ਬਾਲਸ਼ਵਿਕ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ । ਓਤੋਜ਼ੋਵਵਾਦੀ (ਰੂਸੀ ਵਿੱਚ ਸ਼ਬਦ "ਓਤੋਜੋਵਾਤ" ਦੇ ਅਰਥ ਹਨ ਵਾਪਸ ਸੱਦਣਾ- **ਅਨੁ**:) ਇਨਕਲਾਬੀ ਸ਼ਬਦਾਂ ਦੇ ਪਰਦੇ ਹੇਠ ਇਹ ਮੰਗ ਕਰ ਰਹੇ ਸਨ ਕਿ ਦੂਮਾ ਵਿੱਚੋਂ ਸੋਸ਼ਲ-ਡੈਮੋਕਰੇਟਿਕ ਮੈਂਬਰਾਂ ਨੂੰ ਵਾਪਸ ਬੁਲਾ ਲਿਆ ਜਾਵੇ, ਟਰੇਡ ਯੂਨੀਅਨਾਂ, ਸਹਿਕਾਰ ਸਭਾਵਾਂ ਆਦਿ ਜਿਹੀਆਂ ਕਾਨੂੰਨੀ ਜਥੇਬੰਦੀਆਂ ਵਿੱਚ ਸਾਰਾ ਕੰਮ ਬੰਦ ਕਰ ਦਿੱਤਾ ਜਾਵੇ। ਅਲਟੀਮੇਟਮਵਾਦੀ ਓਤੋਜ਼ੋਵਵਾਦ ਦੀ ਹੀ ਇੱਕ ਹੋਰ ਵੰਨਗੀ ਸੀ। ਉਹ ਇਸ ਗੱਲ ਦੀ ਲੋੜ ਸਮਝਣੋਂ ਅਸਮੱਰਥ ਰਹੇ ਕਿ ਦੂਮਾ ਵਿੱਚ ਸੋਸ਼ਲ-ਡੈਮੋਕਰੈਟ ਮੈਂਬਰਾਂ ਨਾਲ਼ ਲਗਾਤਾਰ ਅਤੇ ਪੂਰੀ ਤਰ੍ਹਾਂ ਕੰਮ ਕਰਨ ਦੀ ਲੋੜ ਹੈ ਤਾਂ ਜੁ ਉਹ ਪਾਰਲੀਮੈਂਟ ਦੇ ਇਨਕਲਾਬੀ ਮੈਂਬਰ ਬਣ ਸਕਣ। ਅਲਟੀਮੇਟਮਵਾਦੀਆਂ ਨੇ ਤਜ਼ਵੀਜ਼ ਪੇਸ਼ ਕੀਤੀ ਕਿ ਦੂਮਾ ਵਿੱਚ ਸੋਸ਼ਲ-ਡੈਮੋਕਰੈਟਿਕ ਦਲ ਨੂੰ ਅੰਤਮ-ਚਿਤਾਉਣੀ ਦੇ ਦਿੱਤੀ ਜਾਵੇ ਕਿ ਜੇ ਉਹਨਾਂ ਪਾਰਟੀ ਦੀ ਕੇਂਦਰੀ ਕਮੇਟੀ ਦੇ ਸਭਨਾਂ ਫੈਸਲਿਆਂ ਉੱਤੇ ਸਖਤੀ ਨਾਲ਼ ਅਮਲ ਨਾ ਕੀਤਾ ਉਹਨਾਂ ਨੂੰ ਵਾਪਸ ਬੁਲਾ ਲਿਆ ਜਾਵੇਗਾ। ਜੂਨ 1909 ਵਿੱਚ ਹੋਈ ਬਾਲਸ਼ਵਿਕ ਅਖ਼ਬਾਰ "ਪ੍ਰੋਲਤਾਰੀ" ਦੇ ਸੰਪਾਦਕ ਮੰਡਲ ਦੀ ਇੱਕ ਵਿਸਤ੍ਰਿਤ ਬੈਠਕ ਨੇ ਆਪਣੇ ਨਿਰਣੇ ਵਿੱਚ ਕਿਹਾ ਕਿ "ਰੂਸੀ ਸੋਸ਼ਲ-ਡੈਮੋਕਰੈਟਿਕ ਲੇਬਰ ਪਾਰਟੀ ਵਿੱਚ ਇੱਕ ਸਪੱਸ਼ਟ ਮੁਹਾਣ ਦੇ ਤੌਰ 'ਤੇ ਬਾਲਸ਼ਵਿਕਵਾਦ ਦੀ ਓਤੋਜ਼ੋਵਵਾਦ ਜਾਂ ਖਾਤਮੇਵਾਦ ਨਾਲ਼ ਕੋਈ ਸਾਂਝ ਨਹੀਂ।" ਇਹਨੇ ਸਭਨਾਂ ਬਾਲਸ਼ਵਿਕਾਂ ਨੂੰ ਸੱਦਾ ਦਿੱਤਾ ਕਿ ਉਹ "ਇਨਕਲਾਬੀ ਮਾਰਕਸਵਾਦ ਦੇ ਰਾਹ ਦੇ ਇਹਨਾਂ ਕੁਰਾਹਿਆਂ ਵਿਰੁੱਧ ਅਤਿ ਸਿਰੜੀ ਘੋਲ਼ ਚਲਾਉਣ।"

ਸਫ਼ਾ-19

19. 6 (19) ਅਗਸਤ 1905 ਨੂੰ ਰਿਆਸਤੀ ਦੂਮਾ ਦੀ ਸਥਾਪਤੀ ਅਤੇ ਇਹਦੇ ਲਈ ਚੋਣਾਂ ਦੇ ਨੇਮਾਂ ਸਬੰਧੀ ਜ਼ਾਰ ਦਾ ਮੈਨੀਫੈਸਟੋ ਪ੍ਰਕਾਸ਼ਤ ਹੋਇਆ। ਘਰੋਗੀ ਮਾਮਲਿਆਂ ਦੇ ਵਜ਼ੀਰ ਅ. ਗ. ਬੁਲੀਗੀਨ ਦੇ ਨਾਂ ਉੱਤੇ, ਜਿਸਨੂੰ ਜ਼ਾਰ ਨੇ ਦੂਮਾ ਸਬੰਧੀ ਕਾਨੂੰਨ ਦਾ ਖਰੜਾ ਤਿਆਰ ਕਰਨ ਦੀ ਹਦਾਇਤ ਕੀਤੀ, ਇਹਦਾ ਨਾਂ ਬੁਲੀਗੀਨ ਦੂਮਾ ਪੈ ਗਿਆ। ਇਸ ਖਰੜੇ ਅਨੁਸਾਰ ਦੂਮਾ ਕੋਈ ਕਾਨੂੰਨ ਪਾਸ ਨਹੀਂ ਸੀ ਕਰ ਸਕਦੀ ਅਤੇ ਜ਼ਾਰ ਦੀ

ਇੱਕ ਸਲਾਹਕਾਰ ਸੰਸਥਾ ਵਜੋਂ ਕੁਝ ਮਾਮਲਿਆਂ ਉੱਤੇ ਕੇਵਲ ਵਿਚਾਰ ਹੀ ਕਰ ਸਕਦੀ ਸੀ। ਬਾਲਸ਼ਵਿਕਾਂ ਨੇ ਕਿਰਤੀਆਂ ਅਤੇ ਕਿਸਾਨਾਂ ਨੂੰ ਕਿਹਾ ਕਿ ਉਹ ਸਰਗਰਮੀ ਨਾਲ਼ ਦੂਮਾ ਦਾ ਬਾਈਕਾਟ ਕਰਨ। ਇਹ ਮੁਹਿੰਮ ਇਹਨਾਂ ਨਾਹਰਿਆਂ ਦਵਾਲ਼ੇ ਕੇਂਦਰਿਤ ਸੀ — ਹਥਿਆਰਬੰਦ ਬਗਾਵਤ, ਇੱਕ ਇਨਕਲਾਬੀ ਫ਼ੌਜ ਅਤੇ ਇੱਕ ਆਰਜ਼ੀ ਇਨਕਲਾਬੀ ਹਕੂਮਤ। ਬਾਲਸ਼ਵਿਕਾਂ ਨੇ ਬੁਲੀਗੀਨ ਦੂਮਾ ਦੇ ਬਾਈਕਾਟ ਨੂੰ ਸਭਨਾਂ ਇਨਕਲਾਬੀ ਸ਼ਕਤੀਆਂ ਨੂੰ ਲਾਮ-ਬੰਦ ਕਰਨ, ਜਨਤਕ ਪੱਧਰ ਉੱਤੇ ਰਾਜਸੀ ਹੜਤਾਲਾਂ ਕਰਾਉਣ ਅਤੇ ਹਥਿਆਰਬੰਦ ਬਗ਼ਾਵਤ ਲਈ ਤਿਆਰੀ ਕਰਨ ਲਈ ਵਰਤਿਆ। ਵੱਧ ਰਹੇ ਇਨਕਲਾਬ ਅਤੇ ਅਕਤੂਬਰ 1905 ਵਿੱਚ ਹੋਈ ਕੁੱਲ ਰੂਸ ਰਾਜਸੀ ਹੜਤਾਲ ਨੇ ਇਹਦੇ ਪਹਿਲੇ ਸਮਾਗਮ ਤੋਂ ਪਹਿਲਾਂ ਦੀ ਬੁਲੀਗੀਨ ਦੂਮਾ ਦਾ ਹੂੰਝਾ ਫੇਰ ਦਿੱਤਾ।

ਸਫ਼ਾ-19

20. ਇੱਥੇ ਇਸ਼ਾਰਾ ਹੈ ਪਹਿਲੇ ਰੂਸੀ ਇਨਕਲਾਬ ਸਮੇਂ ਹੋਈ 1905 ਦੇ ਅਕਤੂਬਰ ਦੀ ਕੁੱਲ-ਰੂਸ ਰਾਜਸੀ ਹੜਤਾਲ ਵੱਲ। ਹੜਤਾਲੀਆਂ ਦੀ ਗਿਣਤੀ ਵੀਹ ਲੱਖ ਤੋਂ ਵੱਧ ਸੀ। ਅਕਤੂਬਰ ਦੀ ਹੜਤਾਲ ਦੇ ਨਾਹਰੇ ਸਨ ਇੱਕ-ਪੁਰਖੀ ਰਾਜ ਦਾ ਤਖ਼ਤਾ ਉਲਟਣਾ, ਬੁਲੀਗੀਨ ਦੂਮਾਂ ਦਾ ਸਰਗਰਮ ਬਾਈਕਾਟ, ਇੱਕ ਵਿਧਾਨ-ਘੜ੍ਹਨੀ ਅਸੈਂਬਲੀ ਬੁਲਾਉਣਾ ਅਤੇ ਇੱਕ ਗਣ-ਰਾਜੀ ਜਮਹੂਰੀਅਤ ਦੀ ਸਥਾਪਤੀ। ਕੁੱਲ-ਰੂਸ ਰਾਜਸੀ ਹੜਤਾਲ ਨੇ ਕਿਰਤੀ ਸ਼੍ਰੇਣੀ ਲਹਿਰ ਦੇ ਬਲ ਅਤੇ ਸ਼ਕਤੀ ਨੂੰ ਪ੍ਰਗਟ ਕੀਤਾ ਅਤੇ ਪੇਂਡੂ ਇਲਾਕਿਆ, ਫ਼ੌਜ ਅਤੇ ਸਮੁੰਦਰੀ ਫ਼ੌਜ ਵਿੱਚ ਇਨਕਲਾਬੀ ਘੋਲ਼ ਦੇ ਵਿਕਾਸ ਨੂੰ ਉਤੇਜਤ ਕੀਤਾ।

ਸਫ਼ਾ-19

21. **"ਖੱਬੇ-ਪੱਖੀ ਕਮਿਊਨਿਜ਼ਮ"** — ਪਾਰਟੀ ਵਿਰੋਧੀ ਟੋਲੀ ਜਿਹੜੀ 1918 ਦੇ ਸ਼ੁਰੂ ਵਿੱਚ ਜਰਮਨੀ ਨਾਲ਼ ਅਮਨ ਸੰਧੀ (ਬ੍ਰੈਸਤ ਅਮਨ ਸੰਧੀ) ਕਰਨ ਦੇ ਮਸਲੇ 'ਤੇ ਹੋਂਦ ਵਿੱਚ ਆਈ। ਇਨਕਲਾਬੀ ਯੁੱਧ ਸਬੰਧੀ ਖੱਬੇ-ਪੱਖੀ ਸ਼ਬਦਾਵਲੀ ਵਰਤ ਕੇ "ਖੱਬੇ-ਪੱਖੀ ਕਮਿਊਨਿਸਟਾਂ" ਨੇ ਸੋਵੀਅਤ ਗਣ-ਰਾਜ ਨੂੰ, ਜਿਸ ਕੋਲ਼ ਅਜੇ ਕੋਈ ਫ਼ੌਜ ਨਹੀਂ ਸੀ, ਸਾਮਰਾਜੀ ਜਰਮਨੀ ਵਿਰੁੱਧ ਯੁੱਧ ਵਿੱਚ ਫਸਾ ਦੇਣ ਦੀ ਮਾਅਰਕੇਬਾਜ਼ ਨੀਤੀ ਪੇਸ਼ ਕੀਤੀ, ਜਿਸ ਨਾਲ਼ ਸੋਵੀਅਤ ਗਣ-ਰਾਜ ਦੀ ਹੋਂਦ ਹੀ ਖ਼ਤਰੇ ਵਿੱਚ ਪੈ ਜਾਣੀ ਸੀ। ਵ.ਇ. ਲੈਨਿਨ ਅਤੇ ਉਨ੍ਹਾਂ ਦੇ ਅਨੁਸਾਰੀਆਂ ਨੂੰ ਕੇਂਦਰੀ ਕਮੇਟੀ ਵਿੱਚ ਟਰਾਟਸਕੀ ਅਤੇ "ਖੱਬ-ਪੱਖੀ ਕਮਿਊਨਿਸਟਾਂ" ਵਿਰੁੱਧ ਜ਼ਬਰਦਸਤ ਘੋਲ਼ ਕਰਨਾ ਪਿਆ ਤਾਂ ਜੁ ਅਮਨ ਸੰਧੀ 'ਤੇ ਦਸਤਖ਼ਤ ਕਰਨ ਦਾ ਫ਼ੈਸਲਾ ਕਬੂਲ ਕੀਤਾ ਜਾਵੇ ਅਤੇ ਇਉਂ ਨਵੇਂ ਬਣੇ ਸੋਵੀਅਤ ਗਣ-ਰਾਜ ਨੂੰ ਬਚਾਇਆ ਜਾ ਸਕੇ।

ਸਫ਼ਾ-20

22. **ਲੇਬਰਵਾਦੀ** — ਟਰੇਡ ਯੂਨੀਅਨਾਂ ਅਤੇ ਸੋਸ਼ਲਿਸਟ ਜਥੇਬੰਦੀਆਂ ਅਤੇ ਟੋਲੀਆਂ ਦੇ

ਏਕੇ ਨਾਲ਼ ਪਾਰਲੀਮੈਂਟ ਲਈ ਕਿਰਤੀਆਂ ਦੇ ਪ੍ਰਤਿਨਿਧਾਂ ਦੀ ਚੋਣ ਯਕੀਨੀ ਬਣਾਉਣ ਦੇ ਆਸ਼ੇ (ਲੇਬਰ ਪ੍ਰਤਿਨਿਧਤਾ ਕਮੇਟੀ) ਨਾਲ 1900 ਵਿੱਚ ਬਣੀ ਬਰਤਾਨਵੀ ਲੇਬਰ ਪਾਰਟੀ ਦੇ ਮੈਂਬਰ। 1906 ਵਿੱਚ ਪਾਰਟੀ ਦਾ ਨਾਂ ਬਰਤਾਨਵੀ ਲੇਬਰ ਪਾਰਟੀ ਰੱਖ ਦਿੱਤਾ ਗਿਆ। ਜੇ ਉਹ ਪਾਰਟੀ ਦਾ ਚੰਦਾ ਦੇਣ ਤਾਂ ਟਰੇਡ ਯੂਨੀਅਨਾਂ ਦੇ ਮੈਂਬਰ ਆਪਣੇ ਆਪ ਲੇਬਰ ਪਾਰਟੀ ਦੇ ਮੈਂਬਰ ਬਣ ਜਾਂਦੇ ਹਨ। ਪਾਰਟੀ ਦੇ ਜਨਮ ਤੋਂ ਹੀ ਇਹਦੇ ਨੇਤਾ ਬੁਰਜੂਆਜ਼ੀ ਨਾਲ਼ ਸ਼੍ਰੇਣੀ ਮਿਲਵਰਤਨ ਦੀ ਨੀਤੀ ਉੱਤੇ ਚੱਲਦੇ ਰਹੇ ਹਨ। ਪਹਿਲੇ ਸੰਸਾਰ ਯੁੱਧ (1914–1918) ਦੇ ਸਮੇਂ ਲੇਬਰ ਪਾਰਟੀ ਦੇ ਲੀਡਰਾਂ (ਹੈਂਡਰਸਨ ਅਤੇ ਹੋਰਨਾਂ) ਨੇ ਸਮਾਜ–ਅੰਧਰਾਸ਼ਟਰਵਾਦੀ ਨੀਤੀ ਅਪਣਾਈ ਅਤੇ ਸ਼ਾਹੀ ਹਕੂਮਤ ਵਿੱਚ ਸ਼ਾਮਲ ਹੋ ਗਏ: ਉਹਨਾਂ ਦੀ ਸਹਾਇਤਾ ਨਾਲ ਕਈ ਅਜਿਹੇ ਕਾਨੂੰਨ ਪਾਸ ਕੀਤੇ ਗਏ ਜਿਨ੍ਹਾਂ ਦਾ ਨਿਸ਼ਾਨਾ ਕਿਰਤੀਆਂ ਵਿਰੁੱਧ ਸੀ (ਦੇਸ਼ ਦਾ ਫ਼ੌਜੀ–ਕਰਨ ਆਦਿ)। ਕਈ ਵਾਰ ਲੇਬਰ ਲੀਡਰ ਹਕੂਮਤ ਦੇ ਮੁਖੀ ਰਹੇ।

ਸਫ਼ਾ–21

23. ਅਮਨ ਸਬੰਧੀ ਫ਼ਰਮਾਨ ਸੋਵੀਅਤਾਂ ਦੀ ਦੂਜੀ ਕੁੱਲ–ਰੂਸ ਕਾਂਗਰਸ ਵੱਲੋਂ 26 ਅਕਤੂਬਰ (8 ਨਵੰਬਰ) 1917 ਨੂੰ ਪ੍ਰਵਾਨ ਕੀਤਾ ਗਿਆ। ਇਹ ਫ਼ਰਮਾਨ ਵਿੱਚ ਕਿਰਤੀਆਂ ਅਤੇ ਕਿਸਾਨਾਂ ਦੀ ਹਕੂਮਤ ਨੇ ਸਭਨਾਂ ਯੁੱਧ ਲੜ ਰਹੀਆਂ ਕੌਮਾਂ ਅਤੇ ਉਹਨਾਂ ਦੀਆਂ ਹਕੂਮਤਾਂ ਅੱਗੇ ਤਜਵੀਜ਼ ਪੇਸ਼ ਕੀਤੀ ਕਿ ਉਹ ਮੁਨਸਫ਼ੀ ਜਮਹੂਰੀ ਅਮਨ ਲਈ ਗੱਲ ਬਾਤ ਫ਼ੌਰਨ ਸ਼ੁਰੂ ਕਰ ਦੇਣ।

ਸਫ਼ਾ–22

24. **ਕੈਡਿਟ** — ਕਾਨਸਟੀਚਿਊਸ਼ਨਲ–ਡੈਮੋਕਰੈਟਿਕ ਪਾਰਟੀ ਦੇ ਮੈਂਬਰ, ਜੋ ਰੂਸੀ ਉਦਾਰਪੰਥੀ–ਸ਼ਾਹ–ਪ੍ਰਸਤ ਬੁਰਜੂਆਜ਼ੀ ਦੀ ਮੁੱਖ ਪਾਰਟੀ ਸੀ। ਕਾਨਸਟੀਚਿਊਸ਼ਨਲ–ਡੈਮੋਕਰੈਟਿਕ ਪਾਰਟੀ ਅਕਤੂਬਰ 1905 ਵਿੱਚ ਸਥਾਪਤ ਕੀਤੀ ਗਈ। ਇਸ ਵਿੱਚ ਬੁਰਜੂਆਜ਼ੀ, ਜਗੀਰਦਾਰਾਂ ਅਤੇ ਬੁਰਜੂਆ ਬੁੱਧੀਮਾਨਾਂ ਦੇ ਪ੍ਰਤੀਨਿਧ ਸ਼ਾਮਲ ਹਨ। ਕਿਰਤੀ ਜਨਤਾ ਨੂੰ ਧੋਖਾ ਦੇਣ ਲਈ ਉਹਨਾਂ ਆਪਣੇ ਆਪ ਨੂੰ "ਜਨਤਾ ਦੀ ਅਜ਼ਾਦੀ ਦੀ ਪਾਰਟੀ" ਕਿਹਾ ਪਰ ਅਸਲ ਵਿਚ ਉਹ ਵਿਧਾਨਕ ਬਾਦਸ਼ਾਹੀ ਦੀ ਮੰਗ ਕਰਨ ਤੋਂ ਅੱਗੇ ਨਾ ਗਏ। ਪਹਿਲੇ ਸੰਸਾਰ ਯੁੱਧ ਵਿੱਚ ਕੈਡੇਟਾਂ ਨੇ ਸਰਗਰਮੀ ਨਾਲ਼ ਜ਼ਾਰਸ਼ਾਹੀ ਹਕੂਮਤ ਦੀ ਲੋਟੂ ਨੀਤੀ ਦੀ ਹਮਾਇਤ ਕੀਤੀ। ਫ਼ਰਵਰੀ ਦੇ ਬੁਰਜੂਆ–ਜਮਹੂਰੀ ਇਨਕਲਾਬ ਸਮੇਂ ਉਹਨਾਂ ਬਾਦਸ਼ਾਹੀ ਨੂੰ ਬਚਾਉਣ ਦਾ ਯਤਨ ਕੀਤਾ। ਆਰਜ਼ੀ ਹਕੂਮਤ ਵਿੱਚ ਮੁਖੀ ਪਦਵੀਆਂ ਉੱਤੇ ਸਥਾਪਤ ਕੈਡਿਟ ਜਨਤਾ ਵਿਰੋਧੀ, ਉਲਟ–ਇਨਕਲਾਬੀ ਨੀਤੀ ਉੱਤੇ ਚੱਲੇ। ਅਕਤੂਬਰ ਇਨਕਲਾਬ ਦੀ ਜਿੱਤ ਤੋਂ ਪਿੱਛੋਂ ਕੈਡਿਟਾਂ ਦਾ ਵਤੀਰਾ ਸੋਵੀਅਤ ਸੱਤ੍ਹਾ ਦੇ ਅਤਿ ਕੱਟੜ ਦੁਸ਼ਮਣਾਂ ਵਾਲ਼ਾ ਸੀ ਅਤੇ ਉਹਨਾਂ ਸਭਨਾਂ ਉਲਟ–ਇਨਕਲਾਬੀ ਅਮਲਾਂ ਵਿੱਚ ਅਤੇ ਦਖ਼ਲ–ਅੰਦਾਜ਼ਾਂ ਦੀਆਂ ਮੁਹਿੰਮਾਂ ਵਿੱਚ ਸਰਗਰਮ ਹਿੱਸਾ ਲਿਆ।

ਸਫ਼ਾ–23

25. **ਅਸੂਲੀ ਤੌਰ 'ਤੇ ਵਿਰੋਧੀ-ਦਲ** — ਜਰਮਨ "ਖੱਬ-ਪੱਖੀ ਕਮਿਊਨਿਸਟਾਂ" ਦੀ ਇੱਕ ਟੋਲੀ ਜਿਹੜੀ ਅਰਾਜਕਤਾਵਾਦੀ-ਸੰਘਵਾਦੀ ਵਿਚਾਰਾਂ ਦੀ ਹਮਾਇਤ ਕਰਦੀ ਸੀ। ਜਰਮਨੀ ਦੀ ਕਮਿਊਨਿਸਟ ਪਾਰਟੀ ਦੀ ਹੀਡਲਬਰਗ ਵਿਖੇ ਅਕਤੂਬਰ 1919 ਹੋਈ ਦੂਜੀ ਕਾਂਗਰਸ ਨੇ ਇਸ ਵਿਰੋਧੀ ਦਲ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ; ਕਢੇ ਗਏ ਮੈਂਬਰਾਂ ਨੇ ਅਪ੍ਰੈਲ 1920 ਵਿਚ ਜਰਮਨੀ ਦੀ ਕਮਿਊਨਿਸਟ ਮਜ਼ਦੂਰ ਪਾਰਟੀ ਸਥਾਪਤ ਕੀਤੀ। ਨਵੰਬਰ 1920 ਵਿੱਚ ਜਰਮਨੀ ਵਿੱਚ ਸਭਨਾਂ ਕਮਿਊਨਿਸਟ ਸ਼ਕਤੀਆਂ ਦਾ ਇੱਕ ਹੋਣਾ ਸੌਖਾ ਬਣਾਉਣ ਲਈ ਅਤੇ ਜਰਮਨੀ ਦੀ ਕਮਿਊਨਿਸਟ ਮਜ਼ਦੂਰ ਪਾਰਟੀ ਦੇ ਸਰਵਉੱਤਮ ਅੰਸ਼ਾਂ ਦੀਆਂ ਇੱਛਾਵਾਂ ਪੂਰੀਆਂ ਕਰਨ ਲਈ ਇਸ ਵਿਰੋਧੀ ਦਲ ਨੂੰ ਇੱਕ ਹਮਦਰਦ ਮੈਂਬਰ ਵਜੋਂ ਕੁਮਿਨਟਰਨ ਵਿੱਚ ਲੈ ਲਿਆ ਗਿਆ। ਪਰ ਕੁਮਿਨਟਰਨ ਦੀ ਕਾਰਜ-ਕਾਰੀ ਕਮੇਟੀ ਜਰਮਨੀ ਦੀ ਸੰਯੁਕਤ ਕਮਿਊਨਿਸਟ ਪਾਰਟੀ ਨੂੰ ਹੀ ਅਧਿਕਾਰੀ ਭਾਗ ਸਮਝਦੀ ਸੀ। ਜਦੋਂ ਜਰਮਨੀ ਦੀ ਮਜ਼ਦੂਰ ਕਮਿਊਨਿਸਟ ਪਾਰਟੀ ਨੂੰ ਕੁਮਿਨਟਰਨ ਵਿੱਚ ਸ਼ਾਮਲ ਕੀਤਾ ਗਿਆ ਤਾਂ ਇਹ ਸ਼ਰਤ ਲਾਈ ਗਈ ਸੀ ਕਿ ਇਹ ਜਰਮਨੀ ਦੀ ਸੰਯੁਕਤ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋ ਜਾਵੇ ਅਤੇ ਚੋਣਾਂ ਵਿੱਚ ਉਹਦੀ ਹਮਾਇਤ ਕਰੇ। ਪਰ ਕਮਿਊਨਿਸਟ ਮਜ਼ਦੂਰ ਪਾਰਟੀ ਦੀ ਲੀਡਰਸ਼ਿਪ ਨੇ ਕੁਮਿਨਟਰਨ ਦੀ ਕਾਰਜ-ਕਾਰੀ ਕਮੇਟੀ ਦੀਆਂ ਹਦਾਇਤਾਂ ਉੱਤੇ ਅਮਲ ਨਾ ਕੀਤਾ। ਅਜੇ ਤੱਕ ਜਰਮਨੀ ਦੀ ਕਮਿਊਨਿਸਟ ਮਜ਼ਦੂਰ ਪਾਰਟੀ ਦੇ ਪਿੱਛੇ ਚੱਲਣ ਵਾਲ਼ੇ ਕਿਰਤੀਆਂ ਨੂੰ ਜਿੱਤਣ ਦੇ ਘੋਲ਼ ਵਿੱਚ ਸਫ਼ਲਤਾ ਪ੍ਰਾਪਤ ਕਰਨ ਲਈ ਕੁਮਿਨਟਰਨ ਦੀ ਤੀਜੀ ਕਾਂਗਰਸ (ਜੂਨ-ਜੁਲਾਈ 1921) ਨੇ ਜਰਮਨੀ ਦੀ ਕਮਿਊਨਿਸਟ ਮਜ਼ਦੂਰ ਪਾਰਟੀ ਨੂੰ ਆਪਣੀ ਕਾਂਗਰਸ ਸੱਦਣ ਅਤੇ ਇੱਕਮੁੱਠ ਹੋਣ ਸਬੰਧੀ ਫੈਸਲਾ ਕਰਨ ਲਈ ਦੋ ਮਹੀਨੇ ਦੀ ਮੁਹਲਤ ਦਿੱਤੀ। ਜਰਮਨੀ ਦੀ ਕਮਿਊਨਿਸਟ ਮਜ਼ਦੂਰ ਪਾਰਟੀ ਦੀ ਲੀਡਰਸ਼ਿਪ ਨੇ ਤੀਜੀ ਕਾਂਗਰਸ ਦੇ ਇਸ ਫ਼ੈਸਲੇ ਉੱਤੇ ਅਮਲ ਨਾ ਕੀਤਾ ਅਤੇ ਇਹਨੂੰ ਕੁਮਿਨਟਰਨ ਵਿੱਚੋਂ ਬਾਹਰ ਕੱਢ ਦਿੱਤਾ ਗਿਆ। ਪਿਛੋਂ ਜਾ ਕੇ ਜਰਮਨੀ ਦੀ ਕਮਿਊਨਿਸਟ ਮਜ਼ਦੂਰ ਪਾਰਟੀ ਨਿੱਘਰ ਕੇ ਸੰਕੀਰਣ ਲੋਕਾਂ ਦੀ ਇੱਕ ਟੋਲੀ ਬਣ ਗਈ, ਜਿਸਨੂੰ ਕਿਰਤੀਆਂ ਦੀ ਹਮਾਇਤ ਉੱਕਾ ਹੀ ਪ੍ਰਾਪਤ ਨਹੀਂ ਸੀ।

ਸਫ਼ਾ-23

26. **ਵੋਲਾਪਯੁਕ** —1880 ਵਿੱਚ ਜੋਹਾਨ ਸ਼ਲੇਯਰ ਵੱਲੋਂ ਘੜ੍ਹੀ ਇੱਕ ਨਕਲੀ ਬੋਲੀ।

ਸਫ਼ਾ-26

27. **ਤੀਜੀ ਇੰਟਰਨੈਸ਼ਨਲ, ਕਮਿਊਨਿਸਟ ਇੰਟਰਨੈਸ਼ਨਲ** — ਇੱਕ ਕੌਮਾਂਤਰੀ ਇਨਕਲਾਬੀ ਪ੍ਰੋਲਤਾਰੀ ਜਥੇਬੰਦੀ, ਵੱਖ ਵੱਖ ਦੇਸ਼ਾਂ ਦੀਆਂ ਕਮਿਊਨਿਸਟ ਪਾਰਟੀਆਂ ਦਾ ਏਕਾ, ਜੋ 1919 ਤੋਂ 1943 ਤੱਕ ਹੋਂਦ ਵਿੱਚ ਰਿਹਾ।

ਪਹਿਲੇ ਸੰਸਾਰ ਯੁੱਧ ਦੇ ਸ਼ੁਰੂ ਵਿੱਚ ਦੂਜੀ ਇੰਟਰਨੈਸ਼ਨਲ ਦੇ ਮੌਕਾ-ਪ੍ਰਸਤ ਲੀਡਰਾਂ ਵੱਲੋਂ ਸੋਸ਼ਲਿਜ਼ਮ ਦੇ ਆਸ਼ੇ ਨਾਲ਼ ਵਿਸਾਹ-ਘਾਤ ਕਾਰਨ ਕਿਰਤੀ ਸ਼੍ਰੇਣੀ ਲਹਿਰ ਵਿੱਚ

ਪਈ ਫੁੱਟ ਅਤੇ ਦੂਜੀ ਇੰਟਰਨੈਸ਼ਨਲ ਦੇ ਨਿਘਾਰ ਕਾਰਨ ਇਨਕਲਾਬੀ ਪ੍ਰੋਲਤਾਰੀ ਪਾਰਟੀਆਂ ਦਾ ਤੀਜੀ ਇੰਟਰਨੈਸ਼ਨਲ ਵਿੱਚ ਇੱਕ ਹੋਣਾ ਇੱਕ ਇਤਿਹਾਸਕ ਲੋੜ ਬਣ ਗਿਆ।

ਤੀਜੀ ਇੰਟਰਨੈਸ਼ਨਲ ਮਾਰਚ 1919 ਵਿੱਚ ਮਾਸਕੋ ਵਿਖੇ ਹੋਈ ਪਹਿਲੀ ਕਾਂਗਰਸ ਵਿੱਚ ਸਥਾਪਤ ਕੀਤੀ ਗਈ।

ਕਮਿਊਨਿਸਟ ਇੰਟਰਨੈਸ਼ਨਲ ਨੇ ਸਭਨਾਂ ਦੇਸ਼ਾਂ ਦੇ ਕਿਰਤੀ ਲੋਕਾਂ ਵਿਚਕਾਰ ਸਬੰਧ ਮੁੜ ਸਥਾਪਤ ਅਤੇ ਪੱਕੇ ਕੀਤੇ, ਇਹਨੇ ਕੌਮਾਂਤਰੀ ਕਿਰਤੀ-ਸ਼੍ਰੇਣੀ ਲਹਿਰ ਵਿੱਚ ਮੌਕਾ-ਪ੍ਰਸਤੀ ਦਾ ਪਾਜ ਉਘੇੜਨ ਦੇ ਅਮਲ ਨੂੰ, ਨਵੀਂਆਂ-ਬਣੀਆਂ ਕਮਿਊਨਿਸਟ ਪਾਰਟੀਆਂ ਦੇ ਮਜ਼ਬੂਤ ਹੋਣ ਨੂੰ, ਕੌਮਾਂਤਰੀ ਕਮਿਊਨਿਸਟ ਲਹਿਰ ਦੀ ਯੁੱਧ-ਨੀਤੀ ਅਤੇ ਦਾਅ-ਪੇਚਾਂ ਦੇ ਵਿਸਥਾਰਨ ਦੇ ਅਮਲ ਨੂੰ ਤਿੱਖਾ ਕੀਤਾ।

ਇਸ ਗੱਲ ਨੂੰ ਮੁੱਖ ਰੱਖਦਿਆਂ ਕਿ ਉਸ ਸਮੇਂ ਤੱਕ ਲੰਘੇ ਇਤਿਹਾਸਕ ਪੜਾਅ ਦੀ ਅਨੁਸਾਰੀ ਕਿਰਤੀਆਂ ਨੂੰ ਇੱਕਮੁੱਠ ਕਰਨ ਦਾ ਇਤਿਹਾਸਕ ਰੂਪ ਆਪਣਾ ਸਮਾਂ ਵਿਹਾ ਚੁੱਕਾ ਹੈ, ਮਈ 1943 ਵਿੱਚ ਕੁਮਿਨਟਰਨ ਦੀ ਕਾਰਜ-ਕਾਰੀ ਕਮੇਟੀ ਨੇ ਕਮਿਊਨਿਸਟ ਇੰਟਰਨੈਸ਼ਨਲ ਨੂੰ ਖ਼ਤਮ ਕਰਨ ਦਾ ਫੈਸਲਾ ਕੀਤਾ।

ਸਫ਼ਾ-27

28. **"ਹਰਕੁਲੀਸ ਦੇ ਥੰਮ੍ਹਾਂ ਤੱਕ ਅੱਪੜਨਾ"** ਦੇ ਅਰਥ ਹਨ ਅਤਿ ਤੱਕ ਚਲੇ ਜਾਣਾ, ਕਿਸੇ ਗੱਲ ਸਬੰਧੀ ਹੱਦੋਂ ਵੱਧ ਅਤਿ-ਕਥਨੀ ਤੋਂ ਕੰਮ ਲੈਣਾ। ਯੂਨਾਨੀ ਦੇਵ-ਮਾਲਾ ਅਨੁਸਾਰ ਹਰਕੁਲੀਸ ਦੇ ਥੰਮ੍ਹ ਹਰਕੁਲੀਸ ਨੇ ਉਸਾਰੇ ਸਨ ਅਤੇ ਪ੍ਰਾਚੀਨ ਯੂਨਾਨੀਆਂ ਦੇ ਵਿਚਾਰ ਅਨੁਸਾਰ ਉੱਥੇ ਜਾ ਕੇ ਦੁਨੀਆ ਦਾ ਅੰਤ ਹੋ ਜਾਂਦਾ ਸੀ ਅਤੇ ਉਹਨਾਂ ਤੋਂ ਅੱਗੇ ਕੋਈ ਰਾਹ ਨਹੀਂ ਸੀ।

ਸਫ਼ਾ-28

29. ਇੱਥੇ ਇਸ਼ਾਰਾ ਹੈ 1895 ਵਿੱਚ ਵ. ਇ. ਲੈਨਿਨ ਵੱਲੋਂ ਸਥਾਪਤ ਕੀਤੀ **"ਕਿਰਤੀ ਸ਼੍ਰੇਣੀ ਦੀ ਮੁਕਤੀ ਦੇ ਘੋਲ਼ ਲਈ ਲੀਗ"**। "ਘੋਲ਼ ਲਈ ਲੀਗ" ਵਿੱਚ ਸੇਂਟ ਪੀਟਰਜ਼ਬਰਗ ਦੀਆਂ ਲਗਭਗ 20 ਮਾਰਕਸਵਾਦੀ ਟੋਲੀਆਂ ਸ਼ਾਮਲ ਹੋਈਆਂ। ਇਹਦੀ ਮੁਖੀ "ਕੇਂਦਰੀ ਟੋਲੀ" ਸੀ। ਫ਼ੌਰੀ ਲੀਡਰਸ਼ਿਪ ਟੋਲੀ ਦੇ ਪੰਜ ਮੈਂਬਰਾਂ ਦੇ ਹੱਥ ਵਿੱਚ ਕੇਂਦਰਿਤ ਸੀ, ਜਿਨ੍ਹਾਂ ਦੇ ਮੁਖੀ ਲੈਨਿਨ ਸਨ। ਜਥੇਬੰਦੀ ਨੂੰ ਜ਼ਿਲ੍ਹਾ ਟੋਲੀਆਂ ਵਿੱਚ ਵੰਡਿਆ ਗਿਆ ਸੀ। ਅੱਗੇ-ਵਧੂ, ਇਮਾਨਦਾਰ ਕਾਰਕੁਨ (ਈ. ਵ. ਬਾਬੁਸ਼ਕਿਨ, ਵ.ਅ. ਸ਼ੇਲਗੂਨੋਵ ਅਤੇ ਹੋਰ) ਇਹਨਾਂ ਟੋਲੀਆਂ ਨੂੰ ਕਾਰਖਾਨਿਆਂ ਨਾਲ਼ ਜੋੜਦੇ।

ਜਿਹਾ ਕਿ ਲੈਨਿਨ ਨੇ ਲਿਖਿਆ, "ਸੈਂਟ ਪੀਟਰਜ਼ਬਰਗ ਦੀ ਕਿਰਤੀ ਸ਼੍ਰੇਣੀ ਦੀ ਮੁਕਤੀ ਦੇ ਘੋਲ਼ ਦੀ ਲੀਗ" ਕਿਰਤੀ-ਸ਼੍ਰੇਣੀ ਲਹਿਰ ਉੱਤੇ ਟੇਕ ਰੱਖਣ ਵਾਲ਼ੀ ਅਤੇ ਪ੍ਰੋਲਤਾਰੀ ਦੇ ਸ਼੍ਰੇਣੀ ਘੋਲ਼ ਦੀ ਅਗਵਾਈ ਕਰਨ ਵਾਲ਼ੀ ਇਨਕਲਾਬੀ ਪਾਰਟੀ ਦਾ ਭਰੂਣ ਰੂਪ ਸੀ।

ਸਫ਼ਾ–29

30. **ਤਰੁਦੋਵਿਕ** — ਰਾਜ ਦੂਮਾ ਵਿੱਚ ਨਿੱਕ-ਬੁਰਜੂਆ ਜਮਹੂਰੀਅਤ-ਪਸੰਦਾਂ ਦੀ ਇੱਕ ਟੋਲੀ, ਜਿਸ ਵਿੱਚ ਨਾਰੋਦਵਾਦੀ ਕਿਸਮ ਦੇ ਕਿਸਾਨ ਅਤੇ ਬੁੱਧੀਮਾਨ ਸ਼ਾਮਲ ਹਨ।

ਸਫ਼ਾ–30

31. 1917 ਦੇ ਫਰਵਰੀ ਦੇ ਬੁਰਜੂਆ-ਜਮਹੂਰੀ ਇਨਕਲਾਬ ਤੋਂ ਲੈ ਕੇ 1919 ਤੱਕ ਅਤੇ 1919 ਸਮੇਤ ਪਾਰਟੀ ਦੇ ਮੈਂਬਰਾਂ ਦੀ ਗਿਣਤੀ ਇਸ ਪ੍ਰਕਾਰ ਬਦਲੀ: 1917 ਵਿੱਚ ਰੂਸੀ ਸੋਸ਼ਲ-ਡੈਮੋਕਰੈਟਿਕ ਲੇਬਰ ਪਾਰਟੀ ਦੀ ਸਤਵੀਂ (ਅਪ੍ਰੈਲ) ਕਾਨਫ਼ਰੰਸ ਸਮੇਂ 80,000 ਮੈਂਬਰ, ਰੂਸੀ ਸੋਸ਼ਲ-ਡੈਮੋਕਰੈਟਿਕ ਲੇਬਰ ਪਾਰਟੀ (ਬਾਲਸ਼ਵਿਕ) ਦੀ ਛੇਵੀ ਕਾਂਗਰਸ (ਜੁਲਾਈ-ਅਗਸਤ 1917) — ਲਗਭਗ 2,40,000, ਰੂਸੀ ਕਮਿਊਨਿਸਟ ਪਾਰਟੀ (ਬਾਲਸ਼ਵਿਕ) ਦੀ ਸਤਵੀਂ ਕਾਂਗਰਸ (ਮਾਰਚ 1918) – 3,00,000 ਤੋਂ ਘੱਟ ਨਹੀਂ; ਰੂਸੀ ਕਮਿਊਨਿਸਟ ਪਾਰਟੀ (ਬਾਲਸ਼ਵਿਕ) ਦੀ ਅਠੱਵੀਂ ਕਾਂਗਰਸ (ਮਾਰਚ 1919)– 3,13,766 ਮੈਂਬਰ।

ਸਫ਼ਾ–31

32. ਇੱਥੇ ਇਸ਼ਾਰਾ ਹੈ ਰੂਸੀ ਕਮਿਊਨਿਸਟ ਪਾਰਟੀ (ਬਾਲਸ਼ਵਿਕ) ਦੀ ਅੱਠਵੀਂ ਕਾਂਗਰਸ ਦੇ ਫੈਸਲੇ ਅਨੁਸਾਰ ਪਾਰਟੀ ਦੇ ਮੈਂਬਰਾਂ ਦੀ ਗਿਣਤੀ ਵਿੱਚ ਵਾਧਾ ਕਰਨ ਲਈ ਮਨਾਏ ਗਏ ਪਾਰਟੀ ਹਫ਼ਤੇ ਵੱਲ। ਇਹ ਵਿਦੇਸ਼ੀ ਫ਼ੌਜੀ ਦਖ਼ਲ ਅਤੇ ਘਰੋਗੀ ਉਲਟ-ਇਨਕਲਾਬ ਵਿਰੁੱਧ ਸੋਵੀਅਤ ਲੋਕਾਂ ਦੇ ਜ਼ਬਰਦਸਤ ਘੋਲ਼ ਦਾ ਸਮਾਂ ਸੀ। ਪਾਰਟੀ ਜਥੇਬੰਦੀਆਂ ਨੇ ਅਗਸਤ-ਨਵੰਬਰ 1919 ਵਿਚ ਪਾਰਟੀ ਹਫ਼ਤਾ ਮਨਾਇਆ। ਰੂਸੀ ਸੋਵੀਅਤ ਫ਼ੈਡਰੇਟਿਵ ਸੋਸ਼ਲਿਸਟ ਰੀਪਬਲਿਕ ਦੇ 34 ਗੁਬਰਨੀਆਂ ਵਿੱਚ ਮਨਾਏ ਗਏ ਪਾਰਟੀ ਹਫ਼ਤੇ ਇਹਦੇ ਸਿੱਟੇ ਵਜੋਂ 2,00,000 ਲੋਕ ਪਾਰਟੀ ਵਿਚ ਸ਼ਾਮਲ ਹੋਏ, ਇਹਨਾਂ ਵਿੱਚੋਂ ਵਧੇਰੇ ਕਿਰਤੀ ਸਨ। ਮੋਰਚਿਆਂ ਉੱਤੇ ਫ਼ੌਜ ਅਤੇ ਸਮੁੰਦਰੀ ਫ਼ੌਜ ਦੇ ਅਮਲੇ ਦਾ ਲਗਭਗ 25 ਫ਼ੀਸਦੀ ਪਾਰਟੀ ਵਿੱਚ ਸ਼ਾਮਲ ਕਰ ਲਿਆ ਗਿਆ। ਲੈਨਿਨ ਨੇ ਲਿਖਿਆ ਕਿ ਜਿਹੜੇ ਕਿਰਤੀ ਅਤੇ ਕਿਸਾਨ ਅਜਿਹੀ ਨਾਜ਼ਕ ਘੜੀ ਪਾਰਟੀ ਵਿੱਚ ਸ਼ਾਮਲ ਹੋਏ ਹਨ, ਉਹ "ਇਨਕਲਾਬੀ ਪ੍ਰੋਲਤਾਰੀ ਅਤੇ ਕਿਸਾਨੀ ਦੇ ਲੁੱਟ-ਚੋਂਘ ਨਾ ਕਰਨ ਵਾਲ਼ੇ ਹਿੱਸੇ ਦੇ ਲੀਡਰਾਂ ਦਾ ਇੱਕ ਸ਼ਾਨਦਾਰ ਅਤੇ ਭਰੋਸੇਯੋਗ ਸਮੂਹ" ਹਨ।

ਸਫ਼ਾ–32

33. ਵਿਧਾਨ-ਘੜ੍ਹਨੀ ਸਭਾ 5 ਜਨਵਰੀ 1918 ਨੂੰ ਹੋਂਦ ਵਿੱਚ ਆਈ। ਇਹਦੀਆਂ ਚੋਣਾਂ ਅਕਤੂਬਰ ਇਨਕਲਾਬ ਤੋਂ ਪਹਿਲਾਂ ਦੀਆਂ ਸੂਚੀਆਂ ਅਨੁਸਾਰ ਹੋਈਆਂ ਸਨ, ਇਸ ਲਈ ਇਹਦੀ ਬਣਤਰ ਸ਼ਕਤੀਆਂ ਦੇ ਉਸ ਸਮੇਂ ਦੇ ਪਰਸਪਰ ਸਬੰਧਾਂ ਨੂੰ ਪ੍ਰਗਟ ਕਰਦੀ ਸੀ ਜਦੋਂ ਸੱਤ੍ਹਾ ਬੁਰਜੂਆਜ਼ੀ ਦੇ ਹੱਥ ਸੀ। ਸੋਵੀਅਤ ਸੱਤ੍ਹਾ ਦੀ ਹਮਾਇਤ ਕਰਨ ਵਾਲ਼ੀ ਜਨਤਾ ਦੀ ਭਾਰੀ ਬਹੁ-ਗਿਣਤੀ ਅਤੇ ਵਿਧਾਨ-ਘੜ੍ਹਨੀ ਸਭਾ ਵਿੱਚ ਸੋਸ਼ਲਿਸਟ-ਇਨਕਲਾਬੀ-ਮੈਨਸ਼ਵਿਕ-ਕੈਡਿਟ ਬਹੁ-ਗਿਣਤੀ ਵੱਲੋਂ ਅਪਣਾਈ ਨੀਤੀ ਵਿਚਕਾਰ

ਪਾੜ ਪੈਦਾ ਹੋ ਗਿਆ, ਬਹੁ-ਗਿਣਤੀ ਬੁਰਜੂਆਜ਼ੀ ਅਤੇ ਜਗੀਰਦਾਰਾਂ ਦੇ ਹਿੱਤਾਂ ਦੀ ਰਾਖੀ ਕਰਦੀ ਸੀ। ਕਿਉਂਕਿ ਵਿਧਾਨ-ਘੜ੍ਹਨੀ ਅਸੈਂਬਲੀ ਨੇ "ਕਿਰਤੀ ਅਤੇ ਪਸਿਤੇ ਲੋਕਾਂ ਦੇ ਹੱਕਾਂ ਦੇ ਐਲਾਨ" ਉੱਤੇ ਵਿਚਾਰ ਕਰਨੋਂ ਅਤੇ ਅਮਨ, ਜ਼ਮੀਨ ਅਤੇ ਸੱਤ੍ਹਾ ਸੋਵੀਅਤਾਂ ਨੂੰ ਦਿੱਤੇ ਜਾਣ ਸਬੰਧੀ ਸੋਵੀਅਤਾਂ ਦੀ ਦੂਜੀ ਕਾਂਗਰਸ ਦੇ ਫ਼ਰਮਾਨਾਂ ਦੀ ਮਨਜ਼ੂਰੀ ਦੇਣੋਂ ਇਨਕਾਰ ਕਰ ਦਿੱਤਾ, 6(19) ਜਨਵਰੀ 1918 ਨੂੰ ਕੁੱਲ-ਰੂਸ ਕੇਂਦਰੀ ਕਾਰਜ-ਕਾਰੀ ਕਮੇਟੀ ਦੇ ਫ਼ੈਸਲੇ ਅਨੁਸਾਰ ਇਹਨੂੰ ਤੋੜ ਦਿੱਤਾ ਗਿਆ।

ਸਫ਼ਾ-36

34. ਵੇਖੋ ਕਾਰਲ ਮਾਰਕਸ ਦੇ ਨਾਂ 7 ਅਕਤੂਬਰ 1858 ਦਾ ਏਂਗਲਜ਼ ਦਾ ਖ਼ਤ।

ਸਫ਼ਾ-37

35. **ਐਨਤੇਂਤੇ** — ਸਾਮਰਾਜੀ ਰਿਆਸਤਾਂ (ਬਰਤਾਨੀਆ, ਫਰਾਂਸ ਅਤੇ ਰੂਸ) ਦਾ ਦਲ ਜਿਹੜਾ ਅੰਤ 1907 ਵਿੱਚ ਹੋਂਦ ਵਿੱਚ ਆਇਆ। ਇਹਦਾ ਰੁਖ਼ ਤ੍ਰਿਕੜੀ ਏਕੇ (ਜਰਮਨੀ, ਆਸਟਰੀਆ-ਹੰਗਰੀ ਅਤੇ ਇਟਲੀ) ਵਿਰੁੱਧ ਸੀ। ਪਹਿਲੇ ਦਲ ਦਾ ਨਾਂ ਉਸ ਬਰਤਾਨਵੀਂ-ਫ਼ਰਾਸੀਸੀ ਸਮਝੌਤੇ (ਐਨਤੇਂਤੇ ਕਾਰਦੀਆਲ) ਦੇ ਨਾਂ ਉੱਤੇ ਪਿਆ, ਜਿਸ ਉੱਤੇ 1904 ਵਿਚ ਦਸਤਖ਼ਤ ਕੀਤੇ ਗਏ। ਪਹਿਲੇ ਸੰਸਾਰ ਯੁੱਧ ਸਮੇਂ ਸੰਯੁਕਤ ਰਾਜ ਅਮਰੀਕਾ, ਜਾਪਾਨ ਅਤੇ ਹੋਰ ਦੇਸ਼ ਐਨਤੇਂਤੇ ਵਿੱਚ ਸ਼ਾਮਲ ਹੋ ਗਏ। ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿੱਛੋਂ ਦਲ ਵਿੱਚ ਸ਼ਾਮਲ ਮੁਖ ਸ਼ਕਤੀਆਂ — ਬਰਤਾਨੀਆਂ, ਫ਼ਰਾਂਸ, ਸੰਯੁਕਤ ਰਾਜ ਅਮਰੀਕਾ ਅਤੇ ਜਾਪਾਨ — ਨੇ ਸੋਵੀਅਤ ਰੂਸ ਵਿਰੁੱਧ ਹਥਿਆਰਬੰਦ ਘੋਲ਼ ਉਤਸਾਹਤ ਅਤੇ ਜਥੇਬੰਦ ਕੀਤਾ ਅਤੇ ਉਸ ਵਿੱਚ ਸ਼ਾਮਲ ਹੋਈਆਂ।

ਸਫ਼ਾ-38

36. **"ਸੰਸਾਰ ਦੇ ਸਨਅਤੀ ਕਾਮੇ"** Industrial workers of the world óI. W. W. ਅਮਰੀਕਾ ਦੀ ਇੱਕ ਟਰੇਡ ਯੂਨੀਅਨ ਜਥੇਬੰਦੀ ਜਿਹੜੀ 1905 ਵਿੱਚ ਸਥਾਪਤ ਕੀਤੀ ਗਈ ਅਤੇ ਜਿਸ ਵਿੱਚ ਮੁੱਖ ਤੌਰ 'ਤੇ ਗ਼ੈਰ-ਕਾਰੀਗਰ ਅਤੇ ਘੱਟ ਉਜਰਤ ਵਾਲ਼ੇ ਕਿਰਤੀ ਮੈਂਬਰ ਬਣਾਏ ਜਾਂਦੇ ਸਨ। ਇਸ ਜਥੇਬੰਦੀ ਨੇ ਕਈ ਸਫ਼ਲ ਵੱਡੀਆਂ ਹੜਤਾਲਾਂ ਲੜੀਆਂ ਅਤੇ ਅਮੈਰੀਕਨ ਫ਼ੈਡਰੇਸ਼ਨ ਆਫ਼ ਲੇਬਰ ਅਤੇ ਸੱਜੇ-ਪੱਖੀ ਸੋਸ਼ਲਿਸਟਾਂ ਦੇ ਸੁਧਾਰਵਾਦੀ ਲੀਡਰਾਂ ਵੱਲੋਂ ਅਪਣਾਈ ਨੀਤੀ ਵਿਰੁੱਧ ਘੋਲ਼ ਕੀਤਾ। ਪਹਿਲੇ ਸੰਸਾਰ ਯੁੱਧ ਸਮੇਂ ਇਹਨੇ ਫ਼ੈਡਰੇਸ਼ਨ ਆਫ਼ ਲੇਬਰ ਦੀ ਸ਼ਮੂਲੀ ਨਾਲ਼ ਜਨਤਕ ਪੱਧਰ ਦੇ ਯੁੱਧ-ਵਿਰੋਧੀ ਕਦਮ ਚੁੱਕੇ। ਇਹਦੇ ਕੁਝ ਲੀਡਰਾਂ ਉ. ਹੈਵੂਡ ਅਤੇ ਹੋਰ) ਨੇ ਰੂਸ ਵਿੱਚ ਅਕਤੂਬਰ ਇਨਕਲਾਬ ਦਾ ਸਵਾਗਤ ਕੀਤਾ ਅਤੇ ਅਮਰੀਕੀ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋ ਗਏ। ਪਰ ਇਸ ਜਥੇਬੰਦੀ ਦੀਆਂ ਸਰਗਰਮੀਆਂ ਵਿੱਚ ਅਰਾਜਕਤਾਵਾਦ-ਸੰਘਵਾਦ ਦੇ ਅੰਸ਼ ਸਨ: ਇਹ ਪ੍ਰੋਲਤਾਰੀ ਦੇ ਰਾਜਸੀ ਘੋਲ਼ ਦੀ ਲੋੜ ਨੂੰ ਕਬੂਲ ਨਹੀਂ ਸੀ ਕਰਦੀ, ਅਮੈਰੀਕਨ ਫ਼ੈਡਰੇਸ਼ਨ ਆਫ ਲੇਬਰ ਨਾਲ਼ ਸਬੰਧਤ ਟਰੇਡ ਯੂਨੀਅਨਾਂ ਦੇ ਮੈਂਬਰਾਂ ਵਿੱਚ ਕੰਮ ਕਰਨ ਤੋਂ ਇਨਕਾਰੀ ਸੀ, ਆਦਿ। ਪਿੱਛੋਂ ਜਾ

ਕੇ ਇਹ ਜਥੇਬੰਦੀ ਇੱਕ ਸੰਕੀਰਣ ਵਿਚਾਰਾਂ ਵਾਲ਼ੀ ਸੰਸਥਾ ਬਣ ਗਈ ਅਤੇ ਕਿਰਤੀਆਂ ਵਿੱਚ ਇਸਦਾ ਅਸਰ ਰਸੂਖ਼ ਖਤਮ ਹੋ ਗਿਆ।

ਸਫ਼ਾ–39

37. 30 ਦਸੰਬਰ 1918 ਨੂੰ ਹੋਈ ਜਰਮਨੀ ਦੀ ਕਮਿਊਨਿਸਟ ਪਾਰਟੀ ਦੀ ਕਾਂਗਰਸ ਨੇ ਕੌਮੀ ਅਸੈਂਬਲੀ ਦੀਆਂ ਚੋਣਾਂ ਦੇ ਮਸਲੇ ਉੱਤੇ ਵਿਚਾਰ ਕੀਤੀ। ਕਾਰਲ ਲੀਬਕਨਖ਼ਤ ਅਤੇ ਰੋਜ਼ਾ ਲੁਕਸਮਬਰਗ ਚੋਣਾਂ ਵਿੱਚ ਹਿੱਸਾ ਲੈਣ ਦੇ ਹੱਕ ਵਿੱਚ ਸਨ ਅਤੇ ਉਹਨਾਂ ਜਨਤਾ ਵਿਚ ਇਨਕਲਾਬੀ ਨਾਹਰੇ ਲੋਕ–ਪ੍ਰਿਅ ਬਣਾਉਣ ਲਈ ਪਾਰਲੀਮਾਨੀ ਮੰਚ ਦੀ ਵਰਤੋਂ ਦੀ ਲੋੜ ਸਾਬਤ ਕਰਨ ਦਾ ਯਤਨ ਕੀਤਾ। ਪਰ ਕਾਂਗਰਸ ਦੀ ਬਹੁ–ਗਿਣਤੀ ਚੋਣਾਂ ਵਿੱਚ ਹਿੱਸਾ ਲੈਣ ਦੇ ਵਿਰੁੱਧ ਸੀ ਅਤੇ ਉਹਨੇ ਇਸ ਮੱਤ ਦਾ ਇੱਕ ਪ੍ਰਸਤਾਵ ਪ੍ਰਵਾਨ ਕੀਤਾ।

ਸਫ਼ਾ–41

38. 26 ਅਕਤੂਬਰ (8 ਨਵੰਬਰ 1917) ਨੂੰ ਹੋਈ ਸੋਵੀਅਤਾਂ ਦੀ ਦੂਜੀ ਕੁੱਲ ਰੂਸ ਕਾਂਗਰਸ ਦੇ ਜ਼ਮੀਨ ਸਬੰਧੀ ਫ਼ਰਮਾਨ ਪ੍ਰਵਾਨ ਕੀਤਾ, ਜਿਸਨੇ ਜ਼ਮੀਨ ਉੱਤੇ ਜਾਗੀਰਦਾਰਾਂ ਦੇ ਹੱਕ ਖ਼ਤਮ ਕਰ ਦਿੱਤੇ ਅਤੇ ਭੋਂ ਕਿਸਾਨਾਂ ਨੂੰ ਦੇ ਦਿੱਤੀ। ਫ਼ਰਮਾਨ ਵਿੱਚ "ਜ਼ਮੀਨ ਸਬੰਧੀ ਕਿਸਾਨਾਂ ਦੀਆਂ ਹਦਾਇਤਾਂ" ਵੀ ਸ਼ਾਮਲ ਸਨ ਜੋ ਕਿਸਾਨਾਂ ਦੀਆਂ 242 ਸਥਾਨਕ ਹਦਾਇਤਾਂ ਦੇ ਅਧਾਰ ਉੱਤੇ ਤਿਆਰ ਕੀਤੀਆਂ ਗਈਆਂ ਸਨ। ਇਹਦੇ ਵਿੱਚ "ਜ਼ਮੀਨ ਦੀ ਕਿਰਤ ਅਨੁਸਾਰ ਵਰਤੋਂ ਨੂੰ ਸਾਂਵਾ ਕਰਨ" ਸਬੰਧੀ ਸੋਸ਼ਲਿਸਟ–ਇਨਕਲਾਬੀ ਨਾਹਰਾ ਵੀ ਸ਼ਾਮਲ ਸੀ। ਇਸ ਗੱਲ ਦੀ ਵਿਆਖਿਆ ਕਰਦੇ ਹੋਏ ਕਿ ਬਾਲਸ਼ਵਿਕਾਂ ਨੇ, ਜਿਹੜੇ ਪਹਿਲਾਂ ਇਸ ਨਾਹਰੇ ਦੇ ਵਿਰੋਧੀ ਸਨ, ਇਹਨੂੰ ਇਉਂ ਪ੍ਰਵਾਨ ਕੀਤਾ, ਲੈਨਿਨ ਨੇ ਕਿਹਾ, "ਇੱਕ ਜਮਹੂਰੀ ਹਕੂਮਤ ਹੋਣ ਦੇ ਨਾਤੇ ਅਸੀਂ ਜਨਤਕ ਹੇਠਲੀ ਪੱਧਰ ਵੱਲੋਂ ਲਏ ਫ਼ੈਸਲੇ ਨੂੰ ਇੱਕ ਪਾਸੇ ਨਹੀਂ ਛੱਡ ਸਕਦੇ ਭਾਵੇਂ, ਅਸੀਂ ਇਸ ਨਾਲ਼ ਸਹਿਮਤ ਨਾ ਵੀ ਹੋਈਏ... ਜੀਵਨ ਦੀ ਰੌਂ ਵਿੱਚ, ਇਸ ਨਾਹਰੇ ਨੂੰ ਅਮਲ ਵਿੱਚ ਵਰਤਦੇ ਹੋਏ, ਮੌਕੇ ਉੱਤੇ ਪੂਰਤੀ ਕਰਦੇ ਹੋਏ ਕਿਸਾਨ ਆਪ ਸਮਝ ਲੈਣਗੇ ਕਿ ਸੱਚਾਈ ਕਿਸ ਵਿੱਚ ਹੈ।"

ਸਫ਼ਾ–49

39. **ਇਟਲੀ ਦੀ ਸੋਸ਼ਲਿਸ਼ਟ ਪਾਰਟੀ** 1892 ਵਿੱਚ ਸਥਾਪਤ ਕੀਤੀ ਗਈ। ਇਹਦੀ ਸਥਾਪਤੀ ਦੇ ਸਮੇਂ ਤੋਂ ਹੀ ਇਹਦੇ ਅੰਦਰ ਦੋ ਮੁਹਾਣਾਂ — ਇਨਕਲਾਬੀ ਅਤੇ ਮੌਕਾਪ੍ਰਸਤ — ਵਿਚਕਾਰ ਤਿੱਖਾ ਵਿਚਾਰਧਾਰਕ ਘੋਲ਼ ਜਾਰੀ ਰਿਹਾ। 1912 ਵਿੱਚ ਰੇਗੀਓ ਈਮੀਲੀਆ ਵਿਖੇ ਹੋਈ ਕਾਂਗਰਸ ਵਿੱਚ ਖੱਬੇ–ਪੱਖ ਦੇ ਦਬਾਅ ਹੇਠ ਸਭ ਤੋਂ ਵੱਧ ਖੁੱਲ੍ਹੇ ਸੁਧਾਰਵਾਦੀ ਜਿਹੜੇ ਯੁੱਧ ਅਤੇ ਹਕੂਮਤ ਅਤੇ ਬੁਰਜੂਆਜ਼ੀ ਨਾਲ਼ ਮਿਲਵਰਤਨ ਦੀ ਹਮਾਇਤ ਕਰਦੇ ਸਨ (ਈ. ਬੈਨੋਮੀ, ਲ. ਬਿਸੋਲਾਤੀ ਅਤੇ ਹੋਰ) ਪਾਰਟੀ ਵਿੱਚੋਂ ਕੱਢ ਦਿੱਤੇ ਗਏ। ਪਹਿਲਾਂ ਸੰਸਾਰ ਯੁੱਧ ਸ਼ੁਰੂ ਹੋਣ ਅਤੇ ਇਟਲੀ ਦੇ ਇਸ ਵਿੱਚ ਸ਼ਾਮਲ ਹੋਣ

ਤੱਕ ਇਹ ਪਾਰਟੀ ਯੁੱਧ ਦੀ ਵਿਰੋਧੀ ਸੀ ਅਤੇ ਇਹਨੇ ਨਾਹਰਾ ਦਿੱਤਾ: "ਯੁੱਧ ਦੇ ਵਿਰੁੱਧ, ਨਿਰਪੱਖਤਾ ਲਈ!" ਦਸੰਬਰ1914 ਵਿੱਚ ਸਾਮਰਾਜੀ ਬੁਰਜੂਆਜ਼ੀ ਦੀ ਨੀਤੀ ਦੀ ਹਮਾਇਤ ਕਰਨ ਅਤੇ ਇਟਲੀ ਦੇ ਯੁੱਧ ਵਿੱਚ ਸ਼ਾਮਲ ਹੋਣ ਲਈ ਹਮਾਇਤ ਕਰਨ ਕਾਰਨ ਕੁਝ ਗ਼ੱਦਾਰ (ਮੁਸੋਲਿਨੀ ਅਤੇ ਹੋਰ) ਪਾਰਟੀ ਵਿੱਚੋਂ ਕੱਢ ਦਿੱਤੇ ਗਏ। ਜਦੋਂ ਇਟਲੀ ਐਨਤੇਂਤੇ ਦੇ ਪੱਖ ਵਿੱਚ ਯੁੱਧ ਵਿੱਚ ਸ਼ਾਮਲ ਹੋ ਗਿਆ (ਮਈ 1815) ਤਾਂ ਇਟਲੀ ਦੀ ਸੋਸ਼ਲਿਸਟ ਪਾਰਟੀ ਵਿੱਚ ਤਿੰਨ ਮੁਖ ਮੁਹਾਣ ਸਪੱਸ਼ਟ ਤੌਰ 'ਤੇ ਉੱਭਰ ਕੇ ਸਾਹਮਣੇ ਲਾਏ: 1) ਸੱਜੇ-ਪੱਖੀ, ਜਿਸਨੇ ਯੁੱਧ ਲੜਨ ਵਿੱਚ ਬੁਰਜੂਆਜ਼ੀ ਦੀ ਸਹਾਇਤਾ ਕੀਤੀ, 2) ਕੇਂਦਰਵਾਦੀ, ਪਾਰਟੀ ਦੇ ਮੈਂਬਰਾਂ ਦੀ ਬੁਹ-ਗਿਣਤੀ ਜਿਸਦਾ ਨਾਹਰਾ ਸੀ "ਯੁੱਧ ਵਿੱਚ ਸ਼ਾਮਲ ਨਾ ਹੋਵੇ ਪਰ ਇਹਨੂੰ ਸਾਬੋਤਾਜ ਨਾ ਕਰੋ!" ਅਤੇ 3) ਖੱਬੇ-ਪੱਖੀ, ਜਿਨ੍ਹਾਂ ਯੁੱਧ ਵਿਰੁੱਧ ਦ੍ਰਿੜ੍ਹ ਦ੍ਰਿਸ਼ਟੀਕੋਣ ਅਪਣਾਇਆ ਪਰ ਇਹਦੇ ਵਿਰੁੱਧ ਜ਼ੋਰਦਾਰ ਘੋਲ਼ ਜਥੇਬੰਦ ਕਰਨ ਲਈ ਅਸਫ਼ਲ ਰਹੇ। ਖੱਬੇ-ਪੱਖੀਆਂ ਨੇ ਸਾਮਰਾਜੀ ਯੁੱਧ ਨੂੰ ਖ਼ਾਨਾ-ਜੰਗੀ ਵਿੱਚ ਤਬਦੀਲ ਕਰਨ ਅਤੇ ਸੁਧਾਰਵਾਦੀਆਂ ਨਾਲ਼ ਨਿਰਣਾਇਕ ਤੋੜ-ਵਿਛੋੜੇ ਦੀ ਮਹੱਤਤਾ ਨੂੰ ਨਾ ਸਮਝਿਆ। ਅਕਤੂਬਰ ਇਨਕਲਾਬ ਤੋਂ ਪਿੱਛੋਂ ਇਟਲੀ ਦੀ ਸੋਸ਼ਲਿਸਟ ਪਾਰਟੀ ਦਾ ਖੱਬਾ-ਪੱਖ ਵਧੇਰੇ ਬਲਵਾਨ ਹੋ ਗਿਆ। ਬੋਲੋਨਾ ਵਿਖੇ 5 ਤੋਂ 8 ਅਕਤੂਬਰ 1919 ਤੱਕ ਹੋਈ ਪਾਰਟੀ ਦੀ ਸੋਲ੍ਹਵੀ ਕਾਂਗਰਸ ਨੇ ਤੀਜੀ ਇੰਟਰਨੈਸ਼ਨਲ ਵਿੱਚ ਸ਼ਾਮਲ ਹੋਣ ਦਾ ਫ਼ੈਸਲਾ ਕੀਤਾ। ਇਟਲੀ ਦੀ ਸੋਸ਼ਲਿਸ਼ਟ ਪਾਰਟੀ ਦੇ ਪ੍ਰਤਿਨਿਧਾਂ ਨੇ ਕੁਮਿਨਟਰਨ ਦੀ ਦੂਜੀ ਕਾਂਗਰਸ ਵਿੱਚ ਹਿੱਸਾ ਲਿਆ। ਪ੍ਰਤਿਨਿਧ-ਮੰਡਲ ਦੇ ਮੁਖੀ ਸੇਰਾਤੀ ਨੇ ਇੱਕ ਕੇਂਦਰਵਾਦੀ ਦ੍ਰਿਸ਼ਟੀਕੋਣ ਅਪਣਾਇਆ। ਕਾਂਗਰਸ ਤੋਂ ਪਿੱਛੋਂ ਉਹਨੇ ਸੁਧਾਰਵਾਦੀਆਂ ਨਾਲ਼ ਤੋੜ-ਵਿਛੋੜਾ ਦਾ ਵਿਰੋਧ ਕੀਤਾ। ਜਨਵਰੀ 1921 ਵਿੱਚ ਲਿਵਰਨੋ ਵਿਖੇ ਹੋਈ ਸਤਾਰ੍ਹਵੀ ਕਾਂਗਰਸ ਵਿੱਚ ਕੇਂਦਰਵਾਦੀਆਂ ਨੇ, ਜਿਹੜੇ ਬਹੁ-ਗਿਣਤੀ ਵਿੱਚ ਸਨ, ਸੁਧਾਰਵਾਦੀਆਂ ਨਾਲ਼ ਤੋੜ-ਵਿਛੋੜਾ ਕਰਨ ਅਤੇ ਕੁਮਿਨਟਰਨ ਵਿੱਚ ਸ਼ਮੂਲੀ ਲਈ ਸ਼ਰਤਾਂ ਨੂੰ ਪੂਰੀ ਤਰ੍ਹਾਂ ਪ੍ਰਵਾਨ ਕਰਨੋਂ ਨਾਂਹ ਕਰ ਦਿੱਤੀ। 21 ਜਨਵਰੀ 1921 ਨੂੰ ਖੱਬੇ-ਪੱਖੀ ਡੇਲੀਗੇਟ ਕਾਂਗਰਸ 'ਚੋਂ ਚਲੇ ਗਏ ਅਤੇ ਇਟਲੀ ਦੀ ਕਮਿਊਨਿਸਟ ਪਾਰਟੀ ਸਥਾਪਤ ਕੀਤੀ।

ਸਫ਼ਾ-51

40. **ਹੰਗਰੀ ਵਿੱਚ ਸੋਵੀਅਤ ਸੱਤ੍ਹਾ** 21 ਮਈ 1919 ਨੂੰ ਸਥਾਪਤ ਹੋਈ। ਹੰਗੇਰਵੀ ਸੋਸ਼ਲਿਸ਼ਟ ਇਨਕਲਾਬ ਦਾ ਖ਼ਾਸਾ ਅਮਨ-ਭਰਿਆ ਸੀ ਕਿਉਂਕਿ ਬੁਰਜੂਆਜ਼ੀ ਜਨਤਾ ਦਾ ਮੁਕਾਬਲਾ ਨਹੀਂ ਸੀ ਕਰ ਸਕਦੀ ਅਤੇ ਘਰੋਗੀ ਅਤੇ ਵਿਦੇਸ਼ੀ ਔਕੜਾਂ ਦਾ ਮੁਕਾਬਲਾ ਕਰਨ ਦੇ ਨਿਰਯੋਗ ਹੁੰਦੇ ਹਨ ਇਹਨੇ ਸੱਤ੍ਹਾ ਆਰਜ਼ੀ ਤੌਰ 'ਤੇ ਸੱਜੇ-ਪੱਖੀ ਸੋਸ਼ਲ-ਡੈਮੋਕਰੇਟਾਂ ਹੱਥ ਦੇਣ ਦਾ ਫ਼ੈਸਲਾ ਕੀਤਾ ਤਾਂ ਜੁ ਇਨਕਲਾਬ ਦੇ ਵਿਕਾਸ ਨੂੰ ਰੋਕਿਆ ਜਾਵੇ ਪਰ ਜਨਤਾ ਵਿੱਚ ਹੰਗਰੀ ਦੀ ਕਮਿਊਨਿਸਟ ਪਾਰਟੀ ਦਾ ਏਨਾ ਸਤਿਕਾਰ ਸੀ ਅਤੇ ਆਮ ਸੋਸ਼ਲ-ਡੈਮੋਕਰੈਟਾਂ ਵੱਲੋਂ ਕਮਿਊਨਿਸਟਾਂ ਨਾਲ਼ ਏਕੇ ਦੀਆਂ ਮੰਗਾਂ ਏਨੀਆਂ

ਦ੍ਰਿੜ੍ਹ ਹਨ ਕਿ ਸੋਸ਼ਲ-ਡੈਮੋਕਰੈਟਿਕ ਲੀਡਰਾਂ ਨੂੰ ਜੇਲ੍ਹਾਂ ਵਿੱਚ ਬੰਦ ਕਮਿਊਨਿਸਟ ਲੀਡਰਾਂ ਅੱਗੇ ਬੇਨਤੀ ਕਰਨੀ ਪਈ ਕਿ ਉਹ ਸਾਂਝੀ ਸਰਕਾਰ ਬਣਾਉਣ। ਸੋਸ਼ਲ-ਡੈਮੋਕਰੇਟਿਕ ਲੀਡਰ ਕਮਿਊਨਿਸਟਾਂ ਦੀਆਂ ਸ਼ਰਤਾਂ ਕਬੂਲਣ ਉੱਤੇ ਮਜ਼ਬੂਰ ਹੋ ਗਏ — ਇੱਕ ਸੋਵੀਅਤ ਹਕੂਮਤ ਦੀ ਸਥਾਪਤੀ, ਬੁਰਜੂਆਜ਼ੀ ਤੋਂ ਹਥਿਆਰ ਖੋਹ ਲੈਣਾ, ਲਾਲ ਫ਼ੌਜ ਅਤੇ ਜਨਤਕ ਮਿਲੀਸ਼ੀਆ ਖੜ੍ਹੀ ਕਰਨਾ, ਜ਼ਮੀਨੀ ਜਗੀਰਾਂ ਦੀ ਜ਼ਬਤੀ, ਸਨਅਤਾਂ ਦਾ ਕੌਮੀਕਰਣ, ਸੋਵੀਅਤ ਰੂਸ ਨਾਲ਼ ਸੰਧੀ, ਆਦਿ। ਇਹਦੇ ਨਾਲ਼ ਹੀ ਨਾਲ਼ ਦੂਹਾਂ ਪਾਰਟੀਆਂ ਨੂੰ ਹੰਗਰੀ ਦੀ ਸੋਸ਼ਲਿਸ਼ਟ ਪਾਰਟੀ ਵਿੱਚ ਇੱਕ ਕਰਨ ਸਬੰਧੀ ਇੱਕ ਸਮਝੌਤੇ ਉੱਤੇ ਦਸਖ਼ਤ ਕੀਤੇ ਗਏ। ਦੂਹਾਂ ਪਾਰਟੀਆਂ ਨੂੰ ਇੱਕ ਕਰਨ ਵਿੱਚ ਕੁਝ ਗ਼ਲਤੀਆਂ ਕੀਤੀਆਂ ਗਈਆਂ ਅਤੇ ਪਿੱਛੋਂ ਜਾ ਕੇ ਇਹਨਾਂ ਦਾ ਅਸਰ ਹੋਇਆ; ਇਹ ਇੱਕ ਹੋਣਾ ਸੁਧਾਰਵਾਦੀਆਂ ਨੂੰ ਬਾਹਰ ਕੱਢੇ ਬਿਨਾਂ ਮਸ਼ੀਨੀ ਕਿਸਮ ਦਾ ਏਕਾ ਸੀ।

ਐਨਤੇਂਤੇ ਦੇ ਸਾਮਰਾਜੀ ਹੰਗਰੀ ਵਿੱਚ ਪ੍ਰੋਲਤਾਰੀ ਡਿਕਟੇਟਰਸ਼ਿਪ ਦੀ ਸਥਾਪਤੀ ਦੇ ਦੋਖੀ ਸਨ; ਉਹਨਾਂ ਆਰਥਕ ਨਾਕਾਬੰਦੀ ਕਰ ਦਿੱਤੀ ਅਤੇ ਇਹਦੇ ਵਿਰੁੱਧ ਹਥਿਆਰਬੰਦ ਦਖ਼ਲ ਜਥੇਬੰਦ ਕੀਤਾ। ਦਖ਼ਲਅੰਦਾਜ਼ਾਂ ਦੇ ਹਮਲੇ ਨੇ ਹੰਗੇਰਵੀ ਉਲਟ-ਇਨਕਲਾਬ ਨੂੰ ਸਰਗਰਮ ਕਰ ਦਿੱਤਾ। ਸੰਸਾਰ ਸਾਮਰਾਜ ਨਾਲ਼ ਮਿਲਵਰਤਨ ਕਰਨ ਵਾਲ਼ੇ ਸੱਜੇ-ਪੱਖੀ ਸੋਸ਼ਲ-ਡੈਮੋਕਰੇਟਾਂ ਦਾ ਵਿਸਾਹ-ਘਾਤ ਦੀ ਹੰਗਰੀ ਦੇ ਸੋਵੀਅਤ ਗਣ-ਰਾਜ ਦੀ ਅੰਤ ਹੋਣ ਦਾ ਇੱਕ ਕਾਰਨ ਸੀ।

1919 ਦੇ ਹੁਨਾਲ ਦੀ ਅਣਸੁਖਾਂਵੀਂ ਪ੍ਰਸਥਿਤੀ ਨੇ ਵੀ, ਜਦੋਂ ਸੋਵੀਅਤ ਰੂਸ ਦੁਸ਼ਮਣਾਂ ਨਾਲ਼ ਘਿਰਿਆ ਹੋਇਆ ਸੀ ਅਤੇ ਹੰਗੇਰਵੀ ਸੋਵੀਅਤ ਗਣ-ਰਾਜ ਦੀ ਸਹਾਇਤਾ ਨਹੀਂ ਸੀ ਕਰ ਸਕਦਾ, ਨਾਂਹ ਪੱਖੀ ਰੋਲ ਅਦਾ ਕੀਤਾ । ਸਾਮਰਾਜੀ ਦਖਲ ਅਤੇ ਘਰੋਗੀ ਉਲਟ-ਇਨਕਲਾਬ ਦੇ ਸਾਂਝੇ ਕਦਮਾਂ ਕਾਰਨ ਪਹਿਲੀ ਅਗਸਤ 1919 ਨੂੰ ਹੰਗਰੀ ਵਿੱਚ ਸੋਵੀਅਤ ਸੱਤ੍ਹਾ ਦਾ ਤਖ਼ਤਾ ਉਲਟ ਦਿੱਤਾ ਗਿਆ।

ਸਫ਼ਾ-51

41. **ਬਲਾਂਕੀਵਾਦੀ**- ਫ਼ਰਾਂਸੀਸੀ ਸੋਸ਼ਲਿਸਟ ਲਹਿਰ ਵਿੱਚ ਉੱਘੇ ਇਨਕਲਾਬੀ ਅਤੇ ਫ਼ਰਾਸੀਸੀ ਆਦਰਸ਼ਵਾਦੀ ਸੋਸ਼ਲਿਜ਼ਮ ਦੇ ਸਿਰਕੱਢ ਪ੍ਰਤੀਨਿਧ-ਲੂਈ ਆਗਸਤ ਬਲਾਂਕ (1805-1881) ਦੇ ਅਨੁਸਾਰੀ। ਵ. ਇ. ਲੈਨਿਨ ਨੇ ਲਿਖਿਆ ਕਿ ਬਲਾਂਕੀਵਾਦੀਆਂ ਨੂੰ ਆਸ ਸੀ ਕਿ ਮਨੁੱਖਤਾ ਨੂੰ ਉਜਰਤੀ ਗ਼ੁਲਾਮੀ ਤੋਂ ਮੁਕਤੀ ਪ੍ਰੋਲਤਾਰੀ ਦੇ ਸ਼੍ਰੇਣੀ ਘੋਲ਼ ਰਾਹੀਂ ਨਹੀਂ ਸਗੋਂ ਇੱਕ ਨਿੱਕੀ ਜਿਹੀ ਬੁੱਧੀਮਾਨ ਘੱਟ-ਗਿਣਤੀ ਦੀ ਸਾਜ਼ਸ਼ ਰਾਹੀਂ ਪ੍ਰਾਪਤ ਹੋਵੇਗੀ। ਇੱਕ ਇਨਕਲਾਬੀ ਪਾਰਟੀ ਦੀ ਸਰਗਰਮੀ ਦੀ ਥਾਂ ਮੁੱਠੀ ਭਰ ਸਾਜਸ਼ੀਆਂ ਦੀ ਕਾਰਵਾਈ ਨੂੰ ਦੇਂਦੇ ਹੋਏ ਉਹਨਾਂ ਨੇ ਜਨਤਾ ਨਾਲ਼ ਸਬੰਧਾਂ ਨੂੰ ਅੱਖੋਂ ਪ੍ਰੋਖਾ ਕੀਤਾ ਅਤੇ ਜਨਤਕ ਪੱਧਰ ਉੱਤੇ ਇਨਕਲਾਬੀ ਲਹਿਰ ਦੀ ਲੋੜ ਨੂੰ ਅਨੁਭਵ ਨਾ ਕੀਤਾ।

ਸਫ਼ਾ-51

42. **ਲੀਗ ਆਫ ਨੇਸ਼ਨਜ** — ਇੱਕ ਕੌਮਾਂਤਰੀ ਜਥੇਬੰਦੀ ਜਿਹੜੀ ਦੋ ਸੰਸਾਰ ਯੁੱਧਾਂ ਦੇ

ਵਿਚਕਾਰਲੇ ਸਮੇਂ ਵਿੱਚ ਹੋਂਦ ਵਿੱਚ ਸੀ, ਇਹ 1919 ਵਿੱਚ ਪੈਰਿਸ ਅਮਨ ਕਾਨਫਰੰਸ ਵਿੱਚ ਪਹਿਲੇ ਸੰਸਾਰ ਯੁੱਧ ਵਿੱਚ ਜੇਤੂ ਕੌਮਾਂ ਵੱਲੋਂ ਸਥਾਪਤ ਕੀਤੀ ਗਈ। ਇਹਨੇ 1920 ਵਿੱਚ ਕੰਮ ਕਰਨਾ ਸ਼ੁਰੂ ਕੀਤਾ। ਲੀਗ ਆਫ਼ ਨੈਸ਼ਨਜ਼ ਦਾ ਕਰਾਰ 1919 ਵਿੱਚ ਵਰਸੇਲਜ਼ ਦੀ ਸੰਧੀ ਦਾ ਇੱਕ ਹਿੱਸਾ ਸੀ, ਜਿਸ ਉੱਤੇ 14 ਰਿਆਸਤਾਂ ਨੇ ਦਸਤਖ਼ਤ ਕੀਤੇ। 1920-1921 ਵਿੱਚ ਲੀਗ ਆਫ਼ ਨੈਸ਼ਨਜ਼ ਸੋਵੀਅਤ ਰਿਆਸਤ ਵਿਰੁੱਧ ਦਖ਼ਲ ਜਥੇਬੰਦ ਕਰਨ ਵਾਲ਼ੀ ਜਥੇਬੰਦੀਆਂ ਵਿੱਚੋਂ ਇੱਕ ਸੀ।

ਸਫ਼ਾ-54

43. ਇੱਥੇ ਜੋਰਗੇ ਵੱਲ ਏਂਗਲਜ਼ ਦੇ 29 ਨਵੰਬਰ 1886 ਦੇ ਖ਼ਤ ਵੱਲ ਇਸ਼ਾਰਾ ਹੈ ਜਿਸ ਵਿੱਚ ਏਂਗਲਜ਼ ਅਮਰੀਕਾ ਵਿੱਚ ਰਹਿਣ ਵਾਲ਼ੇ ਜਰਮਨ ਸੋਸ਼ਲ-ਡੈਮੋਕਰੈਟਿਕ ਪਰਵਾਸੀਆਂ ਦੇ ਸੰਕੀਰਣਵਾਦ ਤੇ ਪੜਚੋਲ਼ ਕਰਦੇ ਹੋਏ ਕਹਿੰਦੇ ਹਨ ਕਿ ਉਹਨਾਂ ਲਈ ਇੱਕ ਸਿਧਾਂਤ, "ਇੱਕ ਮੂਲ-ਮੰਤਰ ਅਤੇ ਅਮਲ ਲਈ ਅਗਵਾਨੂੰ ਹੈ"।

ਸਫ਼ਾ-56

44. ਗ.ਚ. ਕੈਰੀ ਦੀ ਪੁਸਤਕ "ਸੰਯੁਕਤ ਰਾਜ ਅਮਰੀਕਾ ਦੇ ਪ੍ਰਧਾਨ ਦੇ ਨਾਂ ਪੱਤਰ" ਦੀ ਆਪਣੀ ਸਮੀਖਿਆ ਵਿੱਚ ਨ.ਗ. ਚੇਰਨੀਸ਼ੇਵਸਕੀ ਲਿਖਦਾ ਹੈ: "ਇਤਿਹਾਸ ਦਾ ਰਾਹ ਨੇਵਸਕੀ ਪ੍ਰਾਸਪੈਕਟ ਦੀ ਪੱਟੜੀ ਵਾਂਗ ਨਹੀਂ, ਇਹ ਤਾਂ ਉੱਕਾ ਹੀ ਧੂੜ ਅਤੇ ਚਿੱਕੜ ਵਾਲ਼ੇ ਖੇਤਾਂ, ਜਿਲ੍ਹਣਾਂ ਅਤੇ ਘਣੇ ਜੰਗਲਾਂ ਵਿੱਚੋਂ ਲੰਘਦਾ ਹੈ। ਜੋ ਕੋਈ ਮਿੱਟੀ ਤੋਂ ਡਰਦਾ ਹੈ, ਜਿਸ ਕਿਸੇ ਨੂੰ ਇਹ ਫ਼ਿਕਰ ਹੈ ਕਿ ਉਹਦੇ ਬੂਟਾਂ ਨੂੰ ਚਿੱਕੜ ਖ਼ਰਾਬ ਕਰ ਦੇਵੇਗਾ, ਉਹਨੂੰ ਜਨਤਕ ਸਰਗਰਮੀਆਂ ਵਿੱਚ ਹਿੱਸਾ ਨਹੀਂ ਲੈਣਾ ਚਾਹੀਦਾ।"

ਸਫ਼ਾ-56

45. ਇੱਥੇ ਦੋ ਕੌਮਾਂਤਰੀ ਸੋਸ਼ਲਿਸਟ ਕਾਨਫਰੰਸਾਂ ਵੱਲ ਇਸ਼ਾਰਾ ਹੈ ਜਿਹੜੀਆਂ ਜ਼ਿਮਰਵਾਲਡ ਅਤੇ ਕਿਏਥਾਲ ਵਿਖੇ ਹੋਈਆਂ।

**ਜ਼ਿਮਰਵਾਲਡ ਜਾਂ ਪਹਿਲੀ ਕੌਮਾਂਤਰੀ ਸੋਸ਼ਲਿਸਟ ਕਾਨਫਰੰਸ** 5-7 ਸਤੰਬਰ, 1915 ਨੂੰ ਹੋਈ।

**ਕੀਏਂਥਾਲ, ਜਾਂ ਦੂਜੀ ਕੌਮਾਂਤਰੀ ਸੋਸ਼ਲਿਸਟ ਕਾਨਫਰੰਸ** (ਸਵਿਟਜ਼ਰਲੈਂਡ) ਨਾਂ ਦੇ ਸ਼ਹਿਰ ਵਿਚ 24-30 ਅਪ੍ਰੈਲ 1916 ਨੂੰ ਹੋਈ।

ਜ਼ਿਮਰਵਾਲਡ ਅਤੇ ਕੀਏਂਥਾਲ ਕਾਨਫਰੰਸਾਂ ਨੇ ਮਾਰਕਸਵਾਦ-ਲੈਨਿਨਵਾਦ ਦੇ ਅਧਾਰ ਉੱਤੇ ਕੌਮਾਂਤਰੀ ਸੋਸ਼ਲ-ਡੈਮੋਕਰੇਸੀ ਦੇ ਖੱਬ-ਪੱਖੀ ਅੰਸ਼ਾਂ ਨੂੰ ਵਧਾਇਆ ਅਤੇ ਪਿੱਛੋਂ ਜਾ ਕੇ ਇਹਨਾਂ ਅੰਸ਼ਾਂ ਨੇ ਆਪਣੇ ਦੇਸ਼ਾਂ ਵਿੱਚ ਕਮਿਊਨਿਸਟ ਪਾਰਟੀਆਂ ਦੀ ਸਥਾਪਤੀ ਅਤੇ ਤੀਜੀ ਕਮਿਊਨਿਸਟ ਇੰਟਰਨੈਸ਼ਨਲ ਸਥਾਪਤ ਕਰਨ ਵਿੱਚ ਸਰਗਰਮ ਹਿੱਸਾ ਲਿਆ।

ਸਫ਼ਾ-57

46. **ਇਨਕਲਾਬੀ ਕਮਿਊਨਿਸਟ** - ਇੱਕ ਟੋਲੀ ਜਿਹੜੀ ਜੁਲਾਈ 1918 ਵਿੱਚ ਸੋਸ਼ਲਿਸ਼ਟ-

ਇਨਕਲਾਬੀਆਂ ਦੀ ਬਗ਼ਾਵਤ ਪਿੱਛੋਂ ਆਪਣੀ ਪਾਰਟੀ ਛੱਡ ਗਈ। ਸਤੰਬਰ 1918 ਵਿੱਚ ਇਸ ਨੇ ਅਖੌਤੀ ਇਨਕਲਾਬੀ ਕਮਿਊਨਿਜ਼ਮ ਦੀ ਪਾਰਟੀ ਬਣਾਈ ਜਿਹੜੀ ਰੂਸੀ ਕਮਿਊਨਿਸਟ ਪਾਰਟੀ (ਬਾਲਸ਼ਵਿਕ) ਨਾਲ਼ ਮਿਲਵਰਤਨ ਦੇ ਹੱਕ ਵਿੱਚ ਸੀ ਅਤੇ ਐਲਾਨ ਕੀਤਾ ਕਿ ਉਹ ਸੋਵੀਅਤ ਸੱਤ੍ਹਾ ਦੀ ਹਮਾਇਤ ਕਰੇਗੀ। ਇਹ ਪ੍ਰਵਾਨ ਕਰਦੇ ਹੋਏ ਕਿ ਸੋਵੀਅਤ ਸੱਤ੍ਹਾ, ਸੋਸ਼ਲਿਸਟ ਪ੍ਰਣਾਲੀ ਦੀ ਸਥਾਪਤੀ ਲਈ ਮੁੱਢਲੀਆਂ ਸ਼ਰਤਾਂ ਸਿਰਜਦੀ ਹੈ ਉਹਨਾਂ ਨਾਲ਼ ਹੀ ਨਾਲ਼ ਸਰਮਾਏਦਾਰੀ ਤੋਂ ਸੋਸ਼ਲਿਜ਼ਮ ਵਿੱਚ ਤਬਦੀਲੀ ਦੇ ਸਮੇਂ ਵਿੱਚ ਪ੍ਰੋਲਤਾਰੀ ਦੀ ਡਿਕਟੇਟਰੀ ਦੀ ਲੋੜ ਤੋਂ ਇਨਕਾਰ ਕੀਤਾ। ਕੁਮਿਨਟਰਨ ਦੀ ਦੂਜੀ ਕਾਂਗਰਸ ਦੇ ਇਸ ਫ਼ੈਸਲੇ ਪਿੱਛੋਂ ਕਿ ਇੱਕ ਦੇਸ਼ ਵਿੱਚ ਇੱਕ ਹੀ ਕਮਿਊਨਿਸਟ ਪਾਰਟੀ ਹੋ ਸਕਦੀ ਹੈ, ਸਤੰਬਰ 1920 ਵਿੱਚ “ਇਨਕਲਾਬੀ ਕਮਿਊਨਿਸਟਾਂ” ਨੇ ਰੂਸੀ ਕਮਿਊਨਿਸਟ ਪਾਰਟੀ (ਬਾਲਸ਼ਵਿਕ) ਵਿੱਚ ਸ਼ਾਮਲ ਹੋਣ ਦਾ ਫ਼ੈਸਲਾ ਕੀਤਾ।

ਸਫ਼ਾ–57

47. **ਖੱਬੇ-ਪੱਖੀ ਸੋਸ਼ਲਿਸ਼ਟ-ਇਨਕਲਾਬੀ** — ਖੱਬੇ-ਪੱਖੀ ਸੋਸ਼ਲਿਸ਼ਟ–ਇਨਕਲਾਬੀਆਂ (ਕੌਮਾਂਤਰੀਵਾਦੀਆਂ) ਦੀ ਪਾਰਟੀ ਜਥੇਬੰਦਕ ਤੌਰ ’ਤੇ 19–28 ਨਵੰਬਰ (2–11 ਦਸੰਬਰ) 1917 ਨੂੰ ਹੋਈ ਇਹਦੀ ਪਹਿਲੀ ਕੁੱਲ–ਰੂਸ ਕਾਂਗਰਸ ਵਿੱਚ ਸਥਾਪਤ ਕੀਤੀ ਗਈ। ਇਸ ਤੋਂ ਪਹਿਲਾਂ ਖੱਬੇ–ਪੱਖੀ ਸੋਸ਼ਲਿਸਟ –ਇਨਕਲਾਬੀਆਂ ਦੀ ਹੋਂਦ ਸੋਸ਼ਲਿਸ਼ਟ–ਇਨਕਲਾਬੀ ਪਾਰਟੀ ਦੇ ਖੱਬੇ ਪੱਖ ਵਜੋਂ ਸੀ (ਵੇਖੋ ਨੋਟ ਨੰ 3)। ਸੋਵੀਅਤਾਂ ਦੀ ਦੂਜੀ ਕੁੱਲ–ਰੂਸ ਕਾਂਗਰਸ ਵਿੱਚ ਖੱਬੇ–ਪੱਖੀ ਸੋਸ਼ਲਿਸਟ–ਇਨਕਲਾਬੀਆਂ ਨੇ ਏਜੰਡੇ ਦੇ ਸਭਨਾਂ ਵੱਡੇ ਮਸਲਿਆਂ ਸਬੰਧੀ ਬਾਲਸ਼ਵਿਕਾਂ ਨਾਲ਼ ਵੋਟ ਦਿੱਤਾ, ਪਰ ਹਕੂਮਤ ਵਿੱਚ ਸ਼ਾਮਲ ਹੋਣ ਦੀ ਬਾਲਸ਼ਵਿਕ ਤਜ਼ਵੀਜ਼ ਪ੍ਰਵਾਨ ਨਾ ਕੀਤੀ। ਲੰਮੇ ਸਮੇਂ ਦੇ ਡੱਕੋ–ਡੋਲਿਆਂ ਪਿੱਛੋਂ ਕਿਸਾਨਾਂ ਵਿੱਚ ਆਪਣਾ ਅਸਰ ਕਾਇਮ ਰੱਖਣ ਦਾ ਯਤਨ ਕਰਦੇ ਹੋਏ ਖੱਬੇ–ਪੱਖੀ ਸੋਸ਼ਲਿਸ਼ਟ–ਇਨਕਲਾਬੀਆਂ ਨੇ ਬਾਲਸ਼ਵਿਕਾਂ ਨਾਲ਼ ਇੱਕ ਸਮਝੌਤਾ ਕਰ ਲਿਆ ਅਤੇ ਕਈ ਲੋਕ ਕੁਮਿਸਰੇਤਾਂ ਦੇ ਸਮੂਹਾਂ ਵਿੱਚ ਸ਼ਾਮਲ ਕੀਤੇ ਗਏ। ਬਾਲਸ਼ਵਿਕਾਂ ਨਾਲ਼ ਮਿਲਵਰਤਨ ਦਾ ਰਾਹ ਅਪੜਾਉਂਦੇ ਹੋਏ, ਖੱਬੇ–ਪੱਖੀ ਸੋਸ਼ਲਿਸਟ–ਇਨਕਲਾਬੀ ਸੋਸ਼ਲਿਸਟ ਉਸਾਰੀ ਦੇ ਕਈ ਬੁਨਿਆਦੀ ਮਸਲਿਆਂ ਸਬੰਧੀ ਉਹਨਾਂ ਨਾਲ਼ ਮੱਤ–ਭੇਦ ਰੱਖਦੇ ਸਨ ਅਤੇ ਉਹਨਾਂ ਖੁੱਲ੍ਹ ਕੇ ਪ੍ਰੋਲੇਤਾਰੀ ਦੀ ਡਿਕਟੇਟਰਸ਼ਿਪ ਦਾ ਵਿਰੋਧ ਕੀਤਾ। ਜਨਵਰੀ–ਫ਼ਰਵਰੀ 1918 ਵਿੱਚ ਖੱਬੇ–ਪੱਖੀ ਸੋਸ਼ਲਿਸਟ–ਇਨਕਲਾਬੀਆਂ ਦੀ ਕੇਂਦਰੀ ਕਮੇਟੀ ਨੇ ਬ੍ਰੈਸਤ ਦੀ ਅਮਨ ਸੰਧੀ ਉੱਤੇ ਦਸਤਖ਼ਤ ਕਰਨ ਵਿਰੁੱਧ ਘੋਲ਼ ਛੇੜ ਦਿੱਤਾ ਅਤੇ ਇਹਦੇ ਉੱਤੇ ਦਸਤਖ਼ਤ ਹੋਣ ਅਤੇ ਮਾਰਚ 1918 ਵਿਚ ਸੋਵੀਅਤਾਂ ਦੀ ਚੌਥੀ ਕਾਂਗਰਸ ਵੱਲੋਂ ਇਹਦੀ ਤਸਦੀਕ ਪਿੱਛੋਂ ਖੱਬੇ–ਪੱਖੀ ਸੋਸ਼ਲਸਿਟ–ਇਨਕਲਾਬੀ ਲੋਕ ਕੁਮੀਸਾਰਾਂ ਦੀ ਪ੍ਰੀਸ਼ਦ ਵਿੱਚੋਂ ਨਿਕਲ਼ ਗਏ, ਭਾਵੇਂ ਉਹ ਲੋਕ ਕੁਮੀਸਾਰਾਂ ਦੇ ਸਮੂਹਾਂ ਅਤੇ ਸੱਤ੍ਹਾ ਦੀਆਂ ਸਥਾਨਕ ਸੰਸਥਾਵਾਂ ਵਿੱਚ

ਸ਼ਾਮਲ ਰਹੇ। ਪੇਂਡੂ ਇਲਾਕਿਆਂ ਵਿੱਚ ਸੋਸ਼ਲਿਸਟ ਇਨਕਲਾਬ ਦੇ ਫੈਲਣ ਨਾਲ਼ ਖੱਬੇ-ਪੱਖੀ ਸੋਸ਼ਲਿਸਟ-ਇਨਕਲਾਬੀਆਂ ਵਿੱਚ ਸੋਵੀਅਤ-ਵਿਰੋਧੀ ਭਾਵਨਾਵਾਂ ਉਭਰਨ ਲੱਗ ਪਈਆਂ। ਜੁਲਾਈ 1918 ਵਿੱਚ ਖੱਬੇ-ਪੱਖੀ ਸੋਸ਼ਲਿਸਟ-ਇਨਕਲਾਬੀ ਕੇਂਦਰੀ ਕਮੇਟੀ ਨੇ ਜਰਮਨੀ ਅਤੇ ਸੋਵੀਅਤ ਰੂਸ ਵਿਚਕਾਰ ਯੁੱਧ ਭੜਕਾਉਣ ਦੇ ਮੰਤਵ ਨਾਲ ਮਾਸਕੋ ਵਿਖੇ ਜਰਮਨ ਰਾਜ-ਦੂਤ ਨੂੰ ਕਤਲ ਕਰਵਾ ਦਿੱਤਾ ਅਤੇ ਸੋਵੀਅਤ ਸੱਤ੍ਹਾ ਵਿਰੁੱਧ ਬਗ਼ਾਵਤ ਸ਼ੁਰੂ ਕਰ ਦਿੱਤੀ। ਸੋਵੀਅਤਾਂ ਦੀ ਪੰਜਵੀ ਕੁੱਲ-ਰੂਸ ਕਾਂਗਰਸ ਨੇ ਇਸ ਸਬੰਧ ਵਿੱਚ ਫ਼ੈਸਲਾ ਕੀਤਾ ਕਿ ਉਹਨਾਂ ਸਭਨਾਂ ਖੱਬੇ-ਪੱਖੀ ਸੋਸ਼ਲਿਸ਼ਟ-ਇਨਕਲਾਬੀਆਂ ਨੂੰ ਸੋਵੀਅਤਾਂ ਵਿੱਚੋਂ ਕੱਢ ਦਿੱਤਾ ਜਾਵੇ ਜਿਹੜੇ ਆਪਣੇ ਲੀਡਰਾਂ ਦੇ ਵਿਚਾਰਾਂ ਦੇ ਹਾਮੀ ਹਨ।

ਸਫ਼ਾ-57

48. **ਵਰਸੇਲਜ਼ ਦੀ ਅਮਨ ਸੰਧੀ** ਰਾਹੀਂ 1914-18 ਦੇ ਪਹਿਲੇ ਸੰਸਾਰ ਯੁੱਧ ਦਾ ਅੰਤ ਹੋਇਆ, ਇਸ ਉੱਤੇ ਇੱਕ ਹੱਥ ਅਮਰੀਕਾ, ਬਰਤਾਨੀਆ, ਫਰਾਂਸ, ਇਟਲੀ, ਜਾਪਾਨ ਅਤੇ ਉਹਨਾਂ ਦੀਆਂ ਸਾਥੀ ਸ਼ਕਤੀਆਂ ਨੇ ਅਤੇ ਦੂਜੇ ਹੱਥ ਜਰਮਨੀ ਨੇ ਦਸਤਖ਼ਤ ਕੀਤੇ। ਵਰਸੇਲਜ਼ ਦੀ ਸੰਧੀ ਨੂੰ ਜੋਖਦੇ ਹੋਏ ਲੈਨਿਨ ਨੇ ਕਿਹਾ ਕਿ ਇਹ 'ਅਜਿਹਾ ਲੋਟੂ ਅਮਨ ਹੋ ਜਿਸਦੀ ਮਿਸਾਲ ਨਹੀਂ ਮਿਲ਼ਦੀ, ਜਿਸਨੇ ਕਰੋੜਾਂ ਲੋਕਾਂ ਨੂੰ, ਜਿਨ੍ਹਾਂ ਵਿੱਚ ਸਭ ਤੋਂ ਵੱਧ ਸੱਭਿਅ ਵੀ ਸ਼ਾਮਲ ਹਨ, ਗ਼ੁਲਾਮ ਬਣਾ ਦਿੱਤਾ ਹੈ"। ਇਸ ਸੰਧੀ ਦਾ ਮੰਤਵ ਸਰਮਾਏਦਾਰ ਜਗਤ ਦੀ ਜੇਤੂ ਦੇਸ਼ਾਂ ਦੇ ਹੱਕ ਵਿੱਚ ਮੁੜ-ਵੰਡ ਨੂੰ ਹੱਕੀ ਠਹਿਰਾਉਣਾ ਅਤੇ ਕੌਮਾਂਤਰੀ ਸਬੰਧਾਂ ਦਾ ਅਜਿਹਾ ਪ੍ਰਬੰਧ ਸਥਾਪਤ ਕਰਨਾ ਸੀ ਜਿਸਦਾ ਮੰਤਵ ਸੋਵੀਅਤ ਰੂਸ ਦਾ ਗਲ਼ਾ ਘੁੱਟਣਾ ਅਤੇ ਸੰਸਾਰ ਭਰ ਵਿੱਚ ਇਨਕਲਾਬੀ ਲਹਿਰ ਨੂੰ ਕੁਚਲਣਾ ਸੀ।

ਸਫ਼ਾ-60

49. **ਬਰਤਾਨੀਆ ਦੀ ਸੋਸ਼ਲਿਸ਼ਟ ਪਾਰਟੀ** (The British Socialist Party) ਸੋਸ਼ਲ-ਡੈਮੋਕਰੈਟਿਕ ਪਾਰਟੀ ਅਤੇ ਹੋਰ ਸੋਸ਼ਲਿਸਟ ਟੋਲੀਆਂ ਦੇ ਇੱਕ ਹੋਣ ਦੇ ਸਿੱਟੇ ਵਜੋਂ 1911 ਵਿੱਚ ਮਾਨਚੈਸਟਰ ਵਿਖੇ ਸਥਾਪਤ ਹੋਈ। ਇਸ ਪਾਰਟੀ ਨੇ ਮਾਰਕਸਵਾਦੀ ਭਾਵਨਾ ਅਨੁਸਾਰ ਐਜੀਟੇਸ਼ਨ ਚਲਾਈ ਅਤੇ "ਮੌਕਾ-ਪ੍ਰਸਤ ਨਹੀਂ ਸੀ ਸਗੋਂ ਸੱਚ-ਮੁੱਚ ਲਿਬਰਲਾਂ ਤੋਂ ਸੁਤੰਤਰ ਸੀ।" ਪਰ ਗਿਣਤੀ ਦੇ ਪੱਖੋਂ ਇਹਦੀ ਘੱਟ ਸ਼ਕਤੀ ਅਤੇ ਜਨਤਾ ਨਾਲ਼ ਕਮਜ਼ੋਰ ਸਬੰਧਾਂ ਨੇ ਇਹਦਾ ਖ਼ਾਸਾ ਕੁਝ ਹੱਦ ਤੱਕ ਸੰਕਰੀਣ ਬਣਾ ਦਿੱਤਾ। ਪਹਿਲੇ ਸੰਸਾਰ ਯੁੱਧ ਸਮੇਂ ਪਾਰਟੀ ਦੇ ਅੰਦਰ ਕੌਮਾਂਤਰੀਵਾਦੀਆਂ (ਵਿਲਿਅਮ ਗੇਲੇਕਰ, ਅ. ਇੰਕੀਪਨ, ਦ.ਮੈਕਲੀਨ ਅਤੇ ਫੀ. ਰੌਥਸ਼ਟਾਈਨ) ਅਤੇ ਹਿੰਡਮੈਨ ਦੀ ਅਗਵਾਈ ਹੇਠ ਸਮਾਜੀ-ਅੰਧਰਾਸ਼ਟਰਵਾਦੀ ਮੁਹਾਣ ਵਿਚਕਾਰ ਇੱਕ ਤਿੱਖਾ ਘੋਲ਼ ਛਿੜ ਪਿਆ। ਕੌਮਾਂਤਰੀਵਾਦੀ ਪੱਖ ਵਿੱਚ ਵੀ ਢਿੱਲ-ਮਿਲ ਅੰਸ਼ ਸਨ ਜਿਹੜੇ ਕਈ ਮਸਲਿਆਂ ਉੱਤੇ ਕੇਂਦਰਵਾਦੀ ਦ੍ਰਿਸ਼ਟੀਕੋਣ ਅਪਣਾਉਂਦੇ। ਅਪ੍ਰੈਲ 1911 ਵਿਚ

ਸਾਲਫ਼ੋਰਡ ਵਿਖੇ ਹੋਈ ਪਾਰਟੀ ਦੀ ਸਾਲਾਨਾ ਕਾਨਫ਼ਰੰਸ ਨੇ ਹਿੰਡਮੈਨ ਅਤੇ ਉਹਦੇ ਅਨੁਸਾਰੀਆਂ ਦੇ ਸਮਾਜੀ-ਅੰਧਰਾਸ਼ਟਰਵਾਦੀ ਦ੍ਰਿਸ਼ਟੀਕੋਣ ਦੀ ਨਿਖੇਧੀ ਕੀਤੀ ਅਤੇ ਉਹ ਪਾਰਟੀ ਤੋਂ ਵੱਖ ਹੋ ਗਏ।

ਬਰਤਾਨਵੀ ਸੋਸ਼ਲਿਸਟ ਪਾਰਟੀ ਨੇ ਅਕਤੂਬਰ ਸੋਸ਼ਲਿਸ਼ਟ ਇਨਕਲਾਬ ਨੂੰ ਜੀ ਆਇਆਂ ਆਖ਼ਿਆ ਅਤੇ ਇਹਦੇ ਮੈਂਬਰਾਂ ਨੇ ਸੋਵੀਅਤ ਰੂਸ ਦੀ ਰੱਖਿਆ ਲਈ ਵਿਦੇਸੀ ਦਖ਼ਲ ਵਿਰੁੱਧ ਘੋਲ਼ ਵਿੱਚ ਉੱਘਾ ਹਿੱਸਾ ਲਿਆ। 1919 ਵਿਚ ਬਰਤਾਨਵੀ ਸੋਸ਼ਲਿਸਟ ਪਾਰਟੀ ਦੀ ਬਹੁਤ ਹੀ ਵੱਡੀ ਬਹੁ-ਗਿਣਤੀ (4 ਦੇ ਮੁਕਾਬਲੇ ਤੇ 98) ਨੇ ਕਮਿਊਨਿਸਟ ਇੰਟਰਨੈਸ਼ਨਲ ਵਿਚ ਸ਼ਾਮਲ ਹੋਣ ਦਾ ਫ਼ੈਸਲਾ ਕੀਤਾ। ਬਰਤਾਨਵੀ ਸੋਸ਼ਲਿਸਟ ਪਾਰਟੀ ਅਤੇ ਕਮਿਊਨਿਸਟ ਏਕਤਾ ਦਲ ਨੇ ਬਰਤਾਨੀਆ ਦੀ ਕਮਿਊਨਿਸਟ ਪਾਰਟੀ ਨੇ ਬਣਨ ਵਿਚ ਮੁਖ ਰੋਲ ਅਦਾ ਕੀਤਾ। 1920 ਵਿੱਚ ਹੋਈ ਪਹਿਲੀ ਏਕਤਾ ਕਾਂਗਰਸ ਇੱਕ ਬਰਤਾਨਵੀ ਸੋਸ਼ਲਿਸਟ ਪਾਰਟੀ ਦੀਆਂ ਵਧੇਰੇ ਸਥਾਨਕ ਸ਼ਾਖਾਂ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋ ਗਈਆਂ।

ਸਫ਼ਾ-62

50. **ਸੋਸ਼ਲਿਸਟ ਲੇਬਰ ਪਾਰਟੀ** — ਇੱਕ ਇਨਕਲਾਬੀ ਮਾਰਕਸਵਾਦੀ ਜਥੇਬੰਦੀ ਜਿਹੜੀ ਸਕਾਟਲੈਂਡ ਵਿੱਚ 1903 ਵਿੱਚ ਖੱਬੇ-ਪੱਖੀ ਸੋਸ਼ਲ-ਡੈਮੋਕਰੈਟਾਂ (ਵਧੇਰੇ ਸਕਾਟਲੈਂਡ ਦੇ ਵਸਨੀਕਾਂ) ਦੀ ਇੱਕ ਟੋਲੀ ਨੇ ਬਣਾਈ ਜੋ ਸੋਸ਼ਲ-ਡੈਮੋਕਰੈਟਕ ਫ਼ੈਡਰੇਸ਼ਨ ਤੋਂ ਵੱਖ ਹੋ ਗਏ ਸਨ।

**ਸਾਊਥ ਵੇਲਜ ਸੋਸ਼ਲਿਸ਼ਟ ਸੋਸਾਇਟੀ** — ਇੱਕ ਨਿੱਕੀ ਜਿਹੀ ਟੋਲੀ ਜਿਸ ਵਿੱਚ ਵਧੇਰੇ ਵੇਲਜ਼ ਦੇ ਇਨਕਲਾਬੀ ਖਾਣ-ਪੁੱਟ ਸਨ। ਇਹ ਸੋਸਾਇਟੀ ਖਾਣਾਂ ਵਿੱਚ ਸੁਧਾਰ ਲਈ ਲਹਿਰ ਦੇ ਰੂਪ ਵਿੱਚ ਸ਼ੁਰੂ ਹੋਈ ਅਤੇ ਪਹਿਲੇ ਸੰਸਾਰ ਯੁੱਧ ਤੋਂ ਐਨ ਪਹਿਲਾਂ ਬਹੁਤ ਮਜ਼ਬੂਤ ਹੋ ਗਈ ਸੀ।

**ਵਰਕਰਜ਼ ਸੋਸ਼ਲਿਸ਼ਟ ਫ਼ੈਡਰੇਸ਼ਨ** — ਇੱਕ ਨਿੱਕੀ ਜਿਹੀ ਜਥੇਬੰਦੀ ਜਿਹੜੀ ਮਈ 1918 ਵਿੱਚ ਵਿਮਿਨਜ਼ ਸਫ਼ਰੇਜ ਲੀਗ ਤੋਂ ਵੱਖ ਹੋਣ ਵਾਲ਼ਿਆਂ ਬਣਾਈ ਅਤੇ ਜਿਸ ਵਿੱਚ ਵਧੇਰੇ ਇਸਤਰੀਆਂ ਸਨ।

ਜਦੋਂ ਬਰਤਾਨੀਆ ਦੀ ਕਮਿਊਨਿਸਟ ਪਾਰਟੀ ਸਥਾਪਤ ਕੀਤੀ ਗਈ (ਇਹਦੀ ਸਥਾਪਨਾ ਕਾਂਗਰਸ 31 ਜੁਲਾਈ-ਪਹਿਲੀ ਅਗਸਤ 1920 ਨੂੰ ਹੋਈ) ਤਾਂ ਇਹਦੇ ਪ੍ਰੋਗਰਾਮ ਵਿੱਚ ਪਾਰਲੀਮਾਨੀ ਚੋਣਾਂ ਵਿੱਚ ਹਿੱਸਾ ਲੈਣਾ ਅਤੇ ਲੇਬਰ ਪਾਰਟੀ ਦੀ ਮੈਂਬਰੀ ਸ਼ਾਮਲ ਸੀ; ਉਪਰੋਕਤ ਜਥੇਬੰਦੀਆਂ ਸੰਕੀਰਣ ਗ਼ਲਤੀ ਕਰਦੀਆਂ ਹੋਈਆਂ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਨਾ ਹੋਈਆਂ। ਜਨਵਰੀ 1921 ਵਿੱਚ ਸਾਊਥ ਵੇਲਜ਼ ਸੋਸ਼ਲਿਸਟ ਸੋਸਾਇਟੀ ਅਤੇ ਵਰਕਰਜ਼ ਸੋਸ਼ਲਿਸਟ ਫ਼ੈਡਰੇਸ਼ਨ, ਜਿਸਨੇ ਉਸ ਸਮੇਂ ਤੱਕ ਕਮਿਊਨਿਸਟ ਪਾਰਟੀ (ਤੀਜੀ ਇੰਟਰਨੈਸ਼ਨਲ ਦਾ ਬਰਤਾਨਵੀ ਹਿੱਸਾ) ਦਾ ਨਾਂ ਅਪਣਾ ਲਿਆ ਹੋਇਆ ਸੀ, ਬਰਤਾਨੀਆ ਦੀ ਕਮਿਊਨਿਸਟ ਪਾਰਟੀ ਨਾਲ਼

ਇਕਮੁੱਠ ਹੋ ਗਏ। ਸੋਸ਼ਲਿਸਟ ਲੇਬਰ ਪਾਰਟੀ ਦੀ ਲੀਡਰਸ਼ਿਪ ਨੇ ਏਕਤਾ ਤੋਂ ਇਨਕਾਰ ਕਰ ਦਿੱਤਾ।

ਸਫ਼ਾ–62

51. **ਦੀ ਵਰਕਰਜ਼ ਡਰੈਡਨਾਟ** ′ The Workers Dreadnought[a] — ਨਾਂ ਦਾ ਅਖਬਾਰ ਲੰਦਨ ਵਿੱਚ ਮਾਰਚ 1914 ਤੋਂ ਜੂਨ 1924 ਤੱਕ ਨਿਕਲਦਾ ਰਿਹਾ। ਜੁਲਾਈ 1917 ਤੱਕ ਇਹਦਾ ਨਾਂ ਸੀ "ਦੀ ਵਿਮਿਨਜ਼ ਡਰੈਡਨਾਟ"। ਜਦੋਂ 1918 ਵਿੱਚ ਵਰਕਰਜ਼ ਸੋਸ਼ਲਿਸਟ ਫ਼ੈਡਰੇਸ਼ਨ ਸਥਾਪਤ ਹੋਈ ਤਾਂ "ਦੀ ਵਰਕਰਜ਼ ਡਰੈਡਨਾਟ" ਇਹਦਾ ਬੁਲਾਰਾ ਬਣ ਗਿਆ।

ਸਫ਼ਾ–62

52. ਇੱਥੇ ਇਸ਼ਾਰਾ ਹੈ ਅਗਸਤ 1917 ਵਿੱਚ ਬੁਰਜੂਆਜ਼ੀ ਅਤੇ ਜਗੀਰਦਾਰਾਂ ਦੀ ਉਲਟ–ਇਨਕਲਾਬੀ ਬਗ਼ਾਵਤ ਵੱਲ, ਜਿਸਦੀ ਅਗਵਾਈ ਫ਼ੌਜ ਦੇ ਕਮਾਂਡਰ–ਇਨ–ਚੀਫ਼, ਜ਼ਾਰਸ਼ਾਹੀ ਜਰਨੈਲ ਕੋਰਨੀਲੋਵ ਨੇ ਕੀਤੀ। ਸਾਜ਼ਸ਼ੀ ਪੀਤਰੋਗਰਾਦ ਉੱਤੇ ਕਬਜ਼ਾ ਕਰਨਾ, ਬਾਲਸ਼ਵਿਕ ਪਾਰਟੀ ਨੂੰ ਭਾਂਜ ਦੇਣਾ, ਸੋਵੀਅਤਾਂ ਨੂੰ ਖ਼ਤਮ ਕਰਨਾ, ਦੇਸ਼ ਵਿੱਚ ਫ਼ੌਜੀ ਡਿਕਟੇਟਰਸ਼ਿਪ ਸਥਾਪਤ ਕਰਨਾ ਅਤੇ ਬਾਦਸ਼ਾਹੀ ਦੀ ਬਹਾਲੀ ਲਈ ਰਾਹ ਸਵਾਹਰਾ ਕਰਨਾ ਚਾਹੁੰਦੇ ਸਨ।

ਬਗ਼ਾਵਤ 25 ਅਗਸਤ (7 ਸਤੰਬਰ) ਨੂੰ ਸ਼ੁਰੂ ਹੋਈ, ਕੋਰਨੀਲੋਵ ਨੇ ਤੀਜੀ ਰਸਾਲਾ ਕੋਰ ਨੂੰ ਪੀਤਰੋਗਰਾਦ ਵੱਲ ਵਧਾਇਆ। ਸ਼ਹਿਰ ਵਿਚ ਕੋਰਨੀਲੋਵ ਦੀਆਂ ਹਾਮੀ ਉਲਟ–ਇਨਕਲਾਬੀ ਜਥੇਬੰਦੀਆਂ ਅਮਲ ਕਰਨ ਦੀ ਤਿਆਰੀ ਕਰ ਰਹੀਆਂ ਸਨ।

ਬਾਲਸ਼ਵਿਕ ਪਾਰਟੀ ਦੀ ਅਗਵਾਈ ਹੇਠ ਕਿਰਤੀਆਂ ਅਤੇ ਕਿਸਾਨਾਂ ਨੇ ਕੋਰਨੀਲੋਵ ਦੀ ਬਗ਼ਾਵਤ ਨੂੰ ਕੁਚਲ ਦਿੱਤਾ। ਜਨਤਾ ਦੇ ਦਬਾਅ ਹੇਠ ਆਰਜ਼ੀ ਹਕੂਮਤ ਕੋਰਨੀਲੋਵ ਅਤੇ ਉਹਦੇ ਸਾਥੀਆਂ ਦੀ ਗ੍ਰਿਫ਼ਤਾਰੀ ਅਤੇ ਅਦਾਲਤ ਵਿੱਚ ਉਹਨਾਂ ਵਿਰੁੱਧ ਮੁਕੱਦਮਾ ਚਲਾਏ ਜਾਣ ਦਾ ਹੁਕਮ ਦੇਣ 'ਤੇ ਮਜ਼ਬੂਰ ਹੋ ਗਈ।

ਸਫ਼ਾ–79

53. ਇੱਥੇ ਇਸ਼ਾਰਾ ਹੈ ਫ਼ੌਜੀ–ਬਾਦਸ਼ਾਹ–ਪਸੰਦ ਰਾਜ–ਪਲਟੇ ਵੱਲ ਜਿਹੜਾ "ਕਾਪ ਪੁਤਚ" ਵਜੋਂ ਮਸ਼ਹੂਰ ਹੈ ਜੋ ਜਰਮਨ ਫ਼ੌਜ ਨੇ ਕੀਤਾ। ਇਹ ਬਗ਼ਾਵਤ ਦੇ ਜਥੇਬੰਦਕ ਬਾਦਸ਼ਾਹ–ਪਸੰਦ ਸਨ–ਜਾਗੀਰਦਾਰ ਕਾਪ ਅਤੇ ਜਰਨੈਲ ਲੁਡਨਡੋਰਫ਼, ਜਰਨੈਲ ਸੈਕਟ ਅਤੇ ਜਰਨੈਲ ਲੁਟਵਿਟਜ਼। ਸਾਜ਼ਸ਼ੀਆਂ ਨੇ ਇਸ ਰਾਜ–ਪਲਟੇ ਦੀ ਤਿਆਰੀ ਸੋਸ਼ਲ–ਡੈਮੋਕਰੈਟਕ ਹਕੂਮਤ ਦੇ ਖੁੱਲ੍ਹੀ ਮਿਲੀ–ਭਗਤ ਨਾਲ਼ ਕੀਤੀ। 13 ਮਾਰਚ 1920 ਨੂੰ ਬਾਗ਼ੀ ਜਰਨੈਲਾਂ ਨੇ ਬਰਲਿਨ ਵੱਲ ਫੌਜਾਂ ਵਧਾਈਆਂ ਅਤੇ ਜਦੋਂ ਹਕੂਮਤ ਨੇ ਉਹਨਾਂ ਦਾ ਕੋਈ ਵਿਰੋਧ ਨਾ ਕੀਤਾ ਤਾਂ ਉਹਨਾਂ ਫ਼ੌਜੀ ਡਿਕਟੇਟਰਸ਼ਿਪ ਦਾ ਐਲਾਨ ਕਰ ਦਿੱਤਾ। ਜਰਮਨੀ ਕਿਰਤੀਆਂ ਨੇ ਬਗ਼ਾਵਤ ਦਾ ਜਵਾਬ ਆਮ ਹੜਤਾਲ ਕਰਕੇ ਦਿੱਤਾ। ਪ੍ਰੋਲਤਾਰੀ ਦੇ ਦਬਾਅ ਹੇਠ ਕਾਪ ਹਕੂਮਤ 17 ਮਾਰਚ ਨੂੰ ਡਿੱਗ ਪਈ ਅਤੇ ਸੱਜੇ–ਪੱਖੀ

ਸੋਸ਼ਲ-ਡੈਮੋਕਰੈਟ ਮੁੜ ਕੇ ਹਾਕਮ ਬਣ ਗਏ।

ਸਫ਼ਾ-79

54. **ਡਰੇਫ਼ਸ ਦਾ ਮੁਕੱਦਮਾ** — ਫ਼ਰਾਂਸੀਸੀ ਜਰਨਲ ਸਟਾਫ਼ ਦੇ ਇੱਕ ਅਫ਼ਸਰ ਡਰੇਫ਼ਸ ਵਿਰੁੱਧ ਫਰਾਂਸੀਸੀ ਫ਼ੌਜ ਦੇ ਪਿੱਛੇ-ਖਿੱਚੂ-ਸ਼ਾਹ-ਪਸੰਦ ਹਲਕਿਆਂ ਵੱਲੋਂ 1894 ਵਿੱਚ ਚਲਾਇਆ ਗਿਆ ਕਿ ਭੜਕਾਊ ਮੁਕੱਦਮਾ। ਡਰੇਫ਼ਸ ਉੱਤੇ ਜਾਸੂਸੀ ਅਤੇ ਘੋਰ ਦੇਸ਼-ਧਰੋਹ ਦੇ ਝੂਠੇ ਅਲਜ਼ਾਮ ਲਾਏ ਗਏ। ਡਰੇਫ਼ਸ ਨੂੰ ਉਮਰ ਕੈਦ ਦੀ ਸਜ਼ਾ ਹੋਈ ਅਤੇ ਫ਼ਰਾਂਸੀਸੀ ਪਿੱਛੇ-ਖਿੱਚੂਆਂ ਨੇ ਇਸ ਗੱਲ ਨੂੰ ਯਹੂਦੀਆਂ ਵਿਰੁੱਧ ਲਹਿਰ ਭੜਕਾਉਣ ਅਤੇ ਜਮਹੂਰੀ ਹਕੂਮਤ ਅਤੇ ਗਣ-ਰਾਜੀ ਅਜ਼ਾਦੀਆਂ ਉੱਤੇ ਹਮਲਾ ਕਰਨ ਲਈ ਵਰਤਿਆ। 1898 ਵਿੱਚ ਜਦੋਂ ਸੋਸ਼ਲਿਸਟਾਂ ਅਤੇ ਅੱਗੇ-ਵਧੂ ਫਰਾਂਸੀਸੀ ਜਮਹੂਰੀਅਤ-ਪਸੰਦਾਂ ਨੇ (ਜਿਨ੍ਹਾਂ ਵਿੱਚ ਐਮਲ ਜ਼ੋਲਾਂ, ਜਾਨ ਜੋਰੇਸ, ਅਨਾਤੋਲ ਫਰਾਂਸ ਅਤੇ ਹੋਰ ਸ਼ਾਮਲ ਸਨ) ਡਰੇਫ਼ਸ ਦੇ ਮੁਕੱਦਮੇ ਦੀ ਮੁੜ ਪਰਖ ਲਈ ਮੁਹਿੰਮ ਸ਼ੁਰੂ ਕੀਤੀ ਤਾਂ ਇਹਨੇ ਤਿੱਖਾ ਰਾਜਸੀ ਖ਼ਾਸਾ ਅਖ਼ਤਿਆਰ ਕਰ ਲਿਆ ਅਤੇ ਦੇਸ਼ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ — ਜਮਹੂਰੀਅਤ-ਪਸੰਦ ਅਤੇ ਗਣ-ਰਾਜ ਦੇ ਹਾਮੀ ਇੱਕ ਪਾਸੇ ਅਤੇ ਸ਼ਾਹ-ਪਸੰਦ, ਪਾਦਰੀ, ਯਹੂਦੀਆਂ ਦੇ ਦੁਸ਼ਮਣ ਅਤੇ ਕੌਮ-ਪੂਜ ਦੂਜੇ ਪਾਸੇ। ਲੋਕ ਰਾਏ ਦੇ ਦਬਾਅ ਕਰਨ ਡਰੇਫ਼ਸ ਨੂੰ 1899 ਵਿੱਚ ਰਿਹਾ ਕਰ ਦਿੱਤਾ ਗਿਆ ਅਤੇ 1906 ਵਿੱਚ ਅਪੀਲਾਂ ਦੀ ਅਦਾਲਤ ਨੇ ਉਹਨੂੰ ਬਰੀ ਕਰ ਦਿੱਤਾ ਅਤੇ ਫ਼ੌਜ ਵਿੱਚ ਬਹਾਲ ਕਰ ਦਿੱਤਾ।

ਸਫ਼ਾ-83

55. ਸ਼ਾਹ ਅਵਗੀ ਦੇ ਅਸਤਬਲ — ਯੂਨਾਨੀ ਦੇਵ-ਮਾਲਾ ਅਨੁਸਾਰ ਐਲੀਦਾ ਦੇ ਬਾਦਸ਼ਾਹ ਅਵਗੀ ਦੇ ਬਹੁਤ ਵੱਡੇ ਅਸਤਬਲ ਜਿਨ੍ਹਾਂ ਦੀ ਕਈ ਵਰ੍ਹਿਆਂ ਤੋਂ ਸਫ਼ਾਈ ਨਹੀਂ ਸੀ ਹੋਈ ਅਤੇ ਜਿਨ੍ਹਾਂ ਨੂੰ ਹਰਕੁਲੀਸ ਨੇ ਇੱਕ ਦਿਨ ਵਿੱਚ ਸਾਫ਼ ਕਰ ਦਿੱਤਾ। "ਅਵਗੀ ਦੇ ਅਸਤਬਲ" ਗੰਦ ਇੱਕਠਾ ਹੋਣ ਜਾਂ ਕਿਸੇ ਕਾਰ-ਵਿਹਾਰ ਵਿੱਚ ਅਤਿ ਦੀ ਲਾਪਰਵਾਹੀ ਲਈ ਸ਼ਬਦ ਬਣ ਗਿਆ ਹੈ।

ਸਫ਼ਾ-94

56. **ਸੋਵੀਅਤ 'ਵਕੀਲ'** — ਕਿਰਤੀਆਂ, ਕਿਸਾਨਾਂ ਅਤੇ ਕੋਸਕਾਂ ਦੇ ਪ੍ਰਤਿਨਿਧਾਂ ਦੀਆਂ ਸੋਵੀਅਤਾਂ ਅਧੀਨ ਸਥਾਪਤ ਕੀਤੇ ਵਕੀਲਾਂ ਦੇ ਸਮੂਹ। ਅਕਤੂਬਰ 1920 ਵਿੱਚ ਇਹ ਸਮੂਹ ਖ਼ਤਮ ਕਰ ਦਿੱਤੇ ਗਏ।

ਸਫ਼ਾ-99

57. ਲੈਨਿਨ ਦੀ ਹਦਾਇਤ ਅਨੁਸਾਰ ਇਸ ਛਾਪ ਵਿੱਚ "ਡੱਚ ਟ੍ਰੀਬਿਊਨਵਾਦੀਆਂ" ਦੀ ਥਾਂ ਹਰ ਥਾਂ "ਹਾਲੈਂਡ ਦੀ ਕਮਿਊਨਿਸਟ ਪਾਰਟੀ ਦੇ ਕੁਝ ਮੈਂਬਰ" ਦੇ ਸ਼ਬਦ ਵਰਤੇ ਗਏ ਹਨ।

ਸਫ਼ਾ-101

# ਨਾਮਾਵਲੀ

## ਅ

**ਅਕਸਲਰੋਦ, ਪ. ਬ.** (1850–1928) — ਰੂਸੀ ਸੋਸ਼ਲ–ਡੈਮੋਕਰੈਟਿਕ। 1900 ਤੋਂ ਪਿੱਛੋਂ "ਇਸਕਰਾ" ਦੇ ਸੰਪਾਦਕ–ਮੰਡਲ ਮੈਂਬਰ, ਰੂਸੀ ਸੋਸ਼ਲ–ਡੈਮੋਕਰੈਟਿਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਤੋਂ ਪਿੱਛੋਂ ਮੈਨਸ਼ਵਿਕ ਲੀਡਰ। ਫਰਵਰੀ ਦੇ ਬੁਰਜੂਆ–ਜਮਹੂਰੀ ਇਨਕਲਾਬ ਤੋਂ ਪਿੱਛੋਂ ਆਰਜ਼ੀ ਹਕੂਮਤ ਦੀ ਹਮਾਇਤ ਕੀਤੀ। ਅਕਤੂਬਰ ਸੋਸ਼ਲਿਸਟ ਇਨਕਲਾਬ ਦਾ ਵਿਰੋਧੀ ਸੀ। 56

**ਆਸਟਰਲਿਟਜ਼**, (Austerlitz), **ਫਰੀਡਰਿਖ਼** (1862–1931) — ਆਸਟਰੀਆ ਦੀ ਸੋਸ਼ਲ–ਡੈਮੋਕਰੈਟਿਕ ਪਾਰਟੀ ਦਾ ਇੱਕ ਲੀਡਰ। 14

**ਐਸਕੁਇਥ** (Asquith), **ਹਰਬਰਟ ਹੈਨਰੀ** (1852–1928) — ਬਰਤਾਨੀਆ ਦਾ ਰਾਜਸੀ ਲੀਡਰ ਅਤੇ ਰਾਜਨੇਤਾ, ਲਿਬਰਲ ਪਾਰਟੀ ਦੇ ਲੀਡਰਾਂ ਵਿੱਚੋਂ ਇੱਕ। 66, 71

**ਐਲਡਰ** (Adler), **ਫ਼ਰੀਦਰਿਖ** (1879–1960) — ਆਸਟਰੀਆ ਦਾ ਸੱਜੇ–ਪੱਖੀ ਸੋਸ਼ਲ–ਡੈਮੋਕਰੈਟ। 6, 14, 21

## ੲ

**ਏਂਗਲਜ਼**, (Engels), **ਫ਼ਰੈਡਰਿਕ** - (1820–1895) — ਵਿਗਿਆਨਕ ਕਮਿਊਨਿਜ਼ਮ ਦੇ ਮੋਢੀਆਂ ਵਿੱਚੋਂ ਇੱਕ, ਕੌਮਾਂਤਰੀ ਪ੍ਰੋਲਤਾਰੀ ਦੇ ਲੀਡਰ ਅਤੇ ਉਸਤਾਦ, ਕਾਰਲ ਮਾਰਕਸ ਦੇ ਮਿੱਤਰ ਅਤੇ ਨੇੜਲੇ ਸਾਥੀ। 26, 37, 51, 52, 56

## ਸ

**ਸਤਰੂਵੇ, ਪੀ. ਬੀ** (1870–1944) — ਰੂਸੀ ਬੁਰਜੂਆ ਅਰਥ–ਵਿਗਿਆਨੀ ਅਤੇ ਪ੍ਰਚਾਰਕ। 1905 ਵਿੱਚ ਜਦੋਂ ਕਾਂਨਸਟੀਚਿਊਸ਼ਨਲ–ਡੈਮੋਕਰੈਟਕ ਪਾਰਟੀ ਬਣੀ ਤਾਂ ਇਹ ਉਹਦੀ ਕੇਂਦਰੀ ਕਮੇਟੀ ਦਾ ਮੈਂਬਰ ਬਣ ਗਿਆ। ਪਹਿਲਾਂ ਸੰਸਾਰ ਯੁੱਧ ਛਿੜਨ ਦੇ ਸਮੇਂ ਤੋਂ ਰੂਸੀ ਸਾਮਰਾਜਵਾਦ ਦਾ ਇੱਕ ਵਿਚਾਰਧਾਰਕ। ਅਕਤੂਬਰ ਸੋਸ਼ਲਿਸ਼ਟ ਇਨਕਲਾਬ ਤੋਂ ਪਿੱਛੋਂ ਸੋਵੀਅਤ ਸੱਤ੍ਹਾ ਦਾ ਕੱਟੜ ਦੁਸ਼ਮਣ, ਰੋਕਣ ਦੀ ਹਕੂਮਤ ਦਾ ਮੈਂਬਰ, ਚਿੱਟਾ ਗਾਰਦ ਪਰਵਾਸੀ। 56

**ਸਨੋਡਨ**, (Snowden), **ਫ਼ਿਲਪ** (1868–1937) — ਬਰਤਾਨਵੀਂ ਰਾਜਸੀ ਨੇਤਾ। 1903–1906 ਅਤੇ 1917–20 ਇੰਡੀਪੈਂਡੈਂਟ ਵਰਕਰਜ਼ ਪਾਰਟੀ ਦਾ ਚੇਅਰਮੈਨ, ਇਹਦੇ ਸੱਜੇ–ਪੱਖ ਦਾ ਪ੍ਰਤੀਨਿਧ, 1906 ਤੋਂ ਪਾਰਲੀਮੈਂਟ ਦਾ ਮੈਂਬਰ। ਪਹਿਲੇ ਸੰਸਾਰ ਯੁੱਧ ਸਮੇਂ ਕੇਂਦਰਵਾਦੀ, ਬੁਰਜੂਆਜ਼ੀ ਨਾਲ਼ ਕੁਲੀਸ਼ਨ ਦੀ ਹਮਾਇਤ ਕੀਤੀ, ਕਮਿਊਨਿਜ਼ਮ ਦਾ ਕੱਟੜ ਦੁਸ਼ਮਣ। 66, 70, 71, 72, 74, 93

**ਸ਼ਰੋਇਡਰ**, (Schroder), **ਕਾਰਲ** (1884–1950) — ਖੱਬੇ ਪੱਖੀ ਜਰਮਨ ਸੋਸ਼ਲ–ਡੈਮੋਕਰੈਟ, ਲੇਖਕ ਅਤੇ ਪ੍ਰਚਾਰਕ।27

**ਸ਼ੀਦੇਮਾਨ** (Scheidemann), **ਫ਼ਿਲਿਪ** (1865–1939) — ਜਰਮਨ ਸੋਸ਼ਲ–ਡੈਮੋਕਰੇਸੀ ਦੇ ਅਤਿ ਸੱਜੇ–ਪੱਖੀ ਮੌਕਾ–ਪ੍ਰਸਤ ਪੱਖ ਦਾ ਇੱਕ ਨੇਤਾ।ਜਰਮਨੀ ਵਿੱਚ 1918 ਦੇ ਨਵੰਬਰ ਇਨਕਲਾਬ ਪਿੱਛੋਂ ਸਪਾਰਕਤਾਵਾਦੀਆਂ ਵਿਰੁੱਧ ਦਮਨ–ਚੱਕਰ ਸ਼ੁਰੂ ਕਰਨ ਵਾਲ਼ਿਆਂ ਵਿੱਚੋਂ ਇੱਕ।1919 ਵਿੱਚ ਉਹ ਹਕੂਮਤ ਦਾ ਮੁਖੀ ਸੀ ਅਤੇ 1919–21 ਵਿੱਚ ਜਰਮਨੀ ਦੀ ਕਿਰਤੀ ਸ਼੍ਰੇਣੀ ਲਹਿਰ ਨੂੰ ਨਿਰਦੈਤਾ ਨਾਲ਼ ਕੁਚਲਣ ਦਾ ਇੱਕ ਜਥੇਬੰਦਕ।14, 21, 58, 59, 61, 64, 66, 70, 81, 93, 94

**ਸੇਰਾਤੀ** (Serrati), **ਗਿਆਸਿਨਤੋ ਮਿਲੋਤੀ** (1872–1926) — ਇਟਲੀ ਦੀ ਕਿਰਤੀ ਸ਼੍ਰੇਣੀ ਲਹਿਰ ਦਾ ਇਕ ਉੱਘਾ ਲੀਡਰ, ਇਟਲੀ ਦੀ ਸੋਸ਼ਲਿਸਟ ਪਾਰਟੀ ਦੇ ਲੀਡਰਾਂ ਵਿੱਚੋਂ ਇੱਕ, ਇੱਕ ਕੇਂਦਰਵਾਦੀ।ਪਹਿਲੇ ਸੰਸਾਰ ਯੁਧ ਸਮੇਂ, ਕੌਮਾਂਤਰੀਵਾਦੀ ਦ੍ਰਿਸ਼ਟੀਕੋਣ ਅਪਣਾਇਆ। ਕੁਮਿਨਟਰਨ ਦੀ ਦੂਜੀ ਕਾਂਗਰਸ ਵਿੱਚ ਉਹ ਇਟਲੀ ਦੇ ਪ੍ਰਤੀਨਿਧੀ ਮੰਡਲ ਦੇ ਮੁਖੀ ਸੀ, 1924 ਵਿੱਚ ਇਟਲੀ ਦੀ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋ ਗਿਆ ਅਤੇ ਆਪਣੀ ਉਮਰ ਦੇ ਅੰਤ ਤੱਕ ਸਰਗਰਮੀ ਨਾਲ਼ ਇਸ ਵਿਚ ਕੰਮ ਕਰਦਾ ਰਿਹਾ।50, 51

**ਹ**

**ਹਰਮਨ** (Hermann), **ਲਾਦੀਸਲਾਉਸ** (ਐਲ. ਐਲ.) (ਮੌਤ 1962) — ਆਸਟਰੀਆ ਦਾ ਪ੍ਰਚਾਰਕ, 1919–1920 ਵਿੱਚ ਆਸਟਰੀਆ ਦੀ ਕਮਿਊਨਿਸਟ ਪਾਰਟੀ ਦਾ ਮੈਂਬਰ।93

**ਹਾਈਂਡਮਾਨ** (Hyndman), **ਹੈਨਰੀ** ਮਾਇਰਜ਼ (1842–1921) — ਬਰਤਾਨਵੀ ਸੋਸ਼ਲਿਸਟ ਪਾਰਟੀ ਦੇ ਨੇਤਾਵਾਂ ਵਿੱਚੋਂ ਇੱਕ, ਸਾਮਰਾਜੀ ਯੁੱਧ ਦੇ ਮਸਲੇ 'ਤੇ ਸਮਾਜੀ–ਅੰਧਰਾਸ਼ਟਰਵਾਦੀ ਦ੍ਰਿਸ਼ਟੀਕੋਣ ਅਪਣਾਇਆ।88

**ਹਾਰਨਰ.ਕ.** ਵੇਖੋ ਪਾਨੇਕੋਇਕ ਅਨਤੋਨੀ।27, 31, 60

**ਹਿਲਫ਼ਰਡਿੰਗ** (Hilferding), **ਰੁਡੋਲਫ** (1877–1941) — ਜਰਮਨ ਸੋਸ਼ਲ–ਡੈਮੋਕਰੈਸੀ ਅਤੇ ਦੂਜੀ ਇੰਟਰਨੈਸ਼ਨਲ ਦੇ ਮੌਕਾ–ਪ੍ਰਸਤ ਲੀਡਰਾਂ ਅਤੇ ਸਿਧਾਂਤਕਾਰਾਂ ਵਿੱਚੋਂ ਇੱਕ।ਪਹਿਲੇ ਸੰਸਾਰ ਯੁੱਧ ਵਿੱਚ ਸਮਾਜੀ–ਸਾਮਰਾਜੀਆਂ ਨਾਲ਼ ਏਕੇ ਦੀ ਹਮਾਇਤ ਕੀਤੀ।14, 58

**ਹੇਗਲੁੰਡ** (Hoglung), **ਕਾਰਲ ਜ਼ੇਟ ਕਨਸਟਨਟਿਨ** (1884–1956) — ਸਵੀਡਨ ਦਾ ਸੋਸ਼ਲ–ਡੈਮੋਕਰੈਟ ਲੀਡਰ, ਡੈਮੋਕਰੈਟਕ ਲੀਡਰ, ਸਵੀਡਨ ਦੀ ਸੋਸ਼ਲ– ਡੈਮੋਕਰੈਟਕ ਅਤੇ ਨੌਜਵਾਨ

ਸੋਸ਼ਲਿਸ਼ਟ ਲਹਿਰਾਂ ਦੇ ਸੱਜੇ-ਪੱਖ ਦਾ ਲੀਡਰ। 1917-24 ਵਿਚ ਕਮਿਊਨਿਸਟ ਪਾਰਟੀ ਦਾ ਮੈਂਬਰ। 1924 ਵਿੱਚ ਖੁੱਲ੍ਹੀ ਮੌਕਾ-ਪ੍ਰਸਤੀ ਅਤੇ ਕੁਮੀਨਟਰਨ ਦੀ ਪੰਜਵੀਂ ਕਾਂਗਰਸ ਦੇ ਫੈਸਲਿਆਂ ਦੇ ਵਿਰੋਧ ਕਾਰਨ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ। 49

**ਹੈਂਡਰਸਨ** (Henderson), **ਆਰਥਰ** (1863-1935) — ਲੇਬਰ ਪਾਰਟੀ ਅਤੇ ਬਰਤਾਨਵੀਂ ਟਰੇਡ ਯੂਨੀਅਨ ਲਹਿਰ ਦੇ ਨੇਤਾਵਾਂ ਵਿੱਚੋਂ ਇੱਕ। 1908-1910 ਅਤੇ 1914-1917 ਵਿੱਚ ਪਾਰਲੀਮੈਂਟ ਵਿੱਚ ਲੇਬਰ ਦਲ ਦਾ ਲੀਡਰ। ਪਹਿਲੇ ਸੰਸਾਰ ਯੁੱਧ ਵਿੱਚ ਸਮਾਜੀ-ਅੰਧਰਾਸ਼ਟਰਵਾਦੀ। 36, 39, 66, 70, 74, 80, 93

## ਕ

**ਕਲਾਈਨਸ** (Clynes), **ਜਾਨ ਰਾਬਰਟ** (1899-1949) — ਬਰਤਾਨਵੀਂ ਰਾਜਸੀ ਲੀਡਰ, ਲੇਬਰ ਪਾਰਟੀ ਦੇ ਲੀਡਰਾਂ ਵਿੱਚੋਂ ਇੱਕ। 66

**ਕੇਰੇਨਸਕੀ, ਅ. ਫ.** (1881-1970)— ਸ਼ੋਸ਼ਲਿਸਟ ਇਨਕਲਾਬੀ ਪਹਿਲੇ ਸੰਸਾਰ ਯੁੱਧ ਸਮੇਂ ਇੱਕ ਜੁਸ਼ੀਲਾ ਸਮਾਜੀ ਅੰਧਰਾਸ਼ਟਰਵਾਦੀ। 1917 ਦੇ ਫਰਵਰੀ ਦੇ ਬੁਰਜੂਆ-ਜਮਹੂਰੀ ਇਨਕਲਾਬ ਤੋਂ ਪਿੱਛੋਂ ਆਰਜ਼ੀ ਹਕੂਮਤ ਦਾ ਪ੍ਰਧਾਨ ਮੰਤਰੀ ਅਤੇ ਕਮਾਂਡਰ-ਇਨ-ਚੀਫ਼। ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿੱਛੋਂ ਸੋਵੀਅਤ ਸੱਤ੍ਹਾ ਵਿਰੁੱਧ ਲੜਿਆ ਅਤੇ 1918 ਵਿੱਚ ਵਿਦੇਸ਼ ਨੱਠ ਗਿਆ। 23, 30, 58, 70, 85, 86

**ਕਾਊਟਸਕੀ** , (Kautsky), **ਕਾਰਲ** (1854-1938) — ਜਰਮਨ ਸੋਸ਼ਲ-ਡੈਮੋਕਰੇਸੀ ਅਤੇ ਦੂਜੀ ਇੰਟਰਨੈਸ਼ਨਲ ਦੇ ਲੀਡਰਾਂ ਅਤੇ ਸਿਧਾਂਤਕਾਰਾਂ ਵਿੱਚੋਂ ਇੱਕ। 1914 ਵਿੱਚ ਜਦੋਂ ਪਹਿਲਾ ਸੰਸਾਰ ਯੁੱਧ ਸ਼ੁਰੂ ਹੋਇਆ, ਮਾਰਕਸਵਾਦ ਨਾਲ ਗ਼ੱਦਾਰੀ ਕੀਤੀ। ਕਿਰਤੀ ਸ਼੍ਰੇਣੀ ਲਹਿਰ ਵਿੱਚ ਸਭ ਤੋਂ ਵੱਧ ਖਤਰਨਾਕ ਮੌਕਾ-ਪ੍ਰਸਤ ਮਹਾਣਾਂ ਵਿੱਚੋਂ ਇੱਕ ਕੇਂਦਰਵਾਦ (ਕਾਊਟਸਕੀਵਾਦ) ਦਾ ਵਿਚਾਰਧਾਰਕ। 6, 7, 14, 56, 58, 61, 87, 91, 93, 94

**ਕਾਪ**, (Kapp), **ਵੋਲ.ਫਗਾਂਗ** (1858-1922) — ਜਰਮਨੀ ਦੇ ਬਿਸਵੇਦਾਰਾਂ ਅਤੇ ਸਾਮਰਾਜੀ ਫ਼ੌਜ ਦਾ ਇੱਕ ਪ੍ਰਤੀਨਿੱਧ। ਮਾਰਚ 1920 ਵਿੱਚ ਉਲਟ-ਇਨਕਲਾਬੀ ਫ਼ੌਜੀ-ਸ਼ਾਹਪ੍ਰਸੰਦ ਬਗ਼ਾਵਤ ਦੀ ਅਗਵਾਈ ਕੀਤੀ। 79, 93, 94

**ਕ੍ਰਿਸਪੀਅਨ** , (Crispien), **ਆਰਥਰ (1875-1946)** — ਜਰਮਨ ਸੋਸ਼ਲ-ਡੈਮੋਕਰੇਸੀ ਦੇ ਲੀਡਰਾਂ ਵਿੱਚੋਂ ਇੱਕ, ਪ੍ਰਚਾਰਕ। 1917-22 ਵਿੱਚ ਜਰਮਨੀ ਦੀ ਇੰਡੀਪੈਂਡੈਂਟ ਸੋਸ਼ਲ-ਡੈਮੋਕਰੈਟਕ ਪਾਰਟੀ ਦੇ ਸੱਜੇ ਪੱਖ ਦਾ ਮੁੱਖੀ। 1920 ਵਿੱਚ "ਇੰਡੀਪੈਂਡੈਂਟਾਂ ਦੇ ਡੈਲੀਗੇਸ਼ਨ ਦੇ ਮੈਂਬਰ ਵਜੋਂ ਕੁਮਿਨਟਰਨ ਦੀ ਦੂਜੀ ਕਾਂਗਰਸ ਵਿੱਚ ਸ਼ਾਮਲ ਹੋਇਆ। ਜਰਮਨੀ ਮੁੜਨ ਪਿੱਛੋਂ ਕੁਮਿਨਟਰਨ ਵਿੱਚ ਸ਼ਾਮਲ ਹੋਣ ਦਾ ਵਿਰੋਧ ਕੀਤਾ। 58, 93, 94

**ਕੋਰਨੀਲੋਵ, ਲ.ਗ.** (1870-1918) — ਜ਼ਾਰਸ਼ਾਹੀ ਜਰਨੈਲ, ਸ਼ਾਹ- ਪ੍ਰਸਤ। ਜੁਲਾਈ ਅਗਸਤ 1917 ਵਿੱਚ ਰੂਸੀ ਫ਼ੌਜ ਦਾ ਸੁਪਰੀਮ ਕਮਾਂਡਰ- ਇਨ- ਚੀਫ਼। ਅਗਸਤ ਵਿੱਚ ਆਰਜ਼ੀ ਹਕੂਮਤ ਦਾ ਤਖ਼ਤਾ ਉਲਟਣ ਅਤੇ ਫੌਜੀ ਡਿਕਟੇਟਰਸ਼ਿਪ ਕਾਇਮ ਕਰਨ ਲਈ ਉਲਟ- ਇਨਕਲਾਬੀ ਬਗਾਵਤ ਜਥੇਬੰਦ ਕੀਤੀ। ਬਗਾਵਤ ਦਬਾਏ ਜਾਣ ਪਿੱਛੋਂ ਗ੍ਰਿਫ਼ਤਾਰ ਕਰਕੇ ਕੈਦ ਕੀਤਾ ਗਿਆ। ਉਹ ਡਾਨ ਦੇ ਖੇਤਰ ਵੱਲ ਨੱਠ ਗਿਆ, ਜਿੱਥੇ ਉਹ ਸੋਵੀਅਤ ਜਨਤਾ ਵਿਰੁੱਧ ਲੜ੍ਹਨ ਵਾਲ਼ੀ ਸਫੈਦ ਗਾਰਡ "ਵਲੰਟੀਅਰ ਫੌਜ" ਦਾ ਇੱਕ ਜਥੇਬੰਦਕ ਅਤੇ ਫੇਰ ਕਮਾਨ ਅਫ਼ਸਰ ਬਣਿਆ। 94

**ਕੋਲਚਾਕ, ਅ.ਵ** (1873-1920) — ਜ਼ਾਰਸ਼ਾਹੀ ਸਮੁੰਦਰੀ ਫ਼ੌਜ ਦਾ ਐਡਮਿਰਲ, ਸ਼ਾਹ-ਪ੍ਰਸਤ, 1918-19 ਵਿਚ ਰੂਸੀ ਉਲਟ-ਇਨਕਲਾਬ ਦੇ ਮੁੱਖੀ ਲੀਡਰਾਂ ਵਿੱਚੋਂ ਇੱਕ, ਐਨਤੇਂਤੇ ਦਾ ਪਿੱਠੂ। ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿੱਛੋਂ ਅਮਰੀਕੀ, ਬਰਤਾਨਵੀ ਅਤੇ ਫ਼ਰਾਂਸੀਸੀ ਸਾਮਰਾਜੀਆਂ ਦੀ ਸਹਾਇਤਾ ਨਾਲ਼ ਆਪਣੇ ਰੂਸ ਦਾ ਸਰਵਉੱਚ ਹਾਕਮ ਹੋਣ ਦਾ ਐਲਾਨ ਕਰ ਦਿੱਤਾ ਅਤੇ ਯੂਰਾਲਜ਼, ਸਾਇਬੇਰੀਆ ਅਤੇ ਦੂਰ ਪੂਰਬ ਵਿੱਚ ਬੂਰਜੁਆ-ਜਗੀਰਦਾਰ ਡਿਕਟੇਟਰਸ਼ਿਪ ਦੀ ਅਗਵਾਈ ਕੀਤੀ। ਲਾਲ ਫ਼ੌਜ ਦੀਆਂ ਜਿੱਤਾਂ ਅਤੇ ਛਾਪਾਮਾਰ ਲਹਿਰ ਦੇ ਵਾਧੇ ਕਾਰਨ ਕੋਲਚਾਕ ਦੀ ਲਹਿਰ ਦੀ ਭਾਂਜ ਹੋਈ। 23, 46

### ਗ

**ਗੇਲੇਕਰ** (Gallacher), **ਵਿਲਿਅਮ** (1881-1965) — ਬਰਤਾਨਵੀ ਕਿਰਤੀ ਸ਼੍ਰੇਣੀ ਦਾ ਉੱਘਾ ਲੀਡਰ, ਬਰਤਾਨੀਆ ਵੀ ਕਮਿਊਨਿਸਟ ਪਾਰਟੀ ਦਾ ਮੈਂਬਰ। 63, 65, 67, 74

**ਗੈਦ** (Guesde), **ਜੂਲ** (ਥਾਸਿਲ, ਮੈਥਿਊ) (1845-1922) — ਫ਼ਰਾਂਸੀਸੀ ਸੋਸ਼ਲਿਸਟ ਲਹਿਰ ਦੇ ਆਗੂਆਂ ਤੇ ਦੂਜੀ ਇੰਟਰਨੈਸ਼ਨਲ ਦੇ ਜਥੇਬੰਦਕਾਂ ਵਿੱਚੋਂ ਇੱਕ। ਪਹਿਲਾ ਸੰਸਾਰ ਯੁੱਧ ਸ਼ੁਰੂ ਹੋਣ 'ਤੇ ਸਮਾਜੀ-ਅੰਧਰਾਸ਼ਟਰਵਾਦੀ ਦ੍ਰਿਸ਼ਟੀਕੋਣ ਅਪਣਾਇਆ ਅਤੇ ਫ਼ਰਾਂਸ ਦੀ ਬਰੁਜੂਆ ਹਕੂਮਤ ਵਿੱਚ ਸ਼ਾਮਲ ਹੋ ਗਿਆ। 52, 88

**ਗੌਮਪਰਜ਼** (Gompers), **ਸੇਮੂਅਲ** (1850-1924)— ਅਮਰੀਕੀ ਟਰੇਡ ਯੂਨੀਅਨ ਲਹਿਰ ਦੇ ਸੰਗਰਾਮਾਂ ਵਿੱਚੋਂ ਇੱਕ, ਅਮੇਰੀਕਨ ਫ਼ੈਡਰੇਸ਼ਨ ਆਫ਼ ਲੇਬਰ (ਏ ਐਫ਼ ਐਲ) ਦੇ ਮੋਢੀਆਂ ਵਿੱਚੋਂ ਇੱਕ। ਸਰਮਾਏਦਾਰਾਂ ਨਾਲ਼ ਸ਼੍ਰੇਣੀ ਮਿਲਵਰਤਨ ਦੀ ਨੀਤੀ ਅਪਣਾਈ, ਕਿਰਤੀ ਸ਼੍ਰੇਣੀ ਦੇ ਇਨਕਲਾਬੀ ਘੋਲ਼ ਦਾ ਵਿਰੋਧ ਕੀਤਾ ਅਤੇ ਅਮਰੀਕਾ ਦੀ ਹਕੂਮਤ ਦੀ ਸਾਮਰਾਜੀ ਨੀਤੀ ਦੀ ਹਮਾਇਤ ਕੀਤੀ। 36, 39

### ਚ

**ਚਰਚਲ** (Churchill), **ਵਿਨਸਟਨ** (1814-1965) — ਬਰਤਾਨਵੀ ਰਾਜਸੀ ਨੇਤਾ,

ਕਨਜ਼ਰਵੇਟਿਵ। 1918-21 ਵਿੱਚ ਯੁੱਧ ਮੰਤਰੀ ਦੇ ਅਹੁੱਦੇ 'ਤੇ ਸੋਵੀਅਤ ਰੂਸ ਵਿਰੁੱਧ ਦਖ਼ਲ ਜੱਥੇਬੰਦ ਵਲ਼ਿਆਂ ਵਿੱਚੋਂ ਸੀ। 71, 74, 80

**ਚੇਰਨੀਸ਼ੇਵਸਕੀ , ਨ . ਗ.** (1828-1889) — ਮਹਾਨ ਰੂਸੀ ਇਨਕਲਾਬੀ ਜਮੂਹਰੀਅਤ-ਪਸੰਦ ਅਤੇ ਆਦਰਸ਼ਵਾਦੀ ਸੋਸ਼ਲਿਸਟ, ਆਲਮ, ਲੇਖਕ, ਅਤੇ ਸਾਹਿਤਕ ਪੜਚੋਲੀਆ, ਰੂਸੀ ਸੋਸ਼ਲ-ਡੈਮੋਕਰੈਸੀ ਦੇ ਅਗਵਾਣੂਆਂ ਵਿੱਚੋਂ ਇੱਕ। 56

**ਚੇਰਨੋਵ, ਵ.ਨ.** (1876-1952) — ਸੋਸ਼ਲਿਸਟ-ਇਨਕਲਾਬੀ ਪਾਰਟੀ ਦੇ ਲੀਡਰਾਂ ਅਤੇ ਵਿਚਾਰਧਾਰਕਾਂ ਵਿੱਚੋਂ ਇੱਕ। ਮਈ-ਅਗਸਤ 1917 ਵਿੱਚ ਬੁਰਜੂਆ ਆਰਜ਼ੀ ਹਕੂਮਤ ਦਾ ਮੈਂਬਰ। ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿੱਛੋਂ ਸੋਵੀਅਤ-ਵਿਰੋਧੀ ਬਗ਼ਾਵਤਾਂ ਦਾ ਇੱਕ ਜਥੇਬੰਦਕ। 57

## ਜ

**ਜਾਸੂਲਿਚ, ਵ. ਇ** (1849-1919) — ਰੂਸ ਵਿੱਚ ਪਹਿਲਾਂ ਨਾਰੋਦਵਾਦੀ ਅਤੇ ਉਸ ਤੋਂ ਪਿੱਛੋਂ ਸੋਸ਼ਲ-ਡੈਮੋਕਰੇਟਿਕ ਲਹਿਰ ਵਿੱਚ ਉੱਘਾ ਹਿਸਾ ਲੈਣ ਵਾਲ਼ਾ। ਰੂਸੀ ਸੋਸ਼ਲ ਡੈਮੋਕਰੈਟਿਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ (1903) ਤੋਂ ਪਿੱਛੋਂ ਮੈਨਸ਼ਵਿਕ ਲੀਡਰਾਂ ਵਿੱਚੋਂ ਇੱਕ। 56

**ਜ਼ੁਬਾਤੋਵ, ਸ.ਵ** (1864-1917) — ਹਥਿਆਰਬੰਦ ਪੁਲਸ ਦਾ ਕਰਨੈਲ, ਕਿਰਤੀਆਂ ਦਾ ਧਿਆਨ ਇਨਕਲਾਬੀ ਘੋਲ਼ ਤੋਂ ਹਟਾਉਣ ਲਈ ਪੁਲਿਸ ਦੀ ਛਤਰ-ਛਾਇਆ ਹੇਠ ਕਿਰਤੀਆਂ ਦੀਆਂ ਯੂਨੀਅਨਾਂ ਜਥੇਬੰਦ ਕੀਤੀਆਂ। 39

**ਜੂਓ** (Jouhaux), **ਲੀਓਨ** (1879-1954) — ਫ਼ਰਾਂਸੀਸੀ ਅਤੇ ਕੌਮਾਂਤਰੀ ਟਰੇਡ ਯੂਨੀਅਨ ਲਹਿਰ ਦੇ ਸੱਜ-ਪੱਖੀ ਨੇਤਾਵਾਂ ਵਿੱਚੋਂ ਇੱਕ, ਐਮਸਟਰਡਮ ਦੀ ਟਰੇਡ ਯੂਨੀਅਨਾਂ ਦੀ ਇੰਟਰਨੈਸ਼ਨਲ ਦੇ ਲੀਡਰਾਂ ਵਿੱਚੋਂ ਇੱਕ। 39, 93

## ਡ

**ਡੀ ਲਿਓਨ** (De Leon), **ਡੇਨੀਅਲ (1852-1914)** — ਅਮਰੀਕੀ ਕਿਰਤੀ ਸ਼੍ਰੇਣੀ ਲਹਿਰ ਦਾ ਇੱਕ ਨੇਤਾ, 1890 ਤੋਂ ਪਿੱਛੋਂ ਸੋਸ਼ਲਿਸਟ ਵਰਕਰਜ਼ ਪਾਰਟੀ ਦਾ ਨੇਤਾ ਅਤੇ ਸਿਧਾਂਤਕਾਰ, ਪ੍ਰਚਾਰਕ। 1905 ਵਿੱਚ "ਸੰਸਾਰ ਦੇ ਸਨਅਤੀ ਕਾਮੇਂ" ਨਾਂ ਦੀ ਜਥੇਬੰਦੀ ਦੇ ਮੋਢੀਆਂ ਵਿੱਚੋਂ ਇੱਕ ਸੀ। 37

**ਡੀਏਟਜ਼ਗੇਨ,** (Dietzgen), **ਜੋਜ਼ਫ** (1826-1888) — ਜਰਮਨ ਕਿਰਤੀ, ਖਟੀਕ, ਸੋਸ਼ਲ-ਡੈਮੋਕਰੈਟ ਅਤੇ ਦਾਰਸ਼ਨਿਕ, ਜਿਹੜਾ ਸੁਤੰਤਰ ਤੌਰ 'ਤੇ ਦਵੰਦਵਾਦੀ ਪਦਾਰਥਵਾਦ 'ਤੇ ਅੱਪੜਿਆ। 47

**ਡਰੇਫ਼ਸ** (Dreyfus), **ਐਲਫ਼ਰਡ** (1859–1935) — ਫ਼ਰਾਂਸ ਦੇ ਫ਼ੌਜੀ ਜਨਰਲ ਸਟਾਫ਼ ਦਾ ਇੱਕ ਯਹੂਦੀ ਅਫ਼ਸਰ, 1894 ਵਿੱਚ ਘੋਰ ਦੇਸ਼-ਧਰੋਹ ਦੇ ਝੂਠੇ ਦੋਸ਼ ਕਾਰਨ ਉੱਪਰ ਕੈਦ ਦੀ ਸਜ਼ਾ ਦਿੱਤੀ ਗਈ। ਫ਼ਰਾਂਸ ਵਿੱਚ ਉਹਦੇ ਮਾਮਲੇ ਉੱਤੇ ਮੁੜ ਵਿਚਾਰ ਕਰਨ ਲਈ ਵਿਸ਼ਾਲ ਜਨਤਕ ਲਹਿਰ ਸਦਕਾ ਉਹਨੂੰ 1899 ਵਿੱਚ ਰਿਹਾ ਕਰ ਦਿੱਤਾ ਗਿਆ, 1906 ਵਿੱਚ ਬਰੀ ਕਰ ਦਿੱਤਾ ਗਿਆ ਅਤੇ ਫ਼ੌਜ ਵਿੱਚ ਬਹਾਲ ਕਰ ਦਿੱਤਾ ਗਿਆ।

### ਤ

**ਤਰੇਵੇਜ਼** (Trewes), **ਕਲਾਡੀਓ** (1868–1933) — ਇਟਲੀ ਦੀ ਸੋਸ਼ਲਿਸਟ ਪਾਰਟੀ ਦਾ ਇੱਕ ਸੁਧਾਰਵਾਦੀ ਨੇਤਾ।

**ਤੁਰਾਤੀ** (Turati), **ਫਲੀਪੋ** (1857–1932) — ਇਟਲੀ ਦੀ ਕਿਰਤੀ ਸ਼੍ਰੇਣੀ ਲਹਿਰ ਦਾ ਇੱਕ ਸੁਧਾਰਵਾਦੀ ਨੇਤਾ, ਇਟਲੀ ਦੀ ਸੋਸ਼ਲਿਸਟ ਪਾਰਟੀ ਜੱਥੇਬੰਦ ਕਰਨ ਵਾਲ਼ਿਆਂ ਵਿੱਚੋਂ ਇੱਕ। ਬੁਰਜੂਆਜ਼ੀ ਨਾਲ਼ ਸ਼੍ਰੇਣੀ-ਮਿਲਵਰਤਨ ਦੀ ਨੀਤੀ ਉੱਤੇ ਚੱਲਿਆ। ਪਹਿਲੇ ਸੰਸਾਰ ਯੁੱਧ ਸਮੇਂ ਕੇਂਦਰਵਾਦੀ ਦ੍ਰਿਸ਼ਟੀਕੋਣ ਅਪਣਾਇਆ। ਅਕਤੂਬਰ ਸੋਸ਼ਲਿਸਟ ਇਨਕਲਾਬ ਦਾ ਵਿਰੋਧੀ, ਇਟਲੀ ਦੇ ਕਿਰਤੀ ਲੋਕਾਂ ਦੀ ਇਨਕਲਾਬੀ ਲਹਿਰ ਦਾ ਵਿਰੋਧ ਕੀਤਾ। 14, 51, 95, 96

### ਦ

**ਦੁਗੋਨੀ** (Dugoni), **ਐਨਰੀਕੋ** (1874–1945) — ਇਟਲੀ ਦਾ ਸੋਸ਼ਲਿਸਟ, ਜਿਹੜਾ ਤੁਰਾਤੀ-ਤਰੇਵੇਜ਼ ਦੇ ਸੁਧਾਰਵਾਦੀ ਗੁੱਟ ਵਿੱਚ ਸ਼ਾਮਲ ਹੋ ਗਿਆ। 96

**ਦੇਨੀਕਿਨ, ਦੇ.ਈ** (1872–1947) — ਜ਼ਾਰਸ਼ਾਹੀ ਜਰਨੈਲ, ਖ਼ਾਨਾ-ਜੰਗੀ ਸਮੇਂ ਸਫ਼ੈਦ ਗਾਰਡ ਲਹਿਰ ਦੇ ਨੇਤਾਵਾਂ ਵਿੱਚੋਂ ਇੱਕ, ਰੂਸ ਦੇ ਦੱਖਣ ਵਿੱਚ ਸੋਵੀਅਤ ਦੁਸ਼ਮਣ ਫ਼ੌਜਾਂ ਦਾ ਕਮਾਂਡਰ-ਇਨ-ਚੀਫ਼। ਸੋਵੀਅਤ ਫ਼ੌਜਾਂ ਹੱਥੋਂ ਉਹਦੀ ਫ਼ੌਜ ਦੀ ਹਾਰ ਹੋਣ ਪਿੱਛੋਂ ਵਿਦੇਸ਼ ਚਲਾ ਗਿਆ। 23, 30, 32

### ਨ

**ਨਤਾਨਸਨ, ਮ. ਆ.** (1850–1919) — ਸੋਸ਼ਲਿਸਟ-ਇਨਕਲਾਬੀ ਪਾਰਟੀ ਦੇ ਲੀਡਰਾਂ ਵਿੱਚੋਂ ਇੱਕ। 1917 ਦੇ ਫ਼ਰਵਰੀ ਬੁਰਜੂਆ-ਜਮਹੂਰੀ ਇਨਕਲਾਬ ਤੋਂ ਪਿੱਛੋਂ ਖੱਬ-ਪੱਖੀ ਸੋਸ਼ਲਿਸਟ-ਇਨਕਲਾਬੀ ਪਾਰਟੀ ਦੇ ਜਥੇਬੰਦਕਾਂ ਵਿੱਚੋਂ ਇੱਕ ਸੀ। 1918 ਵਿੱਚ ਖੱਬ-ਪੱਖੀ ਸੋਸ਼ਲਿਸਟ-ਇਨਕਲਾਬੀਆਂ ਵੱਲੋਂ ਸੋਵੀਅਤ ਸੱਤ੍ਹਾ ਵਿਰੁੱਧ ਕੀਤੀ ਬਗ਼ਾਵਤ ਦੀ ਨਿਖੇਧੀ ਕੀਤੀ। 57

**ਨਿਕੋਲਸ ਦੂਜਾ (ਰੋਮਾਨੋਵ) (ਖ਼ੂਨੀ)** (1868–1918) — ਅਖ਼ੀਰੀ ਰੂਸੀ ਜ਼ਾਰ, 1894 ਤੋਂ 1917 ਤੱਕ ਤਖ਼ਤ 'ਤੇ ਬੈਠਾ।

**ਨੋਸਕੇ** (Noske), **ਗੁਸਤਾਵ** (1868-1946) — ਜਰਮਨੀ ਦੀ ਸੋਸ਼ਲ-ਡੈਮੋਕਰੈਟਿਕ ਪਾਰਟੀ ਦੇ

ਮੌਕਾ-ਪ੍ਰਸਤ ਲੀਡਰਾਂ ਵਿੱਚੋਂ ਇੱਕ। 1919-1920 ਵਿੱਚ ਉਹ ਰੱਖਿਆ ਮੰਤਰੀ ਸੀ ਅਤੇ ਉਹਨੇ ਬਰਲਿਨ ਦੇ ਕਿਰਤੀਆਂ ਨੂੰ ਕੁਚਲਣਾ ਅਤੇ ਕਾਰਲ ਲੀਬਕਨੇਖਤ ਅਤੇ ਰੋਜ਼ਾ ਲੁਕਸਮਬਰਗ ਦਾ ਕਤਲ ਜਥੇਬੰਦ ਕੀਤੇ। 14, 66, 87

## ਪ

**ਪਾਨੇਕੋਇਕ** (Panneckoek), **ਅਨਾਤੋਨੀ (ਹਾਰਨਰ, ਕੇ.)** (1873-1960) — ਡੱਚ ਸੋਸ਼ਲ-ਡੈਮੋਕਰੈਟ। ਪਹਿਲੇ ਸੰਸਾਰ ਯੁੱਧ ਸਮੇਂ — ਕੌਮਾਂਤਰੀ ਕੌਮਾਂਤਰੀਵਾਦੀ। 1918-1921 ਵਿੱਚ ਹਾਲੈਂਡ ਦੀ ਕਮਿਊਨਿਸਟ ਪਾਰਟੀ ਦਾ ਮੈਂਬਰ ਸੀ ਅਤੇ ਕੁਮਿਨਟਰਨ ਦੇ ਕੰਮ ਵਿੱਚ ਹਿੱਸਾ ਲਿਆ। ਅਤਿ-ਖੱਬ-ਪੱਖੀ ਸੰਕੀਰਣ ਦ੍ਰਿਸ਼ਟੀਕੋਣ ਅਪਣਾਇਆ। 27, 31

**ਪਲੈਖ਼ਾਨੋਵ, ਗ.ਵ.** (1865-1918) — ਰੂਸੀ ਅਤੇ ਕੌਮਾਂਤਰੀ ਕਿਰਤੀ ਸ਼੍ਰੇਣੀ ਲਹਿਰ ਦਾ ਉੱਘਾ ਲੀਡਰ, ਰੂਸ ਵਿੱਚ ਮਾਰਕਸਵਾਦ ਦਾ ਪਹਿਲਾ ਪ੍ਰਚਾਰਕ।

ਰੂਸੀ ਸੋਸ਼ਲ-ਡੈਮੋਕਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਤੋਂ ਪਿੱਛੋਂ ਮੈਨਸ਼ਵਿਕਾਂ ਨਾਲ਼ ਰਲ਼ ਗਿਆ। ਪਹਿਲੇ ਸੰਸਾਰ ਯੁੱਧ ਸਮੇਂ ਇੱਕ ਸਮਾਜੀ-ਅੰਧਰਾਸ਼ਟਰਵਾਦੀ। 1917 ਦੇ ਫ਼ਰਵਰੀ ਇਨਕਲਾਬ ਪਿੱਛੋਂ ਪਲੈਖ਼ਾਨੋਵ ਰੂਸ ਮੁੜ ਆਇਆ। ਅਕਤੂਬਰ ਸੋਸ਼ਲਿਸਟ ਇਨਕਲਾਬ ਵੱਲ ਉਹਦਾ ਵਤੀਰਾ ਨਾਂਹ-ਪੱਖੀ ਸੀ। 17, 56, 83

**ਪੈਂਕਹਰਸਟ** (Pankhurst), **ਸਿਲਵਿਆ ਐਸਟੇਲਾ** (1882-1961) — ਬਰਤਾਨਵੀ ਕਿਰਤੀ ਸ਼੍ਰੇਣੀ ਲਹਿਰ ਦੀ ਇੱਕ ਸਰਗਰਮ। ਅਕਤੂਬਰ ਇਨਕਲਾਬ ਤੋਂ ਪਿੱਛੋਂ ਸੋਵੀਅਤ ਰੂਸ ਵਿਰੁੱਧ ਸਾਮਰਾਜੀ ਰਿਆਸਤਾਂ ਦੇ ਦਖ਼ਲ ਦੇ ਅੰਤ ਦੀ ਮੰਗ ਕੀਤੀ। ਕੁਮਿਨਟਰਨ ਦੀ ਦੂਜੀ ਕਾਂਗਰਸ ਵਿੱਚ ਸ਼ਾਮਲ ਹੋਈ। 1921 ਵਿੱਚ ਬਰਤਾਨਵੀ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋਈ ਪਰ ਛੇਤੀ ਹੀ ਪਾਰਟੀ ਡਸਿਪਲਿਨ ਮੰਨਣ ਤੋਂ ਇਨਕਾਰ ਕਰਨ ਕਾਰਨ ਪਾਰਟੀ ਵਿੱਚੋਂ ਕੱਢ ਦਿੱਤੀ ਗਈ। 62, 66, 68, 69, 74

**ਪੇਤਰੇਸੋਵ, ਅ.ਨ** (1869-1934) — ਇੱਕ ਮੈਨਸ਼ਵਿਕ ਲੀਡਰ, "ਇਸਕਰਾ" ਅਤੇ "ਜ਼ਾਰੀਆ" (ਚੰਗਿਆੜੀ ਅਤੇ ਪਹੁ-ਫੁਟਾਲਾ) ਨਾਂ ਦੇ ਅਖ਼ਬਾਰ ਸ਼ੁਰੂ ਕਰਨ ਵਿੱਚ ਹਿੱਸਾ ਲਿਆ। ਰੂਸੀ ਸੋਸ਼ਲ ਡੈਮੋਕਰੈਟਿਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਤੋਂ ਪਿੱਛੋਂ ਉਹ ਘੱਟ-ਗਿਣਤੀ ਵਿੱਚ "ਇਸਕਰਾ" ਦਾ ਪ੍ਰਤੀਨਿਧ ਸੀ। ਪਿਛਾਖੜ ਦੇ ਦੌਰ ਦੇ ਦਿਨਾਂ ਵਿੱਚ -ਖ਼ਾਤਮਾਵਾਦ ਦਾ ਵਿਚਾਰਧਾਰਕ। ਅਕਤੂਬਰ ਇਨਕਲਾਬ ਦੇ ਪਿੱਛੋਂ ਦੇਸ਼ ਛੱਡ ਕੇ ਚਲਾ ਗਿਆ ਅਤੇ ਵਿਦੇਸ਼ਾਂ ਵਿੱਚ ਰਹਿ ਕੇ ਸੋਵੀਅਤ ਰੂਸ ਉੱਤੇ ਹਮਲੇ ਕੀਤੇ। 56

## ਬ

**ਬਰਨਸਟਾਈਨ** (Bernstein), **ਐਡੂਆਰਡ** (1850-1932) — ਜਰਮਨ ਸੋਸ਼ਲ-ਡੈਮੋਕਰੇਸੀ ਦੇ ਅਤਿ ਮੌਕਾ-ਪ੍ਰਸਤ ਪੱਖ ਅਤੇ ਦੂਜੀ ਇੰਟਰਨੈਸ਼ਨਲ ਦਾ ਲੀਡਰ। ਸੁਧਾਰਵਾਦ ਅਤੇ ਸੋਧਵਾਦ

ਦਾ ਇੱਕ ਸਿਧਾਂਤਕਾਰ। 1896-1898 ਵਿੱਚ ਉਹਨੇ 'Die Neue Zeit[a]("ਨਵਾਂ ਜ਼ਮਾਨਾ") ਨਾਂ ਦੇ ਰਸਾਲੇ ਵਿੱਚ ਲੇਖਾਂ ਦੀ ਇੱਕ ਲੜੀ ਲਿਖੀ ਜਿਹੜੀ ਪਿੱਛੋਂ "ਸੋਸ਼ਲਿਜ਼ਮ ਲਈ ਲੋੜੀਂਦੀਆਂ ਮੁੱਢਲੀਆਂ ਸ਼ਰਤਾਂ ਅਤੇ ਸੋਸ਼ਲ-ਡੈਮੋਕਰੇਸੀ ਦੇ ਕੰਮ" ਦੇ ਨਾਂ ਹੇਠ ਵੱਖਰੀ ਪੁਸਤਕ ਦੇ ਰੂਪ ਵਿੱਚ ਛਪੀ। ਇਸ ਵਿੱਚ ਉਹਨੇ ਇਨਕਲਾਬੀ ਮਾਰਕਸਵਾਦ ਦੇ ਦਾਰਸ਼ਨਕ, ਆਰਥਕ ਅਤੇ ਰਾਜਨੀਤਕ ਅਧਾਰਾਂ ਵਿੱਚ ਖੁੱਲ੍ਹੇ ਤੌਰ 'ਤੇ ਸੋਧਾਂ ਕੀਤੀਆਂ। ਬਰਨਸਟਾਈਨ ਨੇ ਕਿਹਾ ਕਿ ਕਿਰਤੀ ਸ਼੍ਰੇਣੀ ਲਹਿਰ ਦਾ ਮੁੱਖ ਕੰਮ ਸਰਮਾਏਦਾਰੀ ਅਧੀਨ ਕਿਰਤੀਆਂ ਦੀ ਆਰਥਕ ਹਾਲਤ ਚੰਗੇਰੀ ਬਣਾਉਣ ਲਈ ਸੁਧਾਰਾਂ ਵਾਸਤੇ ਘੋਲ਼ ਕਰਨਾ ਹੈ। ਪਹਿਲੇ ਸੰਸਾਰ ਯੁੱਧ ਸਮੇਂ ਉਹਨੇ ਇੱਕ ਵਿਚਕਾਰਲਾ ਜਿਹਾ ਦ੍ਰਿਸ਼ਟੀਕੋਣ ਅਪਣਾਇਆ ਅਤੇ ਕੌਮਾਂਤਰੀਵਾਦੀ ਵਾਕ ਵਰਤ ਕੇ ਸਮਾਜੀ-ਅੰਧਰਾਸ਼ਟਰਵਾਦ ਨੂੰ ਲੁਕਾਉਣ ਦਾ ਯਤਨ ਕੀਤਾ। ਪਿੱਛੋਂ ਸਾਮਰਾਜੀ ਬੁਰਜੂਆਜ਼ੀ ਦੀ ਹਮਾਇਤ ਕਰਦਾ ਰਿਹਾ। ਅਕਤੂਬਰ ਸੋਸ਼ਲਿਸਟ ਇਨਕਲਾਬ ਅਤੇ ਸੋਵੀਅਤ ਰਿਆਸਤ ਦਾ ਵਿਰੋਧ ਕੀਤਾ। 17

**ਬਾਉਰ** (Bauer), **ਓਟੋ** (1882-1938) — ਆਸਟਰੀਆ ਦੀ ਸੋਸ਼ਲ-ਡੈਮੋਕਰੇਸੀ ਅਤੇ ਦੂਜੀ ਇੰਟਰਨੈਸ਼ਨਲ ਦੇ ਨੇਤਾਵਾਂ ਵਿੱਚੋਂ ਇੱਕ। 1918-1919 ਵਿੱਚ ਆਸਟਰੀਆ ਦੀ ਬੁਰਜੂਆ ਰੀਪਬਲਿਕ ਦਾ ਵਿਦੇਸ਼ ਮੰਤਰੀ, ਆਸਟਰੀਆ ਦੀ ਕਿਰਤੀ ਸ਼੍ਰੇਣੀ ਦੇ ਇਨਕਲਾਬੀ ਅਮਲਾਂ ਨੂੰ ਕੁਚਲਣ ਵਿੱਚ ਸਰਗਰਮ ਹਿੱਸਾ ਲਿਆ। 6, 14, 21, 56, 61, 87

**ਬਾਬੁਸ਼ਕਿਨ, ਈ. ਵ.** (1873-1906) — ਕਿਰਤੀ, ਪੇਸ਼ਾਵਰ ਇਨਕਲਾਬੀ, ਬਾਲਸ਼ਵਿਕ। 39

**ਬੁਖਾਰਿਨ, ਨ.ਇ** (1888-1938) — ਇੱਕ ਪ੍ਰਚਾਰਕ ਅਤੇ ਅਰਥ-ਵਿਗਿਆਨੀ, 1906 ਤੋਂ ਰੂਸੀ ਸੋਸ਼ਲ-ਡੈਮੋਕਰੈਟਿਕ ਪਾਰਟੀ ਦਾ ਮੈਂਬਰ, ਕਈ ਮਸਲਿਆਂ ਸਬੰਧੀ ਲੈਨਿਨ ਵਿਰੋਧੀ ਦ੍ਰਿਸ਼ਟੀਕੋਣ ਅਪਣਾਇਆ, ਰਿਆਸਤ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ, ਕੌਮਾਂ ਦੇ ਆਤਮ-ਨਿਰਣੇ ਦੇ ਹੱਕ, ਆਦਿ ਸਬੰਧੀ। ਅਕਤੂਬਰ ਇਨਕਲਾਬ ਤੋਂ ਪਿੱਛੋਂ ਘੜੀ ਮੁੜੀ ਪਾਰਟੀ ਦੀ ਲੈਨਿਨਵਾਦੀ ਨੀਤੀ ਦਾ ਵਿਰੋਧ ਕੀਤਾ: 1918 ਵਿੱਚ, ਬ੍ਰੈਸਤ ਸੰਧੀ ਉੱਤੇ ਵਿਚਾਰ ਸਮੇਂ "ਖੱਬ-ਪੱਖੀ ਕਮਿਊਨਿਸਟਾਂ" ਦੀ ਪਾਰਟੀ ਵਿਰੋਧੀ ਟੋਲੀ ਦਾ ਨੇਤਾ ਸੀ, ਟਰੇਡ ਯੂਨੀਅਨਾਂ ਸਬੰਧੀ ਪਾਰਟੀ ਵਿਚਾਰ ਸਮੇਂ ਪਹਿਲਾਂ "ਵਿਚਕਾਰਲਾ" ਦ੍ਰਿਸ਼ਟੀਕੋਣ ਅਪਣਾਇਆ ਅਤੇ ਫਿਰ ਲੈਨਿਨ-ਵਿਰੋਧੀ ਟਰਾਟਸਕੀ ਟੋਲੀ ਵਿੱਚ ਸ਼ਾਮਲ ਹੋ ਗਿਆ। 1928 ਤੋਂ ਪਾਰਟੀ ਵਿੱਚ ਸੱਜ-ਪੱਖੀ ਵਿਰੋਧ ਦਾ ਮੁੱਖੀ। 1929 ਵਿੱਚ ਪਾਰਟੀ ਦੀ ਕੇਂਦਰੀ ਕਮੇਟੀ ਦੇ ਪੋਲਿਟਬਿਊਰੋ ਅਤੇ ਕਮਿਊਨਿਸਟ ਇੰਟਰਨੈਸ਼ਨਲ ਦੀ ਕਾਰਜ-ਕਾਰੀ ਕਮੇਟੀ ਦੇ ਪ੍ਰਧਾਨਗੀ-ਮੰਡਲ ਵਿੱਚੋਂ ਕੱਢ ਦਿੱਤਾ ਗਿਆ। 1937 ਵਿੱਚ ਪਾਰਟੀ ਵਿਰੋਧੀ ਸਰਗਰਮੀਆਂ ਕਾਰਨ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ। 20

**ਬੇਬੇਲ,** (Bebel), **ਆਗਸਤ** (1840-1913) — ਜਰਮਨ ਸੋਸ਼ਲ-ਡੈਮੋਕਰੇਸੀ ਅਤੇ ਦੂਜੀ ਇੰਟਰਨੈਸ਼ਨਲ ਦੇ ਸਭ ਤੋਂ ਉੱਘੇ ਨੇਤਾਵਾਂ ਵਿੱਚੋਂ ਇੱਕ। 18

**ਬੋਰਦਿਗਾ** (Bordiga), **ਆਮਦਿਓ** (ਜਨਮ 1889) — ਅਤਾਲਵੀ ਰਾਜਸੀ ਲੀਡਰ, ਅਤਾਲਵੀ ਸੋਸ਼ਲਿਸਟ ਪਾਰਟੀ ਦਾ ਮੈਂਬਰ। ਕੁਮਿਨਟਰਨ ਦੀ ਦੂਜੀ ਕਾਂਗਰਸ ਦਾ ਡੈਲੀਗੇਟ। 1921 ਵਿੱਚ ਅਤਾਲਵੀ ਕਮਿਊਨਿਸਟ ਪਾਰਟੀ ਖੜ੍ਹੀ ਕਰਨ ਵਿੱਚ ਹਿੱਸਾ ਲਿਆ। ਬੋਰਦਿਗਾ ਖੱਬ-ਪੱਖੀ ਸੰਕੀਰਣ ਕੀਤੀ 'ਤੇ ਚੱਲਿਆ ਅਤੇ ਕੁਮਿਨਟਰਨ ਦੇ ਇੱਕ ਸਾਂਝਾ ਫ਼ਾਸਿਸਟ-ਵਿਰੋਧੀ ਮੋਰਚਾ ਖੜ੍ਹਾ ਕਰਨ ਦਾ ਵਿਰੋਧ ਕੀਤਾ। 50, 96

## ਮ

**ਮਾਰਕਸ** (Marx), **ਕਾਰਲ** (1818-1883) — ਵਿਗਿਆਨਕ ਕਮਿਊਨਿਜ਼ਮ ਦੇ ਮੋਢੀ, ਪ੍ਰਤਿਭਾਸ਼ਾਲੀ ਵਿਚਾਰਕ, ਕੌਮਾਂਤਰੀ ਪ੍ਰੋਲਤਾਰੀ ਦੇ ਲੀਡਰ ਅਤੇ ਉਸਤਾਦ। 26, 37, 51, 56

**ਮਾਰਤੋਵ ਲ. (ਤਸੇਦਰਬਾਮ, ਯੋ. ਲ.)** (1873-1923) — ਮੈਨਸ਼ਵਿਕ ਲੀਡਰਾਂ ਵਿੱਚੋਂ ਇੱਕ। "ਇਸਕਰਾ" ਦੇ ਐਡੀਟੋਰੀਅਲ ਬੋਰਡ ਦੇ ਮੈਂਬਰਾਂ ਵਿੱਚੋਂ ਇੱਕ ਸੀ। 1917 ਦੇ ਫ਼ਰਵਰੀ ਇਨਕਲਾਬ ਤੋਂ ਪਿੱਛੋਂ ਮੈਨਸ਼ਵਿਕ ਕੌਮਾਂਤਰੀ ਵਾਦੀਆਂ ਦੀ ਇੱਕ ਟੋਲੀ ਦੀ ਅਗਵਾਈ ਕੀਤੀ। ਅਕਤੂਬਰ ਇਨਕਲਾਬ ਤੋਂ ਪਿੱਛੋਂ ਸੋਵੀਅਤ ਸੱਤ੍ਹਾ ਦੇ ਖੁੱਲ੍ਹੇ ਦੁਸ਼ਮਣਾਂ ਦੇ ਧੜੇ ਵਿੱਚ ਸ਼ਾਮਲ ਹੋ ਗਿਆ। 56, 57, 58

**ਮਾਲੀਨੋਵਸਕੀ, ਰ.ਵ.** — ਚੌਥੀ ਰਿਆਸਤੀ ਦੂਮਾ ਦਾ ਮੈਂਬਰ, 1912-1914 ਵਿੱਚ ਬਾਲਸ਼ਵਿਕ ਦਲ ਦਾ ਮੈਂਬਰ। 1917 ਵਿੱਚ ਇੱਕ ਭੜਕਾਊ ਅਤੇ ਜ਼ਾਰਸ਼ਾਹੀ ਖ਼ੁਫ਼ੀਆ ਪੁਲਸ ਦੇ ਏਜੰਟ ਵਜੋਂ ਉਹਦਾ ਪਾਜ ਉੱਘੜ ਗਿਆ। 1918 ਵਿੱਚ ਉਹਦੇ ਉੱਤੇ ਮੁਕੱਦਮਾ ਚੱਲਿਆ ਅਤੇ ਕੁੱਲ-ਰੂਸੀ ਕੇਂਦਰੀ ਕਾਰਜ-ਕਾਰੀ ਕਮੇਟੀ ਦੇ ਸਰਵਉੱਚ ਟ੍ਰੀਬਿਊਨਲ ਦੇ ਵੱਲੋਂ ਦਿੱਤੀ ਸਜ਼ਾ ਅਨੁਸਾਰ ਉਹਨੂੰ ਗੋਲ਼ੀ ਮਾਰ ਦਿੱਤੀ ਗਈ। 30

**ਮੇਰਹੀਮ** (Merrheim), **ਅਲ.ਫੌਂਸੇ** (1881-1925)— ਫ਼ਰਾਂਸੀਸੀ ਟਰੇਡ ਯੂਨੀਅਨ ਲਹਿਰ ਦਾ ਸਰਗਰਮ, 1905 ਤੋਂ ਸੰਘਵਾਦੀ, ਫ਼ਰਾਂਸ ਦੇ ਧਾਤਾਂ ਦੇ ਕਾਮਿਆਂ ਦੀ ਫ਼ੈਡਰੇਸ਼ਨ ਅਤੇ ਫ਼ਰਾਂਸ ਦੀ ਜਨਰਲ ਕਨਫ਼ੈਡਰੇਸ਼ਨ ਆਫ਼ ਲੇਬਰ ਦੇ ਲੀਡਰਾਂ ਵਿੱਚੋਂ ਇੱਕ। ਖੁੱਲ੍ਹੇ ਸਮਾਜੀ - ਅੰਧਰਾਸ਼ਟਰਵਾਦ ਅਤੇ ਸੁਧਾਰਵਾਦ ਦਾ ਰਾਹ ਫੜਿਆ। 36, 98

**ਮੈਕਡਾਨਲਡ** (Mac-Donald), **ਜੇਮਜ਼ ਰੇਮਜ਼ੇ** (1866-1937) — ਬਰਤਾਨਵੀ ਰਾਜਸੀ ਨੇਤਾ ਅਤੇ ਇੰਡੀਪੈਂਡੈਂਟ ਲੇਬਰ ਪਾਰਟੀ ਅਤੇ ਲੇਬਰ ਪਾਰਟੀ ਦੇ ਮੋਢੀਆਂ ਵਿੱਚੋਂ ਇੱਕ। ਪਹਿਲੇ ਸੰਸਾਰ ਯੁੱਧ ਦੇ ਸ਼ੁਰੂ ਵਿੱਚ ਸ਼ਾਂਤੀਵਾਦੀ ਦ੍ਰਿਸ਼ਟੀਕੋਣ ਅਪਣਾਇਆ। ਪਰ ਫੇਰ ਸਾਮਰਾਜੀ ਬੁਰਜੂਆਜ਼ੀ ਦੀ ਖੁੱਲ੍ਹੀ ਹਮਾਇਤ ਦਾ ਰਾਹ ਫੜਿਆ। 1918-1920 ਵਿੱਚ ਸੋਵੀਅਤ-ਵਿਰੋਧੀ ਦਖ਼ਲ ਵਿਰੁੱਧ ਬਰਤਾਨਵੀ ਕਿਰਤੀਆਂ ਦੇ ਘੋਲ਼ ਵਿੱਚ ਰੋਕ ਪਾਉਣ ਦਾ ਯਤਨ ਕੀਤਾ। ਕਈ ਵਾਰ

ਬਰਤਾਨੀਆ ਦਾ ਪ੍ਰਧਾਨ ਮੰਤਰੀ ਰਿਹਾ।66

### ਯ

**ਯੁਦੇਨਿਚ, ਨ.ਨ.** (1862–1933) — ਜ਼ਾਰਸ਼ਾਹੀ ਫ਼ੌਜ ਦਾ ਜਰਨੈਲ।ਅਕਤੂਬਰ ਇਨਕਲਾਬ ਤੋਂ ਪਿੱਛੋਂ ਉੱਤਰ-ਪੱਛਮੀ ਚਿੱਟੇ-ਗਾਰਡ ਫ਼ੌਜ ਦਾ ਕਮਾਂਡਰ-ਇਨ-ਚੀਫ਼।1919 ਵਿੱਚ ਦੋ ਵਾਰ ਪੀਤਰੋਗਰਾਦ 'ਤੇ ਕਬਜ਼ਾ ਕਰਨ ਦਾ ਅਸਫ਼ਲ ਯਤਨ ਕੀਤਾ।ਨਵੰਬਰ 1919 ਵਿੱਚ ਲਾਲ ਫ਼ੌਜ ਨੇ ਹਰਾ ਦਿੱਤਾ। 31

### ਰ

**ਰਾਦੇਕ, ਕ. ਬ.** (1885–1939), — 1900 ਤੋਂ ਛੇਤੀ ਹੀ ਪਿੱਛੋਂ ਗੈਲੀਸੀਆ, ਪੋਲੈਂਡ ਅਤੇ ਜਰਮਨੀ ਵਿੱਚ ਸੋਸ਼ਲ-ਡੈਮੋਕਰੈਟਕ ਲਹਿਰ ਵਿੱਚ ਹਿੱਸਾ ਲਿਆ।ਪਹਿਲੇ ਸੰਸਾਰ ਯੁੱਧ ਸਮੇਂ ਕੌਮਾਂਤਰੀਵਾਦੀ ਦ੍ਰਿਸ਼ਟੀਕੋਣ ਅਪਣਾਇਆ ਪਰ ਕੇਂਦਰਵਾਦ ਵੱਲ ਝੁਕਾਅ ਰੱਖਦਾ ਸੀ।ਕੌਮਾਂ ਦੇ ਆਤਮ-ਨਿਰਣੇ ਦੇ ਹੱਕ ਸਬੰਧੀ ਗ਼ਲਤ ਵਿਚਾਰ ਰੱਖਦਾ ਸੀ।1917 ਤੋਂ ਬਾਲਸ਼ਵਿਕ ਪਾਰਟੀ ਦਾ ਮੈਂਬਰ।ਬ੍ਰੈਸਤ ਸੰਧੀ ਸਮੇਂ — ਇੱਕ "ਖੱਬ-ਪੱਖੀ ਕਮਿਊਨਿਸਟ"।1923 ਤੋਂ ਟਰਾਟਸਕੀਵਾਦੀ ਵਿਰੋਧੀ ਦਲ ਦਾ ਸਰਗਰਮ ਮੈਂਬਰ ਜਿਸ ਲਈ ਉਹਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ।1930 ਵਿੱਚ ਪਾਰਟੀ ਵਿੱਚ ਬਹਾਲ ਕੀਤੇ ਜਾਣ ਪਿੱਛੋਂ 1936 ਵਿੱਚ ਫੇਰ ਪਾਰਟੀ-ਵਿਰੋਧੀ ਸਰਗਰਮੀਆਂ ਕਾਰਨ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ।20

**ਰੇਨਾਉਦਲ** (Renaudel), **ਪੀਰੇ** (1871–1935) — ਫਰਾਂਸਿਸੀ ਸੋਸ਼ਲਿਸ਼ਟ ਪਾਰਟੀ ਦੇ ਸੁਧਾਰਵਾਦੀ ਲੀਡਰਾਂ ਵਿੱਚੋਂ ਇੱਕ। 21

**ਰੇਨੇਰ** (Renner), **ਕਾਰਲ** (1870–1950) — ਆਸਟਰੀਆ ਦਾ ਰਾਜਸੀ ਨੇਤਾ ਅਤੇ ਸੱਜੇ-ਪੱਖੀ ਸੋਸ਼ਲ-ਡੈਮੋਕਰੈਟਾਂ ਦਾ ਵਿਚਾਰਧਾਰਕ। 21, 14

### ਲ

**ਲਾਇਡ ਜਾਰਜ,** (Llyod George), **ਡੇਵਿਡ** (1863–1945) —ਉੱਘਾ ਬਰਤਾਨਵੀ ਰਾਜਨੇਤਾ ਅਤੇ ਨੀਤੀਵਾਨ, ਲਿਬਰਲ ਪਾਰਟੀ ਦਾ ਲੀਡਰ।ਪਹਿਲਾ ਸੰਸਾਰ ਯੁੱਧ ਛੇੜਨ ਵਿੱਚ ਮਹੱਤਵ-ਪੂਰਨ ਹਿੱਸਾ ਲਿਆ।1916–1922 ਵਿਚ ਪ੍ਰਧਾਨ ਮੰਤਰੀ।ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿੱਛੋਂ ਸੋਵੀਅਤ ਰਿਆਸਤ ਵਿਰੁੱਧ ਵਿਦੇਸ਼ੀ ਦਖ਼ਲ ਅਤੇ ਨਾਕਾਬੰਦੀ ਉਕਸਾਉਣ ਵਾਲ਼ਿਆਂ ਅਤੇ ਜਥੇਬੰਦਕਾਂ ਵਿੱਚੋਂ ਇੱਕ ਸੀ। 66, 67, 70, 74, 80

**ਲਾਂਸਬਰੀ** (Lansbury), **ਜਾਰਜ** (1859–1940) — ਬਰਤਾਨੀਆ ਦੀ ਲੇਬਰ ਪਾਰਟੀ ਦੇ ਲੀਡਰਾਂ ਵਿੱਚੋਂ ਇੱਕ। 52

**ਲੀਬਕਨੇਖਤ** (Liebknecht), **ਕਾਰਲ** (1871–1919) — ਜਰਮਨ ਅਤੇ ਕੌਮਾਂਤਰੀ ਕਿਰਤੀ ਸ਼੍ਰੇਣੀ ਲਹਿਰ ਦਾ ਉੱਘਾ ਲੀਡਰ, 1914 –1918 ਦੇ ਪਹਿਲੇ ਸੰਸਾਰ ਯੁੱਧ ਸਮੇਂ ਸਰਗਰਮੀਂ ਨਾਲ਼ ਮੌਕਾਪ੍ਰਸਤੀ ਅਤੇ ਫ਼ੌਜ ਸ਼ਾਹੀ ਵਿਰੁੱਧ ਜੂਝਿਆ ਅਤੇ ਇਨਕਲਾਬੀ ਕੌਮਾਂਤਰੀ ਦ੍ਰਿਸ਼ਟੀਕੋਣਾਂ ’ਤੇ ਡਟਿਆ ਰਿਹਾ ਸਪਾਟਰਾਕਸ ਲੀਗ ਦੇ ਜਥੇਬੰਦਕਾਂ ਵਿੱਚੋਂ ਇੱਕ। ਜਰਮਨੀ ਵਿੱਚ ਨਵੰਬਰ 1919 ਦੇ ਇਨਕਲਾਬ ਦੇ ਪਿੱਛੋਂ ਰੋਜ਼ਾ ਲੁਕਸਮਬਰਗ ਨਾਲ਼ ਮਿਲ਼ ਕੇ ਜਰਮਨੀ ਦੇ ਕਿਰਤੀਆਂ ਦੇ ਹਰਾਵਲ ਦਸਤੇ ਦੀ ਅਗਵਾਈ ਕੀਤੀ। ਜਰਮਨੀ ਦੀ ਕਮਿਊਨਿਸਟ ਪਾਰਟੀ ਦੇ ਮੋਢੀਆਂ ਵਿੱਚੋਂ ਇੱਕ। ਜਨਵਰੀ 1919 ਵਿੱਚ ਬਰਲਿਨ ਦੇ ਕਿਰਤੀਆਂ ਦੀ ਲੀਡਰਾਂ ਵਿੱਚੋਂ ਇੱਕ। ਬਗ਼ਾਵਤ ਦਬਾਏ ਜਾਣ ਪਿੱਛੋਂ ਉਲਟ–ਇਨਕਲਾਬੀਆਂ ਨੇ ਬੜੀ ਬੇਰਹਿਮੀ ਨਾਲ਼ ਕਤਲ ਕਰ ਦਿੱਤਾ।41, 49

**ਲੁਕਸਮਬਰਗ** (Luxemberg), **ਰੋਜ਼ਾ** (1871–1919) — ਕੌਮਾਂਤਰੀ ਕਿਰਤੀ ਸ਼੍ਰੇਣੀ ਦੀ ਉੱਘੀ ਨੇਤਾ, ਦੂਜੀ ਇੰਟਰਨੈਸ਼ਨਲ ਦੇ ਖੱਬੇ ਪੱਖ ਦੀ ਇੱਕ ਲੀਡਰ, ਪੋਲੈਂਡ ਦੀ ਸੋਸ਼ਲ–ਡੈਮੋਕਰੈਟਿਕ ਲਹਿਰ ਦੀ ਇੱਕ ਮੋਢੀ। 1897 ਤੋਂ ਜਰਮਨ ਸੋਸ਼ਲ–ਡੈਮੋਕਰੈਟਿਕ ਲਹਿਰ ਵਿੱਚ ਹਿਸਾ ਲਿਆ, ਜਰਮਨੀ ਦੀ ਕਮਿਊਨਿਸਟ ਪਾਰਟੀ ਦੇ ਮੋਢੀਆਂ ਵਿੱਚੋਂ ਇੱਕ । ਜਨਵਰੀ 1919 ਵਿੱਚ ਉਲਟ–ਇਨਕਲਾਬੀਆਂ ਨੇ ਗ੍ਰਿਫ਼ਤਾਰ ਕਰਕੇ ਕਤਲ ਕਰ ਦਿੱਤਾ। 41

**ਲੁਟਵਿਟਜ** (Lutwitz), **ਵਾਲਥਰ** (1859–1942) — ਜਰਮਨ ਜਰਨੈਲ। ਮਈ 1920 ਵਿੱਚ “ਕਾਪ ਦੀ ਫ਼ੌਜੀ ਬਗਾਵਤ” ਦੇ ਆਗੂਆਂ ਵਿੱਚੋਂ ਇੱਕ ਸੀ। ਇਹ ਇੱਕ ਉਲਟ–ਇਨਕਲਾਬੀ ਬਗ਼ਾਵਤ ਸੀ ਜਿਹੜੀ ਜਰਮਨ ਫ਼ੌਜ ਨੇ ਜਰਮਨੀ ਵਿੱਚ ਬਾਦਸ਼ਾਹੀ ਬਹਾਲ ਕਰਨ ਅਤੇ ਫ਼ੌਜੀ ਡਿਕਟੇਟਰਸ਼ਿਪ ਸਥਾਪਤ ਕਰਨ ਲਈ ਕੀਤੀ। 93, 94

**ਲੇਗੀਨ** (Legien), **ਕਾਰਲ** (1861–1920) — ਜਰਮਨ ਸੱਜ–ਪੱਖੀ ਸੋਸ਼ਲ–ਡੈਮੋਕਰੈਟ, ਜਰਮਨ ਟਰੇਡ ਯੂਨੀਅਨ ਲਹਿਰ ਦਾ ਮੁਖੀ, ਸੁਧਾਰਵਾਦੀ। 1919–1920 ਵਿੱਚ ਵਾਈਮਰ ਰੀਪਬਲਿਕ ਦੀ ਕੌਮੀ ਐਸੰਬਲੀ ਦਾ ਮੈਂਬਰ, ਪ੍ਰੋਲਤਾਰੀ ਇਨਕਲਾਬੀ ਲਹਿਰ ਦੀ ਵਿਰੋਧਤਾ ਕੀਤੀ। 18, 36, 39

**ਲੈਨਿਨ, ਵ. ਇ, (ਉਲੀਆਨੋਵ, ਵ. ਇ. )** (1870–1924) 101

**ਲਾਂਗੇ** (Longuet) **ਜੀਨ** (1876–1938) — ਫਰਾਂਸੀਸੀ ਕਮਿਊਨਿਸਟ ਪਾਰਟੀ ਅਤੇ ਦੂਜੀ ਇੰਟਰਨੈਸ਼ਨਲ ਦਾ ਸਰਗਰਮ, ਪ੍ਰਚਾਰਕ, ਫਰਾਂਸੀਸੀ ਅਤੇ ਕੌਮਾਂਤਰੀ ਸੋਸ਼ਲਿਸਟ ਅਖ਼ਬਾਰਾਂ ਵਿੱਚ ਸਰਗਰਮ ਹਿਸਾ ਲੈਣ ਵਾਲ਼ਾ, ਫਰਾਂਸੀਸੀ ਸੋਸ਼ਲਿਸਟ ਪਾਰਟੀ ਦੇ ਕੇਂਦਰਵਾਦੀ ਪੱਖ ਦਾ ਇੱਕ ਲੀਡਰ। 14, 21, 91

**ਲੌਫ਼ੇਨਬਰਗ (Laufenberg), ਹੀਨਰਿਖ (ਅਰਲਰ, ਕਾਰਲ** (1872–1932) — ਜਰਮਨੀ ਦਾ

ਖੱਬ-ਪੱਖੀ ਸੋਸ਼ਲ-ਡੈਮੋਕਰੈਟ, ਪ੍ਰਚਾਰਕ। 1918 ਦੇ ਨਵੰਬਰ ਇਨਕਲਾਬ ਤੋਂ ਪਿੱਛੋਂ ਜਰਮਨੀ ਦੀ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋ ਗਿਆ, ਜਿੱਥੇ ਉਹ ਛੇਤੀ ਹੀ "ਖੱਬ-ਪੱਖੀ" ਵਿਰੋਧ ਦਾ ਮੁਖੀ ਬਣ ਗਿਆ। 1919 ਵਿੱਚ ਜਰਮਨੀ ਦੀ ਕਮਿਊਨਿਸਟ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ। 27, 60

## ਵ

**ਵਲਿਆਨ** (Vaillant), **ਐਡੂਆਰਦ ਮਾਰੀ** (1840–1915) — ਫਰਾਂਸੀਸੀ ਸੋਸ਼ਲਿਸਟ, ਪੈਰਿਸ ਕਮਿਊਨ ਵਿੱਚ ਹਿਸਾ ਲੈਣ ਵਾਲ਼ਾ, ਪਹਿਲੀ ਇੰਟਰਨੈਸ਼ਨਲ ਦੀ ਜਨਰਲ ਕੌਂਸਲ ਦਾ ਮੈਂਬਰ, ਦੂਜੀ ਇੰਟਰਨੈਸ਼ਨਲ ਅਤੇ ਫ਼ਰਾਂਸ ਦੀ ਸੋਸ਼ਲਿਸਟ ਪਾਰਟੀ (1901) ਦੇ ਮੋਢੀਆਂ ਵਿੱਚੋਂ ਇੱਕ। 52

**ਵਾਇਨਕੂਪ** (Wijnkoop), **ਡੇਵਿਡ** (1877–1941) — ਡੱਚ ਸੋਸ਼ਲ-ਡੈਮੋਕਰੈਟ, ਪਿੱਛੋਂ ਜਾ ਕੇ ਕਮਿਊਨਿਸਟ। 101, 102

**ਵੈਂਦਲ** (Wendel) **ਫ਼ਰੀਡਰਿਖ਼** (1886–1960) — ਜਰਮਨੀ ਦਾ ਖੱਬ-ਪੱਖੀ ਸੋਸ਼ਲ-ਡੈਮੋਕਰੈਟ, ਵਿਅੰਗ-ਲੇਖਕ ਅਤੇ ਪ੍ਰਚਾਰਕ। ਜਰਮਨੀ ਵਿੱਚ ਨਵੰਬਰ ਇਨਕਲਾਬ (1918) ਤੋਂ ਪਿੱਛੋਂ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋ ਗਿਆ, ਜਿਸ ਵਿੱਚ ਉਹ "ਖੱਬ-ਪੱਖੀ" ਵਿਰੋਧੀ ਦਲ ਵਿੱਚ ਸ਼ਾਮਲ ਹੋ ਗਿਆ। 1919 ਵਿੱਚ ਜਰਮਨੀ ਦੀ ਕਮਿਊਨਿਸਟ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ। 27

**ਵੋਲ.ਫਹਾਈਮ**, (Wolffheim), **ਫ਼ਰਿਟਜ਼—** ਜਰਮਨ ਸੋਸ਼ਲ-ਡੈਮੋਕਰੈਟ। 1919 ਦੇ ਅੰਤ 'ਤੇ ਜਰਮਨੀ ਦੀ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋਇਆ, ਜਿਸ ਵਿੱਚ ਉਹ ਲੌਫ਼ੇਨਬਰਗ ਨਾਲ਼ "ਖੱਬ-ਪੱਖੀ" ਵਿਰੋਧ ਦਾ ਮੁਖੀ ਬਣ ਗਿਆ। 1919 ਵਿੱਚ "ਖੱਬ-ਪੱਖੀ" ਵਿਰੋਧੀਆਂ ਨੂੰ ਜਰਮਨੀ ਦੀ ਕਮਿਊਨਿਸਟ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ। 27

• • •



ਸ਼ਹੀਦ ਭਗਤ ਸਿੰਘ
ਯਾਦਗਾਰੀ ਪ੍ਰਕਾਸ਼ਨ,
ਲੁਧਿਆਣਾ

ਕੀਮਤ — 65. ਰੁਪਏ